ਅੰਤਰ-ਰਾਸ਼ਟਰੀ ਪੰਜਾਬੀ ਪੀਅਰ-ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ

ਜਿਲਦ-3 ਅੰਕ-2

# ਖੋਜਨਾਮਾ

ਮਈ-ਅਗਸਤ 2025 ISSN:2584-0509



ਸੰਪਾਦਕ
ਡਾ. ਜਸਵਿੰਦਰ ਸਿੰਘ ਬਰਾੜ

ਅੰਤਰ-ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ

**ਸਾਹਿਤਕ ਅਤੇ ਖੋਜ ਜਰਨਲ**

**(ISSN: 2584-0509)**

# ***ਖੋਜਨਾਮਾ***

***ਜਿਲਦ-3***

***ਅੰਕ-2* (ਮਈ-ਅਗਸਤ 2025)**

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

ਤਕਨੀਕੀ ਸਹਿਯੋਗ

ਪ੍ਰਦੀਪ ਸਿੰਘ

ਕੁਲਵਿੰਦਰ ਸਿੰਘ

# ਸੰਪਾਦਕੀ ਬੋਰਡ




**ਪ੍ਰੋ. ਨਾਬਿਲਾ ਰਹਿਮਾਨ**

ਸਾਬਕਾ ਵਾਇਸ ਚਾਂਸਲਰ, ਯੂਨੀਵਰਸਿਟੀ
ਆਫ ਝੰਗ ਅਤੇ ਡਾਇਰੈਕਟਰ,
ਇੰਸਟੀਚਿਊਟ ਆਫ ਪੰਜਾਬੀ ਐਂਡ
ਕਲਚਰਲ ਸਟੱਡੀ, ਯੂਨੀਵਰਸਿਟੀ ਆਫ
ਪੰਜਾਬ, ਲਾਹੌਰ, ਪਾਕਿਸਤਾਨ।



**ਰਵਿੰਦਰ ਰਵੀ**

ਪ੍ਰਸਿੱਧ ਪੰਜਾਬੀ ਬਹੁ-ਵਿਧਾਈ ਲੇਖਕ,
ਕੈਨੇਡਾ।



**ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ**

ਸਾਬਕਾ ਪ੍ਰੋਫ਼ੈਸਰ ਪੰਜਾਬੀ ਵਿਭਾਗ
ਅਤੇ ਡੀਨ ਭਾਸ਼ਾਵਾਂ,
ਪੰਜਾਬੀ ਯੂਨੀਵਰਸਿਟੀ
ਪਟਿਆਲਾ,ਪੰਜਾਬ, ਭਾਰਤ।



**ਸਾਬਰ ਅਲੀ ਸਾਬਰ**

ਪ੍ਰਸਿੱਧ ਪੰਜਾਬੀ ਸ਼ਾਇਰ
ਪਾਕਿਸਤਾਨ।



**ਪ੍ਰੋ. ਕੁਲਵੀਰ ਗੋਜਰਾ**

ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ।



**ਡਾ. ਸਿੰਕਦਰ ਸਿੰਘ**

ਮੁਖੀ, ਪੰਜਾਬੀ ਵਿਭਾਗ
ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ
ਫਤਿਹਗੜ੍ਹ ਸਹਿਬ, ਪੰਜਾਬ, ਭਾਰਤ।



**ਡਾ. ਸੰਦੀਪ ਸਿੰਘ**

ਮੁਖੀ, ਪੰਜਾਬੀ ਵਿਭਾਗ
ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ, ਪੰਜਾਬ, ਭਾਰਤ



**ਡਾ. ਸੋਮੀ ਰਾਮ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਅਕਾਲ ਯੂਨੀਵਰਸਿਟੀ
ਤਲਵੰਡੀ ਸਾਬੋ, ਪੰਜਾਬ, ਭਾਰਤ



**ਡਾ. ਸਟਾਲਿਨਜੀਤ ਸਿੰਘ ਬਰਾੜ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਬਾਬਾ ਫ਼ਰੀਦ ਕਾਲਜ
ਬਠਿੰਡਾ, ਪੰਜਾਬ, ਭਾਰਤ

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥

ਭਗਤ ਪੀਪਾ ਜੀ

© ਸਾਰੇ ਹੱਕ ਸੰਪਾਦਕ 'ਖੋਜਨਾਮਾ' ਕੋਲ ਰਾਖਵੇਂ ਹਨ।

ਲੇਖਕ ਆਪਣੇ ਵਿਚਾਰਾਂ ਲਈ ਆਪ ਜ਼ਿੰਮੇਵਾਰ ਹੋਵੇਗਾ।

ਅਦਾਰਾ 'ਖੋਜਨਾਮਾ' ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਕੀਮਤ:- ਤੁਹਾਡਾ ਸਹਿਯੋਗ, ਦੁਆਵਾਂ ਅਤੇ ਸੁਝਾਅ

**www.khojnama.com**
Khojnamapb03@gmail.com
**+91 98776-61770**

ਕਿਸੇ ਵੀ ਕਿਸਮ ਦਾ ਵਾਦ-ਵਿਵਾਦ ਸਿਰਫ਼ ਮਾਣਯੋਗ ਜ਼ਿਲ੍ਹਾ ਅਦਾਲਤ ਬਠਿੰਡਾ,
ਪੰਜਾਬ (ਭਾਰਤ) ਵਿਖੇ ਹੀ ਵਿਚਾਰਣਯੋਗ ਹੋਵੇਗਾ।

## ਤਤਕਰਾ


| ਲੜੀ ਨੰ. | ਸਿਰਲੇਖ | ਲੇਖਕ | ਪੰਨਾ |
|---|---|---|---|
| ❖ | ਸੰਪਾਦਕੀ | ਡਾ. ਜਸਵਿੰਦਰ ਸਿੰਘ ਬਰਾੜ | i-vi |
| | ਖੋਜ-ਪੱਤਰ | | |
| 1. | ਪੰਜਾਬ ਦੀ ਨੌਜਵਾਨੀ ਤੇ ਰਿਸ਼ਤੇ: ਵਰਤਮਾਨ ਦਸ਼ਾ ਅਤੇ ਭਵਿੱਖਮੁਖੀ ਦ੍ਰਿਸ਼ਟੀਕੋਣ | ਡਾ. ਰਾਜਵੰਤ ਕੌਰ ਪੰਜਾਬੀ | 1-17 |
| 2. | ਵਣਜਾਰਾ ਬੇਦੀ ਦੀ ਕਾਵਿ ਦ੍ਰਿਸ਼ਟੀ | ਡਾ. ਮੋਹਨ ਸਿੰਘ ਤਿਆਗੀ | 18-43 |
| 3. | ਔਰਤ ਦੀ ਸਮਾਜ-ਸਭਿਆਚਾਰਕ ਸਥਿਤੀ ਅਤੇ ਯਥਾਰਥ ਦਾ ਕਾਵਿ ਪ੍ਰਤੀਬਿੰਬ: 'ਮੁਹੱਬਤਗਿਰੀ' | ਡਾ. ਮਨਜੀਤ ਕੌਰ | 44-62 |
| 4. | ਜਦੀਦ ਪੰਜਾਬੀ ਨਾਰੀ ਗ਼ਜ਼ਲ: ਮੂਲ ਸਰੋਕਾਰ | ਡਾ.ਮਨਦੀਪ ਕੌਰ | 63-74 |
| 5. | ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ: ਵਰਤਮਾਨ ਸਥਿਤੀ ਅਤੇ ਭਵਿੱਖੀ ਸੰਭਾਵਨਾਵਾਂ | ਮਨਿੰਦਰ ਸਿੰਘ<br>ਪ੍ਰੋ. (ਡਾ.) ਰਮਨਪ੍ਰੀਤ ਕੌਰ | 75-93 |
| 6. | ਡਾ. ਜਗਤਾਰ ਦੀ ਗ਼ਜ਼ਲ ਵਿਚ ਰੂਪਗਤ ਚੇਤਨਾ | ਗੁਰਜੀਤ ਸਿੰਘ | 94-109 |
| 7. | ਪੰਜਾਬੀ ਸਾਹਿਤਕ ਪੱਤਰਕਾਰੀ: ਨਿਕਾਸ ਤੇ ਵਿਕਾਸ | ਗੁਰਦੀਪ ਸਿੰਘ | 110-129 |
| 8. | ਸ਼ਾਸਤ੍ਰਾਰਥ ਰੂਪੀ ਸੰਵਾਦ: ਮਹਾਂਕੰਬਣੀ | ਹਰਵਿੰਦਰ ਸਿੰਘ | 130-141 |
| | ਸਾਹਿਤ | | |
| 9. | ਪੰਜਾਬੀ ਗ਼ਜ਼ਲ ਦਾ ਸਿਪਾਹਸਾਲਾਰ: ਤਜੱਮਲ ਕਲੀਮ | ਜਸਪਾਲ ਘਈ | 142-146 |
| 10. | ਜਦੋਂ ਮੈਂ ਗੀਤ ਜੋੜੇ | ਜਸਪਾਲ ਮਾਨਖੇੜਾ | 147-156 |
| 11. | ਗ਼ਜ਼ਲਾਂ | ਬਲਕਾਰ ਔਲਖ | 157-161 |
| 12. | ਕਵਿਤਾਵਾਂ | ਮਲਕੀਤ ਜੌੜਾ | 162-167 |
| | ਅਨੁਵਾਦਿਤ ਸਾਹਿਤ | | |
| 13. | ਕਹਾਣੀ:-ਪਿਆਰਾ ਜਿਹਾ ਰੁੱਕਾ | ਡਾ. ਨਮਰਤਾ ਪਠਾਨੀਆ<br>ਅਨੁਵਾਦਕ<br>ਰਵਿੰਦਰ ਸਿੰਘ ਸੋਢੀ | 168-172 |

| ਲੜੀ ਨੰ. | ਸਿਰਲੇਖ | ਲੇਖਕ | ਪੰਨਾ |
|---|---|---|---|
| ਪੁਸਤਕ ਸਮੀਖਿਆ | | | |
| 14. | 'ਦਰੀਆਂ ਵਾਲੀ ਪੇਟੀ' ਦਾ ਕੁੰਡਾ ਖੋਲ੍ਹਦਿਆਂ... | ਸਮੀਖਿਅਕ<br>ਡਾ. ਸਿਮਰਨਜੀਤ ਸਿੰਘ | 173-179 |
| 15. | ਬਗ਼ਾਵਤੀ ਸੁਰ ਦਾ ਕਾਵਿ: ਗਿਰਗਟਾਂ ਦਾ ਮੌਸਮ | ਸਮੀਖਿਅਕ<br>ਪ੍ਰੋ. ਨਵ ਸੰਗੀਤ ਸਿੰਘ | 180-187 |
| ਨਵੀਆਂ ਪੁਸਤਕਾਂ | | | |

# ਸੰਪਾਦਕੀ

ਅੱਜ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਲੋਕਧਾਰਾ ਆਦਿ ਦੇ ਖੇਤਰ ਵਿੱਚ ਨਾ ਤਾਂ ਖੋਜ ਕਰਨ ਵਾਲੇ ਖੋਜੀਆਂ ਦੀ ਕੋਈ ਘਾਟ ਹੈ ਅਤੇ ਨਾ ਹੀ ਖੋਜ ਪੱਤਰ ਪ੍ਰਕਾਸ਼ਿਤ ਕਰਨ ਵਾਲੇ ਜਰਨਲਾਂ ਦੀ। ਹਰੇਕ ਸਾਲ ਖੁੰਭਾਂ ਵਾਗੂੰ ਯੂਨੀਵਰਸਿਟੀਆਂ ਅਤੇ ਕਾਲਜ ਉੱਗ ਰਹੇ ਹਨ ਤੇ ਹਰ ਸਾਲ ਸੈਂਕੜਿਆਂ ਦੀ ਗਿਣਤੀ ਵਿੱਚ ਖੋਜਾਰਥੀ ਇਨ੍ਹਾਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਪੜ੍ਹਾਈ ਕਰਨ ਲਈ ਦਾਖ਼ਿਲ ਹੋ ਰਹੇ ਹਨ। ਇਸ ਤਰ੍ਹਾਂ ਹੀ ਅਨੇਕਾਂ ਜਰਨਲਾਂ ਵਿੱਚ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਲੋਕਧਾਰਾ ਆਦਿ ਦੇ ਖੋਜ ਪੱਤਰ ਧੜਾ-ਧੜ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। ਇਸ ਸਾਰੇ ਵਰਤਾਰੇ ਨੂੰ ਦੇਖਣ 'ਤੇ ਇੰਝ ਲੱਗਦਾ ਹੈ ਕਿ ਪੰਜਾਬੀ ਵਿੱਚ ਵੱਡੇ ਪੱਧਰ 'ਤੇ ਖੋਜ ਹੋ ਰਹੀ ਹੈ, ਪਰੰਤੂ ਹਕੀਕਤ ਇਸਦੇ ਬਿਲਕੁਲ ਉਲਟ ਹੈ-ਗਿਣਤੀ ਪੱਖੋਂ ਅਸੀਂ ਉੱਪਰ ਨੂੰ ਜਾ ਰਹੇ ਹਾਂ ਤੇ ਮਿਆਰ ਪੱਖੋਂ ਹੇਠਾ ਨੂੰ। ਅੱਜ ਕੱਲ੍ਹ ਖੋਜ ਪੱਤਰਾਂ ਦੀ ਲਿਖਤ ਅਤੇ ਪ੍ਰਕਾਸ਼ਨ ਬਹੁਤੇ ਹੱਦ ਤੱਕ ਸਿਰਫ਼ ਇੱਕ ਅਕਾਦਮਿਕ ਲੋੜ ਦੀ ਪੂਰਤੀ ਬਣ ਕੇ ਰਹਿ ਗਏ ਹਨ। ਅਧਿਆਪਕਾਂ ਲਈ ਪਦਉਨਤੀ ਦੇ ਰਾਹ ਵਿੱਚ ਏ. ਪੀ. ਆਈ. ਸਕੋਰ ਦੀ ਸ਼ਰਤ ਹੋਵੇ ਜਾਂ ਖੋਜਾਰਥੀਆਂ ਲਈ ਡਿਗਰੀ ਪ੍ਰਾਪਤ ਕਰਨ ਲਈ ਖੋਜ ਪੱਤਰ ਪ੍ਰਕਾਸ਼ਿਤ ਕਰਵਾਉਣ ਦੀ ਲੋੜ-ਦੋਵੇਂ ਹਾਲਤਾਂ ਵਿੱਚ ਖੋਜ ਪੱਤਰਾਂ ਦਾ ਮਕਸਦ ਖੋਜ/ਚਿੰਤਨ ਨਹੀਂ ਰਿਹਾ, ਸਗੋਂ "ਖਾਨਾ-ਪੂਰਤੀ" ਬਣ ਗਿਆ ਹੈ। ਇਸ ਕਰਕੇ ਅਸਲ ਅਰਥਾਂ ਵਿੱਚ ਗਿਆਨ ਵਧਾਉਣ ਵਾਲੀ, ਨਵੇਂ ਪ੍ਰਸ਼ਨਾਂ ਨੂੰ ਜਨਮ ਦੇਣ ਵਾਲੀ ਤੇ ਗਹਿਰ-ਗੰਭੀਰ ਵਿਚਾਰਧਾਰਾ ਨੂੰ ਅੱਗੇ ਵਧਾਉਣ ਵਾਲੀ ਖੋਜ ਜੇਕਰ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ ਤਾਂ ਬਹੁਤ ਘੱਟ ਜ਼ਰੂਰ ਹੋ ਗਈ ਹੈ।

ਇਸਦਾ ਇੱਕ ਕਾਰਨ ਸ਼ਾਇਦ ਉੱਚੇਰੀ ਸਿੱਖਿਆ ਪ੍ਰਤੀ ਸਰਕਾਰ ਦੀਆਂ ਨੀਤੀਆਂ ਅਤੇ ਅਧਿਆਪਕਾਂ ਦੇ ਮੌਜੂਦਾ ਹਾਲਾਤ ਹਨ। ਵਿਦਵਾਨਾਂ/ਅਧਿਆਪਕਾਂ ਦੇ ਸਾਹਮਣੇ ਚੁਣੌਤੀਆਂ ਘਟਣ ਦੀ ਬਜਾਏ ਵਧ ਰਹੀਆਂ ਹਨ। ਪ੍ਰਾਈਵੇਟ ਯੂਨੀਵਰਸਿਟੀਆ/ਕਾਲਜਾਂ ਵਿੱਚ ਨਿਗੂਣੀਆਂ ਤਨਖ਼ਾਹਾਂ 'ਤੇ ਕੰਮ ਕਰਦੇ ਅਧਿਆਪਕਾਂ ਤੋਂ ਅਧਿਆਪਨ ਨੂੰ ਛੱਡ ਕੇ ਬਾਕੀ ਸਾਰੇ ਕੰਮ ਲਏ ਜਾ ਰਹੇ ਹਨ। ਜਿਸ ਕਾਰਨ ਅਧਿਆਪਕ, ਅਧਿਆਪਨ ਅਤੇ ਖੋਜ ਦੋਹਾਂ ਤੋਂ ਟੁੱਟ ਚੁੱਕੇ ਹਨ। ਇਸ ਤੋਂ ਇਲਾਵਾ ਨੌਕਰੀ ਦੀ ਅਸਥਿਰਤਾ ਅਤੇ ਭਵਿੱਖ ਦੀ ਚਿੰਤਾ ਨੇ ਵੀ ਬਹੁਤੇ ਅਧਿਆਪਕਾਂ ਨੂੰ ਅੰਦਰੋਂ ਖੋਖਲਾ ਕਰ ਦਿੱਤਾ ਹੈ। ਜਿੱਥੇ ਇਨ੍ਹਾਂ ਵਿਦਵਾਨ

ਅਧਿਆਪਕਾਂ ਨੇ ਵਿਦਿਆਰਥੀਆਂ ਅਤੇ ਸਮਾਜ ਨੂੰ ਰੌਸ਼ਨੀ ਵੰਡਣੀ ਸੀ, ਉੱਥੇ ਬਹੁਤ ਸਾਰੇ ਵਿਦਵਾਨ/ਅਧਿਆਪਕ ਉੱਚ ਡਿਗਰੀਆਂ ਪ੍ਰਾਪਤ ਕਰਕੇ ਵੀ ਖੁਦ ਆਰਥਿਕ ਤੰਗੀਆਂ-ਤੁਰਸ਼ੀਆਂ ਦੇ ਡੂੰਬੇ ਹਨ੍ਹੇਰੇ ਵਿੱਚ ਭਟਕ ਰਹੇ ਹਨ।

ਖੋਜਨਾਮਾ ਦਾ ਇਹ ਅੰਕ ਤਿਆਰ ਕਰਦੇ ਸਮੇਂ ਅਸੀਂ ਪੰਜਾਬੀ ਵਿੱਚ ਖੋਜ ਦੇ ਡਿੱਗ ਰਹੇ ਮਿਆਰ ਨੂੰ ਬੜਾ ਨੇੜੇ ਤੋਂ ਮਹਿਸੂਸ ਕੀਤਾ ਹੈ। ਖੋਜਨਾਮਾ ਦੇ ਇਸ ਅੰਕ ਵਿੱਚ ਪ੍ਰਕਾਸ਼ਿਤ ਹੋਣ ਲਈ ਕੋਈ ਛੇ ਦਰਜ਼ਨਾਂ ਤੋਂ ਵੀ ਵੱਧ ਖੋਜ ਪੱਤਰ ਪ੍ਰਾਪਤ ਹੋਏ ਸਨ। ਇਨ੍ਹਾਂ ਸਾਰੇ ਖੋਜ ਪੱਤਰਾਂ ਦੇ ਮੁਲਾਂਕਣ ਉਪਰੰਤ ਇਨ੍ਹਾਂ ਵਿੱਚੋਂ ਸਿਰਫ ਅੱਠ ਖੋਜ ਪੱਤਰਾਂ ਨੂੰ ਪ੍ਰਕਾਸ਼ਿਤ ਕਰਨ ਲਈ ਚੁਣਿਆ ਗਿਆ ਹੈ। ਛੇ ਦਰਜ਼ਨ ਖੋਜ ਪੱਤਰਾਂ ਵਿੱਚੋਂ ਪ੍ਰਕਾਸ਼ਨ ਲਈ ਮਹਿਜ਼ ਇੱਕ ਦਰਜ਼ਨ ਤੋਂ ਵੀ ਘੱਟ ਖੋਜ ਪੱਤਰਾਂ ਦੀ ਚੋਣ, ਪੰਜਾਬੀ ਖੋਜ ਲਈ ਸੱਚਮੁੱਚ ਚਿੰਤਾ ਦਾ ਵਿਸ਼ਾ ਹੈ। ਪਰੰਤੂ ਇਨ੍ਹਾਂ ਅੱਠਾਂ ਵਿੱਚੋਂ ਚਾਰ ਖੋਜ ਪੱਤਰ ਖੋਜਾਰਥੀਆਂ ਦੇ ਹੋਣੇ, ਕੁੱਝ ਹੌਂਸਲਾ ਵੀ ਦਿੰਦੇ ਹਨ।

ਖੋਜਨਾਮਾ ਦੀ ਸਮੁੱਚੀ ਟੀਮ ਮਿਆਰੀ ਖੋਜ ਅਤੇ ਸਾਹਿਤ ਦੇ ਪ੍ਰਕਾਸ਼ਨ ਲਈ ਵਚਨਬੱਧ ਹੈ। ਇਸ ਵਚਨਬੱਧਤਾ ਤਹਿਤ ਇਸ ਅੰਕ ਦੇ ਪਹਿਲੇ ਭਾਗ ਵਿੱਚ ਅੱਠ ਖੋਜ-ਪੱਤਰ ਸ਼ਾਮਿਲ ਕੀਤੇ ਗਏ ਹਨ। ਜਿੰਨ੍ਹਾਂ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀ ਸਾਹਿਤ ਦੇ ਸਮਕਾਲੀ ਮਸਲਿਆਂ ਦੇ ਨਾਲ-ਨਾਲ ਭਵਿੱਖ ਵਿੱਚ ਵਾਪਰਨ ਵਾਲਿਆ ਵਰਤਾਰਿਆਂ ਪ੍ਰਤੀ ਵੀ ਚਿੰਤਨ ਕੀਤਾ ਗਿਆ ਹੈ।

ਪਹਿਲਾ ਖੋਜ ਪੱਤਰ 'ਪੰਜਾਬ ਦੀ ਨੌਜਵਾਨੀ ਤੇ ਰਿਸ਼ਤੇ: ਵਰਤਮਾਨ ਦਸ਼ਾ ਅਤੇ ਭਵਿੱਖਮੁਖੀ ਦ੍ਰਿਸ਼ਟੀਕੋਣ' ਡਾ. ਰਾਜਵੰਤ ਕੌਰ ਪੰਜਾਬੀ ਦਾ ਹੈ। ਉਹ ਆਪਣੇ ਅਧਿਐਨ ਰਾਹੀਂ ਇਸ ਨਤੀਜੇ 'ਤੇ ਪਹੁੰਚੇ ਹਨ ਕਿ ਮਨੁੱਖੀ ਰਿਸ਼ਤਿਆਂ ਦੇ ਸੰਦਰਭ ਵਿੱਚ ਨੌਜਵਾਨ ਪੀੜ੍ਹੀ ਦੀ ਮਾਨਸਿਕ ਅਸਥਿਰਤਾ ਦੇ ਵੱਖ-ਵੱਖ ਰੁਝਾਨਾਂ ਦੀ ਵਿਗਿਆਨਿਕ ਜਾਂਚ ਅਤੇ ਉਚਿਤ ਉਪਚਾਰ ਕਰਨਾ ਸੰਗਠਿਤ ਅਤੇ ਅਤੇ ਲਚਕੀਲੇ ਸਮਾਜ ਦੇ ਵਿਕਾਸ ਲਈ ਜ਼ਰੂਰੀ ਹੈ। ਇਨ੍ਹਾਂ ਰੁਝਾਨਾਂ ਦੀ ਸੂਝ–ਬੂਝ ਨਾਲ ਪਛਾਣ ਕਰਕੇ ਅਤੇ ਨੌਜਵਾਨਾਂ ਵਿਚ ਭਵਿੱਖ-ਮੁਖੀ ਸਕਾਰਾਤਮਕ ਵਿਵਹਾਰ ਉਤਪੰਨ ਕਰਕੇ ਉਨ੍ਹਾਂ ਨੂੰ ਦਰਪੇਸ਼ ਚੁਣੌਤੀਆਂ ਦਾ ਹੱਲ ਕੀਤਾ ਜਾ ਸਕਦਾ ਹੈ।

'ਡਾ. ਮੋਹਨ ਸਿੰਘ ਤਿਆਗੀ 'ਵਣਜਾਰਾ ਬੇਦੀ ਦੀ ਕਾਵਿ ਦ੍ਰਿਸ਼ਟੀ' ਦਾ ਅਧਿਐਨ ਕਰਦਿਆ

ਲਿਖਦੇ ਹਨ ਕਿ ਵਣਜਾਰਾ ਬੇਦੀ ਦੀ ਕਵਿਤਾ ਬਾਰੇ ਇਹ ਗੱਲ ਆਖੀ ਜਾ ਸਕਦੀ ਹੈ ਕਿ ਉਸਦੀ ਕਵਿਤਾ ਬੰਦੇ ਨੂੰ ਇਸ ਧਰਤੀ ਤੇ ਬੰਦੇ ਵਾਂਗ ਵਿਚਰਣ ਦੀ ਨਸੀਹਤ ਦਿੰਦੀ ਹੈ। ਇਸ ਕਵਿਤਾ ਵਿੱਚ ਮਾਨਵੀ ਜਜ਼ਬਿਆਂ ਨੂੰ ਜੀਵਨ ਦੇ ਮੂਲ ਆਧਾਰ ਵੱਜੋਂ ਪੇਸ਼ ਕੀਤਾ ਗਿਆ ਹੈ। ਲੋਕਧਾਰਾ ਦਾ ਖੋਜੀ ਅਤੇ ਵਿਦਵਾਨ ਹੋਣ ਕਰਕੇ ਵਣਜਾਰਾ ਬੇਦੀ ਦੀ ਕਵਿਤਾ ਵਿੱਚ ਲੋਕ ਸੰਸਕ੍ਰਿਤੀ ਅਤੇ ਸੱਭਿਆਚਾਰਕ ਪ੍ਰਸੰਗ ਹਰ ਵੇਲੇ ਮੌਜੂਦ ਰਹਿੰਦੇ ਹਨ।

ਡਾ. ਮਨਜੀਤ ਕੌਰ 'ਮੁਹੱਬਤਗਿਰੀ' ਕਵਿ ਸੰਗ੍ਰਹਿ ਦਾ ਅਧਿਐਨ ਕਰਦੇ ਹੋਏ ਇਸ ਨਤੀਜੇ 'ਤੇ ਪਹੁੰਚਦੇ ਹਨ ਕਿ 'ਮੁਹੱਬਤਗਿਰੀ' ਕਾਵਿ-ਸੰਗ੍ਰਹਿ ਵਿਚ ਸਮਾਜ ਸਭਿਆਚਾਰਕ ਸੰਵੇਦਨਾ, ਔਰਤਾਂ ਦੀ ਜੀਵਨ ਸਥਿਤੀ ਅਤੇ ਮਨੁੱਖੀ ਜ਼ਿੰਦਗੀ ਦੀ ਜਟਿਲਤਾ ਨੂੰ ਬਹੁਤ ਭਾਵਪੂਰਤ ਅੰਦਾਜ ਵਿਚ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਚਿਤਰਿਆ ਗਿਆ ਹੈ ਜਿਸ ਵਿਚ ਆਪਣੇ ਅਤੇ ਬੇਗਾਨੇ ਰਿਸ਼ਤਿਆਂ ਦੀ ਅਹਿਮੀਅਤ ਦੁੱਖ, ਦਰਦ ਅਤੇ ਸਮੇਂ ਨਾਲ ਬਦਲਦੀ ਜੀਵਨ ਸਥਿਤੀ ਦੀ ਗਾਥਾ ਸਮਾਈ ਹੋਈ ਹੈ।

ਡਾ. ਮਨਦੀਪ ਕੌਰ ਨੇ ਜਦੀਦ ਪੰਜਾਬੀ ਨਾਰੀ ਗ਼ਜ਼ਲ ਵਿੱਚ ਪੇਸ਼ ਮੂਲ ਸਰੋਕਾਰਾਂ ਨੂੰ ਪਛਾਣਨ ਦਾ ਯਤਨ ਕੀਤਾ ਹੈ। ਉਸ ਅਨੁਸਾਰ ਜਦੀਦ ਪੰਜਾਬੀ ਨਾਰੀ ਗ਼ਜ਼ਲ ਪਰੰਪਰਾਗਤ ਥੀਮਿਕ ਘੇਰਿਆਂ ਵਿਚੋਂ ਨਿਕਲ ਕੇ ਸਮਕਾਲੀ ਵਸਤੂ-ਯਥਾਰਥ ਦੀ ਪੇਸ਼ਕਾਰੀ ਕਰਦੀ ਹੈ ਅਤੇ ਨਿੱਜ ਤੋਂ ਪਾਰ ਜਾ ਕੇ ਸਮੂਹ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ। ਵਰਤਮਾਨ ਸਮਾਂ ਤਕਨੀਕੀ ਗਿਆਨ ਅਤੇ ਏ ਆਈ ਅਧਾਰਿਤ ਕੰਪਿਊਟਰ ਦਾ ਹੈ। ਮਨਿੰਦਰ ਸਿੰਘ ਨੇ, ਪ੍ਰੋ. ਰਮਨਪ੍ਰੀਤ ਕੌਰ ਦੀ ਅਗਵਾਈ ਵਿੱਚ 'ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ: ਵਰਤਮਾਨ ਸਥਿਤੀ ਅਤੇ ਭਵਿੱਖੀ ਸੰਭਾਵਨਾਵਾਂ' ਵਿਸ਼ੇ 'ਤੇ ਅਧਿਐਨ ਕਰਦਿਆਂ ਮਹੱਤਵਪੂਰਨ ਨੁਕਤਿਆਂ ਬਾਰੇ ਚਰਚਾ ਕੀਤੀ ਹੈ। ਉਸ ਅਨੁਸਾਰ ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਨਾਲ ਸੰਬੰਧਿਤ ਤਕਨੀਕੀ ਅਤੇ ਵਿਹਾਰਕ ਕਾਰਜ ਬਹੁਤ ਹੋ ਚੁਕੇ ਹਨ ਅਤੇ ਸਮੇਂ ਅਨੁਸਾਰ ਜਿਵੇਂ ਜਿਵੇਂ ਤਕਨੀਕ ਦਾ ਵਿਕਾਸ ਹੁੰਦਾ ਜਾ ਰਿਹਾ ਹੈ ਹੋਰ ਕਾਰਜਾਂ ਦੇ ਹੋਣ ਦੀ ਗੁੰਜ਼ਾਇਸ ਬਣੀ ਰਹੇਗੀ। ਇਸ ਸਮੇਂ ਵੱਡੀ ਲੋੜ ਹੁਣ ਤੱਕ ਹੋਏ ਕਾਰਜਾਂ ਨੂੰ ਪ੍ਰਫੁਲਤ ਕਰਨ ਦੀ ਅਤੇ ਨਵੇਂ ਕਾਰਜਾਂ ਪ੍ਰਤੀ ਦਿਲਚਸਪੀ ਦਿਖਾਉਣ ਦੀ ਹੈ। ਇਸ ਦੇ ਨਾਲ ਹੀ ਪੰਜਾਬੀ ਦਾ ਵੱਧ ਤੋਂ ਵੱਧ ਕਾਰਪੋਰਾ ਵਿਕਸਿਤ ਕਰਨ ਦੀ ਹੈ।

ਗੁਰਜੀਤ ਸਿੰਘ ਨੇ 'ਡਾ. ਜਗਤਾਰ ਦੀ ਗ਼ਜ਼ਲ ਵਿਚ ਰੂਪਗਤ ਚੇਤਨਾ' ਦਾ ਅਧਿਐਨ

ਕਰਦਿਆਂ ਇਹ ਨਤੀਜਾ ਕੱਢਿਆ ਹੈ ਕਿ ਡਾ. ਜਗਤਾਰ ਦੀ ਗ਼ਜ਼ਲ ਵਿਚ ਰੂਪਗਤ ਚੇਤਨਾ ਪਰੰਪਰਕ ਨਹੀਂ ਸਗੋਂ ਉਸ ਦੀ ਕਾਵਿ ਚੇਤਨਾ ਆਪਣਾ ਰੂਪ ਆਪ ਵਿਕਸਿਤ ਕਰਦੀ ਹੈ।
ਗੁਰਦੀਪ ਸਿੰਘ ਨੇ 'ਪੰਜਾਬੀ ਸਾਹਿਤਕ ਪੱਤਰਕਾਰੀ: ਨਿਕਾਸ ਤੇ ਵਿਕਾਸ' ਬਾਰੇ ਚਰਚਾ ਕਰਦਿਆਂ ਪੰਜਾਬੀ ਭਾਸ਼ਾ ਵਿੱਚ ਸਾਹਿਤਕ ਪੱਤਰਕਾਰੀ ਦੀ ਸ਼ੁਰੂਆਤ ਤੋਂ ਲੈ ਕੇ ਅਜੋਕੇ ਸਮੇਂ ਤੱਕ ਹੋਏ ਕਾਰਜ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਉਸ ਅਨੁਸਾਰ ਪੰਜਾਬੀ ਸਾਹਿਤਕ ਪੱਤਰਕਾਰੀ ਦਾ ਨਿਕਾਸ ਉੱਨੀਵੀਂ ਸਦੀ ਦੇ ਅਖੀਰ ਵਿੱਚ ਹੋ ਗਿਆ ਸੀ ਪਰ ਇਸਦਾ ਵਿਕਾਸ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਉਸ ਸਮੇਂ ਸ਼ੁਰੂ ਹੁੰਦਾ ਹੈ, ਜਦੋਂ ਪੰਜਾਬੀ ਵਿੱਚ ਨਿਰੋਲ ਸਾਹਿਤਕ ਰਸਾਲਿਆਂ ਦਾ ਆਰੰਭ ਹੁੰਦਾ ਹੈ।
ਦਰਸ਼ਨ ਬੁੱਟਰ ਦੇ ਕਾਵਿ ਸੰਗ੍ਰਹਿ 'ਮਹਾਂਕੰਬਣੀ' ਵਿੱਚ ਪੇਸ਼ ਦਾਰਸ਼ਨਿਕ ਮਸਲਿਆਂ ਬਾਰੇ ਹਰਵਿੰਦਰ ਸਿੰਘ ਨੇ ਵਿਸਥਾਰਪੂਰਵਕ ਚਰਚਾ ਕੀਤੀ ਹੈ। ਉਸ ਅਨੁਸਾਰ ਕਾਵਿ-ਸੰਗ੍ਰਹਿ ਮਹਾਂਕੰਬਣੀ ਸੱਚਮੁੱਚ ਹੀ ਕੰਬਣੀ ਛੇੜਦਾ ਹੈ, ਜਿਸ ਵਿਚ ਸ਼ਾਸਤ੍ਰਾਰਥ ਰੂਪੀ ਸੰਵਾਦ ਰਾਗ ਰਾਹੀਂ ਨਿਰਹੋਂਦ ਤੋਂ ਹੋਂਦ, ਚਿੰਤਾ ਤੋਂ ਚੇਤਨਾ, ਅੰਤਰੀ ਤੇ ਬਾਹਰੀ ਯਥਾਰਥ, ਦਾਰਸ਼ਨਿਕ ਵਿਚਾਰ, ਕਾਦਰ ਤੇ ਕੁਦਰਤ ਦਾ ਮਹੱਤਵ ਆਦਿ ਸੰਵੇਦਨਸ਼ੀਲ ਵਿਚਾਰ ਦ੍ਰਿਸ਼ਟੀਗੋਚਰ ਹੁੰਦੇ ਹਨ।
ਇਸ ਅੰਕ ਦਾ ਦੂਜੇ ਭਾਗ ਵਿੱਚ ਸਹਿਤਕ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਲਹਿੰਦੇ ਪੰਜਾਬ ਦੇ ਪੰਜਾਬੀ ਸ਼ਾਇਰ ਤਜੱਮਲ ਕਲੀਮ ਦੇ ਜੀਵਨ ਅਤੇ ਰਚਨਾਵਾਂ ਬਾਰੇ ਚਰਚਾ ਕਰਦਿਆਂ ਜਸਪਾਲ ਘਈ ਨੇ 'ਪੰਜਾਬੀ ਗ਼ਜ਼ਲ ਦਾ ਸਿਪਾਹਸਾਲਾਰ: ਤਜੱਮਲ ਕਲੀਮ' ਸਿਰਲੇਖ ਅਧੀਨ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਹੈ।
ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਜਸਪਾਲ ਮਾਨਖੇੜਾ ਨੇ ਆਪਣੇ ਬੀਤੇ ਸਮੇਂ ਦੀਆਂ ਯਾਦਾਂ ਨੂੰ 'ਜਦੋਂ ਮੈਂ ਗੀਤ ਜੋੜੇ' ਸਿਰਲੇਖ ਅਧੀਨ ਬੇਹੱਦ ਖ਼ੂਬਸੂਰਤ ਲਫਜ਼ਾਂ ਰਾਹੀਂ ਪਰੋਇਆ ਹੈ। ਇਸੇ ਭਾਗ ਵਿੱਚ ਪੰਜਾਬੀ ਗ਼ਜ਼ਲਗੋ ਬਲਕਾਰ ਔਲਖ ਦੀਆਂ ਚਾਰ ਗ਼ਜ਼ਲਾਂ ਅਤੇ ਮਲਕੀਤ ਜੌੜਾਂ ਦੀਆਂ ਚਾਰ ਕਵਿਤਾਵਾਂ ਨੂੰ ਵੀ ਪਾਠਕਾਂ ਦੇ ਸਨਮੁੱਖ ਪੇਸ਼ ਕੀਤਾ ਗਿਆ ਹੈ। ਦੋਵੇਂ ਹੀ ਸ਼ਾਇਰ ਆਪਣੀਆਂ ਰਚਨਾਵਾਂ ਰਾਹੀਂ ਜਿੱਥੇ ਸਮਾਜਿਕ ਅਤੇ ਰਾਜਨੀਤਿਕ ਮਸਲਿਆਂ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਉਂਦੇ ਹਨ ਉੱਥੇ ਹੀ ਮਨੁੱਖ ਦੇ ਅੰਦਰੂਨੀ ਭਾਵਾਂ ਨੂੰ ਵੀ ਛੋਂਹਦੇ ਹਨ।

ਇਸ ਅੰਕ ਦਾ ਤੀਜਾ ਭਾਗ 'ਅਨੁਵਾਦਿਤ ਸਾਹਿਤ' ਹੈ, ਜਿਸ ਵਿੱਚ ਅੰਗਰੇਜ਼ੀ ਦੀ ਪ੍ਰਸਿੱਧ ਕਹਾਣੀਕਾਰਾ ਡਾ. ਨਮਰਤਾ ਪਠਾਨੀਆ ਦੀ ਕਹਾਣੀ 'ਪਿਆਰਾ ਜਿਹਾ ਰੁੱਕਾ' ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਕਹਾਣੀ ਦਾ ਅਨੁਵਾਦ ਪੰਜਾਬੀ ਦੇ ਪ੍ਰਸਿੱਧ ਬਹੁ-ਵਿਧਾਈ ਸਾਹਿਤਕਾਰ ਰਵਿੰਦਰ ਸਿੰਘ ਸੋਢੀ ਨੇ ਕੀਤਾ ਹੈ।

ਇਸ ਅੰਕ ਦਾ ਚੌਥਾ ਅਤੇ ਅੰਤਿਮ ਭਾਗ 'ਪੁਸਤਕ ਸਮੀਖਿਆ' ਹੈ। ਇਸ ਵਿੱਚ ਜਗਦੀਸ਼ ਕੌਰ ਦੀ ਪੁਸਤਕ 'ਦਰੀਆਂ ਵਾਲੀ ਪੇਟੀ' ਅਤੇ ਸੁਖਿੰਦਰ ਦੀ ਕਿਤਾਬ 'ਗਿਰਗਟਾਂ ਦਾ ਮੌਸਮ' ਦੀ ਸਮੀਖਿਆ ਨੂੰ ਸ਼ਾਮਿਲ ਕੀਤਾ ਗਿਆ ਹੈ। ਇਹ ਸਮੀਖਿਆ ਕ੍ਰਮਵਾਰ ਡਾ. ਸਿਮਰਨਜੀਤ ਸਿੰਘ ਵੱਲੋਂ 'ਦਰੀਆਂ ਵਾਲੀ ਪੇਟੀ' ਦਾ ਕੁੰਡਾ ਖੋਲ੍ਹਦਿਆਂ...' ਅਤੇ ਪ੍ਰੋ. ਨਵ ਸੰਗੀਤ ਵੱਲੋਂ 'ਬਗ਼ਾਵਤੀ ਸੁਰ ਦਾ ਕਾਵਿ: ਗਿਰਗਟਾਂ ਦਾ ਮੌਸਮ' ਸਿਰਲੇਖ ਅਧੀਨ ਕੀਤੀ ਗਈ ਹੈ।

ਸਮੁੱਚੇ ਤੌਰ 'ਤੇ ਖੋਜਨਾਮਾ ਦਾ ਇਹ ਅੰਕ ਵਿਦਵਾਨਾਂ/ਖੋਜੀਆਂ ਅਤੇ ਸਾਹਿਤ ਪ੍ਰੇਮੀਆਂ ਲਈ ਇੱਕ ਗੁਲਦਸਤਾ ਹੈ। ਜਿਸ ਵਿੱਚ ਖੋਜ ਦੇ ਨਾਲ-ਨਾਲ ਸਾਹਿਤ ਦੀ ਮਹਿਕ ਵੀ ਭਰਪੂਰ ਮਾਤਰਾ ਵਿੱਚ ਮੌਜੂਦ ਹੈ। ਉਮੀਦ ਹੈ ਪਿਛਲੇ ਅੰਕਾਂ ਦੀ ਤਰ੍ਹਾਂ ਹੀ ਖੋਜਨਾਮਾ ਦਾ ਇਹ ਅੰਕ ਆਪਣੇ ਪਾਠਕਾਂ ਦੀਆਂ ਉਮੀਦਾਂ ਅਤੇ ਆਸਾਂ 'ਤੇ ਜ਼ਰੂਰ ਖ਼ਰਾ ਉੱਤਰੇਗਾ।

ਜਿੰਨ੍ਹਾਂ ਵਿਦਵਾਨਾਂ/ਖੋਜਰਾਥੀਆਂ ਦੇ ਖੋਜ ਪੱਤਰ ਅਤੇ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਅਸੀਂ ਆਪਣੀਆਂ ਸੀਮਾਵਾਂ ਕਾਰਨ ਛਾਪਣ ਤੋਂ ਅਸਮਰੱਥ ਰਹੇ ਹਾਂ ਉਨ੍ਹਾਂ ਤੋਂ ਖ਼ਿਮਾਂ ਦੇ ਜਾਚਕ ਹਾਂ ਅਤੇ ਜਿੰਨ੍ਹਾਂ ਦੇ ਖੋਜ ਪੱਤਰ ਅਤੇ ਸਾਹਿਤਕ ਰਚਨਾਵਾਂ ਆਦਿ ਇਸ ਅੰਕ ਦਾ ਸ਼ਿੰਗਾਰ ਬਣੇ ਹਨ, ਉਨ੍ਹਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਾਂ।

ਬਤੌਰ ਸੰਪਾਦਕ, ਇਹ ਅੰਕ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਕਰਦਿਆਂ ਮੈਂ ਬੇਹੱਦ ਖੁਸ਼ੀ ਮਹਿਸੂਸ ਕਰ ਰਿਹਾ ਹਾਂ। ਮੈਨੂੰ ਪੂਰਨ ਆਸ ਹੈ ਕਿ ਭਵਿੱਖ ਵਿੱਚ ਪੰਜਾਬੀ ਖੋਜ ਨੂੰ ਨਵੀਆਂ ਉੱਚਾਈਆਂ ਤੱਕ ਲੈ ਕੇ ਜਾਣ ਲਈ ਸਮੂਹ ਪੰਜਾਬੀ ਵਿਦਵਾਨ ਅਤੇ ਆਲੋਚਕ ਸਿਰਫ਼ ਪ੍ਰਕਾਸ਼ਨ ਦੀ ਗਿਣਤੀ ਵਧਾਉਣ ਵਾਲੀ ਰਸਮੀ ਪ੍ਰਵਿਰਤੀ ਤੋਂ ਹਟ ਕੇ, ਅਸਲ ਵਿੱਚ ਗਿਆਨ ਨੂੰ ਅੱਗੇ ਲੈ ਕੇ ਆਉਣ ਵਾਲੀ ਪਾਇਦਾਰ ਅਤੇ ਮਿਆਰੀ ਖੋਜ 'ਤੇ ਅਧਾਰਿਤ ਖੋਜ-ਪੱਤਰ ਤਿਆਰ ਕਰਨਗੇ। ਇਸਦੇ ਨਾਲ ਹੀ ਪੰਜਾਬੀ ਭਾਸ਼ਾ ਵਿੱਚ ਖੋਜ-ਪੱਤਰ ਪ੍ਰਕਾਸ਼ਿਤ ਕਰਨ ਵਾਲੇ ਸਮੂਹ ਜਰਨਲ ਵੀ ਆਪਣੇ ਨਿੱਜੀ ਸਵਾਰਥਾਂ ਅਤੇ ਵਪਾਰਕ ਰੁਝਾਨਾਂ ਤੋਂ ਉੱਪਰ ਉਠ

ਕੇ, ਗੁਣਵੱਤਾ-ਪ੍ਰਧਾਨ ਖੋਜ ਅਤੇ ਸਾਹਿਤ ਨੂੰ ਅੱਗੇ ਲਿਆਉਣ ਵਾਸਤੇ ਯਤਨਸ਼ੀਲ ਹੋਣਗੇ। ਇਸ ਦੋਹਰੇ ਯਤਨ ਰਾਹੀਂ ਹੀ ਅਸੀਂ ਸਭ ਰਲ-ਮਿਲ ਕੇ ਪੰਜਾਬੀ ਵਿੱਚ ਹੋ ਰਹੀ ਖੋਜ ਨੂੰ ਉਸਦੀ ਮਾਣਯੋਗ ਸਥਿਤੀ ਤੱਕ ਪਹੁੰਚਾ ਸਕਦੇ ਹਾਂ, ਜਿਸਦੀ ਉਹ ਹੱਕਦਾਰ ਹੈ।

ਸਾਨੂੰ ਤੁਹਾਡੇ ਵਡਮੁੱਲੇ ਸੁਝਾਵਾਂ ਦੀ ਉਡੀਕ ਰਹੇਗੀ।

ਧੰਨਵਾਦ ਸਹਿਤ।

ਸੰਪਾਦਕ

# ਖੋਜ ਪੱਤਰ

ISSN: 2584-0509



# ਪੰਜਾਬ ਦੀ ਨੌਜਵਾਨੀ ਤੇ ਰਿਸ਼ਤੇ: ਵਰਤਮਾਨ ਦਸ਼ਾ ਅਤੇ ਭਵਿੱਖਮੁਖੀ ਦ੍ਰਿਸ਼ਟੀਕੋਣ



ਡਾ. ਰਾਜਵੰਤ ਕੌਰ ਪੰਜਾਬੀ
ਸਟੇਟ ਐਵਾਰਡੀ
ਮੁਖੀ, ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਿਟੀ,
ਪਟਿਆਲਾ।
+91 8567886223

ਵਿਕਾਸਸ਼ੀਲ ਸਮਾਜਾਂ ਵਿਚ ਜਿੱਥੇ ਨੌਜਵਾਨੀ ਨਵੇਂ ਮਾਪਦੰਡ ਸਥਾਪਿਤ ਕਰ ਰਹੀ ਹੈ, ਓਥੇ ਹੀ ਰਿਸ਼ਤਿਆਂ ਦੀ ਪਰਿਭਾਸ਼ਾ ਵਿਚ ਵੀ ਵੱਡੇ ਬਦਲਾਅ ਆ ਰਹੇ ਹਨ। ਜਦੋਂ ਅਸੀਂ ਪੰਜਾਬੀ ਸਮਾਜ ਦੀ ਗੱਲ ਕਰਦੇ ਹਾਂ ਤਾਂ ਸਭ ਤੋਂ ਮੁੱਖ ਭੂਮਿਕਾ ਨੌਜਵਾਨੀ ਦੀ ਹੈ। ਨੌਜਵਾਨਾਂ ਦੀ ਸੋਚ, ਜੀਵਨ–ਸ਼ੈਲੀ ਅਤੇ ਰਿਸ਼ਤਿਆਂ ਨਾਲ਼ ਜੁੜੀ ਵਿਆਖਿਆ ਇੱਕ ਅਹਿਮ ਵਿਸ਼ਾ ਬਣ ਚੁੱਕੀ ਹੈ, ਖ਼ਾਸ ਕਰਕੇ ਇਸ ਤੀਬਰ ਤਬਦੀਲ ਹੋ ਰਹੀ ਦੁਨੀਆ ਵਿਚ। ਇਸ ਖੋਜ–ਪੱਤਰ ਰਾਹੀਂ ਸਮੀਖਿਆਤਮਕ ਅਧਿਐਨ ਕਰਨ ਦਾ ਯਤਨ ਕੀਤਾ ਜਾਵੇਗਾ ਕਿ ਪੰਜਾਬੀ ਨੌਜਵਾਨੀ ਦੀ ਰਿਸ਼ਤਿਆਂ ਬਾਰੇ ਵਰਤਮਾਨ ਸੋਚ ਕੀ ਹੈ? ਉਨ੍ਹਾਂ ਦੀਆਂ ਉਮੀਦਾਂ, ਸੰਘਰਸ਼ ਅਤੇ ਰੁਝਾਨ ਕਿਹੋ ਜਿਹੇ ਹਨ? ਆਧੁਨਿਕਤਾ, ਮੀਡੀਆ, ਸਾਂਝੀ ਸੰਸਕ੍ਰਿਤੀ ਅਤੇ ਡਿਜੀਟਲ ਜ਼ਮਾਨੇ ਦੇ ਉਨ੍ਹਾਂ ਦੇ ਰਵੱਈਏ ਅਤੇ ਰਿਸ਼ਤਿਆਂ ਉੱਤੇ ਕਿਹੋ ਜਿਹੇ ਪ੍ਰਭਾਵ ਪੈ ਰਹੇ ਹਨ? ਰਵਾਇਤੀ ਰਿਸ਼ਤਿਆਂ ਕਾਰਨ ਉਹ ਕਿਸ ਕਿਸਮ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ? ਇਸ ਖੋਜ ਦਾ ਉਦੇਸ਼ ਇਹ ਨਿਰੂਪਤ ਕਰਨਾ ਹੈ ਕਿ ਭਵਿੱਖ ਵਿਚ ਇਹ ਰੁਝਾਨ ਪੰਜਾਬੀ ਸਮਾਜ ਉੱਤੇ ਕਿਹੋ ਜਿਹਾ ਪ੍ਰਭਾਵ ਛੱਡ ਸਕਦੇ ਹਨ? ਇਸ ਤੋਂ ਇਲਾਵਾ ਇਸ ਖੋਜ ਦਾ ਮਕਸਦ ਨੌਜਵਾਨ ਪੀੜ੍ਹੀ ਲਈ ਸੁਧਾਰਯੋਗ ਮਾਡਲ ਜਾਂ ਅਜਿਹੇ ਸੁਝਾਅ ਪੇਸ਼ ਕਰਨਾ ਹੈ ਜੋ ਉਨ੍ਹਾਂ ਨੂੰ ਉਚੇਰੀਆਂ ਕਦਰਾਂ–ਕੀਮਤਾਂ ਵਾਲਾ ਅਤੇ ਸੰਵੇਦਨਸ਼ੀਲ ਇਨਸਾਨ ਬਣਾਉਣ ਵਿਚ ਮਦਦ ਕਰਨ। ਇਉਂ ਵਿਸ਼ੇ ਦੀ ਗੰਭੀਰਤਾ ਨੂੰ ਸਮਝਦਿਆਂ, ਇਹ ਪੜਚੋਲ ਸਿਰਫ ਰਿਸ਼ਤਿਆਂ ਦੀ ਸਮਝ ਤੱਕ ਸੀਮਤ ਨਹੀਂ ਰਹੇਗੀ, ਸਗੋਂ ਇਹ ਨੌਜਵਾਨੀ ਦੇ ਮਨੋਵਿਗਿਆਨ, ਸੱਭਿਆਚਾਰ ਤੇ ਆਧੁਨਿਕਤਾ ਨਾਲ਼ ਤਾਲਮੇਲ ਨੂੰ ਵੀ ਚਰਚਾ ਦਾ ਮੁੱਦਾ ਬਣਾਏਗੀ। ਇਨ੍ਹਾਂ ਸਾਰੇ ਪੱਖਾਂ ਨੂੰ ਸਮਝਣਾ ਲਾਜ਼ਮੀ ਹੈ ਤਾਂ ਜੋ ਭਵਿੱਖ ਲਈ ਨੈਤਿਕ, ਸੱਭਿਆਚਾਰਕ ਅਤੇ ਮਨੋਵਿਗਿਆਨਕ ਪੱਧਰ 'ਤੇ ਕੁਝ ਨਤੀਜੇ ਕੱਢੇ ਜਾ ਸਕਣ। ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਪ੍ਰਾਰੰਭਿਕ ਸਮੱਗਰੀ ਇਕੱਤਰ ਕਰਨ ਹਿਤ ਪੰਜਾਬੀ ਯੂਨੀਵਰਸਿਟੀ ਵਿਚੋਂ ਅੰਡਰ–ਗ੍ਰੈਜੂਏਟ ਪੱਧਰ ਦੀਆਂ ਦੋ ਵੱਖ–ਵੱਖ ਕਲਾਸਾਂ ਦੇ ਵੀਹ ਤੋਂ ਪੱਚੀ ਸਾਲਾਂ ਦੀ ਉਮਰ ਵਾਲੇ ਸੌ ਵਿਦਿਆਰਥੀਆਂ ਨੂੰ ਦੋ–ਦੋ ਸਮੂਹਾਂ ਵਿਚ ਵੰਡ ਕੇ ਉਨ੍ਹਾਂ ਵਿਚ ਵਿਚਾਰ–ਵਟਾਂਦਰੇ ਦੀ ਗਤੀਵਿਧੀ ਆਯੋਜਿਤ ਕੀਤੀ ਗਈ ਤਾਂ ਜੋ ਵਿਸ਼ੇ ਸੰਬੰਧੀ ਨਵੇਂ-ਨਵੇਂ ਨੁਕਤੇ ਪ੍ਰਕਾਸ਼ ਵਿਚ ਆ ਸਕਣ। ਉਨ੍ਹਾਂ ਨਾਲ ਰਚਾਏ ਸੰਵਾਦ ਤੋਂ ਪ੍ਰਾਪਤ ਹੋਏ ਵਿਚਾਰਾਂ ਦਾ ਵਿਸ਼ਲੇਸ਼ਣ ਕਰਕੇ ਇਹ ਨਤੀਜਾ ਨਿਕਲਿਆ ਕਿ ਨੌਜਵਾਨਾਂ ਦੇ ਵਿਅਕਤੀਗਤ ਅਤੇ

ਸਮਾਜਿਕ ਵਿਕਾਸ ਵਿੱਚ ਮਾਪਿਆਂ, ਪਰਿਵਾਰਕ ਮੈਂਬਰਾਂ, ਅਧਿਆਪਕਾਂ ਅਤੇ ਦੋਸਤਾਂ ਦੀ ਭੂਮਿਕਾ ਕੇਂਦਰੀ ਮਹੱਤਤਾ ਰੱਖਦੀ ਹੈ। ਇਹ ਅਧਿਐਨ ਦਰਸਾਉਂਦਾ ਹੈ ਕਿ ਜੇਕਰ ਸੰਤਾਨ ਨੂੰ ਚੰਗਾ ਨਾਗਰਿਕ ਬਣਾਉਣਾ ਹੈ ਤਾਂ ਉਸ ਦੇ ਵਿਚਾਰ, ਵਿਹਾਰ ਅਤੇ ਵਿਕਾਸ ਨੂੰ ਪ੍ਰਭਾਵਿਤ ਕਰਨ ਵਿਚ ਉਸ ਦੀ ਆਰੰਭਿਕ ਤੇ ਕਿਸ਼ੋਰ–ਅਵਸਥਾ ਵਾਲੀ ਜੀਵਨ–ਯਾਤਰਾ ਵੇਲੇ ਦੇ ਸੰਬੰਧ/ਰਿਸ਼ਤੇ, ਵਾਤਾਵਰਨ ਅਤੇ ਸਮਾਜਿਕ ਸਥਿਤੀ ਬਹੁਤ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ।

ਇਨਸਾਨੀ ਰਿਸ਼ਤੇ ਵਿਅਕਤੀ ਦੀ ਸ਼ਖ਼ਸੀਅਤ ਦੇ ਨਿਰਮਾਣ ਵਿੱਚ ਕੇਂਦਰੀ ਭੂਮਿਕਾ ਨਿਭਾਉਂਦੇ ਹਨ। ਇਹ ਰਿਸ਼ਤੇ ਨਾ ਸਿਰਫ਼ ਵਿਅਕਤੀ ਨੂੰ ਤਰੱਕੀ ਦੇ ਮਾਰਗ ਵੱਲ ਜਾਣ ਲਈ ਪ੍ਰੇਰਿਤ ਕਰਦੇ ਹਨ, ਸਗੋਂ ਸਮਾਜਿਕ ਏਕਤਾ, ਸਹਿਯੋਗ ਅਤੇ ਸਦਭਾਵਨਾ ਦੀ ਸਥਾਪਨਾ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਨੌਜਵਾਨ ਪੀੜ੍ਹੀ, ਜੋ ਕਿ ਉਤਸ਼ਾਹ ਨਾਲ ਭਰਪੂਰ ਹੁੰਦੀ ਹੈ, ਸਮਾਜਿਕ ਅਤੇ ਰਿਸ਼ਤਿਆਂ ਦੀ ਸੰਰਚਨਾ ਵਿੱਚ ਆ ਰਹੇ ਤੀਬਰ ਪਰਿਵਰਤਨਾਂ ਨੂੰ ਸਮਝਣ ਅਤੇ ਨਵੇਂ ਸੰਦਰਭਾਂ ਵਿੱਚ ਰਿਸ਼ਤਾ–ਪ੍ਰਣਾਲੀ ਨੂੰ ਮੁੜ ਪਰਿਭਾਸ਼ਿਤ ਕਰਨ ਵਿੱਚ ਕੇਂਦਰੀ ਸਥਾਨ ਰੱਖਦੀ ਹੈ। ਵਰਤਮਾਨ ਸਮਾਜਿਕ ਸੰਦਰਭ ਵਿੱਚ, ਨੌਜਵਾਨ ਪੀੜ੍ਹੀ ਦੀ ਮਨੋਵਿਗਿਆਨਿਕ ਦਸ਼ਾ ਅਤੇ ਰੁਝਾਨਾਂ ਦਾ ਵਿਸ਼ਲੇਸ਼ਣ ਕਰਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ, ਕਿਉਂਕਿ ਇਹ ਰੁਝਾਨ ਨਾ ਸਿਰਫ਼ ਨੌਜਵਾਨਾਂ ਦੇ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਦੇ ਹਨ, ਸਗੋਂ ਭਵਿੱਖਤ ਸਮਾਜਿਕ ਰਚਨਾ ਅਤੇ ਸੰਬੰਧਾਂ ਦੀ ਸੰਭਾਵਿਤ ਦਿਸ਼ਾ ਬਾਰੇ ਵੀ ਸੰਕੇਤ ਪ੍ਰਦਾਨ ਕਰਦੇ ਹਨ। ਇਸ ਸੰਦਰਭ ਵਿਚ ਇਹ ਵਿਸ਼ਲੇਸ਼ਣ ਸਮਾਜਿਕ ਪਰਿਵਰਤਨ ਅਤੇ ਨਵੀਨ ਰਿਸ਼ਤਾ–ਪ੍ਰਣਾਲੀ ਦੇ ਮਾਪਦੰਡਾਂ ਦੀ ਪਛਾਣ ਕਰਨ ਵਿੱਚ ਸਹਾਇਕ ਸਿੱਧ ਹੋਵੇਗਾ।

ਮਨੁੱਖੀ ਮਾਨਸਿਕਤਾ ਦੀ ਘਾੜਤ 'ਚ ਭਿੰਨ-ਭਿੰਨ ਸਮਾਜਿਕ, ਸਾਂਸਕ੍ਰਿਤਿਕ ਅਤੇ ਵਾਤਾਵਰਣਕ ਕਾਰਕ ਪ੍ਰਭਾਵਸ਼ਾਲੀ ਹੁੰਦੇ ਹਨ। ਇਨ੍ਹਾਂ ਕਾਰਕਾਂ ਵਿੱਚ ਵਿਅਕਤੀ ਦਾ ਜਨਮ-ਸਥਾਨ, ਪਰਿਵਾਰਕ ਪਿਛੋਕੜ, ਮਾਤਾ-ਪਿਤਾ ਅਤੇ ਪਰਿਵਾਰ ਵੱਲੋਂ ਪ੍ਰਾਪਤ ਸੰਸਕਾਰ, ਘਰੇਲੂ ਵਾਤਾਵਰਨ, ਸਥਾਨਕ ਸਮਾਜਕ ਬਣਤਰ ਅਤੇ ਬੋਲੀ ਆਦਿ ਸ਼ਾਮਲ ਹਨ। ਮਨੋਵਿਗਿਆਨਿਕ ਅਧਿਐਨ ਦਰਸਾਉਂਦੇ ਹਨ ਕਿ ਬਚਪਨ ਦੌਰਾਨ ਦੇਖੇ ਜਾਂ ਅਨੁਭਵ ਕੀਤੇ ਘਟਨਾ-ਚੱਕਰ ਵਿਅਕਤੀ ਦੀ ਮਾਨਸਿਕਤਾ ਉੱਤੇ ਡੂੰਘਾ ਅਸਰ ਛੱਡਦੇ ਹਨ। ਇਸੇ ਤਰ੍ਹਾਂ, ਕਿਸ਼ੋਰਾਵਸਥਾ ਵਿੱਚ ਮਿਲਣ ਵਾਲੀ ਸੰਗਤ, ਸਕੂਲ ਅਤੇ ਕਾਲਜ ਦੀ ਸਿੱਖਿਆ,

ਸਾਥੀਆਂ ਦੀ ਮਾਨਸਿਕਤਾ, ਅਧਿਆਪਕਾਂ ਦੀ ਜੀਵਨ-ਦ੍ਰਿਸ਼ਟੀ ਅਤੇ ਆਲੇ-ਦੁਆਲੇ ਦੇ ਸਮਾਜਿਕ ਰੋਲ ਮਾਡਲ ਵੀ ਵਿਅਕਤੀ ਦੀ ਮਾਨਸਿਕਤਾ ਨੂੰ ਸਕਾਰਾਤਮਕ ਜਾਂ ਨਕਾਰਾਤਮਕ ਤਰੀਕੇ ਨਾਲ ਪ੍ਰਭਾਵਿਤ ਕਰਦੇ ਹਨ।

ਨੱਬੇਵਿਆਂ ਦੇ ਦਹਾਕੇ ਤੱਕ ਪੰਜਾਬੀ ਸਮਾਜ ਵਿਚ ਇਕ ਨੈਤਿਕ ਸੰਵੇਦਨਸ਼ੀਲਤਾ ਅਤੇ ਸੰਯੁਕਤ ਪਰਿਵਾਰਕ ਵਿਵਸਥਾ ਦ੍ਰਿਸ਼ਟੀਗੋਚਰ ਹੁੰਦੀ ਸੀ ਜਿਸ ਵਿਚ ਰਿਸ਼ਤੇ ਆਮ ਕਰਕੇ ਲਾਭ ਜਾਂ ਲੋੜ 'ਤੇ ਹੀ ਅਧਾਰਤ ਨਹੀਂ ਸਨ, ਸਗੋਂ ਉਨ੍ਹਾਂ ਵਿਚ ਪਿਆਰ, ਨਿਭਾਓ ਅਤੇ ਆਤਮ-ਉਤਸਰਗ ਯਾਨੀ ਆਪਣਾ ਸੁਖ, ਲਾਭ ਤਿਆਗ ਕੇ ਕਿਸੇ ਹੋਰ ਰਿਸ਼ਤੇ ਲਈ ਆਪਣੇ ਆਪੇ ਨੂੰ ਸਮਰਪਿਤ ਕਰ ਦੇਣ ਦੀ ਭਾਵਨਾ ਰੂਪਮਾਨ ਹੁੰਦੀ ਸੀ, ਪਰ ਇਹ ਸਭ ਹੁਣ ਲਗਭਗ ਇਤਿਹਾਸ ਦਾ ਹਿੱਸਾ ਬਣ ਚੁੱਕਾ ਹੈ। ਪਰਿਵਾਰਕ ਇਕਾਈ ਦਾ ਵਿਘਟਨ, 'ਮਾਡਰਨ ਵੈਲਿਊਜ਼' ਦੇ ਨਾਮ 'ਤੇ ਸਵਾਰਥੀ ਸੋਚ ਦਾ ਵਾਧਾ ਅਤੇ ਨੈਤਿਕ ਮੁੱਲਾਂ ਪ੍ਰਤਿ ਬੇਪਰਵਾਹੀ ਨੇ ਨਵੀਂ ਪੀੜ੍ਹੀ ਨੂੰ ਨਾ ਕੇਵਲ ਪਰਿਵਾਰਕ ਮੇਲ–ਮਿਲਾਪ ਤੋਂ ਦੂਰ ਕੀਤਾ ਹੈ, ਸਗੋਂ ਉਨ੍ਹਾਂ ਦੇ ਮਨ ਵਿਚ ਅਧਿਆਪਕਾਂ ਅਤੇ ਵੱਡਿਆਂ ਲਈ ਜ਼ਰੂਰੀ ਸਨਮਾਨ ਵੀ ਘਟਾ ਦਿੱਤਾ ਹੈ।

ਪਿਛਲੇ ਸਮਿਆਂ ਦੌਰਾਨ ਬੱਚਿਆਂ ਦੀ ਨੈਤਿਕ ਅਤੇ ਸਮਾਜਿਕ ਘਾੜਤ ਵਿੱਚ ਦਾਦਾ-ਦਾਦੀ, ਚਾਚਾ-ਚਾਚੀ, ਤਾਇਆ–ਤਾਈ, ਅਧਿਆਪਕ ਅਤੇ ਸਮਕਾਲੀ ਦੋਸਤਾਂ–ਮਿੱਤਰਾਂ ਦੀ ਭੂਮਿਕਾ ਕੇਂਦਰੀ ਰਹੀ ਹੈ, ਪਰੰਤੂ ਆਧੁਨਿਕ ਯੁਗ ਵਿਚ ਤਕਨਾਲੋਜੀ ਨਾਲ ਜੁੜੇ ਬੱਚਿਆਂ ਵਿਚ ਅਕਸਰ ਇਹ ਰੁਝਾਨ ਦੇਖਣ ਨੂੰ ਮਿਲਦਾ ਹੈ ਕਿ ਉਹ ਆਪਣੇ ਆਪ ਨੂੰ ਮਾਪਿਆਂ ਤੇ ਅਧਿਆਪਕਾਂ ਨਾਲੋਂ ਵੱਧ ਗਿਆਨਵਾਨ ਸਮਝਦੇ ਹਨ। ਉਨ੍ਹਾਂ ਦੇ ਅਜਿਹੇ ਵਿਵਹਾਰ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਅਜੋਕੇ ਬੱਚੇ ਸੰਘਰਸ਼ ਜਾਂ ਆਲੋਚਨਾ ਨੂੰ ਸਹਿਣ ਕਰਨ ਦੀ ਥਾਂ ਉਲਟ ਪ੍ਰਤੀਕਿਰਿਆ ਦਿੰਦੇ ਹਨ। ਇਹ ਰੁਝਾਨ ਨਾ ਸਿਰਫ਼ ਨੈਤਿਕ ਮੁੱਲਾਂ ਦਾ ਦਰਜਾ ਘਟਾਉਂਦਾ ਹੈ, ਬਲਕਿ ਸਮੂਹਿਕ ਸਮਾਜਿਕ ਢਾਂਚੇ ਨੂੰ ਵੀ ਖ਼ਰਾਬ ਕਰਦਾ ਹੈ।

ਆਧੁਨਿਕ ਯੁਗ ਵਿੱਚ ਛੋਟੇ ਪਰਿਵਾਰਾਂ ਵਾਲੇ ਨੌਕਰੀਸ਼ੁਦਾ ਮਾਪੇ ਆਮ ਤੌਰ 'ਤੇ ਆਪਣੇ ਮੂਲ ਨਿਵਾਸ ਸਥਾਨ ਤੋਂ ਦੂਰ ਆਰਥਿਕ ਸਰੋਤਾਂ ਦੀ ਭਾਲ ਵਿੱਚ ਨਵੇਂ ਸਥਾਨਾਂ ਉਤੇ ਵਸੇਬਾ ਕਰ ਰਹੇ ਹਨ। ਨੌਕਰੀ ਦੇ ਦਬਾਵਾਂ ਅਤੇ ਡਿਜੀਟਲ ਮੀਡੀਆ ਦੇ ਪ੍ਰਭਾਵ ਕਾਰਨ, ਉਨ੍ਹਾਂ ਵੱਲੋਂ ਸੰਤਾਨ ਨੂੰ ਗੁਣਵੱਤਾਪੂਰਨ ਸਮਾਂ ਨਹੀਂ ਦਿੱਤਾ ਜਾ ਰਿਹਾ। ਉਹ ਧੀ–ਪੁੱਤ ਨੂੰ ਮਨੋਰੰਜਨ ਜਾਂ ਰੁਝੇਵੇਂ ਲਈ ਮੋਬਾਈਲ–ਜੰਤਰ ਦੇ ਹਵਾਲੇ ਕਰ ਦਿੰਦੇ ਹਨ। ਇਹ ਬਿਰਤੀ ਹੌਲੀ-ਹੌਲੀ ਉਨ੍ਹਾਂ

ਵਿੱਚ ਡਿਜ਼ੀਟਲ–ਨਸ਼ੇ ਦੀ ਲਤ ਨੂੰ ਉਤਪੰਨ ਕਰਦੀ ਹੈ। ਇਸ ਡਿਜੀਟਲ ਆਸਰੇ ਨੇ ਬੱਚਿਆਂ ਨੂੰ ਨਾ ਕੇਵਲ ਨਾਨਕਿਆਂ–ਦਾਦਕਿਆਂ ਦੇ ਲਾਡ–ਪਿਆਰ ਅਤੇ ਵਿਸ਼ਾਲ ਜੀਵਨ-ਅਨੁਭਵ ਵਾਲੀ ਪੀੜ੍ਹੀ ਦੀ ਸੰਗਤ ਤੋਂ ਵਾਂਝਾ ਕਰ ਦਿੱਤਾ ਹੈ, ਸਗੋਂ ਉਨ੍ਹਾਂ ਦੀ ਜੀਵਨ-ਯਥਾਰਥ ਨੂੰ ਸਮਝਣ ਦੀ ਸਮਰਥਾ ਨੂੰ ਵੀ ਪ੍ਰਭਾਵਿਤ ਕੀਤਾ ਹੈ। ਇਤਿਹਾਸਕ ਪਰਿਪੇਖ ਵਿੱਚ ਵੇਖਿਆ ਜਾਵੇ ਤਾਂ ਮਹਾਨ ਵਿਅਕਤੀਆਂ ਦੀ ਬਚਪਨ–ਅਵਸਥਾ ਦੌਰਾਨ ਮਾਤਾ ਜਾਂ ਕਿਸੇ ਵਿਸ਼ੇਸ਼ ਵਿਅਕਤੀ ਦੇ ਸਨੇਹਮਈ ਸਾਥ ਦੀ, ਉਨ੍ਹਾਂ ਦੀ ਸ਼ਖ਼ਸੀਅਤ–ਉਸਾਰੀ–ਪ੍ਰਕਿਰਿਆ ਵਿੱਚ ਕੇਂਦਰੀ ਭੂਮਿਕਾ ਰਹੀ ਹੈ। ਇਸ ਦੇ ਉਲਟ ਵਰਤਮਾਨ ਮਸ਼ੀਨੀ ਸਮਾਜਿਕ ਢਾਂਚੇ ਵਿੱਚ, ਜਿੱਥੇ ਮਾਤਾ ਤੇ ਪਿਤਾ ਦੋਵੇਂ ਨੌਕਰੀਸ਼ੁਦਾ ਹਨ, ਉਥੇ ਮਾਂ ਦੀ ਰਵਾਇਤੀ ਭੂਮਿਕਾ ਖੰਡਿਤ ਹੋ ਰਹੀ ਹੈ, ਜਦੋਂ ਕਿ ਪਿਤਾ ਦੀਆਂ ਸਮਾਜਿਕ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਵਿੱਚ ਨਿਰੰਤਰ ਵਾਧਾ ਹੋ ਰਿਹਾ ਹੈ। ਇਨ੍ਹਾਂ ਤਬਦੀਲੀਆਂ ਦੇ ਬਾਵਜੂਦ, ਇਹ ਮਨੋਵਿਗਿਆਨਕ ਤੱਥ ਪ੍ਰਮਾਣਿਤ ਹੁੰਦਾ ਹੈ ਕਿ ਮਾਪਿਆਂ ਦੀ ਸੋਚ, ਵਿਅਕਤੀਗਤ ਜੀਵਨ ਰੂਪਾਂਤਰਣ ਦੇ ਮੂਲ ਤੱਤ ਵਜੋਂ, ਸੰਤਾਨ ਵਿੱਚ ਜ਼ਰੂਰ ਰੂਪਾਂਤ੍ਰਿਤ ਹੁੰਦੀ ਹੈ।

ਮਾਪੇ, ਔਲਾਦ ਰਾਹੀਂ ਆਪਣੇ ਸੁਪਨਿਆਂ ਨੂੰ ਸਮੂਰਤ ਕਰਨ ਦੀ ਇੱਛਾ ਰੱਖਦੇ ਹਨ ਪਰ ਉਹ ਅਕਸਰ ਧੀ–ਪੁੱਤ ਸਾਹਮਣੇ ਉਸ ਕੰਮ ਨੂੰ ਖ਼ੁਦ ਕਰ ਲੈਂਦੇ ਹਨ ਜਿਸ ਨੂੰ ਕਰਨ ਤੋਂ ਉਹ ਉਨ੍ਹਾਂ ਨੂੰ ਰੋਕਦੇ ਰਹਿੰਦੇ ਹਨ, 'ਮਨ ਨਕਰਦਮ, ਸ਼ੁਮਾ ਹਜ਼ਰ ਬਕੁਨੇਦ' (ਮੈਂ ਨਹੀਂ ਕੀਤਾ, ਤੁਸੀਂ ਪ੍ਰਹੇਜ਼ ਕਰਿਉ)। ਜੇਕਰ ਬਾਲਾਂ ਦੇ ਵਿਹਾਰਕ ਰਵੱਈਏ ਨੂੰ ਧਿਆਨ ਵਿੱਚ ਰੱਖਿਆ ਜਾਵੇ, ਤਾਂ ਇਹ ਸਾਕਾਰ ਹੁੰਦਾ ਹੈ ਕਿ ਕਈ ਵਾਰ ਸਕੂਲ ਜਾ ਰਹੇ ਬੱਚੇ ਜਾਣਬੁੱਝ ਕੇ ਅਜਿਹੇ ਬਹਾਨੇ ਬਣਾਉਂਦੇ ਹਨ, ਜਿਸ ਰਾਹੀਂ ਉਹ ਸਕੂਲ ਨਾ ਜਾਣ ਦੀ ਇੱਛਾ ਨੂੰ ਤਰਕਯੋਗ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਅਕਸਰ ਮਾਪੇ ਬਿਨਾਂ ਕਿਸੇ ਵਿਸ਼ਲੇਸ਼ਣ ਦੇ ਉਨ੍ਹਾਂ ਦੇ ਬਹਾਨਿਆਂ ਨੂੰ ਲਾਡ ਜਾਂ ਦਇਆ ਕਰਕੇ ਸਵੀਕਾਰ ਕਰ ਲੈਂਦੇ ਹਨ ਅਤੇ ਬੱਚਿਆਂ ਨੂੰ ਛੁੱਟੀ ਮਾਰਨ ਦੀ ਆਗਿਆ ਦੇ ਦਿੰਦੇ ਹਨ। ਇਹ ਰਵੱਈਆ ਲੰਬੇ ਸਮੇਂ ਵਿੱਚ ਧੀ–ਪੁੱਤ ਦੀ ਨਿਯਮਿਤਤਾ ਅਤੇ ਸਵੈ–ਅਨੁਸ਼ਾਸਨ ਵਿੱਚ ਰੁਕਾਵਟ ਪੈਦਾ ਕਰ ਸਕਦਾ ਹੈ। ਅਜਿਹੀ ਸਥਿਤੀ ਵਿੱਚ ਮਾਪਿਆਂ ਨੂੰ ਬੱਚੇ ਦੀ ਗ਼ੈਰ–ਹਾਜ਼ਰੀ ਦੇ ਕਾਰਨਾਂ ਦੀ ਜਾਂਚ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਇਹ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ ਕਿ ਆਖਿਰਕਾਰ ਉਸ ਦਾ ਸਕੂਲ ਨਾ ਜਾਣਾ ਘਰੇਲੂ ਵਾਤਾਵਰਣ, ਸਕੂਲੀ ਪ੍ਰਸਥਿਤੀਆਂ ਜਾਂ ਕਿਸ ਹੋਰ ਮਾਨਸਿਕ ਜਾਂ ਸਮਾਜਿਕ ਚੁਣੌਤੀ ਨਾਲ ਸੰਬੰਧਤ ਹੈ? ਇਸ ਤੱਥ ਦੀ ਪਛਾਣ ਤੋਂ ਬਾਅਦ, ਮਾਪਿਆਂ ਨੂੰ ਸੁਯੋਗ ਰੂਪ

ਵਿੱਚ ਸੰਤਾਨ ਦੀ ਸਮੱਸਿਆ ਦਾ ਸਮਾਧਾਨ ਲੱਭਣਾ ਚਾਹੀਦਾ ਹੈ ਤਾਂ ਜੋ ਉਹ ਆਪਣੀ ਸਿੱਖਿਆ–ਯਾਤਰਾ ਵਿਚ ਬਗ਼ੈਰ ਕਿਸੇ ਵਿਘਨ ਤਰੱਕੀ ਕਰ ਸਕੇ। "ਬੱਚਿਆਂ ਨੂੰ ਸੁਚੱਜੇ ਢੰਗ ਨਾਲ ਪਾਲਣਾ ਇਕ ਕਠਿਨ ਤਪੱਸਿਆ ਹੈ, ਪਵਿੱਤਰ ਫਰਜ਼ ਹੈ। ਬੱਚਿਆਂ ਨੂੰ ਪਾਲਣਾ ਪੋਸਣਾ ਇਕ ਵਿਗਿਆਨ ਹੈ। ਜ਼ਰੂਰੀ ਹੈ ਕਿ ਮਾਪੇ ਇਸ ਸਬੰਧੀ ਵੱਧ ਤੋਂ ਵੱਧ ਵਾਕਫ਼ੀਅਤ ਪ੍ਰਾਪਤ ਕਰਨ। ਬੱਚਿਆਂ ਦਾ ਸੁਚੱਜਾ ਪਾਲਣ ਪੋਸ਼ਣ ਹਰ ਇਕ ਨਰ–ਨਾਰੀ ਨੂੰ ਖ਼ੂਬਸੂਰਤ, ਸੁੰਦਰ ਅਤੇ ਮਹਾਨ ਬਣਾਉਂਦਾ ਹੈ।"[1] ਅਰਥਾਤ ਵਿਅਕਤੀ ਦੀ ਸੰਤੁਲਿਤ ਸ਼ਖ਼ਸੀਅਤ ਉਸਾਰੀ ਲਈ ਉਸ ਨੂੰ ਆਲੇ–ਦੁਆਲੇ ਦੇ ਲੋਕਾਂ ਵਿਚ ਵਿਚਰਨ ਦੀ ਤਮੀਜ਼ ਸਿਖਾਉਣ ਹਿਤ ਮੁਢਲੇ ਪੱਧਰ 'ਤੇ ਮਾਪਿਆਂ ਦਾ ਖ਼ੁਦ ਸੰਤੁਲਿਤ ਵਿਅਕਤੀ ਹੋਣਾ ਬਹੁਤ ਮਹੱਤਵਪੂਰਨ ਹੈ। ਨੌਜਵਾਨਾਂ ਦੀ ਮਾਨਸਿਕਤਾ ਉੱਤੇ ਆਧੁਨਿਕਤਾ ਅਤੇ ਸਮਾਜਿਕ–ਸੱਭਿਆਚਾਰਕ ਤਬਦੀਲੀਆਂ ਦੇ ਪ੍ਰਭਾਵ ਪੈ ਰਹੇ ਹਨ। ਆਧੁਨਿਕ ਸਮਾਜਿਕ ਸੰਦਰਭ ਵਿੱਚ ਨੌਜਵਾਨਾਂ ਦੀ ਮਾਨਸਿਕਤਾ ਉੱਤੇ ਅਨੇਕ ਕਾਰਕਾਂ ਨੇ ਗੰਭੀਰ ਅਸਰ ਪਾਇਆ ਹੈ। ਮਾਪਿਆਂ ਵੱਲੋਂ ਓਵਰ ਤੇ ਅੰਡਰ ਪੇਰੈਂਟਿੰਗ (ਪਰਵਰਿਸ਼ ਦੀ ਅਤਿ), ਸਿੱਖਿਆ ਪ੍ਰਣਾਲੀ ਦੀ ਸਥਿਤੀ, ਤਕਨਾਲੋਜੀ ਅਤੇ ਸੋਸ਼ਲ ਮੀਡੀਆ ਦੀ ਵੱਧਦੀ ਪਹੁੰਚ, ਵਿਸ਼ਵੀਕਰਨ, ਵਪਾਰਕ ਉਪਭੋਗੀ ਸੰਸਕ੍ਰਿਤੀ (ਵਿਸ਼ਾਲ ਖ਼ਰੀਦਦਾਰੀ ਕੇਂਦਰ, ਵਿਕੋਲਿਤਰੇ ਮਹਿੰਗੇ ਉਤਪਾਦ (ਬਰੈਂਡਿਡ ਉਤਪਾਦ), ਪਰਵਾਸ ਦਾ ਰੁਝਾਨ ਅਤੇ ਸੱਭਿਆਚਾਰਕ ਪਰਿਵਰਤਨ ਆਦਿ ਉਹ ਤੱਤ ਹਨ ਜਿਨ੍ਹਾਂ ਨੇ ਨੌਜਵਾਨਾਂ ਦੇ ਆਚਰਨ ਅਤੇ ਸੋਚ ਵਿਚ ਨਿਘਾਰ ਲਿਆਂਦਾ ਹੈ। ਇਸ ਤੋਂ ਇਲਾਵਾ ਪੀੜ੍ਹੀ–ਪਾੜ੍ਹੇ ਦੇ ਪ੍ਰਭਾਵ, ਉਸਾਰੂ ਪਰੰਪਰਾਵਾਂ ਤੇ ਬਜ਼ੁਰਗਾਂ ਤੋਂ ਦੂਰੀ, ਵਿਅਕਤੀਗਤ ਆਜ਼ਾਦੀ ਦੀ ਭਾਵਨਾ, ਨਸ਼ੇ ਦੀ ਵਧ ਰਹੀ ਵਰਤੋਂ, ਆਧੁਨਿਕ ਗੀਤ–ਸੰਗੀਤ ਅਤੇ ਫਿਲਮਾਂ ਵੱਲ ਵਧਦੇ ਰੁਝਾਨ ਨੇ ਵੀ ਨੌਜਵਾਨਾਂ ਦੀ ਮਾਨਸਿਕਤਾ ਨੂੰ ਨਾਗਵਲ਼ ਪਾ ਲਿਆ ਹੈ। ਸਮਾਜਿਕ–ਨੇਮ, ਕਦਰਾਂ-ਕੀਮਤਾਂ, ਵਿਅਕਤੀਗਤ ਅਨੁਭਵ ਅਤੇ ਅਜੋਕੇ ਮਨੋਰੰਜਨੀ ਮਾਧਿਅਮ ਆਦਿ ਤੱਤ ਮਿਲ ਕੇ ਮਾਨਵੀ ਸੰਬੰਧ ਬਣਾਉਣ, ਕਾਇਮ ਰੱਖਣ ਅਤੇ ਉਨ੍ਹਾਂ ਦੇ ਕਾਰ–ਵਿਹਾਰ ਅਤੇ ਸੋਚ–ਸ਼ਕਤੀ ਨੂੰ ਪ੍ਰਭਾਵਿਤ ਕਰ ਰਹੇ ਹਨ। ਇਸ ਸੰਦਰਭ ਵਿੱਚ ਇਹ ਵੀ ਉਲੇਖਯੋਗ ਹੈ ਕਿ ਪੰਜਾਬੀ ਨੌਜਵਾਨਾਂ ਵਿੱਚੋਂ ਵੱਡੀ ਗਿਣਤੀ ਅਜਿਹੀ ਵੀ ਹੈ ਜੋ ਸਥਾਪਿਤ ਨੈਤਿਕ–ਮਾਪਦੰਡਾਂ ਵੱਲ ਤਵੱਜੋ ਦੇਣ ਦੀ ਥਾਂ ਉਦੇਸ਼ਹੀਣ ਤੇ ਫੁਕਰਪੰਥੀ ਬਣ ਰਹੀ ਹੈ। ਇਹ ਨੌਜਵਾਨ ਅਕਸਰ ਮਾਪਿਆਂ ਦੀ ਆਰਥਿਕ ਹਾਲਤ ਤੋਂ ਬੇਪਰਵਾਹ ਹੋ ਕੇ ਫ਼ਿਲਮੀ ਜੀਵਨ ਦੀ ਚਮਕ–ਧਮਕ ਨੂੰ ਹਕੀਕਤ ਪ੍ਰਵਾਨ ਲੈਂਦੇ ਹਨ। ਉਹ ਪ੍ਰਸਿੱਧ ਹਸਤੀਆਂ ਦੀ ਅਸਲੀ

ਜੀਵਨ–ਸ਼ੈਲੀ ਤੋਂ ਅਣਜਾਣ ਹੁੰਦਿਆਂ ਵੀ ਉਨ੍ਹਾਂ ਦੀ ਨਕਲ ਕਰਕੇ ਉਨ੍ਹਾਂ ਵਰਗਾ ਜੀਵਨ ਬਣਾਉਣ ਦਾ ਯਤਨ ਕਰਦੇ ਹਨ। ਇਹ ਸਮੂਹਿਕ ਰੁਝਾਨ ਨੌਜਵਾਨ ਪੀੜ੍ਹੀ ਦਾ ਸੱਚਾਈ ਨਾਲੋਂ ਨਾਤਾ ਤੋੜ ਕੇ ਉਨ੍ਹਾਂ ਨੂੰ ਸੁਪਨ–ਸੰਸਾਰ ਵਿੱਚੋਂ ਜੀਵਨ ਨੂੰ ਪਰਿਭਾਸ਼ਤ ਕਰਨ ਵੱਲ ਮੋੜ ਰਿਹਾ ਹੈ, ਜੋ ਕਿ ਲੰਬੇ ਸਮੇਂ ਵਿੱਚ ਉਨ੍ਹਾਂ ਦੀ ਨਿੱਜੀ, ਸਮਾਜਿਕ ਅਤੇ ਆਰਥਿਕ ਵਿਕਾਸ ਦੇ ਪੱਧਰ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਅਧੁਨਿਕ ਲਾਲਨ–ਪਾਲਨ ਰਣਨੀਤੀਆਂ ਵਿੱਚ "ਹੈਲੀਕਾਪਟਰ ਪੇਰੈਂਟਿੰਗ" ਜਾਂ "ਓਵਰ–ਪੇਰੈਂਟਿੰਗ" ਨੂੰ ਇੱਕ ਐਸਾ ਰਵੱਈਆ ਮੰਨਿਆ ਜਾਂਦਾ ਹੈ ਜਿਸ ਵਿੱਚ ਮਾਤਾ–ਪਿਤਾ ਆਪਣੀ ਔਲਾਦ ਦੀ ਨਿੱਜੀ, ਵਿਦਿਅਕ, ਸਮਾਜਿਕ ਅਤੇ ਭਾਵਨਾਤਮਕ ਜ਼ਿੰਦਗੀ ਵਿੱਚ ਬਹੁਤੇਰੀ–ਦਖ਼ਲਅੰਦਾਜ਼ੀ ਕਰਦੇ ਹਨ। ਇਸ ਤਰੀਕੇ ਨਾਲ ਮਾਪੇ ਉਨ੍ਹਾਂ ਦੀ ਹਰ ਗਤੀਵਿਧੀ ਉੱਤੇ ਨਿਗਰਾਨੀ ਰੱਖਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਵੱਲੋਂ ਆਤਮਨਿਰਭਰ ਹੋ ਕੇ ਫ਼ੈਸਲੇ ਲੈਣ ਦੀ ਆਜ਼ਾਦੀ ਨਹੀਂ ਦਿੰਦੇ, ਜਿਸ ਦਾ ਉਦੇਸ਼ ਉਨ੍ਹਾਂ ਦੀ ਰੱਖਿਆ ਕਰਨਾ ਹੁੰਦਾ ਹੈ। ਇਹ ਪੱਧਰ ਵਿਅਕਤੀ ਦੀ ਵਿਕਾਸੀ–ਯਾਤਰਾ ਵਿੱਚ ਰੁਕਾਵਟ ਪੈਦਾ ਕਰ ਸਕਦਾ ਹੈ। ਇਸ ਤਰ੍ਹਾਂ ਦੀ ਪਾਲਣਾ–ਪੋਸ਼ਣਾ ਵਿੱਚ ਮਾਪੇ ਸੰਤਾਨ ਨੂੰ ਅਜਿਹੇ ਕਿਸੇ ਵੀ ਕੰਮ ਵਿੱਚ ਹਿੱਸਾ ਲੈਣ ਤੋਂ ਰੋਕ ਸਕਦੇ ਹਨ ਜਿੱਥੇ ਉਨ੍ਹਾਂ ਦੇ ਅਸਫ਼ਲ ਹੋਣ ਦੀ ਸੰਭਾਵਨਾ ਹੁੰਦੀ ਹੈ। ਭਾਵੇਂ ਇਹ ਮਨੋਵਿਗਿਆਨਕ ਪੱਖ ਤੋਂ ਪ੍ਰਸਿੱਧ ਹੈ ਕਿ ਵਿਅਕਤੀ ਦੀ ਸਿੱਖਣ–ਪ੍ਰਕਿਰਿਆ ਵਿੱਚ ਅਸਫ਼ਲਤਾਵਾਂ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਪੰਜਾਬੀ ਲੋਕਧਾਰਾ ਵਿੱਚ ਵੀ ਇਹ ਗੱਲ "ਡਿਗ ਡਿਗ ਕੇ ਹੀ ਸਵਾਰ ਹੋਈਦੈ" ਵਰਗੇ ਅਖਾਣ ਰਾਹੀਂ ਪ੍ਰਗਟ ਹੋਈ ਮਿਲਦੀ ਹੈ, ਜੋ ਇਹ ਦਰਸਾਉਂਦੀ ਹੈ ਕਿ ਜੀਵਨ ਵਿੱਚ ਅੱਗੇ ਵਧਣ ਲਈ ਹਾਰ ਅਤੇ ਅਸਫ਼ਲਤਾ ਮਹੱਤਵਪੂਰਨ ਅਨੁਭਵ ਹਨ। ਇਸ ਸੰਦੇਸ਼ ਦੇ ਆਧਾਰ 'ਤੇ ਇਹ ਕਹਿਣਾ ਉਚਿਤ ਹੈ ਕਿ ਸੰਤਾਨ ਦੀ ਸੰਪੂਰਨ ਪਰਵਰਿਸ਼ ਵਿੱਚ ਉਨ੍ਹਾਂ ਨੂੰ ਸਵੈ-ਨਿਰਭਰ ਬਣਾਉਣ, ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕਰਕੇ ਅਸਫ਼ਲਤਾ ਨੂੰ ਇੱਕ ਸਿੱਖਣ ਦੇ ਮੌਕੇ ਵਜੋਂ ਅਪਣਾਉਣ ਦੀ ਸਮਰਥਾ ਵਿਕਸਿਤ ਕਰਨਾ ਵੀ ਮਾਪਿਆਂ ਦੀ ਨੈਤਿਕ ਅਤੇ ਵਿਕਾਸਾਤਮਕ ਜ਼ਿੰਮੇਵਾਰੀ ਹੈ। ਇਉਂ ਜੀਵਨ ਦੇ ਦੋਹਾਂ ਪਾਸਿਆਂ ਨੂੰ ਦਰਸਾਉਂਦੀ ਜਿੱਤ ਅਤੇ ਹਾਰ ਕਿਸੇ ਵੀ ਵਿਅਕਤੀ ਦੇ ਸੰਪੂਰਨ ਵਿਕਾਸ ਵਿੱਚ ਕੇਂਦਰੀ ਮਹੱਤਤਾ ਰੱਖਦੀ ਹੈ :

> ਗਿਰਤੇ ਹੈਂ ਸ਼ਹਿਸਵਾਰ ਹੀ ਮੈਦਾਨ–ਏ–ਜੰਗ ਮੇਂ
> ਵੁਹ ਤਿਫ਼ਲ ਕਿਆ ਗਿਰੇਂਗੇ ਜੋ ਘੁਟਨੋਂ ਕੇ ਬਲ ਚਲੇ।

ਜਦੋਂ ਮਾਪੇ ਆਪਣੀ ਔਲਾਦ ਦੀ ਹਰ ਕਾਰਵਾਈ, ਫ਼ੈਸਲੇ ਅਤੇ ਗਤੀਵਿਧੀ ਉੱਤੇ ਸੰਪੂਰਨ ਨਿਯੰਤਰਨ ਬਣਾ ਕੇ ਰੱਖਦੇ ਹਨ ਤਾਂ ਇਹ ਉਨ੍ਹਾਂ ਦੀ ਵਿਕਾਸੀ ਪ੍ਰਕਿਰਿਆ ਉੱਤੇ ਨਕਾਰਾਤਮਕ ਪ੍ਰਭਾਵ ਪਾਉਂਦਾ ਹੈ। ਅਜਿਹਾ ਪਾਲਣ-ਪੋਸ਼ਣ ਦਾ ਤਰੀਕਾ ਧੀਆਂ–ਪੁੱਤਰਾਂ ਉਤੇ ਲਗਾਤਾਰ ਦਬਾਅ ਦੀ ਸਥਿਤੀ ਪੈਦਾ ਕਰਦਾ ਹੈ, ਜੋ ਸਿੱਖਣ ਦੀ ਸਮਰੱਥਾ, ਸਮਾਜਿਕ ਸੰਚਾਰ, ਮਨੋਵਿਗਿਆਨਕ ਤੰਦਰੁਸਤੀ, ਸਵੈ-ਨਿਰਭਰਤਾ ਅਤੇ ਖ਼ੁਸ਼ੀ ਪ੍ਰਾਪਤ ਕਰਨ ਦੀ ਯੋਗਤਾ ਨੂੰ ਘਟਾ ਦਿੰਦਾ ਹੈ। ਅਗਵਾਈ ਦੀ ਇਹ ਅਤਿ, ਸੰਤਾਨ ਨੂੰ ਆਪਣੇ ਅਨੁਭਵਾਂ ਰਾਹੀਂ ਸਿੱਖਣ ਦੇ ਮੌਕਿਆਂ ਤੋਂ ਵੰਚਿਤ ਕਰ ਦਿੰਦੀ ਹੈ ਅਤੇ ਉਸ ਵਿੱਚ ਆਤਮ-ਵਿਸ਼ਵਾਸ ਨੂੰ ਘਟਾਉਂਦੀ ਹੈ। ਨਤੀਜੇ ਵਜੋਂ, ਅਜਿਹਾ ਲਾਲਨ-ਪਾਲਨ ਔਲਾਦ ਨੂੰ ਭਵਿੱਖ ਵਿਚ ਦਰਪੇਸ਼ ਚੁਣੌਤੀਆਂ ਦਾ ਸਮਰੱਥਾ ਨਾਲ ਸਾਹਮਣਾ ਕਰਨ ਦੀ ਯੋਗਤਾ ਤੋਂ ਵਾਂਝਿਆਂ ਕਰ ਸਕਦਾ ਹੈ ਅਤੇ ਮਨੋਵਿਗਿਆਨਕ ਸਮੱਸਿਆਵਾਂ ਦੀ ਸੰਭਾਵਨਾ ਵਿੱਚ ਵਾਧਾ ਕਰ ਸਕਦਾ ਹੈ। ਇਸ ਦੇ ਉਲਟ ਮਾਪਿਆਂ ਵਲੋਂ ਸਹਿਯੋਗੀ ਅਤੇ ਦੋਸਤਾਨਾ ਵਿਵਹਾਰ ਅਪਣਾਉਣਾ, ਔਲਾਦ ਵਿੱਚ ਆਤਮ-ਨਿਰਭਰਤਾ ਅਤੇ ਸਵੈ-ਚੇਤਨਾ ਦੇ ਵਿਕਾਸ ਵਿੱਚ ਮਦਦਗਾਰ ਸਾਬਤ ਹੁੰਦਾ ਹੈ। ਮਾਪਿਆਂ ਵਲੋਂ ਬਹੁਤੇਰੀ–ਦਖ਼ਲਅੰਦਾਜ਼ੀ ਦੀ ਥਾਂ, ਉਨ੍ਹਾਂ ਨੂੰ ਸਹੀ-ਗ਼ਲਤ ਬਾਰੇ ਸਮਝਾਉਣਾ ਤੇ ਚੁਣੌਤੀ-ਭਰਪੂਰ ਮੌਕੇ ਉਤੇ ਆਪਣੇ ਫ਼ੈਸਲੇ ਖ਼ੁਦ ਲੈਣ ਦੀ ਆਜ਼ਾਦੀ ਦੇਣਾ, ਸੰਤਾਨ ਵਿੱਚ ਜੀਵਨ-ਕੌਸ਼ਲ ਅਤੇ ਅਨੁਭਵਾਂ ਰਾਹੀਂ ਸਿੱਖਣ ਦੀ ਪ੍ਰਕਿਰਿਆ ਨੂੰ ਵਧਾਉਂਦਾ ਹੈ। ਭੁੱਲਾਂ ਰਾਹੀਂ ਸਿੱਖਣ ਦੀ ਸੰਭਾਵਨਾ ਤੇ ਪ੍ਰਾਪਤ ਹੁੰਦਾ ਤਜਰਬਾ ਗਿਆਨ–ਪ੍ਰਾਪਤੀ ਦੇ ਅਹੰਕਾਰ-ਰਹਿਤ ਢਾਂਚੇ ਦੀ ਸਥਾਪਨਾ ਕਰਦਾ ਹੈ, ਜੋ ਮਨੁੱਖੀ ਵਿਕਾਸ ਵਿੱਚ ਅਮੁੱਲ ਭੂਮਿਕਾ ਨਿਭਾਉਂਦਾ ਹੈ। ਇਨ੍ਹਾਂ ਅਨੁਭਵਾਂ ਰਾਹੀਂ ਔਲਾਦ ਨਿਰਣਾਤਮਕ ਯੋਗਤਾ, ਸੰਤੁਲਿਤ ਜੀਵਨ-ਵਿਚਰਨ ਅਤੇ ਆਤਮ-ਗਿਆਨ ਦੀ ਪਛਾਣ ਵਿਚ ਨਿਖਾਰ ਲਿਆਉਂਦੀ ਹੈ।

ਜਦੋਂ ਮਾਪੇ ਆਪਣੀ ਸੰਤਾਨ ਦੀ ਜ਼ਿੰਦਗੀ ਵਿੱਚ ਕਮਤਰ–ਦਖ਼ਲਅੰਦਾਜ਼ੀ ਕਰਦੇ ਹਨ, ਧੀ–ਪੁੱਤ ਨੂੰ ਆਜ਼ਾਦ ਛੱਡ ਦਿੰਦੇ ਹਨ ਜਾਂ ਜ਼ਰੂਰੀ ਮਾਨਸਿਕ, ਭਾਵਨਾਤਮਕ ਜਾਂ ਸਮਾਜਿਕ ਸਹਿਯੋਗ ਨਹੀਂ ਪ੍ਰਦਾਨ ਕਰਦੇ, ਤਾਂ ਮਨੋਵਿਗਿਆਨਕ ਨਜ਼ਰੀਏ ਤੋਂ ਇਹ ਤਰੀਕਾ "ਅਧੂਰੀ ਪਰਵਰਿਸ਼" ਜਾਂ "ਅੰਡਰ-ਪੇਰੈਂਟਿੰਗ" ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪਾਲਣ–ਪੋਸ਼ਣ ਦਾ ਅਜਿਹਾ ਪੱਧਰ ਸੰਤਾਨ ਦੇ ਸੰਵੇਦਨਸ਼ੀਲ ਤੇ ਆਤਮ-ਵਿਸ਼ਵਾਸੀ ਬਣਨ ਅਤੇ ਫ਼ੈਸਲਾ ਲੈਣ ਦੀ ਸਮਰੱਥਾ ਉੱਤੇ ਨਕਾਰਾਤਮਕ ਪ੍ਰਭਾਵ ਪਾਉਂਦਾ ਹੈ। ਜਦੋਂ ਮਾਪੇ ਔਲਾਦ ਨੂੰ ਵਧੇਰੇ ਆਜ਼ਾਦੀ ਤਾਂ ਦਿੰਦੇ ਹਨ ਪਰ ਮਦਦ ਜਾਂ ਦਿਸ਼ਾ-ਨਿਰਦੇਸ਼ ਨਹੀਂ ਦਿੰਦੇ, ਤਾਂ ਧੀ–ਪੁੱਤ

ਅਕਸਰ ਦੁਵਿਧਾ ਦੀ ਸਥਿਤੀ ਵਿੱਚ ਰਹਿੰਦੇ ਹਨ। ਉਨ੍ਹਾਂ ਵਿੱਚ ਆਤਮ-ਵਿਸ਼ਵਾਸ ਦੀ ਘਾਟ, ਸਹੀ-ਗ਼ਲਤ ਦੀ ਪਹਿਚਾਣ ਕਰਨ ਦੀ ਸਮਰੱਥਾ ਅਤੇ ਸਮਾਜਿਕ ਰਿਸ਼ਤਿਆਂ ਦੀ ਸਥਾਪਨਾ ਵਿੱਚ ਰੁਕਾਵਟ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਤਰ੍ਹਾਂ ਦੀ ਪਾਲਣ–ਪੋਸ਼ਣ ਵਿਧੀ ਔਲਾਦ ਵਿੱਚ ਜਵਾਬਦੇਹੀ, ਨੈਤਿਕਤਾ ਅਤੇ ਗੁਣਵੱਤਾ ਵਾਲੇ ਸੰਬੰਧ ਬਣਾਉਣ ਵਾਲੀ ਯੋਗਤਾ ਦੇ ਵਿਕਾਸ ਵਿੱਚ ਰੁਕਾਵਟ ਪੈਦਾ ਕਰਦੀ ਹੈ। ਜਦੋਂ ਮਾਪੇ ਸੰਤਾਨ ਨਾਲ ਸੰਵਾਦ ਨਹੀਂ ਰਚਾਉਂਦੇ, ਧੀ–ਪੁੱਤ ਦੀਆਂ ਭਾਵਨਾਤਮਕ ਜਾਂ ਬੌਧਿਕ ਲੋੜਾਂ ਦੀ ਪੂਰਤੀ ਨਹੀਂ ਕਰਦੇ ਜਾਂ ਉਨ੍ਹਾਂ ਦੀ ਸਰੀਰਕ ਅਤੇ ਜੀਵਨ–ਸੁਰੱਖਿਆ ਨੂੰ ਨਜ਼ਰਅੰਦਾਜ਼ ਕਰਦੇ ਹਨ ਤਾਂ ਇਸ ਦਾ ਨਤੀਜਾ ਔਲਾਦ ਵਿੱਚ ਮਨੋਵਿਗਿਆਨਕ ਤਣਾਅ ਤੇ ਗੁੰਮਰਾਹ ਹੋਣ ਦੇ ਰੂਪ ਵਿਚ ਪ੍ਰਗਟ ਹੋ ਸਕਦਾ ਹੈ। ਇਹ ਸਥਿਤੀ ਇਸ ਗੱਲ ਦੀ ਲੋੜ ਉਭਾਰਦੀ ਹੈ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਸੰਤਾਨ ਦੀ ਉਮਰ ਅਤੇ ਵਿਕਾਸ–ਪੱਧਰ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਦੀ ਸਹੀ ਦਿਸ਼ਾ ਵਿੱਚ ਰਹਿਨੁਮਾਈ ਕਰਨ। ਇਹ ਅਗਵਾਈ ਹੁਕਮਾਨਾ ਅੰਦਾਜ਼ ਵਿਚ ਨਾ ਹੋ ਕੇ ਸਹਿਯੋਗਾਤਮਕ ਤੇ ਸੂਚਨਾਤਮਕ ਹੋਣੀ ਚਾਹੀਦੀ ਹੈ। ਇਸ ਵਿਧੀ ਰਾਹੀਂ ਧੀ–ਪੁੱਤ ਆਪਣੇ ਅਨੁਭਵਾਂ ਤੋਂ ਸਿੱਖਣ ਦੀ ਸਮਰੱਥਾ ਹਾਸਲ ਕਰਦੇ ਹੋਏ, ਤਰਕਸੰਗਤ ਨਿਰਣੇ ਲੈ ਸਕਦੇ ਹਨ ਅਤੇ ਉਨ੍ਹਾਂ ਦੀ ਜਵਾਬਦੇਹੀ ਨਿਭਾਉਣ ਦੀ ਯੋਗਤਾ ਵਿਕਸਤ ਕਰ ਸਕਦੇ ਹਨ। ਸੰਵਾਦੀ ਅਤੇ ਸਮਰਥਕ ਮਾਪੇ ਔਲਾਦ ਦੀ ਨਾ ਸਿਰਫ਼ ਸਮੱਸਿਆਵਾਂ ਦੇ ਹੱਲ ਲੱਭਣ ਵਿੱਚ ਮਦਦ ਕਰਦੇ ਹਨ, ਬਲਕਿ ਉਨ੍ਹਾਂ ਵਿਚ ਇਹ ਭਾਵਨਾ ਵੀ ਭਰਦੇ ਹਨ ਕਿ ਉਹ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਯਥਾਸੰਭਵ ਸਫ਼ਲਤਾ ਨਾਲ ਕਰ ਸਕਦੇ ਹਨ। ਇਹ ਪ੍ਰਕਿਰਿਆ ਉਨ੍ਹਾਂ ਦੀ ਆਤਮ-ਚੇਤਨਾ, ਜੀਵਨ ਦੇ ਪ੍ਰਤੀ ਜਵਾਬਦੇਹੀ ਅਤੇ ਸਮੁੱਚੀ ਖੁਸ਼ਹਾਲੀ ਦੀ ਸਮਰੱਥਾ ਨੂੰ ਬਲ ਦਿੰਦੀ ਹੈ।

ਵਰਤਮਾਨ ਯੁੱਗ ਵਿੱਚ ਨੌਜਵਾਨ ਪੀੜ੍ਹੀ ਵੱਡੇ ਪੱਧਰ 'ਤੇ ਆਪਣਾ ਬਹੁਤ ਸਾਰਾ ਸਮਾਂ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਬਿਤਾਉਂਦੀ ਹੈ। ਇਸ ਰੁਝਾਨ ਨੇ ਉਨ੍ਹਾਂ ਦੇ ਰੋਜ਼ਾਨਾ ਜੀਵਨ, ਪਰਿਵਾਰਕ ਰਿਸ਼ਤਿਆਂ ਅਤੇ ਵਿਅਕਤੀਗਤ ਵਿਕਾਸ 'ਤੇ ਡੂੰਘਾ ਅਸਰ ਪਾਇਆ ਹੈ। ਨੌਜਵਾਨ ਪੂਰੀ ਦੁਨੀਆਂ ਦੀ ਜਾਣਕਾਰੀ ਆਪਣੇ ਹੱਥ ਵਿਚ ਫੜੇ ਮੋਬਾਈਲ ਡਿਵਾਈਸ ਰਾਹੀਂ ਤੁਰੰਤ ਪ੍ਰਾਪਤ ਕਰਨ ਦੀ ਯੋਗਤਾ ਰੱਖਦੇ ਹਨ। ਇਸ ਤੁਰੰਤ ਉਪਲਬਧ ਜਾਣਕਾਰੀ ਨੇ ਉਨ੍ਹਾਂ ਵਿਚ ਇੱਕ ਅਜਿਹਾ ਭਰਮ ਪੈਦਾ ਕਰ ਦਿੱਤਾ ਹੈ ਕਿ ਉਹ ਖ਼ੁਦ ਨੂੰ ਬਹੁਤ ਗਿਆਨਵਾਨ, ਸਿਆਣੇ ਅਤੇ ਤਰੱਕੀਸ਼ੀਲ ਅਤੇ ਬਜ਼ੁਰਗਾਂ ਨੂੰ ਅਨਪੜ੍ਹ ਤੇ ਪਿਛੜੇ ਹੋਏ

ਵਿਚਾਰਾਂ ਵਾਲੇ ਸਮਝਣ ਲੱਗ ਪਏ ਹਨ। ਇਹ ਗੱਲ ਗ਼ੌਰਤਲਬ ਹੈ ਕਿ ਬਜ਼ੁਰਗ ਪੀੜ੍ਹੀ ਕੋਲ ਭਾਵੇਂ ਤਕਨੀਕੀ ਸਾਧਨਾਂ ਦੀ ਕਮੀ ਰਹੀ ਹੋਵੇ, ਪਰ ਉਨ੍ਹਾਂ ਕੋਲ ਜੀਵਨ ਦਾ ਵਿਸ਼ਾਲ ਅਨੁਭਵ, ਸਹਿਜਤਾ, ਧੀਰਜ, ਸੰਤੋਖ ਅਤੇ ਸਮਾਜਿਕ ਮਸਲਿਆਂ ਦੀ ਸਪਸ਼ਟ ਸਮਝ ਮੌਜੂਦ ਹੁੰਦੀ ਹੈ। ਅਫ਼ਸੋਸ ਦੀ ਗੱਲ ਹੈ ਕਿ ਅੱਜ ਦੇ ਨੌਜਵਾਨਾਂ ਵਿਚੋਂ ਬਹੁਤ ਥੋੜ੍ਹੇ ਹਨ ਜੋ ਬਜ਼ੁਰਗਾਂ ਦੀ ਸੰਗਤ ਵਿਚ ਬੈਠਣ, ਉਨ੍ਹਾਂ ਦੇ ਜੀਵਨ ਅਨੁਭਵਾਂ ਤੋਂ ਸਿੱਖਣ ਦੀ ਰੁਚੀ ਰੱਖਦੇ ਹਨ। ਸਗੋਂ ਬਹੁਤੇ ਆਪਣੇ ਵਧੇਰੇ ਸਮੇਂ ਨੂੰ ਆਨਲਾਈਨ ਸਰਗਰਮੀਆਂ ਵਿਚ ਲਗਾਉਂਦੇ ਹਨ ਅਤੇ ਅਕਸਰ ਮਨੋਰੰਜਨ ਜਾਂ ਸਰਲ ਜਾਣਕਾਰੀ ਹਾਸਲ ਕਰਨ ਤੱਕ ਸੀਮਤ ਰਹਿੰਦੇ ਹਨ। ਇਸ ਤੱਥ ਨੂੰ ਨਕਾਰਿਆ ਨਹੀਂ ਜਾ ਸਕਦਾ ਕਿ ਨੌਜਵਾਨ ਪੀੜ੍ਹੀ ਵਿਚ ਅਜਿਹੇ ਬਹੁਤ ਸਾਰੇ ਵਿਅਕਤੀ ਹਨ ਜੋ ਆਪਣੇ ਪਰਿਵਾਰ ਨਾਲ ਘੱਟ ਸਮਾਂ ਗੁਜ਼ਾਰਦੇ ਹਨ। ਇਸਦੇ ਨਾਲ ਹੀ, ਮੌਜੂਦਾ ਸਿੱਖਿਆ ਪ੍ਰਣਾਲੀ ਵਿਚ ਵੀ ਅਮਲੀ ਜੀਵਨ ਦੀਆਂ ਲੋੜੀਂਦੀਆਂ ਕੁਸ਼ਲਤਾਵਾਂ ਅਤੇ ਜੀਵਨ–ਮੁੱਲਾਂ ਦੀ ਠੋਸ ਸਿੱਖਿਆ ਨਹੀਂ ਦਿੱਤੀ ਜਾ ਰਹੀ। ਇਸ ਸਾਰੀ ਸਥਿਤੀ ਦੇ ਮੱਦੇਨਜ਼ਰ ਗੰਭੀਰ ਹੋ ਕੇ ਖੋਜ ਕਰਨ ਦੀ ਲੋੜ ਹੈ ਤਾਂ ਜੋ ਸਮਾਜਿਕ ਮੀਡੀਆ, ਪਰਿਵਾਰਕ ਸੰਬੰਧਾਂ ਅਤੇ ਨੌਜਵਾਨਾਂ ਦੇ ਆਚਰਨ ਵਿਚ ਆ ਰਹੇ ਬਦਲਾਵਾਂ ਦਾ ਵਿਸ਼ਲੇਸ਼ਣ ਹੋ ਸਕੇ। ਅਜਿਹਾ ਕਰਕੇ ਇੱਕ ਸੰਤੁਲਿਤ, ਸੂਝਵਾਨ ਅਤੇ ਸੰਵੇਦਨਸ਼ੀਲ ਨੌਜਵਾਨ ਪੀੜ੍ਹੀ ਦੇ ਨਿਰਮਾਣ ਵੱਲ ਕਦਮ ਚੁੱਕੇ ਜਾ ਸਕਦੇ ਹਨ। ਆਧੁਨਿਕ ਬਾਜ਼ਾਰ–ਕੇਂਦ੍ਰਿਤ ਦੌਰ ਵਿਚ ਨੌਜਵਾਨਾਂ ਦੀ ਜੀਵਨ–ਸ਼ੈਲੀ ਵਿਚ ਬਦਲਾਓ 'ਤੇ ਖਪਤ–ਕੇਂਦ੍ਰਿਤ ਸੰਸਕਾਰਾਂ ਦਾ ਪ੍ਰਭਾਵ ਸਪਸ਼ਟ ਦਿਸਦਾ ਹੈ। ਉੱਚ–ਮੁੱਲ ਵਾਲੀਆਂ ਵਸਤੂਆਂ ਦੀ ਖ਼ਰੀਦ ਅਤੇ ਆਨਲਾਈਨ ਪਲੇਟਫਾਰਮਾਂ ਰਾਹੀਂ ਖ਼ਰੀਦ–ਓ–ਫ਼ਰੋਖ਼ਤ ਨੂੰ ਤਰਜੀਹ ਦੇਣਾ ਆਮ ਰੁਝਾਨ ਬਣ ਗਿਆ ਹੈ। ਇਸ ਨਾਲ ਨੌਜਵਾਨਾਂ ਵਿਚ ਪਰਿਵਾਰਕ ਸੰਬੰਧਾਂ ਪ੍ਰਤੀ ਬੇਰੁਖ਼ੀ ਦੇ ਲੱਛਣ ਉਭਰ ਰਹੇ ਹਨ। ਉਨ੍ਹਾਂ ਦੇ ਵਿਵਹਾਰ ਵਿੱਚ ਆਉਂਦੇ ਚਿੜਚਿੜੇਪਣ ਅਤੇ ਸੰਵੇਦਨਾਤਮਕ ਅਸਥਿਰਤਾ ਵਿਚ ਵੀ ਵਾਧਾ ਦਰਜ ਕੀਤਾ ਗਿਆ ਹੈ। ਇਹ ਪਰਿਵਰਤਨ ਕੇਵਲ ਨੌਜਵਾਨਾਂ ਤੱਕ ਸੀਮਤ ਨਹੀਂ ਹਨ, ਸਗੋਂ ਇਸਦਾ ਅਸਰ ਪਰਿਵਾਰ ਦੇ ਬੁਜ਼ੁਰਗ ਮੈਂਬਰਾਂ; ਜਿਵੇਂ ਦਾਦਾ-ਦਾਦੀ, ਨਾਨਾ-ਨਾਨੀ ਅਤੇ ਮਾਪਿਆਂ ਉੱਤੇ ਵੀ ਪੈ ਰਿਹਾ ਹੈ, ਜੋ ਆਮ ਤੌਰ 'ਤੇ ਇਕਲਾਪੇ ਅਤੇ ਸਮਾਜਿਕ ਤ੍ਰਿਸਕਾਰ ਦੀ ਸਥਿਤੀ ਵਿਚ ਗੁਜ਼ਰ–ਬਸਰ ਕਰ ਰਹੇ ਹਨ। ਵਿਦੇਸ਼ ਜਾਣ ਦੀ ਇੱਛਾ ਤਹਿਤ ਨੌਜਵਾਨਾਂ ਵਲੋਂ ਅਕਸਰ ਪਰੰਪਰਾਗਤ ਸੰਬੰਧਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ, ਜੋ ਕਿ ਪਵਿੱਤਰ ਰਿਸ਼ਤਿਆਂ ਦੇ ਅਣਡਿੱਠ ਹੋਣ ਅਤੇ ਨੈਤਿਕ–ਵਿਘਟਨ ਵੱਲ

ਇਸ਼ਾਰਾ ਕਰਦੀ ਹੈ। ਇੱਕ ਹੋਰ ਚਿੰਤਾਜਨਕ ਰੁਝਾਨ ਇਹ ਵੀ ਹੈ ਕਿ ਵਿਆਹ ਸੰਬੰਧੀ ਫ਼ੈਸਲੇ ਲਾਭਕਾਰੀ ਲੈਣ-ਦੇਣ ਅਤੇ ਪਰਵਾਸ ਕਰਨ ਦੇ ਇਰਾਦਿਆਂ ਉਤੇ ਆਧਾਰਿਤ ਹੋ ਰਹੇ ਹਨ। ਉਦਾਹਰਨ ਵਜੋਂ ਕੁੜੀ ਵਲੋਂ ਆਈਲੈਟਸ ਕਰਕੇ ਵਿਦੇਸ਼ ਜਾਣ ਦੀ ਯੋਜਨਾ ਅਤੇ ਪੁਤੇਤੀ ਧਿਰ ਵਲੋਂ ਉਹਦੇ ਖਰਚੇ ਦਾ ਬੋਝ ਸਹਿਣਾ। ਅਜਿਹੇ ਵਿਆਹੁਤਾ ਰਿਸ਼ਤੇ ਮੁੱਲ–ਅੰਕਣ ਵਾਲੀ ਸੋਚ ਨੂੰ ਦਰਸਾਉਂਦੇ ਹਨ। ਵਿਦੇਸ਼ ਪਹੁੰਚਣ ਉਪਰੰਤ, ਅਨੇਕ ਨੌਜਵਾਨ ਆਪਣੀ ਦਿਸ਼ਾ ਤੋਂ ਭਟਕ ਜਾਂਦੇ ਹਨ। ਕਈਆਂ ਨੂੰ ਨਸ਼ੇ ਦੀ ਲਤ ਲੱਗ ਜਾਂਦੀ ਹੈ ਅਤੇ ਕਈ ਯੁਵਕ–ਯੁਵਤੀਆਂ ਲਿੰਗ–ਸ਼ੋਸ਼ਣ ਵਾਲੇ ਧੰਧਿਆਂ ਵਿਚ ਫਸ ਜਾਂਦੇ ਹਨ। ਇਹ ਸਾਰੇ ਪਰਿਣਾਮ ਸਮਾਜਿਕ ਢਾਂਚੇ ਅਤੇ ਪਰਿਵਾਰਕ ਸੰਸਕਾਰਾਂ ਉੱਤੇ ਨਕਾਰਾਤਮਕ ਅਸਰ ਪਾ ਰਹੇ ਹਨ। ਇਸ ਪ੍ਰਸੰਗ ਵਿਚ ਇਹ ਮਤ ਉਭਰਿਆ ਕਿ ਮਾਪਿਆਂ ਵਲੋਂ ਦਿੱਤੇ ਸੰਸਕਾਰ ਅਤੇ ਕਿਤੇ ਨਾ ਕਿਤੇ ਛੋਟੀ ਉਮਰੇਂ ਚੰਗੇ–ਮਾੜੇ ਨੂੰ ਲੈ ਕੇ ਹੁੰਦੀ ਰਹੀ ਰੋਕ–ਟੋਕ ਆਦਰਸ਼ਕ ਵਿਅਕਤੀ ਬਣਨ ਵਿਚ ਮਦਦ ਕਰਦੀ ਰਹੀ ਹੈ ਪਰੰਤੂ ਵਰਤਮਾਨ ਦੌਰ ਵਿਚ ਕਿਸੇ ਨੌਜਵਾਨ ਨੂੰ ਕੀਤੀ ਰੋਕ–ਟੋਕ ਕਿਤੇ ਨਾ ਕਿਤੇ ਰਿਸ਼ਤਿਆਂ ਵਿਚ ਦੂਰੀ ਬਣਾਉਣ ਦਾ ਸਬੱਬ ਬਣ ਰਹੀ ਹੈ। ਇਹ ਸਾਰੇ ਪਹਿਲੂ ਨੌਜਵਾਨੀ ਵਿਚ ਆ ਰਹੀ ਆਤਮ–ਕੇਂਦ੍ਰਿਤਤਾ ਅਤੇ ਮੂਲ ਸੰਸਕਾਰਾਂ ਤੋਂ ਦੂਰ ਜਾਣ ਦੇ ਸੂਚਕ ਹਨ, ਜੋ ਭਵਿੱਖ ਵਿਚ ਸਮਾਜਿਕ ਇਕਾਈਆਂ ਦੀ ਅਖੰਡਤਾ ਲਈ ਚੁਣੌਤੀ ਬਣ ਸਕਦੇ ਹਨ। 15 ਅਕਤੂਬਰ 2018 ਦੇ ਇੰਡੀਅਨ ਐਕਸਪ੍ਰੈਸ ਅਖ਼ਬਾਰ ਵਿਚ ਛਪੀ ਰਿਪੋਰਟ ਮੁਤਾਬਕ ਵਿਸ਼ਵ ਸਿਹਤ ਸੰਗਠਨ ਅਨੁਸਾਰ ਪੂਰੇ ਵਿਸ਼ਵ ਵਿਚੋਂ ਭਾਰਤ ਦੀ ਜਨਸੰਖਿਆ ਅੰਦਰ ਬੇਚੈਨੀ ਸਭ ਤੋਂ ਵੱਧ ਹੈ।

ਵਰਤਮਾਨ ਸਮਾਜਿਕ ਪ੍ਰਸੰਗ ਵਿਚ ਨੌਜਵਾਨ ਪੀੜ੍ਹੀ ਵਿਚ ਸੰਵਾਦਕੁਸ਼ਲਤਾ, ਅਨੁਸ਼ਾਸਨਕ ਰੁਝਾਨ ਅਤੇ ਨਵੀਨ ਗਿਆਨ ਪ੍ਰਾਪਤੀ ਪ੍ਰਤੀ ਉਤਸੁਕਤਾ ਵਿੱਚ ਕਮੀ ਆ ਰਹੀ ਹੈ। ਇਹ ਰੁਝਾਨ ਮੁੱਖ ਤੌਰ 'ਤੇ ਸੋਸ਼ਲ ਮੀਡੀਆ ਨੂੰ ਵਾਧੂ ਸਮਾਂ ਦੇਣ ਨਾਲ ਸੰਬੰਧਿਤ ਹਨ, ਜਿਸ ਨੇ ਨੌਜਵਾਨਾਂ ਨੂੰ ਸਵੈ-ਕੇਂਦ੍ਰਿਤ ਅਤੇ ਵਿਆਕੁਲ–ਬੋਧ ਵਾਲੀ ਮਨੋਵ੍ਰਿਤੀ ਵੱਲ ਦੌੜਾਇਆ ਹੈ। ਇਸ ਤਹਿਤ ਉਹ ਇਹ ਮੰਨਣ ਲੱਗ ਪਏ ਹਨ ਕਿ ਉਨ੍ਹਾਂ ਦੇ ਮਾਪੇ ਉਨ੍ਹਾਂ ਦੇ ਜੀਵਨ-ਸੰਬੰਧੀ ਉਲਝਣਾਂ ਅਤੇ ਮਨੋ-ਸਮੱਸਿਆਵਾਂ ਨੂੰ ਸਮਝਣ ਯੋਗ ਨਹੀਂ ਹਨ। ਇਸ ਕਾਰਨ, ਨੌਜਵਾਨ ਪੀੜ੍ਹੀ ਵੱਡਿਆਂ ਨਾਲ ਸੰਵਾਦ ਕਰਨ ਤੋਂ ਝਿਜਕ ਰਹੀ ਹੈ, ਜਿਸ ਨਾਲ ਪੀੜ੍ਹੀ–ਦਰ–ਪੀੜ੍ਹੀ ਸੰਚਾਰ ਦੇ ਪੱਖੋਂ ਵਿੱਥ ਪੈਦਾ ਹੋ ਰਹੀ ਹੈ। ਇਹ ਖਲਾਅ ਕੇਵਲ ਪਰਿਵਾਰਕ ਰਿਸ਼ਤਿਆਂ ਦੀ ਨਜ਼ੁਕਤਾ ਨੂੰ ਹੀ ਪ੍ਰਭਾਵਿਤ ਨਹੀਂ ਕਰ ਰਿਹਾ, ਸਗੋਂ ਨੌਜਵਾਨਾਂ

ਦੇ ਮਨੋਵਿਗਿਆਨਿਕ ਵਿਕਾਸ ਅਤੇ ਜੀਵਨ–ਕੁਸ਼ਲਤਾਵਾਂ ਦੀ ਪ੍ਰਾਪਤੀ ਵਿਚ ਵੀ ਰੁਕਾਵਟ ਪੈਦਾ ਕਰ ਰਿਹਾ ਹੈ। ਉਦਾਹਰਣ ਵਜੋਂ, ਮਾਪਿਆਂ; ਵਿਸ਼ੇਸ਼ ਤੌਰ 'ਤੇ ਮਾਂ ਵੱਲੋਂ ਸੰਵਾਦ ਦੀ ਸ਼ੁਰੂਆਤ ਕਰਨ ਦੇ ਬਾਵਜੂਦ, ਬੱਚਿਆਂ ਵਲੋਂ ਸਹਿਯੋਗਕ ਹੁੰਗਾਰੇ ਦੀ ਗ਼ੈਰ–ਹਾਜ਼ਰੀ, ਸਮਾਜਿਕ ਦੂਰੀ ਅਤੇ ਸੰਵੇਦਨਾਤਮਕ ਕਮੀ ਦੀ ਸੂਚਕ ਹੈ। ਜੇਕਰ ਇਹ ਸੰਵਾਦਕੀ–ਸੰਬੰਧ ਮਜ਼ਬੂਤ ਬਣਾਉਣ ਲਈ ਕੋਸ਼ਿਸ਼ ਕੀਤੀ ਜਾਵੇ ਤਾਂ ਨੌਜਵਾਨ, ਮਾਪਿਆਂ ਦੇ ਜੀਵਨ ਅਨੁਭਵਾਂ ਰਾਹੀਂ ਬਹੁਪੱਖੀ ਗਿਆਨ ਪ੍ਰਾਪਤ ਕਰਕੇ ਆਤਮ-ਨਿਰਭਰਤਾ, ਤਣਾਅ ਨਿਯੰਤਰਨ ਅਤੇ ਜੀਵਨ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੀ ਸਮਰੱਥਾ ਵਿੱਚ ਵਾਧਾ ਕਰ ਸਕਦੇ ਹਨ। ਇਹ ਗਿਆਨ, ਜੋ ਪਰੰਪਰਾਗਤ ਰੂਪ ਵਿਚ ਮਾਪਿਆਂ ਦੀ ਅਨੁਭਵਿਕ–ਵਿਰਾਸਤ ਰਾਹੀਂ ਪ੍ਰਾਪਤ ਹੋ ਸਕਦਾ ਹੈ, ਉਹ ਮਸਨੂਈ ਬੁੱਧੀ ਜਾਂ ਆਧੁਨਿਕ ਡਿਜੀਟਲ ਸਰੋਤਾਂ ਰਾਹੀਂ ਪੂਰੀ ਤਰ੍ਹਾਂ ਹਾਸਿਲ ਨਹੀਂ ਕੀਤਾ ਜਾ ਸਕਦਾ। ਇਸ ਪਰਿਪੇਖ ਵਿਚ, ਇਹ ਕਿਹਾ ਜਾ ਸਕਦਾ ਹੈ ਕਿ ਨੌਜਵਾਨ ਪੀੜ੍ਹੀ ਸੋਸ਼ਲ ਮੀਡੀਆ ਦੀ ਵਰਤੋਂ ਵਿਚ ਸੰਤੁਲਨ ਸਥਾਪਤ ਕਰਨ ਵਿਚ ਅਸਫ਼ਲ ਹੋ ਰਹੀ ਹੈ। ਉਸ ਨੇ ਡਿਜੀਟਲ ਮਿੱਤਰਤਾ ਅਤੇ ਆਨਲਾਈਨ ਸੰਪਰਕ ਨੂੰ ਪ੍ਰਾਥਮਿਕਤਾ ਦਿੰਦਿਆਂ ਪਰੰਪਰਾਗਤ ਰਿਸ਼ਤਿਆਂ ਨੂੰ ਬੇਧਿਆਨ ਕਰ ਦਿੱਤਾ ਹੈ। ਇੱਥੇ ਸਿੱਧਾ ਦੋਸ਼ ਸੋਸ਼ਲ ਮੀਡੀਆ ਉੱਤੇ ਨਹੀਂ ਥੋਪਿਆ ਜਾ ਸਕਦਾ, ਕਿਉਂਕਿ ਇਹ ਨੌਜਵਾਨਾਂ ਦੀ ਸਮਾਂ–ਪ੍ਰਬੰਧਨ ਅਤੇ ਰਿਸ਼ਤਿਆਂ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਨਾਲ ਜੁੜੇ ਗ਼ਲਤ ਫੈਸਲਿਆਂ ਨਾਲ ਵੀ ਸੰਬੰਧਿਤ ਹੈ। ਇਹ ਤੱਥਾਤਮਕ ਵਿਸ਼ਲੇਸ਼ਣ ਇਹ ਪ੍ਰਮਾਣਿਤ ਕਰਦਾ ਹੈ ਕਿ ਨੌਜਵਾਨਾਂ ਨੂੰ ਸੋਸ਼ਲ ਮੀਡੀਆ ਦੀ ਵਰਤੋਂ ਅਤੇ ਸਮਾਜਕ ਸੰਬੰਧਾਂ ਵਿਚ ਸੰਤੁਲਨ ਬਣਾਈ ਰੱਖਣ ਲਈ ਸੋਚ-ਵਿਚਾਰ ਤੇ ਵਿਅਕਤੀਗਤ ਜ਼ਿੰਮੇਵਾਰੀ ਦੀ ਵਧੀਕ ਲੋੜ ਹੈ।

ਮਾਪਿਆਂ ਅਤੇ ਔਲਾਦ ਦੇ ਵਿਚਕਾਰ ਸੰਬੰਧ ਸਾਰੇ ਰਿਸ਼ਤਿਆਂ ਵਿੱਚੋਂ ਅਹਿਮ ਅਤੇ ਡੂੰਘੇ ਪ੍ਰਭਾਵ ਵਾਲਾ ਹੁੰਦਾ ਹੈ। ਬਾਲਕ ਦੇ ਜਨਮ ਤੋਂ ਲੈ ਕੇ ਉਸ ਦੀ ਮਾਨਸਿਕਤਾ ਦੇ ਵਿਕਾਸ ਤਕ, ਮਾਪਿਆਂ ਦੀ ਭੂਮਿਕਾ ਕੇਂਦਰੀ ਰਹਿੰਦੀ ਹੈ। ਜਦੋਂ ਵਿਅਕਤੀ ਜਵਾਨੀ ਦੀ ਅਵਸਥਾ ਵਿੱਚ ਪ੍ਰਵੇਸ਼ ਕਰਦਾ ਹੈ,ਤਾਂ ਉਹ ਅਕਸਰ ਇਹ ਸਮਝਦਾ ਹੈ ਕਿ ਜੀਵਨ ਸੰਬੰਧੀ ਫ਼ੈਸਲਿਆਂ ਵਿੱਚ ਕਿਸੇ ਹੋਰ ਦੀ ਦਖ਼ਲ-ਅੰਦਾਜ਼ੀ ਅਸਵੀਕਾਰਯੋਗ ਹੈ,ਪਰ ਇਹ ਧਾਰਨਾ ਸਦਾ ਉਚਿਤ ਨਹੀਂ ਮੰਨੀ ਜਾ ਸਕਦੀ। ਇਸ ਪ੍ਰਸੰਗ ਵਿਚ ਇਹ ਮਤ ਉਭਰਿਆ ਕਿ ਮਾਪਿਆਂ ਦੁਆਰਾ ਕੀਤੀ ਗਈ ਸੰਤੁਲਿਤ ਪਰਵਰਿਸ਼ ਨਾ ਸਿਰਫ਼ ਮਾਪਿਆਂ ਅਤੇ ਸੰਤਾਨ ਦੋਹਾਂ ਲਈ ਜੀਵਨ–ਗੁਣਵੱਤਾ ਵਿੱਚ ਸੁਧਾਰ ਲਿਆਉਂਦੀ ਹੈ, ਸਗੋਂ ਕਿਸੇ ਵਿਅਕਤੀ ਦੀ ਛੋਟੀ ਉਮਰ ਵਿੱਚ ਕੀਤੀ

ਗਈ ਸਮਝਦਾਰ ਰੋਕ-ਟੋਕ ਵੀ ਵਿਅਕਤੀਗਤ ਆਦਰਸ਼ ਅਤੇ ਨੈਤਿਕਤਾ ਦੇ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਆਧੁਨਿਕ ਯੁੱਗ ਵਿੱਚ ਵਿਦੇਸ਼ੀ ਅਤੇ ਸ਼ਹਿਰੀ ਸਭਿਆਚਾਰ, ਨਾਲ ਹੀ ਹੋਰ ਕਈ ਸਮਾਜਿਕ ਤੇ ਸਭਿਆਚਾਰਕ ਕਾਰਕ, ਨੌਜਵਾਨ ਪੀੜ੍ਹੀ ਦੀ ਅੰਦਰੂਨੀ ਮਾਸੂਮੀਅਤ ਅਤੇ ਮਨੁੱਖੀ ਗੁਣਾਂ ਨੂੰ ਕਮਜ਼ੋਰ ਕਰ ਰਹੇ ਹਨ, ਜਿਸ ਕਾਰਨ ਉਹਨਾਂ ਦੀ ਮਾਨਸਿਕਤਾ 'ਤੇ ਨਕਾਰਾਤਮਕ ਪ੍ਰਭਾਵ ਪੈ ਰਿਹਾ ਹੈ।

ਪਿਛਲੀ ਸਦੀ ਦੇ ਅੰਤਿਮ ਚਰਨ ਤਕ ਭਾਈਚਾਰਕ ਸਾਂਝ ਦੀ ਤੰਦ ਵਧੇਰੇ ਪੀਡੀ ਰਹੀ ਹੈ। ਉਸ ਸਮੇਂ ਤੱਕ ਉਦਾਰੀਕਰਨ,ਨਿੱਜੀਕਰਨ ਅਤੇ ਉਦਯੋਗੀਕਰਨ ਜਾਂ ਮਸ਼ੀਨੀਕਰਨ ਦੀਆਂ ਨੀਤੀਆਂ ਨੇ ਸਮਾਜਿਕ ਢਾਂਚੇ ਅਤੇ ਸੰਬੰਧਾਤਮਕ ਵਿਵਸਥਾ ਉੱਤੇ ਵਿਆਪਕ ਪ੍ਰਭਾਵ ਨਹੀਂ ਪਾਇਆ ਸੀ। ਇਸ ਦੇ ਨਾਲ ਹੀ,ਸੋਸ਼ਲ ਮੀਡੀਆ ਦਾ ਅਸਰ ਵੀ ਅਜਿਹੇ ਵਿਸਤ੍ਰਿਤ ਪੱਧਰ 'ਤੇ ਨਹੀਂ ਸੀ ਪਿਆ। ਇਸ ਕਾਰਨ ਵਿਅਕਤੀਗਤ ਸ਼ਖ਼ਸੀਅਤ ਦੇ ਵਿਕਾਸ ਵਿੱਚ ਪਰੰਪਰਾਗਤ ਰਿਸ਼ਤਿਆਂ ਦੀ ਭੂਮਿਕਾ ਮਹੱਤਵਪੂਰਨ ਸੀ। ਪਰਿਵਾਰਕ ਅਤੇ ਭਾਈਚਾਰਕ ਰਿਸ਼ਤੇ ਅਕਸਰ ਵਿਅਕਤੀਆਂ ਦੇ ਦੁੱਖ–ਸੁੱਖ ਵਿੱਚ ਸਹਿਯੋਗੀ ਸਾਬਤ ਹੁੰਦੇ ਸਨ। ਅਜੋਕੇ ਸਮਾਜਿਕ ਪ੍ਰਸੰਗ ਵਿੱਚ ਇਹ ਨਿਰੂਪਤ ਹੁੰਦਾ ਹੈ ਕਿ ਭਾਈਚਾਰਕ ਸਾਂਝ ਹੌਲੀ-ਹੌਲੀ ਕਮਜ਼ੋਰ ਪਈ ਹੈ। ਰਿਸ਼ਤੇਦਾਰਾਂ ਵਿਚ ਹੋ ਰਹੀ ਮੁਕਾਬਲੇਬਾਜ਼ੀ,ਵਿਦੇਸ਼ੀ ਵੀਜ਼ਿਆਂ ਜਾਂ ਆਰਥਿਕ ਤਰੱਕੀ ਨੂੰ ਲੈ ਕੇ ਉਪਜਣ ਵਾਲੀ ਈਰਖਾ ਆਲੋਚਨਾ ਦਾ ਰੂਪ ਧਾਰਨ ਕਰ ਚੁੱਕੀ ਹੈ। ਅਜਿਹੀਆਂ ਪ੍ਰਸਥਿਤੀਆਂ ਵਿੱਚ ਰਿਸ਼ਤੇਦਾਰਾਂ ਵਿੱਚੋਂ ਕੁਝ ਲੋਕ ਜਾਣ-ਬੁੱਝ ਕੇ ਦੂਜਿਆਂ ਨੂੰ ਤਾਅਨੇ ਜਾਂ ਮਿਹਣੇ ਦੇਣ ਦੀ ਮਨੋਵ੍ਰਿੱਤੀ ਰੱਖਦੇ ਹਨ,ਜਿਸ ਨਾਲ ਸੰਬੰਧਾਂ ਵਿਚ ਤਣਾਅ ਉਤਪੰਨ ਹੁੰਦਾ ਹੈ। ਨਤੀਜੇ ਵਜੋਂ,ਕਈ ਵਾਰ ਦੂਜੀ ਧਿਰ ਰਿਸ਼ਤੇ ਦੀ ਰਾਖੀ ਲਈ ਆਤਮ-ਸੰਜਮ ਅਪਣਾਉਂਦੀ ਹੋਈ ਫ਼ੌਰੀ ਤੌਰ 'ਤੇ ਦੂਰੀ ਬਣਾਉਣ ਨੂੰ ਤਰਜੀਹ ਦਿੰਦੀ ਹੈ ਕਿਉਂਕਿ ਇਹ ਦੂਰੀ ਕਈ ਵਾਰ ਸੰਬੰਧਾਂ ਦੀ ਲੰਬੀ ਉਮਰ ਅਤੇ ਸਥਿਰਤਾ ਲਈ ਇੱਕ ਸਾਰਥਕ ਰਣਨੀਤਕ ਕਦਮ ਸਾਬਤ ਹੋ ਸਕਦੀ ਹੈ।

ਅਧਿਆਪਕ ਅਤੇ ਵਿਦਿਆਰਥੀ ਦਰਮਿਆਨ ਰਿਸ਼ਤਿਆਂ ਦੇ ਡਾਵਾਂਡੋਲ ਹੋਣ ਦੇ ਅਨੇਕ ਕਾਰਨ ਸਾਹਮਣੇ ਆ ਰਹੇ ਹਨ। ਵਿਦਿਆਰਥੀਆਂ ਦੇ ਨਿੱਜੀ ਅਨੁਭਵਾਂ ਦੇ ਆਧਾਰ 'ਤੇ ਇਹ ਪਤਾ ਲੱਗਿਆ ਹੈ ਕਿ ਵਿਸ਼ੇਸ਼ ਕਰਕੇ ਡਾਕਟਰੀ, ਇੰਜੀਨੀਅਰਿੰਗ ਆਦਿ ਤਕਨੀਕੀ ਵਿਸ਼ਿਆਂ ਦੇ ਅਧਿਆਪਕਾਂ ਵਿੱਚੋਂ ਕੁਝ ਐਸੇ ਹਨ ਜੋ ਸਿੱਖਿਆ ਨੂੰ ਕੇਵਲ ਰੁਜ਼ਗਾਰ ਜਾਂ ਆਮਦਨ ਦਾ ਸਾਧਨ ਮੰਨਦੇ ਹੋਏ ਵਿਦਿਆਰਥੀਆਂ ਨੂੰ ਸਮਾਜਿਕ ਜ਼ਿੰਮੇਵਾਰੀਆਂ ਤੋਂ ਬੇਮੁਖ

ਕਰਕੇ ਇੱਕ ਪ੍ਰਕਾਰ ਦੀ ਆਰਥਿਕ-ਕੇਂਦਰਤ ਸੋਚ ਵਲ ਧਕੇਲ ਰਹੇ ਹਨ। ਇਸ ਤਰ੍ਹਾਂ ਦੀ ਸਿੱਖਿਆ–ਪੱਧਤੀ ਵਿਦਿਆਰਥੀਆਂ ਦੇ ਜੀਵਨ ਅਤੇ ਸੋਚਣ–ਢੰਗ ਨੂੰ ਪ੍ਰਭਾਵਿਤ ਕਰ ਰਹੀ ਹੈ। ਇਸ ਦੇ ਨਾਲ ਹੀ ਕਲਾਸਰੂਮ ਵਿੱਚ ਮੋਬਾਈਲ ਫੋਨ ਦੀ ਵਰਤੋਂ ਵਧਣ ਕਾਰਨ ਅਧਿਆਪਕਾਂ ਦੇ ਦਬਦਬੇ 'ਤੇ ਸਿੱਧਾ ਪ੍ਰਭਾਵ ਪਿਆ ਹੈ। ਜਦੋਂ ਅਧਿਆਪਕ ਮੋਬਾਈਲ ਦੀ ਵਰਤੋਂ 'ਤੇ ਰੋਕ ਲਾਉਂਦੇ ਹਨ ਤਾਂ ਵਿਦਿਆਰਥੀ ਉਲਟਾ ਉਨ੍ਹਾਂ ਨਾਲ ਵਾਦ-ਵਿਵਾਦ ਕਰਦੇ ਹਨ, ਜੋ ਕਿ ਅਨੁਸ਼ਾਸਨਕ ਮਾਹੌਲ ਲਈ ਚੁਣੌਤੀ ਬਣ ਜਾਂਦਾ ਹੈ। "ਮਨ ਦੀ ਕਮਜ਼ੋਰੀ ਜਾਂ ਸੂਝ–ਬੂਝ ਦੀ ਕਮੀ ਕਾਰਨ ਰਾਹ ਤੋਂ ਭਟਕਣਾ ਮਨੁੱਖੀ ਮਾਨਸਿਕਤਾ ਦੀ ਕਮਜ਼ੋਰੀ ਹੈ ਪਰ ਜੋ ਵਿਅਕਤੀ ਇਸ ਕਮਜ਼ੋਰੀ ਤੇ ਜਿੱਤ ਪ੍ਰਾਪਤ ਕਰਨ ਵਿਚ ਸਫ਼ਲ ਹੁੰਦਾ ਹੈ ਉਹ ਅੰਤ ਨੂੰ ਆਪਣੇ ਮਕਸਦ ਨੂੰ ਪ੍ਰਾਪਤ ਕਰਨ ਵਿਚ ਵੀ ਸਫ਼ਲ ਹੁੰਦਾ ਹੈ।"[2] ਪਰ ਇਹ ਵਰਤਾਰਾ ਨੌਜਵਾਨ ਪੀੜ੍ਹੀ ਦੇ ਉਚੇਰੀ ਸਿੱਖਿਆ ਵਾਲੇ ਅਦਾਰਿਆਂ ਵਿੱਚ ਦਾਖ਼ਲੇ ਦੇ ਉਦੇਸ਼ਾਂ ਅਤੇ ਉਮੀਦਾਂ ਨੂੰ ਨਵੀਂ ਰੋਸ਼ਨੀ ਵਿੱਚ ਵੇਖਣ ਦੀ ਲੋੜ ਦਾ ਅਹਿਸਾਸ ਕਰਾਉਂਦਾ ਹੈ।

ਕਈ ਵਾਰ ਕਿਸੇ ਗੱਭਰੂ ਅਤੇ ਮੁਟਿਆਰ ਨੂੰ ਪ੍ਰੇਮ ਸੰਬੰਧਾਂ ਦੀ ਅਨੁਭੂਤੀ ਹੋ ਜਾਂਦੀ ਹੈ, ਜਿਸ ਦੌਰਾਨ ਉਨ੍ਹਾਂ ਨੂੰ ਇਹ ਅਹਿਸਾਸ ਹੋ ਸਕਦਾ ਹੈ ਕਿ ਜੇਕਰ ਸੰਬੰਧਤ ਵਿਅਕਤੀ ਨਾਲ ਵਿਆਹ ਸੰਭਵ ਨਾ ਹੋਇਆ ਤਾਂ ਜੀਵਨ ਵਿੱਚ ਅਗਲਾ ਕੋਈ ਮਕਸਦ ਬਾਕੀ ਨਹੀਂ ਰਹਿ ਜਾਣਾ। ਹਾਲਾਂਕਿ, ਜੇਕਰ ਕੁਝ ਸਮੇਂ ਬਾਅਦ ਇਹ ਸਾਫ਼ ਹੋ ਜਾਵੇ ਕਿ ਉਸ ਵਿਅਕਤੀ ਦੇ ਪਹਿਲਾਂ ਹੀ ਕਿਸੇ ਹੋਰ ਨਾਲ ਸੰਬੰਧ ਹਨ ਜਾਂ ਦੋਹਾਂ ਦਰਮਿਆਨ ਹੁਣ ਸੰਬੰਧ ਬਣੇ ਨਹੀਂ ਰਹਿ ਸਕਦੇ, ਤਾਂ ਅਕਸਰ ਇਹ ਨੌਜਵਾਨ ਮਨੋਵਿਗਿਆਨਕ ਤਣਾਅ ਵਿਚ ਆ ਕੇ ਆਤਮਘਾਤੀ ਰਵੱਈਆ ਅਪਣਾ ਲੈਂਦੇ ਹਨ। ਇਹ ਰੁਝਾਨ ਮੀਡੀਆ ਰਾਹੀਂ ਆਉਣ ਵਾਲੀਆਂ ਵੱਖ–ਵੱਖ ਖ਼ਬਰਾਂ ਦੁਆਰਾ ਵਾਰ–ਵਾਰ ਸਾਹਮਣੇ ਆਉਂਦਾ ਹੈ। ਇਸ ਤੋਂ ਇਲਾਵਾ, ਉਚੇਰੀ ਸਿੱਖਿਆ ਹਾਸਲ ਕਰ ਰਹੀ ਨਵੀਂ ਪੀੜ੍ਹੀ ਵਿਚ ਇਕ ਹੋਰ ਵਿਸ਼ੇਸ਼ ਰੁਝਾਨ ਵੇਖਣ ਨੂੰ ਮਿਲਦਾ ਹੈ, ਜਿਸਦੇ ਤਹਿਤ ਨੌਜਵਾਨ ਆਪਣੇ ਸਕੇ–ਸੰਬੰਧੀਆਂ ਅਤੇ ਹੋਰ ਰਿਸ਼ਤੇਦਾਰਾਂ ਨਾਲੋਂ ਰਾਬਤਾ ਤੋੜ ਰਹੇ ਹਨ। ਇਸ ਕਰਕੇ ਉਹ ਵਿਆਹ ਜਾਂ ਹੋਰ ਸਮਾਜਿਕ ਸਮਾਰੋਹਾਂ ਵਿੱਚ ਭਾਗ ਲੈਣ ਤੋਂ ਵੀ ਹਿਚਕਚਾਹਟ ਮਹਿਸੂਸ ਕਰਦੇ ਹਨ। ਇਹ ਪਰਿਵਰਤਨ ਨੌਜਵਾਨਾਂ ਦੀ ਆਤਮਿਕ, ਸਮਾਜਿਕ ਅਤੇ ਭਾਵੁਕ ਸੰਬੰਧਾਂ ਦੀ ਅਣਹੋਂਦ ਵਾਲੀ ਮਾਨਸਿਕਤਾ ਵੱਲ ਇਸ਼ਾਰਾ ਕਰਦੇ ਹਨ, ਜਿਸ ਦੇ ਲੰਮੇ ਸਮੇਂ ਦੇ ਪ੍ਰਭਾਵ ਗੰਭੀਰ ਹੋ ਸਕਦੇ ਹਨ।

ਵਰਤਮਾਨ ਯੁਵਕ ਪੀੜ੍ਹੀ ਵੱਲੋਂ ਸਮੇਂ ਦੀ ਮਹੱਤਤਾ ਨੂੰ ਅਣਦੇਖਿਆਂ ਕੀਤਾ ਜਾ ਰਿਹਾ ਹੈ। ਨੌਜਵਾਨ ਵੱਡੀ ਗਿਣਤੀ ਵਿੱਚ ਆਪਣਾ ਸਮਾਂ ਆਨਲਾਈਨ ਗਤੀਵਿਧੀਆਂ ਵਿਚ ਬਤੀਤ ਕਰ ਰਹੇ ਹਨ। ਇਹ ਪਲੇਟਫ਼ਾਰਮ ਉਪਭੋਗਤਾ ਦਾ ਧਿਆਨ ਖਿੱਚਣ ਵਾਲੀ ਨੀਤੀ ਰਾਹੀਂ ਪੂੰਜੀਪਤੀਆਂ ਵਾਸਤੇ ਆਰਥਿਕ ਲਾਭ ਦੇ ਵੱਡੇ ਸਰੋਤ ਬਣ ਰਹੇ ਹਨ, ਜਦੋਂਕਿ ਵਰਤੋਂਕਾਰ ਦੇ ਪੱਧਰ 'ਤੇ ਇਹ ਮਾਧਿਅਮ ਨੌਜਵਾਨੀ ਵਿਚ ਆਲਸ, ਅਸਮਰੱਥਾ ਅਤੇ ਤਣਾਅ ਦੇ ਵਾਧੇ ਦਾ ਕਾਰਣ ਬਣ ਰਹੇ ਹਨ। ਇਸ ਦੇ ਨਤੀਜੇ ਵਜੋਂ, ਉਹ ਨੌਜਵਾਨ ਪੀੜ੍ਹੀ ਜੋ ਅਸਲ ਵਿਚ ਉਤਪਾਦਕਤਾ ਅਤੇ ਕਾਰਜੀ-ਸਮਰੱਥਾ ਦੇ ਪੱਖੋਂ ਬੇਹੱਦ ਸਮਰੱਥ ਹੋ ਸਕਦੀ ਸੀ, ਹੁਣ ਵੱਡੀ ਗਿਣਤੀ ਵਿੱਚ ਵਿਹਲੀ, ਬੇਰੁਜ਼ਗਾਰ ਅਤੇ ਮਨੋ-ਸਰੀਰਕ ਰੂਪ ਵਿੱਚ ਬੀਮਾਰ ਹੋ ਰਹੀ ਹੈ। ਵਿਸ਼ਵ ਸਿਹਤ ਸੰਗਠਨ (WHO) ਵੱਲੋਂ 2015-16 ਵਿਚ ਕੀਤੇ ਗਏ ਮਾਨਸਿਕ ਸਿਹਤ ਸਰਵੇਖਣ ਦੇ ਅਨੁਸਾਰ, ਭਾਰਤ ਵਿੱਚ ਹਰ ਛੇਵਾਂ ਵਿਅਕਤੀ ਮਾਨਸਿਕ ਸਿਹਤ ਪੱਖੋਂ ਸਹਾਇਤਾ ਦੀ ਲੋੜ ਮਹਿਸੂਸ ਕਰਦਾ ਹੈ, ਜਿਸ ਵਿੱਚ ਕਿਸ਼ੋਰ ਅਵਸਥਾ ਦੇ ਵਿਅਕਤੀਆਂ ਨੂੰ ਸਭ ਤੋਂ ਵੱਧ ਜ਼ਰੂਰਤ ਹੈ। ਇਹ ਡਾਟਾ ਦਰਸਾਉਂਦਾ ਹੈ ਕਿ ਨੌਜਵਾਨ ਪੀੜ੍ਹੀ ਦੀ ਆਨਲਾਈਨ ਗਤੀਵਿਧੀਆਂ ਵਿਚ ਵਧੇਰੇ ਮਸਰੂਫ਼ੀਅਤ ਉਨ੍ਹਾਂ ਦੀ ਮਾਨਸਿਕ ਸਿਹਤ ਦਾ ਸੰਕਟ ਵਧਾਉਣ ਵਿੱਚ ਇੱਕ ਮਹੱਤਵਪੂਰਨ ਘਟਕ ਵਜੋਂ ਕੰਮ ਕਰ ਰਹੀ ਹੈ।

ਨੌਜਵਾਨ ਪੀੜ੍ਹੀ ਨੂੰ ਪਿਛਲੀ ਪੀੜ੍ਹੀ ਦੇ ਅੰਧਾਧੁੰਦ ਅਨੁਕਰਣ ਦੀ ਲੋੜ ਨਹੀਂ ਹੁੰਦੀ, ਕਿਉਂਕਿ ਸਮਾਜਿਕ ਅਤੇ ਸਭਿਆਚਾਰਕ ਸੰਦਰਭ ਵਾਰ–ਵਾਰ ਬਦਲਦੇ ਰਹਿੰਦੇ ਹਨ। ਹਰ ਪਿਛਲੀ ਪੀੜ੍ਹੀ ਦੀ ਸੋਚ ਵਰਤਮਾਨ ਸਮੇਂ ਦੀ ਲੋੜਾਂ ਅਨੁਕੂਲ ਨਹੀਂ ਹੋ ਸਕਦੀ। ਹਾਲਾਂਕਿ ਯੁਵਕ ਪੀੜ੍ਹੀ ਨੂੰ ਬਜ਼ੁਰਗਾਂ ਤੋਂ ਜੀਵਨ ਸੰਬੰਧੀ ਸਿੱਖਿਆ ਲੈਣੀ ਚਾਹੀਦੀ ਹੈ, ਪਰ ਬਾਲਕ ਵੀ ਆਪਣੇ ਆਸ-ਪਾਸ ਦੇ ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਵੇਖ ਕੇ ਜੀਵਨ–ਕੌਸ਼ਲ ਸਿੱਖਦੇ ਹਨ। ਇਸ ਸੰਦਰਭ ਵਿੱਚ ਇਕ ਵਿਦਿਆਰਥੀ ਦੇ ਪਰਿਵਾਰ ਨਾਲ ਸੰਬੰਧਤ ਦੋ ਘਟਨਾਵਾਂ ਸਾਂਝੀਆਂ ਕਰਦੀ ਹਾਂ ਜੋ ਪਿਛਲੀ ਪੀੜ੍ਹੀ ਦੀ ਮਾਨਸਿਕਤਾ ਅਤੇ ਉਸ ਦੇ ਨਤੀਜਿਆਂ ਨੂੰ ਦਰਸਾਉਂਦੀਆਂ ਹਨ। ਪਹਿਲੇ ਕੇਸ ਵਿੱਚ, ਉਸ ਦੇ ਤਾਏ ਦੇ ਨੌਜਵਾਨ ਪੁੱਤ ਨੂੰ ਨਸ਼ਾ ਕਰਨ ਦੀ ਆਦਤ ਪੈ ਗਈ ਸੀ, ਉਸ ਦਾ ਵਿਆਹ ਕਰਵਾ ਕੇ ਪਰਿਵਾਰ ਨੇ ਉਮੀਦ ਕੀਤੀ ਕਿ ਉਹ ਪਰਿਵਾਰਕ ਜ਼ਿੰਮੇਵਾਰੀਆਂ ਦੇ ਭਾਰ ਕਾਰਨ ਸੁਧਰ ਜਾਵੇਗਾ। ਪਰ ਇਹ ਫ਼ੈਸਲਾ ਵਿਫ਼ਲ ਰਿਹਾ ਅਤੇ ਸਮੁੱਚਾ ਪਰਿਵਾਰ ਹੋਰ ਗੰਭੀਰ ਸਮੱਸਿਆਵਾਂ ਵਿੱਚ ਫਸ ਗਿਆ। ਦੂਜੇ ਕੇਸ ਵਿੱਚ, ਉਸ ਤਾਏ ਦੇ ਦੂਜੇ ਪੁੱਤਰ ਨੇ ਆਪਣੀ ਪਸੰਦੀਦਾ ਲੜਕੀ ਨਾਲ ਵਿਆਹ ਦੀ ਇੱਛਾ

ਪ੍ਰਗਟਾਈ ਪਰੰਤੂ, ਜਾਤ–ਪਾਤ ਦੇ ਬੰਧਨ ਕਾਰਨ ਪਹਿਲਾਂ ਉਸ ਦੀ ਇੱਛਾ ਨੂੰ ਨਕਾਰ ਦਿੱਤਾ ਗਿਆ ਪਰ ਪੁੱਤਰ ਦੇ ਅਟੱਲ ਫ਼ੈਸਲੇ ਕਾਰਨ ਪਿਤਾ ਤੇ ਸੰਜੀਦਾ, ਮਿਹਨਤੀ, ਕਮਾਊ ਤੇ ਸੇਵਕ ਪੁੱਤਰ ਦਰਮਿਆਨ ਸੰਬੰਧ ਟੁੱਟ ਗਿਆ। ਇਹ ਕੇਸ ਸਿਰਫ਼ ਵਿਅਕਤੀਗਤ ਪੱਧਰ 'ਤੇ ਹੀ ਨਹੀਂ, ਸਗੋਂ ਗੁਰੂ ਸਾਹਿਬਾਨ ਵਲੋਂ ਦਿਖਾਏ ਮਾਰਗ ਦੇ ਉਲਟ ਜਾਤ–ਪਾਤ ਦੇ ਭੇਦ–ਭਾਵ ਵਾਲੀ ਸਮਾਜਿਕ ਸੰਰਚਨਾ ਦੀ ਹੀ ਪ੍ਰੋੜਤਾ ਕਰਦਾ ਹੈ। ਇਹ ਸਪਸ਼ਟ ਹੈ ਕਿ ਸਮਾਜ ਵਿੱਚ ਅਜਿਹੀਆਂ ਕਈ ਘਟਨਾਵਾਂ ਹੋ ਰਹੀਆਂ ਹਨ ਜੋ ਪਰੰਪਰਾਗਤ ਮੁੱਲਾਂ ਅਤੇ ਆਧੁਨਿਕਤਾ ਵਿਚਕਾਰ ਸੰਘਰਸ਼ ਨੂੰ ਦਰਸਾਉਂਦੀਆਂ ਹਨ।

ਸਮਾਜਿਕ–ਵਰਤਾਰਿਆਂ ਦੀ ਲੰਮੀ ਲੜੀ ਸਿੱਧੇ–ਅਸਿੱਧੇ ਤੌਰ 'ਤੇ ਅਜੋਕੀ ਨੌਜਵਾਨੀ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕਰ ਰਹੀ ਹੈ। ਸਮਕਾਲੀ ਲੈਂਡਸਕੇਪ ਨੌਜਵਾਨਾਂ ਸਨਮੁਖ ਰਿਸ਼ਤੇਦਾਰਾਂ ਨਾਲ ਜੁੜੇ ਦੋ ਪਾਸਾਰਾਂ ਨੂੰ ਕੇਂਦਰ ਵਿਚ ਰੱਖਦਾ ਹੈ। ਪਹਿਲਾ ਚੁਣੌਤੀਆਂ ਅਤੇ ਦੂਸਰਾ ਅੱਗੇ ਵਧਣ ਜਾਂ ਨਿਰਾਸ਼ਾ ਦੇ ਮਕੜਜਾਲ ਵਿਚ ਫਸ ਕੇ ਜੀਵਨ–ਲੀਲ੍ਹਾ ਸਮਾਪਤ ਕਰਨ ਦੇ ਮੌਕਿਆਂ ਨੂੰ ਉਜਾਗਰ ਕਰਦਾ ਹੈ। ਸੋਸ਼ਲ ਮੀਡੀਆ ਦੀ ਹੱਦੋਂ ਵੱਧ ਵਰਤੋਂ, ਮਾਪਿਆਂ, ਭੈਣਾਂ–ਭਰਾਵਾਂ ਅਤੇ ਹੋਰ ਰਿਸ਼ਤੇਦਾਰਾਂ ਨਾਲ ਓਪਰਾ ਲਗਾਓ ਅਤੇ ਮਾਨਸਿਕ ਸਿਹਤ ਲਈ ਕੀਤਾ ਜਾ ਰਿਹਾ ਸੰਘਰਸ਼ ਅਰਥਭਰਪੂਰ ਸੰਬੰਧਾਂ ਨੂੰ ਉਭਾਰਨ ਵਿੱਚ ਅੜਚਣਾਂ ਪੈਦਾ ਕਰਦੇ ਹਨ। ਹਾਲਾਂਕਿ ਉਸਾਰੂ ਪਦਾਰਥਕ ਸਭਿਆਚਾਰ ਸਭ ਦੇ ਵਿਕਾਸ ਲਈ ਬਰਾਬਰ ਮੌਕੇ ਪ੍ਰਦਾਨ ਕਰਨ ਅਤੇ ਵਿਭਿੰਨ ਭਾਈਚਾਰਿਆਂ ਵਿੱਚ ਪਿਆਰ–ਇਤਫ਼ਾਕ, ਹਮਦਰਦੀ ਤੇ ਆਪਸੀ ਸਾਂਝ ਤੇ ਸਮਝਦਾਰੀ ਦੀ ਵਕਾਲਤ ਕਰਨ ਲਈ ਤਕਨਾਲੋਜੀ ਦਾ ਲਾਭ ਉਠਾਉਣ ਦੇ ਮੌਕੇ ਵੀ ਉਪਲਬਧ ਕਰਵਾ ਰਿਹਾ ਹੈ।

ਇਕ ਵਿਦਿਆਰਥਣ ਨੇ ਆਪਣੀ ਘਟਨਾ ਸਾਂਝੀ ਕਰਦਿਆਂ ਦੱਸਿਆ ਕਿ ਇਕ ਦਿਨ ਉਹ ਯੂਨੀਵਰਸਿਟੀ ਤੋਂ ਬੱਸ ਰਾਹੀਂ ਘਰ ਜਾ ਰਹੀ ਸੀ। ਸਭ ਸਵਾਰੀਆਂ ਦੀਆਂ ਅੱਖਾਂ ਆਪਣੇ ਮੋਬਾਈਲਾਂ ਵਿਚ ਗੱਡੀਆਂ ਹੋਈਆਂ ਸਨ। ਉਸ ਲੜਕੀ ਨੇ ਕਿਹਾ ਕਿ ਉਸ ਨੇ ਆਪਣੇ ਆਪ 'ਤੇ ਰੋਕ ਲਾਈ ਹੋਈ ਹੈ ਕਿ ਦਿਨ ਵਿਚ ਕਿੰਨਾ ਸਮਾਂ ਮੋਬਾਈਲ ਨੂੰ ਦੇਣਾ ਹੈ, ਇਸ ਲਈ ਉਹ ਨਾਲ ਬੈਠੀ ਬਜ਼ੁਰਗ ਔਰਤ ਨਾਲ ਗੱਲਾਂ ਕਰਨ ਲੱਗ ਗਈ। ਬਜ਼ੁਰਗ ਔਰਤ ਨੇ ਕਿਹਾ, "ਮੈਂ ਸੋਚਿਆ ਤੂੰ ਵੀ ਸੀਟ 'ਤੇ ਬਹਿ ਕੇ ਮੋਬਾਈਲ ਵੇਖਣ ਲੱਗ ਜਾਵੇਂਗੀ।" ਉਸ ਬਜ਼ੁਰਗ ਮਹਿਲਾ ਨੇ ਬੱਚੀ ਨਾਲ ਪਿਛਲੇ ਸਫ਼ਰਾਂ ਦੇ ਅਨੁਭਵ ਸਾਂਝੇ ਕੀਤੇ ਅਤੇ ਫਿਰ ਘਰ ਵਿਚ ਹੋਈ ਜਵਾਨ ਦੀ ਮੌਤ ਦਾ ਦੁਖ ਸਾਂਝਾ ਕਰਕੇ ਉਸ ਦੀਆਂ ਅੱਖਾਂ ਭਰ ਆਈਆਂ। ਵਿਦਿਆਰਥਣ

ਨੇ ਦੱਸਿਆ ਕਿ ਬੱਸ ਵਿਚੋਂ ਉਤਰਨ ਸਮੇਂ ਬਜ਼ੁਰਗ ਨੇ ਠੰਢਾ ਹਉਕਾ ਭਰਦਿਆਂ ਕਿਹਾ ਸੀ, "ਪੁੱਤ, ਅੱਜ ਕੱਲ੍ਹ ਤਾਂ ਕਿਸੇ ਕੋਲ, ਕਿਸੇ ਨਾਲ ਗੱਲ ਕਰਨ ਦਾ ਟੈਮ ਈ ਨੀ ਪਰ ਤੂੰ ਮੇਰਾ ਦੁੱਖ ਸੁਣਿਆ, ਮੇਰਾ ਮਨ ਹੌਲਾ ਹੋ ਗਿਆ। ਰੱਬ ਤੈਨੂੰ ਭਾਗ ਲਾਵੇ!" ਇਸ ਘਟਨਾ ਨੇ ਉਸ ਵਿਦਿਆਰਥਣ ਅੰਦਰ ਬਜ਼ੁਰਗਾਂ ਨਾਲ ਨੇੜਤਾ ਵਾਲੇ ਸੰਬੰਧ ਬਣਾਉਣ ਦੀ ਅਜਿਹੀ ਜਾਗ ਲਗਾਈ ਕਿ ਉਸ ਨੇ ਸਮਾਜ ਸੇਵਾ ਨੂੰ ਆਪਣਾ ਜੀਵਨ–ਮਕਸਦ ਬਣਾ ਲਿਆ।

ਮਾਨਵੀ ਰਿਸ਼ਤਿਆਂ ਦੇ ਸਬੰਧ ਵਿੱਚ ਨੌਜਵਾਨਾਂ ਦੀ ਭਵਿੱਖੀ ਮਾਨਸਿਕਤਾ ਦੇ ਰੁਝਾਨਾਂ ਦਾ ਅੰਦਾਜ਼ਾ ਲਗਾਉਣ ਲਈ ਸਮਾਜ ਦੇ ਸਭਿਆਚਾਰਕ ਮੁੱਲਾਂ, ਵਿਸ਼ਵਾਸਾਂ ਅਤੇ ਵਿਵਹਾਰ ਵਿਚ ਸਮੇਂ ਦੇ ਨਾਲ ਹੋ ਰਹੀਆਂ ਤਬਦੀਲੀਆਂ ਨੂੰ ਦਰਸਾਉਣ ਵਾਲੇ ਵਿਕਾਸਸ਼ੀਲ ਸਭਿਆਚਾਰਕ ਪੈਰਾਡਾਈਮ ਤਹਿਤ ਖੋਜ ਕਰਨ ਦੀ ਲੋੜ ਹੈ। ਸਿੱਖਿਆ ਪ੍ਰਣਾਲੀ, ਜਲਵਾਯੂ ਪਰਿਵਰਤਨ, ਤਕਨੀਕੀ ਤਰੱਕੀ, ਜਨਸੰਖਿਆ ਪਰਿਵਰਤਨ ਅਤੇ ਸਮਾਜਿਕ-ਰਾਜਨੀਤਿਕ ਵਿਵਸਥਾ ਆਦਿ ਉਹ ਕਾਰਕ ਹਨ ਜੋ ਮਨੁੱਖੀ ਰਿਸ਼ਤਿਆਂ ਪ੍ਰਤੀ ਨੌਜਵਾਨਾਂ ਦੇ ਨਜ਼ਰੀਏ ਨੂੰ ਘੜਨਗੇ। ਸੋ ਜੇ ਉਹ ਇਕ–ਦੂਜੇ ਦਾ ਅਨੁਸਰਨ ਕਰਦੇ–ਕਰਦੇ ਲਗਾਤਾਰ ਸੋਸ਼ਲ ਮੀਡੀਆ ਦੇ ਹੱਦੋਂ–ਵੱਧ ਜ਼ਾਬਤੇ ਵਿਚ ਰਹੇ ਤਾਂ ਨਿੱਜੀ ਜੀਵਨ ਨੂੰ ਹੋਰ ਵਿਕਰਾਲ ਪ੍ਰਸਥਿਤੀਆਂ ਵਿਚ ਪਾ ਲੈਣਗੇ। ਜਦੋਂ ਕਿ ਵਿਵਹਾਰਕ ਗਿਆਨ ਵਾਲੀ ਸਿੱਖਿਆ ਦੇ ਪ੍ਰਯਤਨ, ਮਾਨਸਿਕ ਸਿਹਤ ਪ੍ਰਤਿ ਜਾਗਰੂਕਤਾ, ਸਿਆਣਿਆਂ ਦੀ ਸੰਗਤ ਅਤੇ ਸਮਾਜਿਕ ਸਰਗਰਮੀਆਂ ਵਾਲੇ ਉਪਰਾਲੇ ਵਧੇਰੇ ਹਮਦਰਦੀ, ਵਿਸ਼ਾਲ ਅਤੇ ਟਿਕਾਊ ਮਨੁੱਖੀ ਸਬੰਧਾਂ ਵਲ ਜਾਣ ਵਾਲੇ ਰਸਤੇ 'ਤੇ ਪਾ ਸਕਦੇ ਹਨ।

ਸਮੁੱਚੀ ਚਰਚਾ ਉਪਰੰਤ ਕਿਹਾ ਜਾ ਸਕਦਾ ਹੈ ਕਿ ਮਨੁੱਖੀ ਰਿਸ਼ਤਿਆਂ ਦੇ ਸੰਦਰਭ ਵਿੱਚ ਨੌਜਵਾਨ ਪੀੜ੍ਹੀ ਦੀ ਮਾਨਸਿਕ ਅਸਥਿਰਤਾ ਦੇ ਵੱਖ-ਵੱਖ ਰੁਝਾਨਾਂ ਦੀ ਵਿਗਿਆਨਿਕ ਜਾਂਚ ਅਤੇ ਉਚਿਤ ਉਪਚਾਰ ਕਰਨਾ ਸੰਗਠਿਤ ਅਤੇ ਅਤੇ ਲਚਕੀਲੇ ਸਮਾਜ ਦੇ ਵਿਕਾਸ ਲਈ ਜ਼ਰੂਰੀ ਹੈ। ਇਨ੍ਹਾਂ ਰੁਝਾਨਾਂ ਦੀ ਸੂਝ–ਬੂਝ ਨਾਲ ਪਛਾਣ ਕਰਕੇ ਅਤੇ ਨੌਜਵਾਨਾਂ ਵਿਚ ਭਵਿੱਖ-ਮੁਖੀ ਸਕਾਰਾਤਮਕ ਵਿਵਹਾਰ ਉਤਪੰਨ ਕਰਕੇ ਉਨ੍ਹਾਂ ਨੂੰ ਦਰਪੇਸ਼ ਚੁਣੌਤੀਆਂ ਦਾ ਹੱਲ ਕੀਤਾ ਜਾ ਸਕਦਾ ਹੈ। ਇਸ ਪ੍ਰਕਿਰਿਆ ਰਾਹੀਂ ਉਸਾਰੂ ਅਤੇ ਅੰਤਰ–ਸੰਬੰਧਿਤ ਰਿਸ਼ਤਿਆਂ ਦੀ ਸਥਾਪਨਾ ਲਈ ਬੁਨਿਆਦ ਤਿਆਰ ਕੀਤੀ ਜਾ ਸਕਦੀ ਹੈ। ਵਿਕਾਸ ਦੀ ਇਸ ਯਾਤਰਾ ਵਿਚ ਅਨੁਭਵ-ਆਧਾਰਤ ਸਿੱਖਿਆ, ਰਿਸ਼ਤੇਦਾਰੀਆਂ ਦਾ ਨਿਭਾਓ, ਖੇਡਾਂ ਅਤੇ ਰਚਨਾਤਮਕ ਗਤੀਵਿਧੀਆਂ ਨੌਜਵਾਨਾਂ ਲਈ ਲਾਭਕਾਰੀ ਸਾਬਤ ਹੋ ਸਕਦੀਆਂ ਹਨ।

ਜੇਕਰ ਨੌਜਵਾਨ ਪੀੜ੍ਹੀ ਨੂੰ ਅਜਿਹੇ ਸਮਾਜਿਕ ਅਨੁਭਵ ਤੋਂ ਵਾਂਝਿਆਂ ਰੱਖਿਆ ਗਿਆ ਤਾਂ ਭਵਿੱਖ ਦੀ ਪੀੜ੍ਹੀ ਮਸਨੂਈ ਬੁੱਧੀ ਅਤੇ ਸੋਸ਼ਲ ਮੀਡੀਆ ਦੇ ਪ੍ਰਭਾਵ ਅਧੀਨ ਅਕ੍ਰਿਆਸ਼ੀਲ ਅਤੇ ਸੰਪੂਰਨ ਨਿਰਭਰ ਬਣ ਸਕਦੀ ਹੈ, ਜਿਸ ਨਾਲ ਨੈਤਿਕ ਪਤਨ ਅਤੇ ਅਪਰਾਧ ਵਧ ਸਕਦੇ ਹਨ। ਮਨੁੱਖੀ ਸੰਬੰਧਾਂ ਨੂੰ ਮਜ਼ਬੂਤ ਬਣਾਉਣ ਅਤੇ ਨੌਜਵਾਨਾਂ ਨੂੰ ਮਾਨਵੀ–ਮੁੱਲਾਂ ਦੀ ਸਮਝ ਦੇਣ ਲਈ ਪਰਿਵਾਰਕ ਪੱਧਰ 'ਤੇ ਮੇਲ–ਮਿਲਾਪ, ਸਾਂਝੀ ਪਕਵਾਨ-ਸੰਸਕ੍ਰਿਤੀ, ਬੱਚਿਆਂ ਦੀਆਂ ਪਸੰਦੀਦਾ ਗਤੀਵਿਧੀਆਂ, ਕੁਦਰਤ ਨਾਲ ਸਾਂਝ, ਬਜ਼ੁਰਗਾਂ ਨਾਲ ਸੰਵਾਦ, ਸੈਰ–ਸਪਾਟਾ, ਬਾਗਬਾਨੀ, ਪ੍ਰਸਿੱਧ ਹਸਤੀਆਂ ਨਾਲ ਮੁਲਾਕਾਤਾਂ ਅਤੇ ਸਮਾਜਿਕ–ਜਾਗਰੂਕਤਾ ਵਾਲੇ ਸੈਮੀਨਾਰ, ਵਰਕਸ਼ਾਪ ਅਤੇ ਸਮਾਗਮ ਆਦਿ ਬਹੁਤ ਹੀ ਅਹਿਮ ਹਨ। ਯਾਦਗਾਰੀ ਪਲਾਂ ਦੀ ਸਾਂਝ ਵੀਡੀਓ ਕਾਲ ਜਾਂ ਡਿਜੀਟਲ ਮਾਧਿਅਮ ਰਾਹੀਂ ਕੀਤੀ ਜਾ ਸਕਦੀ ਹੈ, ਪਰ ਆਹਮੋ–ਸਾਹਮਣੇ ਸੰਪਰਕ ਰਾਹੀਂ ਪ੍ਰਾਪਤ ਹੋਣ ਵਾਲੀ ਸੰਵੇਦਨਾਤਮਕ ਨਿਕਟਤਾ ਦਾ ਤਕਨਾਲੋਜੀ ਬਦਲ ਨਹੀਂ ਬਣ ਸਕਦੀ। ਇਸ ਦਿਸ਼ਾ ਵਿੱਚ ਜੇ ਵਿਅਕਤੀਗਤ ਅਤੇ ਸਾਂਝੇ ਪੱਧਰ 'ਤੇ ਗੰਭੀਰ ਉਪਰਾਲੇ ਨਾ ਕੀਤੇ ਗਏ, ਤਾਂ ਭਵਿੱਖ ਵਿੱਚ ਨਸ਼ਾ ਛੁਡਾਊ ਕੇਂਦਰਾਂ, ਮੁੜ–ਵਸੇਬਾ ਕੇਂਦਰਾਂ ਅਤੇ ਬਜ਼ੁਰਗ ਆਸ਼ਰਮਾਂ ਵਾਂਗ ਮੋਬਾਈਲ-ਮੁਕਤੀ ਕੇਂਦਰ, ਚਿੰਤਾ-ਮੁਕਤੀ ਕੇਂਦਰ ਅਤੇ ਮਨੋਵਿਗਿਆਨਕ ਪੁਨਰਵਾਸ ਸੰਸਥਾਵਾਂ ਦੀ ਲੋੜ ਅਤੇ ਉਨ੍ਹਾਂ ਦਾ ਸੰਚਾਲਨ ਇੱਕ ਆਮ ਰੁਝਾਨ ਬਣ ਜਾਵੇਗਾ।

## ਹਵਾਲੇ ਅਤੇ ਟਿੱਪਣੀਆਂ


1. ਅਜਮੇਰ ਕਵੈਂਟਰੀ, ਸੰਤਾਨ ਤੇ ਮਾਪੇ, ਤੁਸੀਂ ਅਤੇ ਤੁਹਾਡੇ ਬੱਚੇ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1992, ਪੰਨਾ 15
2. ਸਤਿੰਦਰ ਔਲਖ (ਡਾ.), ਮਨੋਵਿਸ਼ਲੇਸ਼ਣ ਅਤੇ ਪੰਜਾਬੀ ਲੋਕਧਾਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019, ਪੰਨਾ 95

ISSN: 2584-0509


# ਵਣਜਾਰਾ ਬੇਦੀ ਦੀ ਕਾਵਿ ਦ੍ਰਿਸ਼ਟੀ



ਡਾ.ਮੋਹਨ ਸਿੰਘ ਤਿਆਗੀ
ਸਹਾਇਕ ਪ੍ਰੋਫ਼ੈਸਰ,
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।
+91 98144-79150

ਵਣਜਾਰਾ ਬੇਦੀ ਨੇ ਆਪਣੀ ਸਾਹਿਤ ਸਿਰਜਣਾ ਦਾ ਆਰੰਭ ਕਾਵਿ ਸਿਰਜਣਾ ਤੋਂ ਕੀਤਾ। ਉਨ੍ਹਾਂ ਨੇ ਆਪਣੇ ਚਾਰ ਕਾਵਿ-ਸੰਗ੍ਰਿਹਾਂ ਦੁਆਰਾ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਬੜਾ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਦੀ ਕਵਿਤਾ ਸਰੋਕਾਰਾਂ ਦੀ ਪੱਧਰ ਤੇ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਬੜਾ ਉਚੇਰਾ ਸਥਾਨ ਰੱਖਦੀ ਹੈ। ਉਨ੍ਹਾਂ ਦਾ ਪਹਿਲਾ ਕਾਵਿ-ਸੰਗ੍ਰਹਿ 'ਖੁਸ਼ਬੂਆਂ' (1944), ਦੂਜਾ ਕਾਵਿ-ਸੰਗ੍ਰਹਿ 'ਕੰਵਲ ਪੱਤੀਆਂ' (1956), ਤੀਜਾ ਕਾਵਿ-ਸੰਗ੍ਰਹਿ 'ਪਾਣੀ ਅੰਦਰ ਲੀਕ' (1965) ਅਤੇ ਚੌਥਾ ਕਾਵਿ-ਸੰਗ੍ਰਹਿ 'ਮੇਰੀ ਕਲਮ ਦਾ ਨੂਰ' (1999) ਵਿੱਚ ਪ੍ਰਕਾਸ਼ਿਤ ਹੋਇਆ। ਜੇਕਰ ਵੇਖਿਆ ਜਾਵੇ ਤਾਂ ਕਵਿਤਾ ਆਦਿ ਕਾਲ ਤੋਂ ਹੀ ਮਨੁੱਖ ਦੇ ਨਾਲ ਨਾਲ ਚਲਦੀ ਆਈ ਹੈ। ਦੁਨੀਆਂ ਦੇ ਪ੍ਰਸਿੱਧ ਗ੍ਰੰਥ ਕਵਿਤਾ ਦੀ ਸੂਖ਼ਮ ਅਤੇ ਖ਼ੂਬਸੂਰਤ ਭਾਸ਼ਾ ਵਿੱਚ ਹੀ ਲਿਖੇ ਗਏ ਹਨ। ਭਾਰਤ ਵਿੱਚ ਕਵਿਤਾ ਦੀ ਬੜੀ ਅਮੀਰ ਪਰੰਪਰਾ ਰਹੀ ਹੈ। ਸਾਡੇ ਲਗਭਗ ਸਾਰੇ ਧਰਮ ਗ੍ਰੰਥ ਵੀ ਕਵਿਤਾ ਵਿੱਚ ਹੀ ਰਚੇ ਗਏ ਹਨ। ਇੱਥੋਂ ਤੱਕ ਕਿ ਸਾਡੇ ਪ੍ਰਸਿੱਧ ਮਹਾਂਕਾਵਿ ਵੀ ਵਿਸ਼ਵ ਕਵਿਤਾ ਦਾ ਉੱਤਮ ਨਮੂਨਾ ਹਨ। ਜਿਸ ਵੇਲੇ ਵਣਜਾਰਾ ਬੇਦੀ ਨੇ ਆਪਣੀ ਕਾਵਿ ਸਿਰਜਣਾ ਸ਼ੁਰੂ ਕੀਤੀ, ਉਸ ਸਮੇਂ ਆਧੁਨਿਕ ਪੰਜਾਬੀ ਕਵਿਤਾ ਆਪਣੀ ਸਿਖਰ ਤੇ ਪਹੁੰਚ ਚੁੱਕੀ ਸੀ। ਇਸ ਦੌਰ ਵਿੱਚ ਭਾਈ ਵੀਰ ਸਿੰਘ ਜਿੱਥੇ ਰੱਬੀ ਇਸ਼ਕ ਅਤੇ ਅਧਿਆਤਮਕ ਰੰਗਣ ਵਾਲੀ ਕਵਿਤਾ ਵਿੱਚ ਚੰਗੀ ਪ੍ਰਸਿੱਧੀ ਹਾਸਲ ਕਰ ਚੁੱਕੇ ਸਨ, ਉਸਦੇ ਨਾਲ ਹੀ ਉਸਦੇ ਕਈ ਹੋਰ ਸਮਕਾਲੀ ਕਵੀ ਇਨਕਲਾਬੀ ਕਵਿਤਾ ਦੀ ਰਚਨਕਾਰੀ ਵੀ ਕਰ ਰਹੇ ਸਨ। ਇਸ ਵਿੱਚੋਂ ਬਹੁਤੀ ਕਵਿਤਾ ਦੇਸ਼ ਦੀ ਆਜ਼ਾਦੀ ਲਈ ਚੱਲਦੇ ਸੰਗਰਾਮ ਨਾਲ ਜੁੜੀ ਹੋਈ ਹੈ, ਜਿਸਦਾ ਮੁੱਖ ਆਸ਼ਾ ਦੇਸ਼ ਨੂੰ ਆਜ਼ਾਦ ਕਰਾਉਣਾ ਸੀ। ਇਸਦੇ ਨਾਲ ਹੀ ਬਹੁਤ ਸਾਰੀ ਕਵਿਤਾ ਵਿਚਾਰਧਾਰਕ ਤੌਰ ਤੇ ਸਮਾਜਿਕ ਪ੍ਰਤੀਬੱਧਤਾ ਦਾ ਪ੍ਰਗਟਾਵਾ ਵੀ ਕਰਦੀ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਕਵੀ ਆਪਣੇ ਹੋਂਦਮੂਲਕ ਮਸਲਿਆਂ, ਪਿਆਰ ਦੇ ਸੰਕਲਪ ਅਤੇ ਪੱਛਮ ਦੇ ਪ੍ਰਭਾਵ ਅਧੀਨ ਰੋਮਾਂਸਵਾਦੀ-ਪ੍ਰਗਤੀਸ਼ੀਲ ਸਰੋਕਾਰਾਂ ਵਾਲੀ ਕਵਿਤਾ ਦੀ ਰਚਨਾ ਕਰ ਰਹੇ ਸਨ। ਇਨ੍ਹਾਂ ਹੀ ਸਮਿਆਂ ਵਿੱਚ ਪ੍ਰਕ੍ਰਿਤੀ ਦਾ ਚਿਤਰਣ ਅਤੇ ਨਾਰੀਵਾਦੀ ਪਾਸਾਰ ਕਵਿਤਾ ਵਿੱਚ ਮਹੱਤਵਪੂਰਨ ਕਾਵਿ-ਵਸਤੂ ਦੇ ਰੂਪ ਵਿੱਚ ਪ੍ਰਵੇਸ਼ ਕਰਦਾ ਹੈ। ਇਸ ਉਪਰੰਤ ਪੰਜਾਬੀ ਕਵਿਤਾ ਜਿਵੇਂ-ਜਿਵੇਂ ਅੱਗੇ ਵਧਦੀ ਜਾਂਦੀ ਹੈ, ਇਸ ਦੀ ਪ੍ਰਕ੍ਰਿਤੀ ਹੋਰ ਵੀ ਜਟਿਲ ਅਤੇ ਬਹੁਪਰਤੀ ਹੁੰਦੀ ਜਾਂਦੀ ਹੈ। ਇਹ ਉਹ ਸਮਾਂ ਹੈ ਜਦ ਆਜ਼ਾਦੀ ਉਪਰੰਤ ਪੰਜਾਬੀ ਕਵਿਤਾ ਵੱਖ-ਵੱਖ ਰਾਜਨੀਤਕ

ਲਹਿਰਾਂ ਅਤੇ ਸਾਹਿਤਕ ਝੁਕਾਵਾਂ ਦਾ ਪ੍ਰਭਾਵ ਕਬੂਲਦੀ ਹੈ ਅਤੇ ਨਾਲ ਹੀ ਇਸ ਵਿੱਚ ਖਿੱਤਾਗਤ ਚੇਤਨਾ ਵੀ ਪ੍ਰਬਲ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ। ਭਾਈ ਵੀਰ ਸਿੰਘ, ਪ੍ਰੋ.ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਧਨੀ ਰਾਮ ਚਾਤ੍ਰਿਕ, ਪ੍ਰੀਤਮ ਸਿੰਘ ਸਫ਼ੀਰ, ਬਾਵਾ ਬਲਵੰਤ, ਡਾ.ਦੀਵਾਨ ਸਿੰਘ ਕਾਲੇਪਾਣੀ ਅਤੇ ਅੰਮ੍ਰਿਤਾ ਪ੍ਰੀਤਮ ਪੰਜਾਬੀ ਕਵਿਤਾ ਦੇ ਪਹਿਲੇ ਪੜਾਅ ਦੇ ਬਹੁਚਰਚਿਤ ਰਚਨਾਕਾਰ ਹਨ। ਵਣਜਾਰਾ ਬੇਦੀ ਦਾ ਸਬੰਧ ਵੀ ਇਸੇ ਕਾਵਿਧਾਰਾ ਨਾਲ ਹੈ। ਇਸ ਦੌਰ ਦੀ ਬਹੁਤ ਸਾਰੀ ਕਵਿਤਾ ਆਪਣੇ ਨਿੱਜੀ ਵਲਵਲਿਆਂ, ਪਿਆਰ ਸਬੰਧਾਂ ਅਤੇ ਮਾਨਵੀ ਜੀਵਨ ਦੇ ਰੂਹਾਨੀ ਮਸਲਿਆਂ ਨੂੰ ਆਧਾਰ ਬਣਾ ਕੇ ਚਲਦੀ ਹੈ। ਵਣਜਾਰਾ ਬੇਦੀ ਦੀ ਕਵਿਤਾ ਵੀ ਇਨ੍ਹਾਂ ਕਾਵਿ-ਸਰੋਕਾਰਾਂ ਨੂੰ ਪ੍ਰਬਲ ਰੂਪ ਵਿੱਚ ਗ੍ਰਹਿਣ ਕਰਦੀ ਹੋਈ ਅਗਾਂਹ ਤੁਰਦੀ ਹੋਈ ਨਜ਼ਰ ਆਉਂਦੀ ਹੈ। ਉਨ੍ਹਾਂ ਦਾ ਪਹਿਲਾ ਕਾਵਿ-ਸੰਗ੍ਰਹਿ 'ਖੁਸ਼ਬੂਆਂ' (1944) ਵਿੱਚ ਪ੍ਰਕਾਸ਼ਿਤ ਹੋਇਆ। ਜਿਸ ਵੇਲੇ ਉਨ੍ਹਾਂ ਨੇ ਆਪਣੀ ਕਾਵਿ ਸਿਰਜਣਾ ਆਰੰਭ ਕੀਤੀ ਉਸ ਸਮੇਂ ਪੰਜਾਬੀ ਕਵਿਤਾ ਹੋਲ਼ੀ ਹੋਲ਼ੀ ਅਧਿਆਤਮਵਾਦੀ ਘੇਰੇ ਤੋਂ ਮੁਕਤ ਹੋ ਰਹੀ ਸੀ। ਇਹ ਕਵਿਤਾ ਸਮਕਾਲੀ ਮਸਲਿਆਂ ਅਤੇ ਚੁਣੌਤੀਆਂ ਵੱਲ ਜ਼ਿਆਦਾ ਸੇਧਿਤ ਹੋ ਰਹੀ ਸੀ। ਇਸ ਨਾਲ ਹੀ ਦਰਪੇਸ਼ ਸੰਕਟਾਂ ਅਤੇ ਚੁਣੌਤੀਆਂ ਕਾਰਨ ਇਸ ਕਵਿਤਾ ਦਾ ਸਿਰਜਨ ਦਾਇਰਾ ਹੋਰ ਵੀ ਵਸੀਹ ਹੋ ਰਿਹਾ ਸੀ। ਜੇਕਰ ਵੇਖਿਆ ਜਾਵੇ ਤਾਂ ਇਸ ਦੌਰ ਦਾ ਹਰ ਕਵੀ ਸਰੋਕਾਰਾਂ ਅਤੇ ਦ੍ਰਿਸ਼ਟੀ ਪੱਖੋਂ ਆਪਣੀ ਵੱਖਰੀ ਪਹੁੰਚ ਅਤੇ ਪਛਾਣ ਰੱਖਦਾ ਹੈ। ਵਣਜਾਰਾ ਬੇਦੀ ਦੇ ਪਹਿਲੇ ਕਾਵਿ-ਸੰਗ੍ਰਹਿ 'ਖੁਸ਼ਬੂਆਂ' ਦੇ ਕਾਵਿ-ਸਰੋਕਾਰ ਪ੍ਰਮੁੱਖ ਤੌਰ ਤੇ ਪਿਆਰ ਦੇ ਜ਼ਜ਼ਬੇ ਨਾਲ ਸਬੰਧਿਤ ਹਨ। ਇਸਦੇ ਨਾਲ ਹੀ ਇਸ ਵਿੱਚ ਅਧਿਆਤਮਵਾਦੀ ਮਸਲੇ ਅਤੇ ਸਮਕਾਲ ਦੀਆਂ ਵੰਗਾਰਾਂ ਮੂਲ ਸਰੋਕਾਰਾਂ ਦੇ ਰੂਪ ਵਿੱਚ ਪੇਸ਼ ਹੁੰਦੀਆਂ ਹਨ। ਇਸ ਕਵਿਤਾ ਵਿੱਚ ਬੇਦੀ ਇੱਕ ਕਵੀ ਵੱਜੋਂ ਪ੍ਰਕ੍ਰਿਤੀ ਦੇ ਸਦੀਵੀ ਸੰਗੀਤ ਤੋਂ ਲੈ ਕੇ ਇਸਦੀ ਵਿਨਾਸ਼ਕਾਰੀ ਲੀਲ੍ਹਾ ਨੂੰ ਵੀ ਸਮਝਣ ਦਾ ਯਤਨ ਕਰਦਾ ਹੈ। ਇਸ ਤਰ੍ਹਾਂ ਉਹ ਕੁਦਰਤ ਤੋਂ ਕਾਦਰ ਤੀਕ ਪਹੁੰਚ ਕਰਦਾ ਹੋਇਆ, ਇਸਦੇ ਗੁੱਝੇ ਰਹੱਸਾਂ ਨੂੰ ਸਮਝਣ ਲਈ ਯਤਨਸ਼ੀਲ ਹੈ। ਇਸ ਦੇ ਨਾਲ ਹੀ ਇਸ ਕਵਿਤਾ ਵਿੱਚ ਮਨੁੱਖ ਦੇ ਅਸਤਿਤਵਾਦੀ ਮਸਲੇ ਅਤੇ ਸਵਾਲ ਵੀ ਗਹਿਰੀ ਕਵਿਤਾ ਵਿੱਚ ਢਲਕੇ ਪੇਸ਼ ਹੁੰਦੇ ਹਨ। ਇੱਥੇ ਕਵੀ ਆਪਣੇ ਹੋਂਦਮੂਲਕ ਪਾਸਾਰਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਕੁਦਰਤ ਦੀ ਮਹਾਂਯਾਤਰਾ ਅਤੇ ਮਹਾਂਸੰਗੀਤ ਵਿੱਚ ਸ਼ਾਮਿਲ ਹੋਣ ਦਾ ਯਤਨ ਕਰਦਾ ਹੈ। ਬੇਦੀ ਦੀ ਕਵਿਤਾ ਕਿਸੇ ਸਮਕਾਲੀ ਵਾਦ ਨਾਲ ਨਹੀਂ ਜੋੜੀ ਜਾ ਸਕਦੀ। ਇਹ ਕਵਿਤਾ ਮਨੁੱਖੀ ਮਨ ਦੇ ਵੱਖ ਵੱਖ ਰੰਗਾਂ ਅਤੇ ਪ੍ਰਸਥਿਤੀਆਂ ਨਾਲ

ਜੁੜੀ ਹੋਈ ਹੈ। ਕਵੀ ਸੰਵਾਦ ਦੀ ਸ਼ਕਤੀਸ਼ਾਲੀ ਜੁਗਤ ਅਪਣਾਉਂਦਾ ਹੋਇਆ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕਰਦਾ ਹੈ। ਉਹ ਬਹੁਤ ਸਾਰੇ ਸਮਾਜਿਕ-ਸੱਭਿਆਚਾਰਕ ਦਵੰਦਾਂ ਵਿੱਚ ਵਿਚਰਦਾ ਹੋਇਆ, ਇਨ੍ਹਾਂ ਦਵੰਦਮਈ ਪ੍ਰਸਥਿਤੀਆਂ ਤੋਂ ਪਾਰ ਜਾਣ ਦਾ ਯਤਨ ਕਰਦਾ ਹੈ। ਇਹ ਕਵਿਤਾ ਰੁਮਾਂਸ ਅਤੇ ਯਥਾਰਥ ਦਰਮਿਆਨ ਵਿਚਰਦੀ ਹੋਈ ਮਾਨਵੀ ਜੀਵਨ ਦੇ ਵੱਖ ਵੱਖ ਪਾਸਾਰਾਂ ਤੋਂ ਜਾਣੂ ਕਰਵਾਉਂਦੀ ਹੈ। ਜੇਕਰ ਵੇਖਿਆ ਜਾਵੇ ਤਾਂ ਸਾਰੀ ਦੀ ਸਾਰੀ ਰੁਮਾਂਸਵਾਦੀ ਕਵਿਤਾ ਦਾ ਧਰਾਤਲ ਹੀ ਇਸੇ ਗੱਲ ਤੇ ਉੱਸਰਿਆ ਹੋਇਆ ਹੈ। ਇਹ ਕਵਿਤਾ ਪ੍ਰੀਤ ਫਲਸਫ਼ੇ ਨੂੰ ਆਪਣੀ ਮੂਲ ਆਧਾਰਸ਼ਿਲਾ ਬਣਾਉਂਦੀ ਹੋਈ, ਇਸਦੇ ਵੱਖ ਵੱਖ ਪਾਸਾਰਾਂ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਜੇਕਰ ਵੇਖਿਆ ਜਾਵੇ ਤਾਂ ਪਿਆਰ ਮਨੁੱਖੀ ਜੀਵਨ ਦਾ ਮੂਲ ਜਜ਼ਬਾ ਹੈ। ਇਹ ਇੱਕ ਕਿਸਮ ਦੀ ਜੀਵਨ ਰੂਪੀ ਉਰਜਾ ਹੈ, ਜਿਸ ਤੋਂ ਬਿਨ੍ਹਾਂ ਮਨੁੱਖ ਨਿਰਜੀਵ ਵਸਤ ਵਿੱਚ ਬਦਲ ਜਾਂਦਾ ਹੈ। ਅੰਗਰੇਜ਼ੀ ਕਵਿਤਾ ਦੇ ਪ੍ਰਸਿੱਧ ਕਵੀਆਂ ਵਰਡਜ਼ਵਰਥ, ਐਸ.ਟੀ ਕੋਲਰਿਜ, ਸ਼ੈਲੀ ਅਤੇ ਕੀਟਸ ਨੇ ਪਿਆਰ ਜਜ਼ਬੇ ਵਿੱਚੋਂ ਹੀ ਬੜੀ ਸ਼ਕਤੀਸ਼ਾਲੀ ਕਵਿਤਾ ਦੀ ਸਿਰਜਣਾ ਕੀਤੀ ਹੈ। ਪੰਜਾਬੀ ਵਿੱਚ ਇਸੇ ਭਾਵ-ਸੰਸਾਰ ਨੂੰ ਲੈ ਕੇ ਸ਼ਿਵ ਕੁਮਾਰ ਦਾ ਕੋਈ ਸਾਨੀ ਨਹੀਂ ਹੈ। ਪੰਜਾਬੀ ਵਿੱਚ ਪਿਆਰ ਰੂਪੀ ਕੋਮਲ ਜਜ਼ਬੇ ਦੇ ਇਰਦ ਗਿਰਧ ਬਹੁਤ ਸਾਰੀ ਕਵਿਤਾ ਰਚੀ ਗਈ ਹੈ। ਪੰਜਾਬੀ ਵਿੱਚ ਗੀਤ ਕਾਵਿ ਰੂਪ ਇਸ ਤੱਥ ਦੀ ਗਵਾਹੀ ਭਰਦਾ ਹੈ। ਜਦ ਵਣਜਾਰਾ ਬੇਦੀ ਆਪਣੀ ਕਵਿਤਾ ਵਿੱਚ ਪਿਆਰ ਦੇ ਜਜ਼ਬੇ ਦੀ ਗੱਲ ਕਰਦਾ ਹੈ ਤਾਂ ਉਸਦੇ ਸ਼ਬਦਾਂ ਵਿੱਚ ਪਿਆਰ ਸਮੁੰਦਰ ਦੀਆਂ ਲਹਿਰਾਂ ਵਾਂਗ ਠਾਠਾਂ ਮਾਰਦਾ ਨਜ਼ਰ ਆਉਂਦਾ ਹੈ-

ਆਪੇ ਨੂੰ ਕੋਈ ਕਿਵੇਂ ਪਛਾਣੇ
ਇਸ਼ਕ ਬਿਨਾਂ ਨਹੀਂ ਮਿਲਣੀ ਢੋਈ [1]

ਵਣਜਾਰਾ ਬੇਦੀ ਦੀ ਕਵਿਤਾ ਜਿਵੇਂ-ਜਿਵੇਂ ਅੱਗੇ ਵਧਦੀ ਜਾਂਦੀ ਹੈ, ਤਿਵੇਂ ਤਿਵੇਂ ਇਹ ਹੋਰ ਵੀ ਗਹਿਰੀ ਅਤੇ ਗੰਭੀਰ ਹੁੰਦੀ ਜਾਂਦੀ ਹੈ। ਉਹ ਆਪਣੀ ਕਵਿਤਾ ਵਿੱਚ ਜਿੱਥੇ ਉੱਚੇ ਅੰਬਰੀ ਉੱਡਣਾ ਲੋਚਦਾ ਹੈ, ਉਸਦੇ ਨਾਲ ਹੀ ਜੀਵਨ ਦੇ ਅਸਲ ਯਥਾਰਥ ਅਤੇ ਸਮਾਜਿਕ ਸੀਮਾਵਾਂ ਤੋਂ ਵੀ ਭਲੀਭਾਂਤ ਜਾਣੂ ਹੈ। ਜੇਕਰ ਇਸ ਕਵਿਤਾ ਵਿੱਚ ਪਿਆਰ-ਮੁਹੱਬਤ ਦੀ ਪ੍ਰਬਲ ਤਾਂਘ ਨਜ਼ਰ ਆਉਂਦੀ ਹੈ ਤਾਂ ਕਵੀ ਇਸ ਵੇਗਮਈ ਜਜ਼ਬੇ ਲਈ ਹਰ ਮੁੱਲ ਤਾਰਨ ਨੂੰ ਵੀ ਤਿਆਰ ਰਹਿੰਦਾ ਹੈ। ਉਹ ਕਿਸੇ ਵੀ ਕੀਮਤ ਦੇ ਪਿਆਰ ਦੇ ਪਲ ਮਾਣਣਾ ਚਾਹੁੰਦਾ ਹੈ, ਇਸ ਲਈ ਉਹ ਆਪਾ ਕੁਰਬਾਨ ਕਰਨ ਨੂੰ ਵੀ ਤਿਆਰ ਹੈ। ਇਸ ਕਵਿਤਾ ਵਿੱਚ ਪਿਆਰ ਦੇ ਨਿੱਕੇ

ਨਿੱਕੇ ਅਹਿਸਾਸ ਵੀ ਗਹਿਰੀ ਕਾਵਿਕਤਾ ਦਾ ਪ੍ਰਗਟਾਵਾ ਕਰ ਦਿੰਦੇ ਹਨ। ਕਵੀ ਇਨ੍ਹਾਂ ਰਹੱਸਮਈ ਅਤੇ ਵਿਸਮਾਦੀ ਝਲਕਾਰਿਆਂ ਨੂੰ ਮਾਣਦਾ ਹੋਇਆ ਅਥਾਹ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ। ਪਿਆਰ ਉਸ ਲਈ ਮਹਿਜ਼ ਇੱਕ ਵਲਵਲਾ ਹੀ ਨਹੀਂ ਸਗੋਂ ਬ੍ਰਹਿਮੰਡ ਨਾਲ ਸਾਂਝ ਪਾਉਣ ਦ ਇੱਕ ਜ਼ਰੀਆ ਵੀ ਹੈ। ਇਸ ਤਰ੍ਹਾਂ ਇਹ ਕਵਿਤਾ ਇਸ਼ਕ ਮਜਾਜੀ ਤੋਂ ਇਸ਼ਕ ਹਕੀਕੀ ਵੱਲ ਮੋੜਾ ਕਟਦੀ ਹੋਈ ਕਵੀ ਦੀ ਵਿਲੱਖਣ ਅਤੇ ਗੰਭੀਰ ਦ੍ਰਿਸ਼ਟੀ ਦਾ ਪ੍ਰਗਟਾਵਾ ਕਰਦੀ ਹੈ। ਜੇਕਰ ਬੇਦੀ ਦੀ ਸਮੁੱਚੀ ਕਵਿਤਾ ਦਾ ਜਰਾ ਗਹੁ ਨਾਲ ਅਧਿਐਨ ਕੀਤਾ ਜਾਵੇ ਤਾਂ ਇਸ ਤੇ ਮੱਧਕਾਲੀ ਕਾਵਿ ਧਾਰਾ ਦਾ ਪ੍ਰਭਾਵ ਸਪੱਸ਼ਟ ਰੂਪ ਵਿੱਚ ਵੇਖਿਆ ਜਾ ਸਕਦਾ ਹੈ। ਇਹ ਕਵਿਤਾ ਬੀਜ ਰੂਪ ਵਿੱਚ ਮੱਧਕਾਲੀ ਕਾਵਿ ਤੋਂ ਆਪਣਾ ਧਰਾਤਲ ਗ੍ਰਹਿਣ ਕਰਦੀ ਹੋਈ, ਆਧੁਨਿਕ ਦੌਰ ਵਿੱਚ ਪ੍ਰਵੇਸ਼ ਕਰਦੀ ਹੈ, ਜਿੱਥੋਂ ਇਸਦੀ ਦ੍ਰਿਸ਼ਟੀ ਅਤੇ ਮੁਹਾਵਰੇ ਵਿੱਚ ਕਾਫ਼ੀ ਤਬਦੀਲੀ ਅਤੇ ਪਰਿਵਰਤਨ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਉਹ ਸਮਾਂ ਹੈ ਜਦ ਇਸ ਕਵਿਤਾ ਵਿੱਚ ਆਧੁਨਿਕਤਾ ਦਾ ਅੰਸ਼ ਭਾਰੂ ਹੋਣ ਲੱਗਦਾ ਹੈ। ਇਨ੍ਹਾਂ ਸਮਿਆਂ ਦੌਰਾਨ ਬੇਦੀ ਵੱਲੋਂ ਰਚੇ ਗਏ ਗੀਤ ਵੀ ਲੋਕ ਗੀਤਾਂ ਵਰਗਾ ਪ੍ਰਭਾਵ ਸਿਰਜਦੇ ਹਨ। ਇਸ ਤਰ੍ਹਾਂ ਵਣਜਾਰਾ ਬੇਦੀ ਦੀ ਪਹਿਲੀ ਕਾਵਿ-ਪੁਸਤਕ 'ਖੁਸ਼ਬੂਆਂ' ਵਿੱਚ ਜਿੱਥੇ ਵਾਰ ਵਾਰ ਭਾਵਾਂ ਅਤੇ ਜਜ਼ਬਿਆਂ ਦਾ ਦੁਹਰਾਓ ਦ੍ਰਿਸ਼ਟੀਗੋਚਰ ਹੁੰਦਾ ਹੈ, ਉਸਦੇ ਨਾਲ ਹੀ ਕਿਤੇ ਕਿਤੇ ਪ੍ਰਪੱਕ ਅਤੇ ਪ੍ਰਮਾਣਿਕ ਖਿਆਲਾਂ ਦੀ ਘਾਟ ਵੀ ਰੜਕਦੀ ਹੈ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਬੇਦੀ ਦੀ ਕਵਿਤਾ ਮਾਨਵੀ ਜੀਵਨ ਦੀਆਂ ਮੂਲ ਭਾਵਨਾਵਾਂ, ਸੁਪਨਿਆਂ ਅਤੇ ਅਕਾਂਖਿਆਵਾਂ ਨਾਲ ਵਾਬਸਤਾ ਹੈ। ਪਰ ਇਹ ਇਕੱਲੀ ਸੁਪਨਈ ਅੰਬਰਾਂ ਵਿੱਚ ਹੀ ਨਹੀਂ ਵਿਚਰਦੀ ਸਗੋਂ ਜੀਵਨ ਦੇ ਯਥਾਰਥ ਨੂੰ ਵੀ ਨਾਲ ਲੈ ਕੇ ਚਲਦੀ ਹੈ। ਸੁਪਨੇ ਤੇ ਯਥਾਰਥ ਵਿੱਚ ਫਾਸਲਾ ਅਤੇ ਪਾੜਾ ਹੀ ਅਸਲ ਵਿੱਚ ਜੀਵਨ ਦਾ ਸਾਰ ਤੱਤ ਹੈ। ਅਸਲ ਮਨੁੱਖ ਉਹੀ ਹੁੰਦਾ ਹੈ ਜੋ ਆਪਣੇ ਜੀਵਨ ਦੀਆਂ ਮੁਸ਼ਕਲ ਘੜੀਆਂ ਵਿੱਚ ਵੀ ਸੁਪਨੇ ਵੇਖਣ ਦੀ ਸਮਰੱਥਾ ਅਤੇ ਚਾਹਤ ਰੱਖਦਾ ਹੈ। ਇਹ ਗੱਲ ਬੇਦੀ ਦੀ ਕਵਿਤਾ ਵਿੱਚ ਵਾਰ ਵਾਰ ਦ੍ਰਿਸ਼ਟੀਗਚਰ ਹੁੰਦੀ ਹੈ। ਉਹ ਸੁਪਨੇ ਨੂੰ ਜ਼ਿੰਦਗੀ ਦੀ ਪ੍ਰੇਰਕ ਸ਼ਕਤੀ ਅਤੇ ਮੂਲ ਸੰਚਾਲਕ ਸ਼ਕਤੀ ਮੰਨ ਕੇ ਚਲਦਾ ਹੈ। ਇਸ ਸੰਦਰਭ ਵਿੱਚ ਉਸਦੀ ਇਹ ਕਵਿਤਾ ਇੱਥੇ ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹੈ-

ਹੇ ਸੋਨ-ਸੁਨਹਿਰੀ ਸੁਪਨਿਉ
ਆ ਮੇਰਾ ਰੰਗ ਵਟਾਉ
ਮੇਰੀ ਹਿੱਕ ਵਿਚ ਘੁਟ ਕੇ ਭਰ ਦਿਉ

ਕੁਝ ਸਜਰੇ ਸੋਹਣੇ ਚਾਉ
ਕੋਈ ਰੀਝ, ਕੋਈ ਪਿਆਰ, ਕੋਈ ਪੀੜ
ਬੇਸ਼ੱਕ ਕੋਈ ਦਰਦ ਉਪ ਜਾਵੇ
ਬੇਸ਼ੱਕ ਮੈਨੂੰ ਦਏ ਨਪੀੜ
ਮੇਰੀ ਹਿੱਕ ਨੂੰ ਰਜ ਰਜ ਤਾਵੇ
ਕੀ ਜੀਵਨ ਜੇ ਬੁੱਢਾ ਸੁੰਝਾ
ਰਤੀ ਨਾ ਹੋਏ ਗਰਮਾਉ ?
ਕੀ ਜੀਵਨ ਜੇ ਪੀੜ ਨਾ ਚਖੀ
ਨਾ ਕੋਈ ਉਪਜਿਆ ਚਾਉ ? [2]

ਵਣਜਾਰਾ ਬੇਦੀ ਦੀ ਕਵਿਤਾ ਵਿੱਚ ਸਮਕਾਲ ਦੀਆਂ ਇਤਿਹਾਸਕ ਘਟਨਾਵਾਂ ਅਤੇ ਸਥਿਤੀਆਂ-ਪ੍ਰਸਥਿਤੀਆਂ ਦਾ ਕਾਫ਼ੀ ਪ੍ਰਭਾਵ ਵੇਖਣ ਨੂੰ ਮਿਲਦਾ ਹੈ। 1947 ਦੀ ਭਾਰਤ-ਪਾਕਿਸਤਾਨ ਦੀ ਵੰਡ ਇੱਕ ਅਜਿਹੀ ਇਤਿਹਾਸਕ ਘਟਨਾ ਸੀ, ਜਿਸਨੇ ਪੰਜਾਬ ਦੀ ਲੋਕ ਮਾਨਸਿਕਤਾ ਤੇ ਬੜਾ ਗਹਿਰਾ ਪ੍ਰਭਾਵ ਪਾਇਆ। ਇਸੇ ਸਮੇਂ ਦੌਰਾਨ ਪੰਜਾਬ ਦਾ ਦੋ ਹਿੱਸਿਆਂ ਵਿੱਚ ਵੰਡਿਆ ਜਾਣਾ ਵੀ ਬੜੀ ਦੁਖਾਂਤਕ ਘਟਨਾ ਸੀ। ਇਹ ਵੰਡ ਕੋਈ ਸਹਿਜ ਅਤੇ ਕੁਦਰਤੀ ਵਰਤਾਰਾ ਨਹੀਂ ਸੀ, ਇਸ ਸਮੇਂ ਦੌਰਾਨ ਭਾਰੀ ਕਤਲੋਗਾਰਤ ਅਤੇ ਹਿਰਦੇਵੇਦਕ ਘਟਨਾਵਾਂ ਵਾਪਰੀਆਂ। ਪੰਜਾਬੀ ਵਿੱਚ ਦੇਸ਼ ਵੰਡ ਨਾਲ ਸਬੰਧਿਤ ਕਾਫ਼ੀ ਸਾਹਿਤ ਸਿਰਜਣਾ ਹੋਈ ਹੈ। ਇਨ੍ਹਾਂ ਹੀ ਸਮਿਆਂ ਵਿੱਚ ਅੰਮ੍ਰਿਤਾ ਪ੍ਰੀਤਮ ਵੱਲੋਂ ਲਿਖੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਇੱਕ ਸ਼ਾਹਕਾਰ ਰਚਨਾ ਹੋ ਨਿਬੜਦੀ ਹੈ। ਇਹ ਕਾਵਿ ਰਚਨਾ ਪੰਜਾਬੀਆਂ ਦੇ ਧੁਰ ਅੰਦਰਲੇ ਦਰਦ ਦੀ ਆਵਾਜ਼ ਅਤੇ ਹੂਕ ਹੈ। ਬੇਦੀ ਦੀ ਕਵਿਤਾ ਸੰਤਾਲੀ ਦੇ ਇਸ ਦੁਖਾਂਤ ਨੂੰ ਬਹੁਤ ਹੀ ਭਾਵਪੂਰਤ ਢੰਗ ਨਾਲ ਪੇਸ਼ ਕਰਦੀ ਹੈ। ਉਹ ਆਪਣੀ ਗੱਲ ਇਤਿਹਾਸਕ-ਮਿਥਿਹਾਸਕ ਘਟਨਾਵਾਂ ਦੇ ਬਿਰਤਾਂਤ ਵਿੱਚ ਢਾਲ ਕੇ ਪੇਸ਼ ਕਰਦਾ ਹੈ। ਉਹ ਸੰਤਾਲੀ ਦੌਰਾਨ ਵਾਪਰੀ ਕਤਲੋਗਾਰਤ, ਲੁੱਟ ਖਸੁੱਟ ਅਤੇ ਔਰਤਾਂ ਦੀ ਬੇਪੱਤੀ ਦੇ ਦੁਖਾਂਤ ਨੂੰ ਬਹੁਤ ਹੀ ਮਾਰਮਿਕ ਲਹਿਜ਼ੇ ਵਿੱਚ ਪੇਸ਼ ਕਰਦਾ ਹੈ-

ਅੱਜ ਪੰਜ ਦਰਿਆ ਦੀਆਂ ਸੋਹਣੀਆਂ
ਛੱਡ ਗਿੱਧੇ ਚਰਖੇ ਗੌਣ
ਤੱਕ ਵਹਿਸ਼ੀ ਅੱਖ ਮਨੁੱਖ ਦੀ

ਪਈਆਂ ਪਿਟ ਪਿਟ ਹਾੜ੍ਹਾ ਪੌਣ
ਲੱਖ ਅਹਿਲਿਆ ਗਈਆਂ ਠੱਗੀਆਂ
ਅੱਜ ਇੰਦਰ ਨਾ ਸ਼ਰਮੌਣ [3]

ਇੱਥੇ ਵਣਜਾਰਾ ਬੇਦੀ ਦੇ ਆਪਣੀ ਕਾਵਿ ਪੁਸਤਕ 'ਕੰਵਲ ਪੱਤੀਆਂ' ਦੀ ਭੂਮਿਕਾ ਵਿੱਚ ਲਿਖੇ ਇਹ ਸ਼ਬਦ ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹਨ, "ਪਹਿਲੇ ਹਿੱਸੇ ਵਿਚ ਸਾਰੀਆਂ ਕਵਿਤਾਵਾਂ ਦਾ ਮੂਲ ਵਿਸ਼ਾ ਪਿਆਰ ਹੈ। ਪਿਆਰ ਜੀਵਨ ਦਾ ਮੂਲ ਜਜ਼ਬਾ ਹੈ। ਇਹ ਇੱਕ ਅਜੇਹੀ ਅੱਵਸਥਾ ਹੈ ਜੋ ਕਦੇ ਨਾ ਕਦੇ ਹਰ ਮਨੁੱਖ ਤੇ ਆਈ ਹੁੰਦੀ ਹੈ। ਇਸ ਵਿਸ਼ੇ ਉੱਤੇ ਕਵਿਤਾ ਲਿਖਣ ਲੱਗਿਆਂ ਮੇਰੇ ਅੰਦਰੋਂ ਜ਼ਜ਼ਬਿਆਂ ਦਾ ਆਪ ਮੁਹਾਰਾ ਹੜ੍ਹ ਜਿਹਾ ਵਗ ਪੈਂਦਾ ਹੈ, ਮੇਰਾ ਅੰਦਰਲਾ ਪੰਘਰ ਤੁਰਦਾ ਹੈ। ਇਸ ਵਿਸ਼ੇ ਉੱਤੇ ਕਵਿਤਾ ਲਿਖ ਕੇ ਮੈਨੂੰ ਇਕ ਅਮੁਕ ਜਿਹੀ ਖੁਸ਼ੀ ਤੇ ਸੰਤੁਸ਼ਟਤਾ ਮਿਲਦੀ ਹੈ। ਜੇ ਮੇਰੀ ਇਹ ਕਮਜ਼ੋਰੀ ਹੈ ਤਾਂ ਮੈਨੂੰ ਇਸ ਨੂੰ ਮੰਨਣ ਵਿੱਚ ਕੋਈ ਇਤਰਾਜ਼ ਨਹੀਂ। ਪਰ ਇਹਨਾਂ ਕਵਿਤਾਵਾਂ ਵਿੱਚ ਨਿਰਮਲ ਪਾਣੀ ਵਾਂਗ ਸ੍ਵਛ ਤੇ ਪਵਿਤਰ ਤੇ ਉੱਚਾ ਜਜ਼ਬਾ ਹੈ। ਇਹ ਇਕ ਆਤਮਿਕ ਸੰਬੰਧ ਹੈ ਜੋ ਲਹੂ, ਹੱਡ ਤੇ ਮਾਸ ਦੀ ਖੇਡ ਤੋਂ ਉੱਪਰ ਹੈ। ਇਹ ਸਮੁੰਦਰ ਦੀ ਉਤਲੀ ਝੱਗ ਨਹੀਂ, ਇਹ ਤਾਂ ਉਸਦੀ ਅਥਾਹ ਡੂੰਘਾਈ ਹੈ ਜਿਥੇ ਕੋਈ ਵਿਰਲਾ ਹੀ ਪਹੁੰਚਦਾ ਹੈ:-

ਇਹ ਡੂੰਘਾਣਾਂ ਵਿੱਚ ਜੀਉਂਦਾ ਵਿਗਸਦਾ
ਸਾਗਰਾਂ ਦੀ ਇਹ ਨਾ ਉਤਲੀ ਝਗ ਨੀ,
ਇਹ ਤਾਂ ਕੋਈ ਆਵੇਸ਼ ਉਤਰੇ ਅਰਸ਼ ਤੋਂ
ਹੋਰ ਕੋਈ ਜਜ਼ਬਾ ਇਸ ਦੇ ਜੇਡ ਨਾ

ਇਸੇ ਲਈ ਪਿਆਰ ਦੀ ਤੀਬਰਤਾ ਦਾ ਵਰਣਨ ਕਰਦਿਆਂ ਵੀ ਮੈਂ ਇਕ ਥਾਂ ਮਾਂ-ਪੁਤਰ ਦਾ ਅਲੰਕਾਰ ਹੀ ਵਰਤਿਆ ਹੈ-

ਜਿਵੇਂ ਮਾਂ ਕੁਛੜ ਵੱਲ ਪਲਮਦਾ
ਕੋਈ ਚਿਰੀ ਵਿਛੁੰਨਾ ਬਾਲ
ਇਵੇਂ ਉਛਲ ਰਿਹਾ ਮੇਰਾ ਪਿਆਰ

ਸ੍ਵਛ ਤੇ ਆਤਮਿਕ ਪਿਆਰ ਇਕ ਅਜਿਹਾ ਰਿਸ਼ਤਾ ਹੁੰਦਾ ਹੈ ਜਿਸ ਦੀ ਪਵਿੱਤਰਤਾ ਹਿਮਾਲਿਆ ਦੀਆਂ ਕੰਵਾਰੀਆਂ ਟੀਸੀਆਂ ਨਾਲੋਂ ਵਧੀਕ ਅਛੋਹ ਹੈ। ਮਾਸ ਹੱਡ ਤੇ ਲਹੂ ਦੇ ਨੀਵੇਂ ਆਚਾਰ ਹੀਨ ਕੋਝੇ ਪਿਆਰ ਦਾ ਵਰਣਨ ਮੈਂ 'ਇਸ਼ਕ ਕਮਾਇਆ ਢੇਰ' ਤੇ 'ਭੁਖੀਆਂ

ਹਨ ਅੱਖੀਆਂ' ਵਿਚ ਕੀਤਾ ਹੈ। ਮੇਰੀਆਂ ਕਵਿਤਾਵਾਂ ਵਿਚ ਕਈ ਹੋਰ ਰੰਗ ਵੀ ਤਹਾਨੂੰ ਮਿਲਣਗੇ ਜਿਨ੍ਹਾਂ ਵਿੱਚ ਇਕ ਹੋਰ ਰੰਗ ਹੈ-ਅਧਿਆਤਮਕ। ਇਸ ਰੰਗ ਦੀਆਂ ਮੈਂ ਬੇਸ਼ੁਮਾਰ ਕਵਿਤਾਵਾਂ ਲਿਖੀਆਂ ਹਨ ਪਰ ਇਥੇ ਕੇਵਲ ਵੰਨਗੀ ਮਾਤ੍ਰ ਹੀ ਚਾਰ ਪੰਜ ਦਿਤੀਆਂ ਹਨ। ਕੁਝ ਕਵਿਤਾਵਾਂ ਇਸ ਸੰਗ੍ਰਹਿ ਵਿਚ ਤਹਾਨੂੰ ਅਜੇਹੀਆਂ ਵੀ ਮਿਲਣਗੀਆਂ ਜਿਨ੍ਹਾਂ ਵਿੱਚ ਕਾਣੀ ਆਰਥਕ ਵੰਡ ਵੱਲ ਇਸ਼ਾਰਾ ਹੈ। ਇਸ ਸੰਗ੍ਰਹਿ ਦੀ ਹਰ ਕਵਿਤਾ ਮੇਰੇ ਦਿਲ ਤੇ ਆਤਮਾ ਦੀ ਆਵਾਜ਼ ਹੈ।"[4] 'ਕੰਵਲ ਪੱਤੀਆਂ' ਕਾਵਿ ਸੰਗ੍ਰਹਿ ਦੀ ਕਵਿਤਾ 'ਦੂਰ ਭੱਵਿਖਤ ਦੀ ਕੁੱਖ ਵਿਚੋਂ' ਵਿਸ਼ੇਸ਼ ਤੌਰ ਤੇ ਗ਼ੌਲਣਯੋਗ ਹੈ। ਇਸ ਕਵਿਤਾ ਵਿੱਚ ਇਸ ਕਾਵਿ ਪੁਸਤਕ ਦਾ ਪੂਰਾ ਸਾਰ-ਤੱਤ ਪਿਆ ਹੋਇਆ ਹੈ। ਕਵੀ ਆਪਣੇ ਆਲੇ ਦੁਆਲੇ ਦੀ ਸਮਾਜਿਕ ਅਤੇ ਰਾਜਨੀਤਕ ਉਥਲ-ਪੁਥਲ ਵੇਖ ਕੇ ਨਿਰਾਸ਼ ਅਤੇ ਉਦਾਸ ਨਹੀਂ ਹੁੰਦਾ ਸਗੋਂ ਮਾਨਵੀਂ ਜੀਵਨ ਦੀ ਤੌਰ ਅਤੇ ਗਤੀ ਵਿੱਚ ਵਿਸ਼ਵਾਸ਼ ਰੱਖਦਾ ਹੈ। ਕਵੀ ਦਾ ਦ੍ਰਿੜ ਵਿਸ਼ਵਾਸ਼ ਹੈ ਕਿ ਇਸ ਧਰਤੀ ਤੇ ਨਫ਼ਰਤ ਅਤੇ ਫ਼ਿਰਕਾਪ੍ਰਸਤੀ ਲਈ ਕੋਈ ਥਾਂ ਨਹੀਂ ਹੈ। ਮਨੁੱਖ ਪਿਆਰ-ਮੁਹੱਬਤ ਅਤੇ ਭਾਈਚਾਰਕ ਸਾਂਝ ਦੁਆਰਾ ਹੀ ਅੱਗੇ ਵਧ ਸਕਦਾ ਹੈ। ਇਹੀ ਇੱਕੋ-ਇੱਕ ਤਰੱਕੀ ਅਤੇ ਖੁਸ਼ਹਾਲੀ ਦਾ ਰਾਹ ਹੈ। ਕਵੀ ਇਸ ਗੱਲ ਵਿੱਚ ਵੀ ਯਕੀਨ ਰੱਖਦਾ ਹੈ ਕਿ ਧਰਤੀ ਤੇ ਨਫ਼ਰਤ ਫੈਲਾਉਣ ਅਤੇ ਅੱਗਾਂ ਲਾਉਣ ਵਾਲੇ ਲੋਕਾਂ ਲਈ ਕੋਈ ਥਾਂ ਨਹੀਂ ਹੈ। ਉਹ ਇਸ ਗੱਲ ਦਾ ਸੰਦੇਸ਼ ਦਿੰਦਾ ਹੈ ਕਿ ਅੰਤ ਵਿੱਚ ਸੂਰਜ ਦੇ ਚੜ੍ਹਨ ਨਾਲ ਹਨੇਰੇ ਦਾ ਅੰਤ ਹੋਣਾ ਹੁੰਦਾ ਹੈ। ਇਸ ਤਰ੍ਹਾਂ ਗਹਿਰੇ ਆਸ਼ਾਵਾਦ ਦੀ ਭਾਵਨਾ ਇਸ ਕਵਿਤਾ ਨੂੰ ਹੋਰ ਵੀ ਬਲ ਪ੍ਰਦਾਨ ਕਰਦੀ ਹੈ। ਇਸ ਸੰਗ੍ਰਹਿ ਦੀ ਕਵਿਤਾ ਜਿਵੇਂ ਜਿਵੇਂ ਅੱਗੇ ਵਧਦੀ ਜਾਂਦੀ ਹੈ, ਉਸਦੇ ਨਾਲ ਇਹ ਹੋਰ ਵੀ ਗੰਭੀਰ ਰੁਖ ਅਖ਼ਤਿਆਰ ਕਰਦੀ ਜਾਂਦੀ ਹੈ। ਇਸਦੇ ਨਾਲ ਹੀ ਇਸਦੀ ਭਾਸ਼ਾਈ ਸਮਰੱਥਾ ਵਿੱਚ ਵੀ ਹੈਰਾਨੀਜਨਕ ਤਬਦੀਲੀ ਆਉਂਦੀ ਹੈ। ਇਸਦਾ ਡੂੰਘਾ ਅਤੇ ਪਰਪੱਕ ਮੁਹਾਵਰਾ ਇਸਨੂੰ ਵੱਖਰਾ ਮੁਹਾਂਦਰਾ ਪ੍ਰਦਾਨ ਕਰਦਾ ਹੈ। ਇੱਥੇ ਉਸਦੀ ਇਹ ਕਵਿਤਾ ਸਮਕਾਲੀ ਸੰਦਰਭਾਂ ਵਿੱਚ ਬੜੀ ਵਿਚਾਰਨਯੋਗ ਹੈ:-

ਨੂਰ ਡੋਲਦੀ ਊਸ਼ਾ ਕੁੱਖ 'ਚੋਂ
ਤਿਲਕ ਪੈਣ ਗੀਆਂ ਮਿੱਠੀਆਂ ਕਿਰਨਾਂ
ਧਰਤੀ ਦੀ ਖੁਸ਼ਬੋਈ ਹਿੱਕ 'ਚੋਂ
ਫੁੱਟ ਸੁਗੰਧੀ ਦਾ ਬੁੰਬ ਦੇ ਕੇ
ਮਹਿਕ ਖਿਡਾਂਦੇ ਫਿਰਨਾ

ਅਮ੍ਰਿਤ ਡੁਲ੍ਹੇਗਾ ਹਰ ਬਿਖ 'ਚੋਂ
ਹਰ ਥਾਂ ਕਿਰਨਾਂ ਕਿਰਨਾਂ
ਦੂਰ ਭਵਿਖਵਤ ਦੀ ਕੁੱਖ ਵਿਚੋਂ
ਫੁਟੇਗਾ ਕੋਈ ਨੂਰ
ਕਾਲ-ਕਲੱਟੀਆਂ ਰਾਤਾਂ ਪਿੱਛੋਂ
ਚਾਨਣ ਹੋਏ ਜਰੂਰ [5]

ਵਣਜਾਰਾ ਬੇਦੀ ਆਪਣੀ ਕਵਿਤਾ ਵਿੱਚ ਐਵੇਂ ਹਵਾਈ ਕਿਲ੍ਹੇ ਨਹੀਂ ਉਸਾਰਦਾ, ਉਸਦੀ ਕਵਿਤਾ ਮਨੁੱਖੀ ਮਨ ਦੀ ਕਵਿਤਾ ਹੈ। ਜੇਕਰ ਉਸਨੂੰ ਧਰਤੀ ਦਾ ਕਵੀ ਆਖ ਲਿਆ ਜਾਵੇ ਤਾਂ ਇਸ ਗੱਲ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਭਾਵੇਂ ਕਿ ਉਸਦੀ ਕਵਿਤਾ ਖੁਲ੍ਹੇ ਆਕਾਸ਼ ਵਿੱਚ ਉਡਾਰੀਆਂ ਲਾਉਂਦੀ ਹੈ, ਪਰ ਇਹ ਆਪਣੇ ਧਰਤੀ ਰੂਪੀ ਮੂਲ ਨੂੰ ਨਹੀਂ ਵਿਸਾਰਦੀ। ਕਵੀ ਕਿਸੇ ਵੀ ਮਸਲੇ ਅਤੇ ਵਰਤਾਰੇ ਬਾਰੇ ਗੱਲ ਕਰ ਰਿਹਾ ਹੋਵੇ, ਉਹ ਮਨੁੱਖੀ ਜੀਵਨ ਦੀਆਂ ਮੁਢਲੀਆਂ ਲੋੜਾਂ ਪ੍ਰਤੀ ਹਰ ਵੇਲੇ ਸੁਚੇਤ ਰਹਿੰਦਾ ਹੈ। ਇਹ ਤੱਥ ਇਸ ਕਵਿਤਾ ਵਿੱਚੋਂ ਵਾਰ ਵਾਰ ਦ੍ਰਿਸ਼ਟੀਗੋਚਰ ਹੁੰਦਾ ਹੈ। ਕਵੀ ਮਾਨਵੀ ਸਮਾਜ ਦੇ ਕੀਮਤ ਪ੍ਰਬੰਧ ਅਤੇ ਆਦਰਸ਼ਾਂ ਵਿੱਚ ਗਹਿਰਾ ਵਿਸ਼ਵਾਸ਼ ਰੱਖਦਾ ਹੈ। ਪਰ ਉਹ ਇਹ ਗੱਲ ਵੀ ਜਾਣਦਾ ਹੈ ਕਿ ਮਨੁੱਖ ਵੱਲੋਂ ਭੁੱਖੇ ਪੇਟ ਆਦਰਸ਼ਾਂ ਦੀ ਪਾਲਣਾ ਨਹੀਂ ਕੀਤੀ ਜਾ ਸਕਦੀ। ਕਵੀ ਰੋਟੀ ਨੂੰ ਮਨੁੱਖੀ ਜੀਵਨ ਦੀ ਸਭ ਤੋਂ ਵੱਡੀ ਲੋੜ ਸਮਝਦਾ ਹੈ। ਇਸ ਤੋਂ ਬਾਅਦ ਹੀ ਜੀਵਨ ਦਾ ਕੋਈ ਹੋਰ ਆਦਰਸ਼ ਪਾਲਿਆ ਜਾ ਸਕਦਾ ਹੈ। ਇਹ ਕਵਿਤਾ ਮਾਨਵੀਂ ਜੀਵਨ ਦੇ ਇਨ੍ਹਾਂ ਮੂਲ ਪ੍ਰਸ਼ਨਾਂ ਨਾਲ ਨਜਿੱਠਦੀ ਹੋਈ ਗਹਿਰੀ ਕਾਵਿ ਚੇਤਨਾ ਦਾ ਪ੍ਰਗਟਾਵਾ ਕਰਦੀ ਹੈ। ਵਣਜਾਰਾ ਬੇਦੀ ਦੀ ਕਵਿਤਾ ਵਿੱਚ ਇਹ ਪਾਸਾਰ ਬੜੇ ਪ੍ਰਬਲ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹੀ ਸਮਾਜਿਕ ਆਧਾਰ ਇਸ ਕਵਿਤਾ ਨੂੰ ਸਮਾਜਿਕ ਤਬਦੀਲੀ ਦੇ ਸੰਕਲਪਮਈ ਵਿਚਾਰ ਨਾਲ ਵੀ ਜੋੜਦਾ ਹੈ। ਇਹ ਵਿਚਾਰਧਾਰਕ ਪ੍ਰਵਚਨ ਇਸ ਕਵਿਤਾ ਨੂੰ ਦ੍ਰਿਸ਼ਟੀ ਦੇ ਪੱਧਰ ਤੋਂ ਨਵੇਂ ਅਰਥ ਵੀ ਪ੍ਰਦਾਨ ਕਰਦਾ ਹੈ:-

ਭੁੱਖੀਆਂ ਹਨ ਅੱਖੀਆਂ
ਤੇ ਅੱਜ ਇਸ਼ਕ ਪਾਪ ਪਿਆ ਬਣਦੈ
ਕੋਝੇ ਖ਼ਿਆਲ ਇਸ ਕੋਝੀ ਕਾਲੀ ਰਾਤ ਵਿੱਚ
ਸੁੱਥਰੇ ਅਕਾਸ਼ਾਂ ਤੇ ਗੁਨਾਹ ਦਾ ਬਦਲ ਪਿਆ ਤਣਦੈ

ਅੱਜ ਹਵਸ ਏ ਭਖੀ
ਅਜ ਬੁਤ ਨੂੰ ਵੀ ਭੁੱਖ ਲਗੀ ਏ
ਸੁੱਥਰੇ ਅਕਾਸ਼ਾਂ ਤੇ ਉਡਦਾ ਪੰਖੇਰੂ
ਚੋਗੇ ਦੀ ਹਵਸ ਉਹਨੂੰ ਧਰਤੀ ਤੇ ਲੈ ਲਥੀ ਏ
ਇਹ ਮੇਰਾ ਕਮੀਨਾ ਪਣ ਨਹੀਂ
ਕਹਿਣ ਨਹੀਂ ਦੇਵਾਂਗਾ ਤੈਨੂੰ ਇਹ ਗੁਨਾਹ
ਆਤਮਾ ਜਦ ਜਿਸਮ ਵਿਚ ਹੀ ਠਹਿਰ ਰਹੀ
ਕੀ ਹੋਇਆ ਜੇ ਇਸ਼ਕ ਨੇ
ਲੈ ਲਈ ਇਕ ਪਲ ਜਿਸਮਾਂ ਵਿਚ ਪਨਾਹ [6]

ਵਣਜਾਰਾ ਬੇਦੀ ਦੀ ਕਵਿਤਾ ਪ੍ਰਮੁੱਖ ਤੌਰ ਤੇ ਮਾਨਵਵਾਦੀ ਧਾਰਨਾ ਨਾਲ ਜੁੜੀ ਹੋਈ ਹੈ। ਉਸਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿੱਚ ਪ੍ਰਸਿੱਧ ਅੰਗਰੇਜ਼ੀ ਕਵੀ ਵਿਲੀਅਮ ਬਲੇਕ ਦੀਆਂ ਕਵਿਤਾਵਾਂ ਵਰਗੇ ਜੀਵੰਤ ਦ੍ਰਿਸ਼ ਦ੍ਰਿਸ਼ਟੀਗੋਚਰ ਹੁੰਦੇ ਹਨ। ਇਨ੍ਹਾਂ ਕਵਿਤਾਵਾਂ ਵਿੱਚ ਮਨੁੱਖੀ ਜੀਵਨ ਦਾ ਕੌੜਾ ਯਥਾਰਥ ਪਿਆ ਹੋਇਆ ਹੈ। ਮਨੁੱਖਤਾ ਦਾ ਦਰਦ ਅਤੇ ਪੀੜ ਇਨ੍ਹਾਂ ਕਵਿਤਾਵਾਂ ਵਿੱਚੋਂ ਵਾਰ ਵਾਰ ਦ੍ਰਿਸ਼ਟੀਗੋਚਰ ਹੁੰਦੀ ਹੈ। ਕਵੀ ਆਪਣੇ ਸਮਕਾਲੀ ਹਾਲਾਤਾਂ ਅਤੇ ਵਰਤਾਰਿਆਂ ਨੂੰ ਜਿੱਥੇ ਗਹਿਰੀ ਸੰਵੇਦਨਾ ਨਾਲ ਵਿਅਕਤ ਕਰਨ ਦਾ ਯਤਨ ਕਰਦਾ ਹੈ, ਉਸਦੇ ਨਾਲ ਹੀ ਚੇਤਨਾ ਦੀ ਪੱਧਰ ਤੇ ਇਹ ਕਵਿਤਾ ਕਈ ਨਵੀਆਂ ਅੰਤਰ ਦ੍ਰਿਸ਼ਟੀਆਂ ਦਾ ਪ੍ਰਗਟਾਵਾ ਵੀ ਕਰਦੀ ਹੈ। ਇਸ ਸਬੰਧੀ ਬੇਦੀ ਦੀ ਕਵਿਤਾ 'ਢਲ ਰਹੇ ਨੇ ਪਰਛਾਵੇਂ' ਉਸਦੀ ਕਵਿਤਾ ਨੂੰ ਇੱਕ ਨਵਾਂ ਹੁਲਾਰਾ ਦਿੰਦੀ ਪ੍ਰਤੀਤ ਹੁੰਦੀ ਹੈ। ਇਸ ਕਵਿਤਾ ਦਾ ਸਮਾਜਿਕ ਪਾਸਾਰ ਇਸਨੂੰ ਪ੍ਰਗਤੀਵਾਦੀ ਕਵਿਤਾ ਦੀ ਮੂਲਧਾਰਾ ਨਾਲ ਵੀ ਜੋੜਦਾ ਹੈ। ਕਵੀ ਦੀ ਇਹੀ ਦ੍ਰਿਸ਼ਟੀ ਉਸਨੂੰ ਸਮਕਾਲੀ ਪ੍ਰਸੰਗਾਂ ਵਿੱਚ ਨਵੇਂ ਨਕਸ਼ ਵੀ ਪ੍ਰਦਾਨ ਕਰਦੀ ਹੈ:-

ਢਲ ਰਹੇ ਨੇ ਪਰਛਾਵੇਂ
ਚਿਮਨੀਆਂ ਦਾ ਕਾਲਾ ਧੂੰਆਂ
ਨੀਲੇ ਅਸਮਾਨੀ ਘੁੰਮ ਰਿਹਾ
ਸੂਰਜ ਉਨ੍ਹਾਂ ਚਿਟਾਨਾਂ ਉਹਲੇ
ਲਾਲੀ ਛਡਦਾ ਗੁੰਮ ਰਿਹਾ

ਇਉਂ ਜਾਪੇ-ਮਨੁੱਖਤਾ ਦੇ
ਪੀੜਤ ਫੋੜੇ 'ਚੋਂ ਲਹੂ ਸਿੰਮ ਰਿਹਾ [7]

ਵਣਜਾਰਾ ਬੇਦੀ ਦੀ ਕਵਿਤਾ ਮਨੁੱਖ ਦੇ ਮਾਨਸਿਕ ਜਗਤ ਦੀ ਥਾਹ ਪਾਉਣ ਦਾ ਯਤਨ ਕਰਦੀ ਹੈ। ਇਸਦਾ ਮਨੋਵਿਗਿਆਨਕ ਪਾਸਾਰ ਇਸਨੂੰ ਸਾਹਿਤਕ ਦ੍ਰਿਸ਼ਟੀ ਪੱਖੋਂ ਹੋਰ ਵੀ ਮਹੱਤਵਪੂਰਨ ਬਣਾਉਂਦਾ ਹੈ। ਇਹ ਕਵਿਤਾ ਜਿੱਥੇ ਸਮਕਾਲੀ ਹਨੇਰਿਆਂ ਨੂੰ ਵਿੰਨ੍ਹਣ ਲਈ ਯਤਨਸ਼ੀਲ ਹੈ, ਉਸਦੇ ਨਾਲ ਹੀ ਧਰਤੀ ਤੇ ਮਨੁੱਖ ਲਈ ਸਾਂਵਾਂ ਮਾਹੌਲ ਬਣਾਉਣ ਦੀ ਕਵਾਇਦ ਵੀ ਕਰਦੀ ਹੈ। ਵਣਜਾਰਾ ਬੇਦੀ ਮਨੁੱਖੀ ਸਮਾਜ ਦੇ ਬਹੁਪਾਸਾਰਾਂ ਨੂੰ ਚਿਤਰਣ ਲਈ ਯਤਨਸ਼ੀਲ ਹੈ। ਉਸਦੇ ਵਿਸ਼ੇਗਤ ਸਰੋਕਾਰ ਬਹੁਭਾਂਤੀ ਕਿਸਮ ਦੇ ਹਨ। ਉਹ ਮਾਨਵੀ ਜੀਵਨ ਵਿਚਲੇ ਛਲਾਵਿਆਂ ਅਤੇ ਭ੍ਰਾਂਤੀਆਂ ਨੂੰ ਬਹੁਤ ਹੀ ਮਾਰਮਿਕ ਢੰਗ ਨਾਲ ਪੇਸ਼ ਕਰਦਾ ਹੈ। ਉਸ ਲਈ ਪਿਆਰ ਜਿੱਥੇ ਇੱਕ ਪਵਿੱਤਰ ਜਜ਼ਬਾ ਹੈ, ਉਸਦੇ ਨਾਲ ਹੀ ਇੱਕ ਸ਼ੋਸ਼ਣ ਦੀ ਖੇਡ ਵੀ ਹੈ। ਮਨੁੱਖੀ ਜੀਵਨ ਇੱਕ ਬੁਝਾਰਤ ਦੀ ਤਰ੍ਹਾਂ ਹੈ। ਜੀਵਨ ਵਿੱਚ ਇਸ ਤਰ੍ਹਾਂ ਵਾਪਰਦਾ ਹੈ ਕਿ ਕਈ ਵਾਰ ਮਨੁੱਖੀ ਮਨ ਆਦਰਸ਼ ਪਿਆਰ ਦੀ ਭਾਲ ਵਿੱਚ ਨਿਕਲਦਾ ਹੈ ਅਤੇ ਪਿਆਰ ਦੇ ਨਸ਼ੇ ਵਿੱਚ ਕਈ ਵਾਰ ਅਨੇਕਾਂ ਧੋਖਿਆਂ ਦਾ ਸ਼ਿਕਾਰ ਵੀ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਪਿਆਰ ਦੀ ਸੁੱਚੀ ਖੇਡ ਸਿਰਫ਼ ਦੇਹਵਾਦੀ ਰੁਝਾਨਾਂ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੀ ਹੈ। ਉਦੋਂ ਜਿਗਿਆਸੂ ਦਾ ਕਾਲਜਾ ਅਤੇ ਆਤਮਿਕ ਜਗਤ ਬੁਰੀ ਤਰ੍ਹਾਂ ਵਲੂੰਧਰਿਆ ਜਾਂਦਾ ਹੈ। ਕਵੀ ਦੁਨੀਆਂ ਦੀ ਇਸ ਛਲਾਵਿਆਂ ਭਰੀ ਖੇਡ ਨੂੰ ਬਹੁਤ ਹੀ ਖ਼ੂਬਸੂਰਤ ਕਵਿਤਾ ਰਾਹੀਂ ਬਿਆਨ ਕਰਦਾ ਹੈ। ਇਸ ਸੰਦਰਭ ਵਿੱਚ ਉਸਦੀ ਕਵਿਤਾ 'ਕਈ ਬਾਰ' ਬਹੁਤ ਹੀ ਵਿਚਾਰਨਯੋਗ ਹੈ। ਇਸ ਕਵਿਤਾ ਵਿੱਚ ਬੇਦੀ ਮਨੁੱਖ ਦੀ ਪਿਆਰ ਵਿੱਚ ਜਿੱਤ ਹਾਰ ਨੂੰ ਬਹੁਤ ਹੀ ਸੂਖ਼ਮ ਢੰਗ ਨਾਲ ਪੇਸ਼ ਕਰਦਾ ਹੈ। ਇੱਥੇ ਉਸਦਾ ਕਾਵਿ-ਪ੍ਰਵਚਨ ਸਰਵ-ਵਿਆਪੀ ਪਹੁੰਚ ਰੱਖਦਾ ਹੈ। ਇਹ ਗੱਲ ਵਰਤਮਾਨ ਸਥਿਤੀਆਂ ਪ੍ਰਸਥਿਤੀਆਂ ਵਿੱਚ ਵੀ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ। ਇਨ੍ਹਾਂ ਬੇਮੁੱਖ ਹਾਲਾਤਾਂ ਵਿੱਚ ਵੀ ਕਵੀ ਆਸ਼ਾ ਦਾ ਪੱਲਾ ਨਹੀਂ ਛੱਡਦਾ। ਉਹ ਮਨੁੱਖ ਨੂੰ ਇਸ ਤਰ੍ਹਾਂ ਦੀਆਂ ਵਿਰੋਧੀ ਪ੍ਰਸਥਿਤੀਆਂ ਵਿੱਚ ਵੀ ਸਦਾ ਚਲਦੇ ਰਹਿਣ ਦਾ ਸੰਦੇਸ਼ ਦਿੰਦਾ ਹੈ:-

ਕਈ ਵਾਰ
ਇਕ ਗਲਤ ਚੀਜ਼ ਜਿਤ ਜਾਂਦੀ ਹੈ
ਇਕ ਠੀਕ ਚੀਜ਼ ਜਾਂਦੀ ਏ ਹਾਰ

ਕਦੇ ਕਦੇ
ਆਤਮਾ ਦੇ ਸੌਦੇ ਦੇ ਭੁਲਾਵੇ
ਜਿਸਮਾਂ ਦਾ ਵਪਾਰ ਹੋ ਜਾਂਦਾ ਹੈ
ਇੰਜ ਦਾ ਹੀ ਪਿਆਰ ਹੋ ਜਾਂਦਾ ਹੈ
ਅੰਗਮ ਦੇ ਬੋਲ
ਖੜ੍ਹਕਦੇ ਨੇ ਪਿੰਜਰ ਵਿਚ
ਮਾਸ-ਲਹੂ ਦਾ ਸਵਾਦ
ਕੁਝ ਗਲਤ ਸਮਝਣ ਨੂੰ ਲਾਚਾਰ ਹੋ ਜਾਂਦਾ ਹੈ
ਕਦੇ ਕਦੇ
ਆਤਮਾ ਡਿਗਦੀ ਹੈ [8]

ਜੇਕਰ ਦੇਖਿਆ ਜਾਵੇ ਤਾਂ ਵਣਜਾਰਾ ਬੇਦੀ ਬਹੁ-ਸਰੋਕਾਰਾਂ ਵਾਲਾ ਕਵੀ ਹੈ। ਉਸਦੀ ਕਵਿਤਾ ਜਿੱਥੇ ਮਾਨਵੀ ਜੀਵਨ ਦੇ ਲਘੂ ਵਰਤਾਰਿਆਂ ਨੂੰ ਚਿਤਰਣ ਦੀ ਕੋਸ਼ਿਸ਼ ਕਰਦੀ ਹੈ, ਉਸਦੇ ਨਾਲ ਹੀ ਮਨੁੱਖੀ ਸਮਾਜ ਦੇ ਵਿਰਾਟ ਪਾਸਾਰਾਂ ਨੂੰ ਵੀ ਛੂਹਣ ਦਾ ਯਤਨ ਕਰਦੀ ਹੈ। ਉਸਦੀਆਂ ਬਹੁਤ ਸਾਰੀਆਂ ਕਵਿਤਾਵਾਂ ਅਜਿਹੀਆਂ ਹਨ, ਜਿਨ੍ਹਾਂ ਰਾਹੀਂ ਉਹ ਮਾਨਵੀ ਜੀਵਨ ਦੇ ਲਕਸ਼ ਅਤੇ ਦਰਸ਼ਨ ਨੂੰ ਸਮਝਣਾ ਚਾਹੁੰਦਾ ਹੈ। ਉਦੋਂ ਉਹ ਪਿਆਰ ਦੇ ਜ਼ਜ਼ਬੇ ਨੂੰ ਆਪਣੀ ਕਾਵਿ ਰਚਨਾ ਦਾ ਮੂਲ ਆਧਾਰ ਬਣਾਉਂਦਾ ਹੋਇਆ, ਇਸ ਨੂੰ ਜੀਵਨ ਦੀ ਮੂਲ ਪ੍ਰੇਰਕ ਸ਼ਕਤੀ ਮੰਨਕੇ ਅੱਗੇ ਵੱਧਦਾ ਹੈ, ਪਰੰਤੂ ਉਸਦੀਆਂ ਬਹੁਤ ਸਾਰੀਆਂ ਕਵਿਤਾਵਾਂ ਮਾਨਵੀ ਜੀਵਨ ਦੇ ਅਨੇਕਾਂ ਦਵੰਦਾਂ ਨੂੰ ਵੀ ਪੇਸ਼ ਕਰਦੀਆਂ ਹਨ। ਉਹ ਇਨ੍ਹਾਂ ਦਵੰਦਾਂ ਤੋਂ ਪਾਰ ਜਾਣਾ ਹੀ ਮਨੁੱਖ ਦਾ ਅਸਲ ਧਰਮ ਸਮਝਦਾ ਹੈ। ਉਦੋਂ ਇਹ ਕਵਿਤਾ ਮਾਨਵੀ ਜੀਵਨ ਦੇ ਵਡੇਰੇ ਪਰਿਪੇਖ ਨਾਲ ਜੁੜਦੀ ਹੋਈ ਆਪਣੀ ਪ੍ਰਗਤੀਸ਼ੀਲ ਪਹੁੰਚ ਦਾ ਪ੍ਰਗਟਾਵਾ ਕਰਦੀ ਹੈ। ਵਣਜਾਰਾ ਬੇਦੀ ਸਮਾਜਿਕ, ਸੱਭਿਆਚਾਰਕ ਅਤੇ ਕੁਦਰਤੀ ਵਰਤਾਰਿਆਂ ਨੂੰ ਸਤਹੀ ਪੱਧਰ ਤੇ ਨਹੀਂ ਵਾਚਦਾ, ਉਹ ਇਨ੍ਹਾਂ ਵਰਤਾਰਿਆਂ ਪਿੱਛੇ ਕੰਮ ਕਰਦੇ ਚਾਲਕ ਤੱਤਾਂ ਨੂੰ ਸਮਝਣ ਵਿੱਚ ਵਧੇਰੇ ਰੁਚੀ ਦਿਖਾਉਂਦਾ ਹੈ। ਉਦੋਂ ਇਹ ਕਵਿਤਾ ਮਾਨਵੀ ਪ੍ਰਸੰਗਾਂ ਵਿੱਚ ਹੋਰ ਵੀ ਅਰਥਪੂਰਨ ਬਣ ਜਾਂਦੀ ਹੈ। ਇਸਦੀ ਸੂਖ਼ਮ ਅਤੇ ਵਿਸ਼ਲੇਸ਼ਣੀ ਦ੍ਰਿਸ਼ਟੀ ਇਸਨੂੰ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਇੱਕ ਵੱਖਰਾ ਦਰਜਾ ਵੀ ਪ੍ਰਦਾਨ ਕਰਦੀ ਹੈ। ਵਣਜਾਰਾ ਬੇਦੀ ਦੀ ਕਵਿਤਾ ਵਿੱਚ ਬਿਹਬਲਤਾ ਵੱਡੀ ਪੱਧਰ ਤੇ ਵੇਖਣ ਨੂੰ ਮਿਲਦੀ ਹੈ। ਉਂਜ ਇਹ ਭਾਵ ਹਰ

ਕਵੀ ਵਿੱਚ ਸੁਭਾਵਿਕ ਤੌਰ ਤੇ ਮੌਜੂਦ ਹੁੰਦਾ ਹੈ ਪਰ ਜੇਕਰ ਇਹ ਭਾਵ ਵਾਰ ਵਾਰ ਦ੍ਰਿਸ਼ਟੀਗੋਚਰ ਹੋਵੇ ਤਾਂ ਇਸ ਨਾਲ ਕਵਿਤਾ ਵਿੱਚ ਉਲਾਰ ਭਾਵ ਪੈਦਾ ਹੋਣ ਦਾ ਖਦਸ਼ਾ ਵਧ ਜਾਂਦਾ ਹੈ। ਕਵਿਤਾ ਨਿਰਾ ਭਾਵਾਂ ਦਾ ਚਿਤਰਣ ਹੀ ਨਹੀਂ ਹੁੰਦੀ, ਇਸ ਵਿੱਚ ਜ਼ਿੰਦਗੀ ਦੀ ਕੋਈ ਡੂੰਘੀ ਰਮਝ ਅਤੇ ਸਮਝ ਵੀ ਪਈ ਹੁੰਦੀ ਹੈ। ਇਹ ਇੱਕ ਕਿਸਮ ਦਾ ਜੀਵਨ ਉਦੇਸ਼ ਹੁੰਦਾ ਹੈ, ਜਿਸਦਾ ਪੱਲਾ ਫੜਕੇ ਪਾਠਕ ਨੇ ਅੱਗੇ ਵਧਣਾ ਹੁੰਦਾ ਹੈ। ਵਣਜਾਰਾ ਬੇਦੀ ਦਾ ਖੇਤਰ ਲੋਕਧਾਰਾ ਹੋਣ ਕਾਰਨ ਇਸ ਕਵਿਤਾ ਤੇ ਲੋਕਧਾਰਾਈ ਸੰਕਲਪਾਂ ਅਤੇ ਅੰਸ਼ਾਂ ਦਾ ਪ੍ਰਭਾਵ ਵੱਡੀ ਪੱਧਰ ਤੇ ਵੇਖਣ ਨੂੰ ਮਿਲਦਾ ਹੈ। ਲੋਕਧਾਰਾ ਇੱਕ ਅਜਿਹਾ ਵਿਸ਼ਾ ਹੈ, ਜਿਹੜਾ ਕਿ ਮਨੁੱਖ ਦੇ ਪੂਰੇ ਜੀਵਨ ਨੂੰ ਆਪਣੇ ਕਲਾਵੇ ਵਿੱਚ ਭਰਨ ਦਾ ਯਤਨ ਕਰਦਾ ਹੈ। ਇਸ ਵਿੱਚ ਮਨੁੱਖ ਦਾ ਪੂਰੇ ਦਾ ਪੂਰਾ ਸੱਭਿਆਚਾਰਕ ਚੌਗਿਰਦਾ ਸ਼ਾਮਿਲ ਹੁੰਦਾ ਹੈ। ਇਹ ਲੋਕਧਾਰਾਈ ਅੰਸ਼ ਅਤੇ ਸੱਭਿਆਚਾਰਕ ਝਲਕਾਰੇ ਇਸ ਕਵਿਤਾ ਵਿੱਚ ਵਾਰ ਵਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਉਦੋਂ ਇਹ ਕਵਿਤਾ ਹੋਰ ਵੀ ਸੁਹਜਮਈ ਭਾਵ ਸੰਸਾਰ ਦਾ ਪ੍ਰਗਟਾਵਾ ਕਰਦੀ ਹੈ। ਅਸਲ ਵਿੱਚ ਵਣਜਾਰਾ ਬੇਦੀ ਧਰਤੀ ਦਾ ਕਵੀ ਹੈ। ਇਸੇ ਕਰਕੇ ਉਸਦੀ ਕਵਿਤਾ ਵਿੱਚ ਜੀਵਨ ਦਾ ਯਥਾਰਥ ਅਤੇ ਕੌੜਾ ਸੱਚ ਕਾਇਮ ਰਹਿੰਦਾ ਹੈ। ਬੇਦੀ ਆਪਣੇ ਬਿੰਬ, ਪ੍ਰਤੀਕ ਅਤੇ ਅਲੰਕਾਰ ਪ੍ਰਤੱਖ ਜੀਵਨ ਵਰਤਾਰਿਆਂ ਵਿੱਚੋਂ ਚੁਣਦਾ ਹੈ। ਉਹ ਪੰਜਾਬੀ ਲੋਕ ਮਨ ਦੇ ਵਿਹਾਰ ਨੂੰ ਆਪਣੀ ਕਵਿਤਾ ਵਿੱਚ ਬੜੇ ਸਹਿਜ ਰੂਪ ਵਿੱਚ ਉਤਾਰਨ ਦੀ ਸਮਰੱਥਾ ਰੱਖਦਾ ਹੈ, ਉਦੋਂ ਇਹ ਕਵਿਤਾ ਸਾਨੂੰ ਅਜਬ ਤਾਜ਼ਗੀ ਅਤੇ ਸੱਜਰੇਪਣ ਦਾ ਅਹਿਸਾਸ ਕਰਾਉਂਦੀ ਹੈ-

ਨਾ ਕੋਈ ਜ਼ਜ਼ਬਾ ਬੁੱਢਾ ਪੁਰਾਣਾ
ਹੋਇਆ, ਤੇ ਫਿਰ ਗੁੰਮਿਆ !
ਅਜੇ ਤਾਂ ਮੈਂ ਇੱਕ ਨਵਜਿੰਦ ਹੀ ਹਾਂ,
ਅਜੇ ਤੇ ਮੇਰੇ ਖ਼ਾਬ ਕਵਾਰੇ [9]

ਵਣਜਾਰਾ ਬੇਦੀ ਦੀ ਕਵਿਤਾ ਇਸ ਕਰਕੇ ਵੀ ਮਹੱਤਵਪੂਰਨ ਹੈ ਕਿ ਇਸ ਵਿੱਚ ਜ਼ਿੰਦਗੀ ਦਾ ਦਰਸ਼ਨ ਪਿਆ ਹੋਇਆ ਹੈ। ਕਵੀ ਦਾ ਆਸ਼ਾਵਾਦੀ ਨਜ਼ਰੀਆ ਇਸਨੂੰ ਹੋਰ ਵੀ ਬਲ ਪ੍ਰਦਾਨ ਕਰਦਾ ਹੈ। ਉਹ ਜੀਵਨ ਦੀਆਂ ਤਲਖੀਆਂ, ਦੁਸ਼ਵਾਰੀਆਂ ਅਤੇ ਸੰਕਟਾਂ ਵਿੱਚ ਵੀ ਆਸ਼ਾਵਾਦ ਦਾ ਝੰਡਾ ਬੁਲੰਦ ਰੱਖਦਾ ਹੈ। ਇਹ ਉਸਦੀ ਕਵਿਤਾ ਦਾ ਇੱਕ ਮਹੱਤਵਪੂਰਨ ਪਾਸਾਰ ਹੈ, ਕਿਉਂਕਿ ਕਵਿਤਾ ਕੇਵਲ ਕਾਵਿ-ਬਿਰਾਤਾਂਤ ਹੀ ਨਹੀਂ ਹੁੰਦੀ, ਇਸ ਵਿੱਚ ਜੀਵਨ

ਲਈ ਕੋਈ ਨੁੰਮ੍ਹਣਾ ਅਤੇ ਉਦੇਸ਼ ਵੀ ਪਿਆ ਹੁੰਦਾ ਹੈ। ਬੇਦੀ ਦੀ ਕਵਿਤਾ ਇਸ ਕਸੌਟੀ ਤੇ ਖਰੀ ਉੱਤਰਦੀ ਨਜ਼ਰ ਆਉਂਦੀ ਹੈ। ਉਸਦੀ ਕਵਿਤਾ ਜੀਵਨ ਦੇ ਅਥਾਹ ਸੰਕਟਾਂ ਵਿੱਚ ਜਿੱਥੇ ਜੀਵਨ ਨਾਲ ਸਮਤੋਲ ਬਣਾਉਣ ਲਈ ਯਤਨਸ਼ੀਲ ਹੈ, ਉਸਦੇ ਨਾਲ ਹੀ ਮਾਨਵੀ ਪ੍ਰਸੰਗਾਂ ਵਿੱਚ ਵੀ ਅਰਥਪੂਰਨ ਹੋ ਨਿਬੜਦੀ ਹੈ। ਵਲਵਲਾ ਤੇ ਜ਼ਜ਼ਬਾ ਕਵਿਤਾ ਦੀ ਜਿੰਦਜਾਨ ਹੁੰਦਾ ਹੈ, ਜਦ ਕਵਿਤਾ ਜ਼ਜ਼ਬੇ ਤੋਂ ਜਰਾ ਕੁ ਪਰ੍ਹਾਂ ਹੋਣ ਲਗਦੀ ਹੈ ਤਾਂ ਇਹ ਇੱਕ ਮਕਾਨਕੀ ਵਿਹਾਰ ਵਿੱਚ ਬਦਲ ਜਾਂਦੀ ਹੈ, ਉਦੋਂ ਇਹ ਕਾਵਿ ਸੁਹਜ ਅਤੇ ਆਪਣੇ ਮੂਲ ਪ੍ਰਯੋਜਨ ਤੋਂ ਊਣੀ ਹੋਣ ਲਗਦੀ ਹੈ। ਇਸ ਲਈ ਕਾਵਿਕਤਾ ਇਸਦਾ ਮੂਲ ਧੁਰਾ ਹੈ, ਜਿਸਦੇ ਇਰਧ ਗਿਰਧ ਇਸਦਾ ਵਿਕਾਸ ਸੰਭਵ ਹੁੰਦਾ ਹੈ। ਕਵਿਤਾ ਜੀਵਨ ਦਾ ਸਾਰ ਹੈ। ਇਸ ਵਿੱਚ ਮਾਨਵੀ ਜੀਵਨ ਦੇ ਵਿਲੱਖਣ ਅਤੇ ਅਲੋਕਾਰੀ ਪਲ ਸਮਾਏ ਹੁੰਦੇ ਹਨ। ਕਵੀ ਦੀ ਅੱਖ ਅਦਿੱਖ ਅਗੋਚਰ ਅਤੇ ਅਦ੍ਰਿਸ਼ਟ ਵਰਤਾਰਿਆਂ ਨੂੰ ਵੇਖਣ ਦੀ ਸ਼ਕਤੀ ਅਤੇ ਸਮਰੱਥਾ ਰੱਖਦੀ ਹੈ। ਇਹੀ ਕਾਰਨ ਹੈ ਕਿ ਉਹ ਆਮ ਨੂੰ ਖਾਸ ਅਤੇ ਖਾਸ ਨੂੰ ਆਮ ਸੰਦਰਭਾਂ ਵਿੱਚ ਪ੍ਰੀਭਾਸ਼ਤ ਕਰਨ ਦੀ ਸ਼ਕਤੀ ਅਤੇ ਸਮਰੱਥਾ ਰੱਖਦਾ ਹੈ। ਬੇਦੀ ਦੀ ਕਵਿਤਾ ਦਾ ਇੱਕ ਹੋਰ ਮੀਰੀ ਗੁਣ ਇਹ ਹੈ ਕਿ ਇਹ ਕਵਿਤਾ ਰੂਪ ਪੱਖੋਂ ਇੱਕ ਸਥਿਰ ਪੈਟਰਨ ਵਿੱਚ ਚਲਦੀ ਹੈ। ਇਹ ਜੀਵਨ ਦੇ ਅਨੰਤ ਉਤਰਾਅ ਚੜ੍ਹਾਵਾਂ ਵਿੱਚੋਂ ਗੁਜ਼ਰਦੀ ਹੋਈ ਮਨੁੱਖ ਦੀ ਜਿੱਤ ਵਿੱਚ ਵਿਸ਼ਵਾਸ਼ ਪੱਕਾ ਕਰਦੀ ਹੈ। ਉਸਦੀ ਦੀ ਕਵਿਤਾ ਵਿੱਚ ਸੂਰਜ ਰੌਸ਼ਨੀ ਦੇ ਚਿਹਨ ਦੇ ਰੂਪ ਵਿੱਚ ਪੇਸ਼ ਹੁੰਦਾ ਹੈ। ਇਹ ਆਸ਼ਾਵਾਦ ਦਾ ਪ੍ਰਤੀਕ ਹੈ। ਪੰਜਾਬੀ ਦੀ ਬਹੁਤ ਸਾਰੀ ਕਵਿਤਾ ਵਿੱਚ ਸੂਰਜ ਜੀਵਨ ਦੇ ਮੂਲ ਸੰਕਲਪ ਅਤੇ ਊਰਜਾ ਦੇ ਮੂਲ ਸਰੋਤ ਦੇ ਰੂਪ ਵਿੱਚ ਪੇਸ਼ ਹੁੰਦਾ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਪ੍ਰਾਕ੍ਰਿਤਕ ਅਤੇ ਕੁਦਰਤੀ ਵਰਤਾਰੇ ਹਨ, ਜਿਹੜੇ ਇਸ ਕਵਿਤਾ ਵਿੱਚ ਵੱਖਰੇ-ਵੱਖਰੇ ਸੰਦਰਭਾਂ ਵਿੱਚ ਪੇਸ਼ ਹੁੰਦੇ ਹਨ। ਜੇਕਰ ਵਣਜਾਰਾ ਬੇਦੀ ਦੀ ਕਵਿਤਾ ਦੇ ਵਿਕਾਸ ਪੜਾਵਾਂ ਵੱਲ ਇੱਕ ਝਾਤੀ ਮਾਰੀ ਜਾਵੇ ਤਾਂ ਇਹ ਕਵਿਤਾ ਆਪਣੇ ਵੱਖ-ਵੱਖ ਵਿਕਾਸ ਪੜਾਵਾਂ ਵਿੱਚੋਂ ਲੰਘਦੀ ਹੋਈ, ਆਪਣੀ ਅਨੂਠੀ ਗਤੀਸ਼ੀਲਤਾ ਦਾ ਪ੍ਰਗਟਾਵਾ ਕਰਦੀ ਹੈ। ਇਸ ਕਵਿਤਾ ਵਿੱਚੋਂ ਮਨੁੱਖ ਦੇ ਸਮਾਜਿਕ ਜੀਵਨ ਦੀ ਇੱਕ ਮੁਕੰਮਲ ਤਸਵੀਰ ਉੱਘੜ ਕੇ ਸਾਹਮਣੇ ਆਉਂਦੀ ਹੈ। ਇਸ ਵਿੱਚ ਮਨੁੱਖੀ ਜੀਵਨ ਦੇ ਸਮਕਾਲੀ ਹਾਲਤਾਂ ਦਾ ਚਿਤਰਣ ਬਹੁਤ ਹੀ ਭਾਵਪੂਰਤ ਭਾਸ਼ਾ ਵਿੱਚ ਕੀਤਾ ਮਿਲਦਾ ਹੈ। ਇਸ ਕਵਿਤਾ ਵਿੱਚ ਕਵੀ ਆਪਣੇ ਮਨੋਭਾਵਾਂ ਦੇ ਨਾਲ-ਨਾਲ ਸਮਾਜਿਕ ਚੇਤਨਾ ਦੀ ਗਵਾਹੀ ਵੀ ਭਰਦਾ ਹੈ। ਉਦੋਂ ਇਹ ਕਵਿਤਾ ਸਮਾਜਿਕ ਪ੍ਰਤੀਬੱਧਤਾ ਦਾ ਪ੍ਰਗਟਾਵਾ ਕਰਦੀ ਹੋਈ ਆਪਣੀ ਕਾਵਿਕ ਸਿਖਰ ਤੇ ਪਹੁੰਚ

ਜਾਂਦੀ ਹੈ। 'ਪਾਣੀ ਅੰਦਰ ਲੀਕ' ਵਣਜਾਰਾ ਬੇਦੀ ਦਾ ਬਹੁਚਰਚਿਤ ਕਾਵਿ-ਸੰਗ੍ਰਹਿ ਹੈ। ਇਹ ਪੁਸਤਕ 1965 ਵਿੱਚ ਪ੍ਰਕਾਸ਼ਿਤ ਹੋਈ। ਇਸ ਵਿੱਚ ਕੁੱਲ ਇਕੱਤੀ ਕਵਿਤਾਵਾਂ ਦਰਜ ਹਨ। ਇਸ ਕਾਵਿ ਸੰਗ੍ਰਹਿ ਦੀ ਭੂਮਿਕਾ ਪ੍ਰਸਿੱਧ ਵਿਦਵਾਨ ਅਤੇ ਮੈਂਬਰ ਪਾਰਲੀਮੈਂਟ ਰਹੇ ਡਾ.ਗੋਪਾਲ ਸਿੰਘ ਨੇ ਲਿਖੀ ਹੈ। ਉਹ ਇਸ ਪੁਸਤਕ ਦੀ ਭੂਮਿਕਾ ਵਿੱਚ ਵਣਜਾਰਾ ਬੇਦੀ ਦੀ ਸਾਹਿਤਕ ਸਖ਼ਸ਼ੀਅਤ ਬਾਰੇ ਲਿਖਦੇ ਹਨ ਕਿ, "ਡਾਕਟਰ ਸੋਹਿੰਦਰ ਸਿੰਘ ਬੇਦੀ ਨੂੰ ਮੈਂ ਵਿਦਿਆਰਥੀ ਜੀਵਨ ਤੋਂ ਹੀ ਜਾਣਦਾ ਹਾਂ। ਮੇਰੇ ਅਤਿ ਨੇੜੇ ਰਹਿਣ ਕਰਕੇ, ਉਨ੍ਹਾਂ ਦੀ ਪਲ ਪਲ ਵਿਗਸਦੀ ਪ੍ਰਤਿਭਾ ਨੂੰ ਉਘੜਦਾ ਤੇ ਪ੍ਰਫੁਲਤ ਹੁੰਦਾ ਵੇਖਿਆ ਹੈ। ਇਸ ਕਰਕੇ ਮੈਨੂੰ ਸਦਾ ਹੀ ਆਸ ਰਹੀ ਹੈ ਕਿ ਉਹ ਪੰਜਾਬੀ ਸਾਹਿਤ ਦੀ ਉਸਾਰੀ ਵਿੱਚ ਆਪਣਾ ਨਿੱਗਰ ਭਾਗ ਪਾਣਗੇ। ਉਨ੍ਹਾਂ ਦੇ ਪਹਿਲੇ ਦੋ ਕਾਵਿ-ਸੰਗ੍ਰਹਿ 'ਖ਼ੁਸ਼ਬੂਆਂ' ਅਤੇ 'ਕੰਵਲ ਪੱਤੀਆਂ' ਸਨ, ਜਿਨ੍ਹਾਂ ਨੂੰ ਪੜ੍ਹਕੇ, ਉਨ੍ਹਾਂ ਦੀ ਨਵ-ਫੁਟਦੀ ਕਰਤਾਰੀ ਸ਼ਕਤੀ ਦਾ ਅਨੁਭਵ ਮੈਨੂੰ ਹੋ ਰਿਹਾ ਸੀ। ਹਥਲੀ ਰਚਨਾ 'ਪਾਣੀ ਅੰਦਰ ਲੀਕ' ਉਸੇ ਦਾ ਵਿਕਸਤ ਰੂਪ ਹੈ। ਇਸ ਹਥਲੇ ਕਾਵਿ-ਸੰਗ੍ਰਹਿ ਨੂੰ ਬੇਦੀ ਜੀ ਨੇ ਚਾਰ ਭਾਗਾਂ ਵੰਡਿਆ ਹੈ-ਸਰੋਦੀ ਕਾਵਿ, ਕਥਾ ਕਾਵਿ, ਰਹੱਸਵਾਦੀ ਕਾਵਿ ਅਤੇ ਵਿਅੰਗਾਤਮਿਕ ਕਵਿਤਾਵਾਂ। ਸਰੋਦੀ ਕਾਵਿ ਵਿੱਚ ਸੋਝੀ, ਸੇਧ ਅਤੇ ਹਾੜ ਆਦਿ ਵਿਸ਼ੇਸ਼ ਰਚਨਾਵਾਂ ਹਨ। 'ਸੋਝੀ' ਵਿੱਚ ਕਵੀ ਨੇ ਜ਼ਿੰਦਗੀ ਦੇ ਹਰ ਰੰਗ ਨੂੰ ਵੇਖਣ ਤੇ ਮਾਣਨ ਲਈ ਪ੍ਰੇਰਿਆ ਹੈ। ਅੱਜ ਦੇ ਯੁੱਗ ਦਾ ਪ੍ਰਧਾਨ ਜਜ਼ਬਾ ਪਿਆਰ ਮੰਨਿਆ ਗਿਆ ਹੈ। ਸਾਡੇ ਸਾਹਿਤ, ਸੰਗੀਤ, ਚਿੱਤਰ ਅਤੇ ਨ੍ਰਿਤ ਕਲਾ ਵਿੱਚ ਹਰ ਪਾਸੇ ਇਹੋ ਜਜ਼ਬਾ ਪਸਰਿਆ ਦਿੱਸਦਾ ਹੈ, ਪਰ ਜੇ ਜ਼ਰਾ ਸੋਝੀ ਤੋਂ ਕੰਮ ਲਈਏ ਤਾਂ ਸਾਡੀ ਜ਼ਿੰਦਗੀ ਪਿਆਰ ਤੋਂ ਛੁੱਟ ਹੋਰ ਵੀ ਕਈ ਤੰਦਣ ਤਾਈਆਂ ਵਿੱਚ ਉਲਝੀ ਹੋਈ ਹੈ, ਜਿਨ੍ਹਾਂ ਦੀਆਂ ਗੰਢਾਂ ਨੂੰ ਅਸੀਂ ਕਦੀ ਖੋਲ੍ਹਣ ਦਾ ਯਤਨ ਨਹੀਂ ਕੀਤਾ।"[10] ਵਣਜਾਰਾ ਬੇਦੀ ਦੀ ਕਵਿਤਾ ਬਾਰੇ ਇਹ ਉਪਰੋਕਤ ਟਿੱਪਣੀ ਬੜੀ ਗ਼ੌਲਣਯੋਗ ਹੈ। ਬੇਦੀ ਆਪਣੇ ਜੀਵਨ ਵਿੱਚ ਪਿਆਰ ਨੂੰ ਜ਼ਿੰਦਗੀ ਦਾ ਮੂਲ ਧੁਰਾ ਮੰਨਕੇ ਚੱਲਦਾ ਹੈ। ਉਸ ਦੀ ਕਵਿਤਾ ਵਿੱਚ ਪਿਆਰ ਦੀਆਂ ਧੁੱਪਾਂ ਛਾਵਾਂ ਬੜੀ ਗਹਿਰੀ ਵੇਦਨਾ-ਸੰਵੇਦਨਾ ਸੰਗ ਪੇਸ਼ ਹੋਈਆਂ ਹਨ। ਉਹ ਆਪਣੀ ਕਵਿਤਾ ਵਿੱਚ ਜਦ ਕਿੱਸਾ-ਕਾਵਿ ਦੇ ਨਾਇਕ-ਨਾਇਕਾਵਾਂ ਨੂੰ ਚਿਤਰਦਾ ਹੈ ਤਾਂ ਉਸਦੀ ਕਵਿਤਾ ਤੇ ਲੋਕਧਾਰਾਈ ਪੱਖ ਭਾਰੂ ਹੋਣ ਲਗਦਾ ਹੈ। ਇਹ ਕਥਾਤਮਕ ਅੰਸ਼ ਇਸ ਕਵਿਤਾ ਨੂੰ ਹੋਰ ਵੀ ਰੌਚਿਕ ਬਣਾ ਦਿੰਦਾ ਹੈ। ਲੇਖਕ ਹੀਰ, ਰਾਝਾਂ, ਕੈਦੋਂ ਤੇ ਸੈਦੇ ਦੇ ਪਾਤਰਾਂ ਨੂੰ ਵੱਖ ਵੱਖ ਸੰਦਰਭਾਂ ਵਿੱਚ ਵਰਤਦਾ ਹੋਇਆ, ਇਨ੍ਹਾਂ ਦੀ ਸੱਭਿਆਚਾਰਕ ਨੁਹਾਰ ਨੂੰ ਪੇਸ਼ ਕਰਨ ਦਾ ਯਤਨ ਕਰਦਾ ਹੈ। ਅਸਲ

ਵਿੱਚ ਇਹ ਪਾਤਰ ਪੰਜਾਬੀ ਸੁਭਾਅ ਨੰ ਹੀ ਪ੍ਰਗਟ ਕਰਦੇ ਹਨ। ਬੇਦੀ ਨੇ ਇਨ੍ਹਾਂ ਨੂੰ ਆਪਣੀ ਕਵਿਤਾ ਵਿੱਚ ਬਹੁਤ ਹੀ ਵਿਲੱਖਣ ਅਤੇ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੈ। ਉਹ ਜਿੱਥੇ ਇਕ ਪਾਸੇ ਹੀਰ ਦੀ ਝਨਾਂ ਵਾਂਗ ਠਾਠਾਂ ਮਾਰਦੀ ਜਵਾਨੀ ਦੇ ਵੱਖਰੇ ਵੱਖਰੇ ਰੰਗਾਂ ਨੂੰ ਕੁਦਰਤ ਦੇ ਸ਼ਕਤੀਸ਼ਾਲੀ ਚਿਹਨਾਂ ਪ੍ਰਤੀਕਾਂ ਰਾਹੀਂ ਉਲੀਕਦਾ ਹੈ, ਉਸਦੇ ਨਾਲ ਹੀ ਧੀਦੋ ਰਾਂਝੇ ਦੇ ਪਾਤਰ ਨੂੰ ਵੀ ਬੜੇ ਖ਼ੂਬਸੂਰਤ ਢੰਗ ਨਾਲ ਚਿੱਤਰਦਾ ਹੈ। ਇਹ ਪ੍ਰਸੰਗ ਇਸ ਕਵਿਤਾ ਵਿੱਚ ਆ ਕੇ ਬੇਦੀ ਦੇ ਕਾਵਿ-ਸੰਵਾਦ ਨੂੰ ਅਨੋਖੀ ਗਤੀ ਪ੍ਰਦਾਨ ਕਰਦੇ ਹਨ। ਉਹ ਰਾਂਝੇ ਦੀ ਸਿਫ਼ਤ ਕਰਦਾ ਲਿਖਦਾ ਹੈ-

ਜੰਗਲ ਦੇ ਫੁੱਲ ਵਾਂਙ ਨਿਖਰਿਆ
ਮਿਹਨਤ ਦੀ ਤ੍ਰੇਲੀ ਨਾਲ ਧੋਤਾ
ਜਿਵੇਂ ਕੋਈ ਅਰਸ਼ੋਂ ਤਾਰਾ
ਉਜੱਲੇ ਪਾਣੀ ਵਿੱਚ ਉਤਰਿਆ
ਜੀਵਨ ਦੇ ਚਿਕੜਾਲੇ ਛੰਬ ਤੇ
ਕੰਵਲ ਫੁੱਲ ਵਾਂਙ ਤਰਦਾ
ਦਿਨ ਦੀ ਚੜ੍ਹੀ ਜਵਾਨੀ ਵਾਙੂੰ
ਭਰਿਆ, ਨਿਘਾ
ਬੇਲੇ ਦੇ ਕਾਲੇ ਅੰਬਰ ਤੇ
ਸੂਰਜ ਵਾਙੂੰ ਚੜ੍ਹਿਆ [11]

ਇਸਦੇ ਨਾਲ ਹੀ ਉਹ ਹੀਰ ਰਾਂਝੇ ਦੇ ਵਿਰੋਧੀ ਪਾਤਰਾਂ ਨੂੰ ਪਰੰਪਰਿਕ ਵਰਜਣਾਵਾਂ ਅਤੇ ਬੇੜੀਆਂ ਦੇ ਰੂਪ ਵਿੱਚ ਪ੍ਰਸਤੁਤ ਕਰਦਾ ਹੈ। ਉਹ ਇਨ੍ਹਾਂ ਪਾਤਰਾਂ ਦੇ ਚਰਿੱਤਰ ਵਿੱਚ ਪਏ ਨਿਖੇਧਾਤਮਕ ਬਿੰਦੂਆਂ ਅਤੇ ਅਵਚੇਤਨੀ ਗੁੰਝਲਾਂ ਨੂੰ ਬਾਹਰੀ ਰੂਪ ਵਿੱਚ ਸਾਕਾਰ ਕਰਦਾ ਹੋਇਆ ਇਸ ਵਿਹਾਰ ਪਿੱਛੇ ਕੰਮ ਕਰ ਰਹੇ ਕਾਰਨਾਂ ਅਤੇ ਵਰਤਾਰਿਆਂ ਨੂੰ ਅਭਿਵਿਅਕਤ ਕਰਨ ਦਾ ਯਤਨ ਵੀ ਕਰਦਾ ਹੈ। ਇਥੋਂ ਤੀਕ ਪਹੁੰਚਦਿਆਂ ਇਹ ਕਵਿਤਾ ਹੋਰ ਵੀ ਪਰਪੱਕਤਾ ਅਤੇ ਪ੍ਰੋੜਤਾ ਗ੍ਰਹਿਣ ਕਰ ਲੈਂਦੀ ਹੈ। ਇਥੇ ਕਵੀ ਦਾ ਇਨ੍ਹਾਂ ਪਾਤਰਾਂ ਨੂੰ ਗਹਿਰੀ ਸੰਵੇਦਨਾ ਰਾਹੀਂ ਪੇਸ਼ ਕਰਨਾ ਵਿਸ਼ੇਸ਼ ਅਰਥ ਰੱਖਦਾ ਹੈ। ਉਸਦਾ ਮੂਲ ਮਨੋਰਥ ਇਨ੍ਹਾਂ ਪਾਤਰਾਂ ਰਾਹੀਂ ਸਮਕਾਲੀ ਸਮਾਜਿਕ ਸੱਭਿਆਚਾਰਕ ਮੁੱਲ ਵਿਧਾਨ ਅਤੇ ਸੰਰਚਨਾ ਨੂੰ ਪੇਸ਼ ਕਰਨਾ ਹੈ। ਇਹ ਸੰਰਚਨਾਵਾਂ ਜਿੱਥੇ ਸਾਡੇ ਸਮਾਜਿਕ-ਯਥਾਰਥ ਨੂੰ ਪੇਸ਼ ਕਰਦੀਆਂ ਹਨ,

ਉਸਦੇ ਨਾਲ ਹੀ ਪਰੰਪਰਾ ਦੇ ਮਾਨਵ ਵਿਰੋਧੀ ਸਰੂਪ ਨੂੰ ਵੀ ਉਭਾਰਨ ਦਾ ਯਤਨ ਕਰਦੀਆਂ ਹਨ। ਵਣਜਾਰਾ ਬੇਦੀ ਦੁਆਰਾ ਇਨ੍ਹਾਂ ਕਿੱਸਾ ਕਾਵਿ ਦੇ ਮਿੱਥਕ ਪਾਤਰਾਂ ਨੂੰ ਵੱਖ-ਵੱਖ ਰੂਪਾਂ ਵਿੱਚ ਪੇਸ਼ ਕਰਨਾ, ਸੱਭਿਆਚਾਰਕ ਰਹਿਤਲ ਵਿੱਚ ਪਏ ਮਾਨਵੀ ਅਤੇ ਗ਼ੈਰ ਮਾਨਵੀ ਵਰਤਾਰਿਆ ਦੀ ਸ਼ਨਾਖਤ ਕਰਨਾ ਵੀ ਹੈ। ਕਵੀ ਕੈਦੋ ਦਾ ਕਾਵਿ-ਚਿੱਤਰ ਉਲੀਕਦਾ ਹੋਇਆ ਉਸਦੀ ਅੰਤਰੀਵੀ ਹਲਚਲ ਨੂੰ ਪੇਸ਼ ਕਰਨ ਲਈ ਯਤਨਸ਼ੀਲ ਹੈ। ਉਹ ਇਨ੍ਹਾਂ ਪਾਤਰਾਂ ਨੂੰ ਚਿਤਰਣ ਲੱਗਿਆ ਮੱਧਕਾਲੀ ਦ੍ਰਿਸ਼ਟੀ ਨੂੰ ਨਾਲ ਲੈ ਕੇ ਚਲਦਾ ਹੈ। ਇਸ ਨਾਲ ਉਸਦੀ ਕਵਿਤਾ ਕੁਝ ਸੀਮਾਗਤ ਦਾਇਰਿਆਂ ਦਾ ਪ੍ਰਗਟਾਵਾ ਵੀ ਕਰਦੀ ਹੈ। ਉਸਦੀ ਕਵਿਤਾ ਵਿੱਚ ਕੈਦੋਂ ਦਾ ਪਾਤਰ ਰਾਂਝੇ ਦੇ ਮੁਕਾਬਲਤਨ ਪਰੰਪਰਾ ਦੀਆਂ ਬੇੜੀਆਂ ਵਿੱਚ ਜੂਝਦਾ ਨਜ਼ਰ ਆਉਂਦਾ ਹੈ-

ਕੈਦੋਂ
ਰੂੜ੍ਹੀ ਉਤੇ ਉੱਗਿਆ ਭੱਖੜਾ
ਵਿਸ ਦੀ ਗੰਦਲ ਖੰਡ ਵਲੇਟੀ
ਜਾਂ ਗੰਦ ਉੱਪਰੋਂ ਢੱਕਿਆ
ਸਰਾਪੀ-ਪਤਝੜ ਵਾਂਙ
ਜਿਸ ਬ੍ਰਿਛ ਤੇ ਪਰਛਾਂ ਪੈਂਦੀ
ਉਸ ਨੂੰ ਫਲ ਨ ਲਗਦਾ
ਬੱਜਰ ਪੱਥਰ ਵਾਂਙ
ਜਿਸ ਸੋਮੇ ਤੇ ਡਿਗਦਾ
ਉਸ 'ਚੋਂ ਪਾਣੀ ਫੇਰ ਨ ਸਿੰਮਦਾ [12]

ਇਸ ਸੰਗ੍ਰਹਿ ਦੇ ਤੀਜੇ ਭਾਗ ਵਿੱਚ ਚਾਨਣ ਦੀ ਤੰਦ, ਹਰ ਸੁਹਾਣੀ, ਚਾਨਣ ਦੇ ਫੁੱਲ, ਤੂੰ ਤੇ ਮੈਂ, ਪ੍ਰੇਮ ਨਸ਼ਾ ਅਤੇ ਰਾਸ ਨਾਮਕ ਕਵਿਤਾਵਾਂ ਸ਼ਾਮਿਲ ਹਨ। ਇਹ ਕਵਿਤਾਵਾਂ ਕਵੀ ਦੇ ਅਧਿਆਤਮਕ ਜਗਤ ਅਤੇ ਰੱਬ ਦੇ ਰੰਗ ਵਿੱਚ ਰੰਗੀ ਮਨੋ-ਅਵੱਸਥਾ ਦੇ ਦੀਦਾਰ ਕਰਾਉਂਦੀਆਂ ਹਨ। ਇਨ੍ਹਾਂ ਕਵਿਤਾਵਾਂ ਵਿੱਚ ਕੁਦਰਤ, ਰੱਬੀ ਇਸ਼ਕ ਅਤੇ ਵਿਸਮਾਦੀ ਅਨੁਭਵਾਂ ਦਾ ਜਲਵਾ ਬੜੀ ਖ਼ੂਬਸੂਰਤ ਅਤੇ ਮਾਰਮਿਕ ਭਾਸ਼ਾ ਵਿੱਚ ਪੇਸ਼ ਹੋਇਆ ਹੈ। ਕਵੀ ਆਪਣੀ ਗੱਲ ਕਹਿਣ ਲਈ ਬੜੇ ਸੱਜਰੇ ਬਿੰਬ, ਪ੍ਰਤੀਕਾਂ ਅਤੇ ਅਲੰਕਾਰਾਂ ਦੀ ਵਰਤੋਂ ਕਰਦਾ ਹੈ। ਇਸ ਸੰਦਰਭ ਵਿੱਚ ਉਸਦੀ ਕਵਿਤਾ 'ਚਾਨਣ ਦਾ ਫੁੱਲ' ਵਿਸ਼ੇਸ਼ ਤੌਰ ਤੇ ਜ਼ਿਕਰਯੋਗ

ਹੈ। ਕਵਿਤਾ ਵਿੱਚ ਇੱਕ ਪੰਛੀ ਦਾ ਛਾਂ ਵਿੱਚੋਂ ਉੱਡਕੇ ਰੁੱਖ ਦੀ ਟੀਸੀ ਤੇ ਬਹਿਣਾ ਅਤੇ ਇੱਕ ਟੁੱਟੇ ਹੋਏ ਪੱਤੇ ਦਾ ਉੱਡਕੇ ਫਿਰ ਤੋਂ ਟਹਿਣੀ ਨਾਲ ਜੁੜਨਾ ਕਵੀ ਦੇ ਮਨ ਦੇ ਅਲੋਕਾਰੀ ਅਨੁਭਵ ਹਨ, ਜਿਹੜੇ ਇਸ ਕਵਿਤਾ ਨੂੰ ਉਡਾਰੀ ਪੱਖੋਂ ਸਿਖਰ ਤੇ ਲੈ ਜਾਂਦੇ ਹਨ। ਇਸਦੇ ਨਾਲ ਹੀ ਚੌਥੇ ਭਾਗ ਦੀਆਂ ਕਵਿਤਾਵਾਂ ਮਦਾਰੀ, ਤੀਵੀਂ, ਚੰਦਨ, ਜੈ ਜੈ ਕਾਰ ਅਤੇ ਸਮਾਜ ਵਿਸ਼ੇਸ਼ ਤੌਰ ਤੇ ਗ਼ੌਲਣਯੋਗ ਹਨ। ਇੱਥੇ ਕਵੀ ਆਪਣੀ ਕਵਿਤਾ 'ਸਮਾਜ' ਵਿੱਚ ਸਮਾਜ ਦੀਆਂ ਮਾਨਵ ਵਿਰੋਧੀ ਰਹੁ ਰੀਤਾਂ ਅਤੇ ਪਰੰਪਰਾਵਾਂ ਤੇ ਤਿੱਖਾ ਵਿਅੰਗ ਕੱਸਦਾ ਹੋਇਆ ਸਾਡੇ ਸਮਾਜ-ਸੱਭਿਆਚਾਰ ਬਾਰੇ ਬੜਾ ਕੁਝ ਬਿਆਨ ਕਰ ਜਾਂਦਾ ਹੈ। ਉਹ ਸਾਡੇ ਸਮਾਜ ਵਿੱਚ ਵਿਚਰਦੇ ਦੰਭੀ ਕਿਰਦਾਰ ਵਾਲੇ ਲੋਕਾਂ ਦੀ ਗਿੱਦੜਾਂ ਤੇ ਉੱਲੂਆਂ ਨਾਲ ਤੁਲਨਾ ਕਰਦਾ ਹੈ। ਇਹ ਸਮਾਜਿਕ ਕਰੂਰਤਾ ਦੇ ਚਿਹਨ ਹਨ। ਅਸਲ ਵਿੱਚ ਇਹ ਕਵਿਤਾ ਪਰੰਪਰਾ ਨੂੰ ਅੜੇ ਹੱਥੀ ਲੈਂਦੀ ਹੋਈ ਮਨੁੱਖ ਨੂੰ ਬਦਲਦੇ ਸਮਿਆਂ ਵਿੱਚ ਨਵੀਂ ਸੋਚ ਅਪਣਾਉਣ ਤੇ ਜੋਰ ਦਿੰਦੀ ਹੈ। ਫਿਰ ਵੀ ਵਣਜਾਰਾ ਬੇਦੀ ਦੀ ਕਵਿਤਾ ਹਰ ਥਾਂ ਤੇ ਆਸ਼ਾਵਾਦ ਨੂੰ ਨਾਲ ਲੈ ਕੇ ਚੱਲਦੀ ਹੈ। ਉਸਦੀ ਇੱਕ ਕਵਿਤਾ ਇੱਥੇ ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹੈ-

ਇੱਕ ਸੀਮਾ ਤੇ ਦੁੱਖ ਦੀ ਮਾਤਰਾ
ਆਪਣਾ ਅਨੁਭਵ ਖੋਹ ਬਹਿੰਦੀ ਏ
ਕੁਝ ਚਿਰ ਪਿੱਛੋਂ ਰਾਤ ਹਨੇਰੀ
ਘੋਰ ਡਰਾਉਣੀ ਨਹੀਂ ਰਹਿੰਦੀ ਏ [13]

ਇਸ ਤਰ੍ਹਾਂ ਇਸ ਕਵਿਤਾ ਦੇ ਗਹਿਨ ਅਧਿਐਨ ਉਪਰੰਤ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਵਣਜਾਰਾ ਬੇਦੀ ਇੱਕ ਉੱਚੀ ਬਿਰਤੀ ਵਾਲਾ ਕਵੀ ਹੈ। ਉਸਦੀ ਕਵਿਤਾ ਮਨੁੱਖੀ ਜੀਵਨ ਦੇ ਉਚੇਰੇ ਆਦਰਸ਼ਾਂ ਨਾਲ ਜੁੜੀ ਹੋਈ ਹੈ। ਇਹ ਕਵਿਤਾ ਜਿੱਥੇ ਸਮਕਾਲ ਨਾਲ ਪ੍ਰਵਚਨੀ ਸੁਰ ਬਣਾਉਣ ਲਈ ਯਤਨਸ਼ੀਲ ਹੈ, ਉਸਦੇ ਨਾਲ ਹੀ ਇਸ ਤੇ ਸਮਕਾਲੀ ਪੰਜਾਬੀ ਕਵਿਤਾ ਦਾ ਪ੍ਰਭਾਵ ਵੀ ਪ੍ਰਤੱਖ ਰੂਪ ਵਿੱਚ ਵੇਖਿਆ ਜਾ ਸਕਦਾ ਹੈ। ਪਰ ਇਹ ਇੱਕ ਸੁਭਾਵਿਕ ਵਰਤਾਰਾ ਹੈ, ਕਵੀ ਚੇਤਨ-ਅਵਚੇਤਨ ਪੱਧਰ ਤੇ ਆਪਣੀ ਰਚਨਾ ਵਿੱਚ ਹਰ ਸਮੇਂ ਕਿਸੇ ਨਾ ਕਿਸੇ ਰੂਪ ਵਿੱਚ ਹਾਜ਼ਰ ਰਹਿੰਦਾ ਹੈ। ਇਹ ਕਵਿਤਾ ਵੀ ਇਸ ਪ੍ਰਭਾਵ ਤੋਂ ਅਣਭਿੱਜ ਨਹੀਂ ਹੈ। ਇਸ ਤਰ੍ਹਾਂ ਜੇਕਰ ਵਣਜਾਰਾ ਬੇਦੀ ਦੀ ਪਹਿਲੇ ਪੜਾਅ ਦੀ ਕਵਿਤਾ ਦੀ ਗੱਲ ਕੀਤੀ ਜਾਵੇ ਤਾਂ ਇਹ ਕਵਿਤਾ ਗੀਤ-ਕਾਵਿ ਦੀ ਕੋਟੀ ਵਿੱਚ ਆਉਂਦੀ ਹੈ। ਇਸ ਕਵਿਤਾ ਵਿੱਚ ਜ਼ਿਆਦਾਤਰ ਮਨੁੱਖੀ ਮਨ ਦੇ ਨਿੱਜੀ ਵਲਵਲੇ ਅਤੇ ਜਜ਼ਬੇ ਭਾਰੂ ਰਹਿੰਦੇ ਹਨ। ਇਸ

ਕਵਿਤਾ ਤੇ ਲੋਕ ਗੀਤ ਦਾ ਪ੍ਰਭਾਵ ਵੀ ਪ੍ਰਤੱਖ ਰੂਪ ਵਿੱਚ ਵੇਖਣ ਨੂੰ ਮਿਲਦਾ ਹੈ। ਇਹ ਕਵਿਤਾ ਜ਼ਿਆਦਾਤਰ ਮਨੁੱਖ ਦੇ ਭਾਵ-ਸੰਸਾਰ ਦੇ ਇਰਧ-ਗਿਰਦ ਉੱਸਰੀ ਹੋਈ ਹੈ। ਇਸ ਬਾਰੇ ਸੁਰਿੰਦਰ ਕੌਰ ਦੇ ਵਿਚਾਰ ਹਨ ਕਿ, "ਇਸ ਤਰ੍ਹਾਂ ਸਮੁੱਚੇ ਕਾਵਿ ਸੰਗ੍ਰਿਹ ਵਿੱਚ ਕਰੀਬ ਕਰੀਬ ਇੱਕੋ ਹੀ ਵਿਸ਼ੇ ਅਤੇ ਇਕੋ ਹੀ ਪੈਟਰਨ ਦਾ ਬਾਰ ਬਾਰ ਦੁਹਰਾਉ ਕੀਤਾ ਗਿਆ ਹੈ। ਸ਼ਬਦ-ਦੁਹਰਾਉ ਵੀ ਬਹੁਤ ਜ਼ਿਆਦਾ ਵੇਖਣ ਨੂੰ ਮਿਲਦਾ ਹੈ। ਇਸ ਸੰਗ੍ਰਹਿ ਵਿਚਲੇ ਗੀਤਾਂ ਦਾ ਸੰਸਾਰ ਨੂਰ, ਚਾਨਣ, ਰਿਸ਼ਮਾਂ, ਖੁਸ਼ਬੂ, ਸਰੂਰ, ਨਸ਼ਾ, ਮਸਤੀ, ਪਿਆਰ ਆਦਿ ਸ਼ਬਦਾਂ ਦੇ ਆਲੇ ਦੁਆਲੇ ਉੱਸਰਿਆ ਹੈ।"[14] ਬੇਦੀ ਦੀ ਦੂਜੇ ਪੜਾਅ ਦੀ ਕਵਿਤਾ ਗੀਤਨੁਮਾ ਅਤੇ ਥੋੜ੍ਹੀ ਰਹੱਸਮਈ ਰੰਗਣ ਵਾਲੀ ਹੈ। ਇਸ ਨਾਲ ਸਬੰਧਿਤ ਕਾਵਿ-ਸੰਗ੍ਰਹਿ 'ਕੰਵਲ ਪੱਤੀਆਂ' ਦੇ ਤਿੰਨ ਭਾਗ ਹਨ। ਇਸ ਸੰਗ੍ਰਹਿ ਦੀ ਕਵਿਤਾ ਵੀ ਲਗਭਗ ਪਹਿਲੇ ਪੜਾਅ ਦੇ ਸਰੋਕਾਰਾਂ ਨੂੰ ਅਪਣਾ ਕੇ ਹੀ ਅੱਗੇ ਵਧਦੀ ਹੈ। ਇਹ ਕਵਿਤਾ ਰੂਪਾਕਾਰਕ ਅਤੇ ਦ੍ਰਿਸ਼ਟੀ ਪੱਖੋਂ ਬੜੀ ਗੰਭੀਰਤਾ ਦਾ ਪ੍ਰਗਟਾਵਾ ਕਰਦੀ ਹੈ। ਇਸ ਸਮੁੱਚੀ ਕਵਿਤਾ ਵਿੱਚ ਪਿਆਰ ਦਾ ਜਜ਼ਬਾ ਸਮੁੱਚੀ ਕਵਿਤਾ ਦੇ ਆਰ ਪਾਰ ਠਾਠਾਂ ਮਾਰਦਾ ਪ੍ਰਤੀਤ ਹੁੰਦਾ ਹੈ। ਜੇਕਰ ਇਸ ਕਵਿਤਾ ਦਾ ਜ਼ਰਾ ਗਹੁ ਨਾਲ ਅਧਿਐਨ ਕੀਤਾ ਜਾਵੇ ਤਾਂ ਇਸ ਕਵਿਤਾ ਵਿੱਚ ਕਵੀ ਮਨ ਇੱਕ ਸਥਿਰ ਪੈਟਰਨ ਵਿੱਚ ਨਹੀਂ ਚਲਦਾ ਸਗੋਂ ਵੱਖਰੇ ਵੱਖਰੇ ਮਨੋ ਭਾਵਾਂ ਦਾ ਪ੍ਰਗਟਾਵਾ ਕਰਦਾ ਹੈ। ਕਵੀ ਇਹ ਪ੍ਰਭਾਵ ਸਮਕਾਲੀ ਪੰਜਾਬੀ ਕਵਿਤਾ ਤੋਂ ਗ੍ਰਹਿਣ ਕਰਦਾ ਹੈ। ਉਸ ਦੌਰ ਵਿੱਚ ਅਧਿਆਤਮਵਾਦੀ ਅਤੇ ਰਹੱਸਮਈ ਮੁਹਾਵਰਾ ਆਪਣੀ ਚਰਮ ਸੀਮਾ ਤੇ ਸੀ। ਇਸ ਲਈ ਸਮਕਾਲੀ ਪੰਜਾਬੀ ਕਵਿਤਾ ਤੇ ਇਸਦਾ ਪ੍ਰਭਾਵ ਵੀ ਸਪੱਸ਼ਟ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਕਵਿਤਾ ਵਿੱਚ ਮਨੁੱਖੀ ਮਨ ਦੀ ਬੇਤਰਤੀਬੀ ਅਤੇ ਬੇਚੈਨੀ ਨੂੰ ਵੀ ਮਹਿਸੂਸ ਕੀਤਾ ਜਾ ਸਕਦਾ ਹੈ। ਡਾ.ਵਣਜਾਰਾ ਬੇਦੀ ਨੇ ਇਸ ਸੰਗ੍ਰਹਿ ਦੀ ਭੂਮਿਕਾ 'ਕੁਝ ਆਪਣੇ ਵੱਲੋਂ' ਵਿੱਚ ਇਸ ਪੁਸਤਕ ਦੇ ਕਾਵਿ-ਸਰੋਕਾਰਾਂ ਬਾਰੇ ਖੁਦ ਜ਼ਿਕਰ ਕੀਤਾ ਹੈ, "ਪਹਿਲੇ ਹਿੱਸੇ ਵਿੱਚ ਸਾਰੀਆਂ ਕਵਿਤਾਵਾਂ ਦਾ ਮੂਲ ਵਿਸ਼ਾ ਪਿਆਰ ਹੈ।.. ਇਸੇ ਵਿਸ਼ੇ ਉੱਤੇ ਕਵਿਤਾ ਲਿਖਣ ਲੱਗਿਆ ਮੇਰੇ ਅੰਦਰੋਂ ਜ਼ਜ਼ਬਿਆਂ ਦਾ ਆਪ ਮੁਹਾਰਾ ਹੜ੍ਹ ਜਿਹਾ ਵਗ ਪੈਂਦਾ ਹੈ, ਮੇਰਾ ਅੰਦਰਲਾ ਪੰਘਰ ਤੁਰਦਾ ਹੈ। ਇਸ ਵਿਸ਼ੇ ਉੱਤੇ ਕਵਿਤਾ ਲਿਖ ਕੇ ਮੈਨੂੰ ਇੱਕ ਅਮੁੱਕ ਜਿਹੀ ਤੇ ਸੰਤੁਸ਼ਟਤਾ ਮਿਲਦੀ ਹੈ। ਜੇ ਮੇਰੀ ਇਹ ਕਮਜੋਰੀ ਹੈ ਤਾਂ ਮੈਨੂੰ ਇਸਨੂੰ ਮੰਨਣ ਵਿੱਚ ਕੋਈ ਇਤਰਾਜ਼ ਨਹੀਂ।"[15] ਇਸੇ ਤਰ੍ਹਾ ਵਣਜਾਰਾ ਬੇਦੀ ਦਾ 1999 ਵਿੱਚ ਪ੍ਰਕਾਸ਼ਿਤ ਹੋਇਆ ਕਾਵਿ ਸੰਗ੍ਰਹਿ 'ਮੇਰੀ ਕਲਮ ਦਾ ਨੂਰ' ਹੈ। ਇਹ ਕਾਵਿ ਪੁਸਤਕ ਆਰਸੀ ਪਬਲਿਸ਼ਰਜ਼, ਦਿੱਲੀ

ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੜਾਅ ਤੇ ਪਹੁੰਚ ਕੇ ਬੇਦੀ ਦੀ ਕਵਿਤਾ ਬੜੀ ਵਿਸ਼ਾਲ ਅਤੇ ਗੰਭੀਰ ਦ੍ਰਿਸ਼ਟੀ ਦਾ ਪ੍ਰਗਟਾਵਾ ਕਰਦੀ ਹੈ। ਉਸਦੀ ਪਹਿਲੇ ਪੜਾਅ ਦੀ ਕਾਵਿ-ਸਿਰਜਣਾ ਅਤੇ ਇਸ ਪੜਾਅ ਦੀ ਕਾਵਿ ਸਿਰਜਣਾ ਵਿੱਚ ਸਮੇਂ ਦਾ ਵੱਡਾ ਅੰਤਰਾਲ ਹੈ। ਭਾਵੇਂ ਕਿ ਇਸ ਦੌਰ ਤੀਕ ਪਹੁੰਚਦਿਆਂ ਵਣਜਾਰਾ ਬੇਦੀ ਨੇ ਲੋਕਧਾਰਾ ਦੇ ਖੇਤਰ ਵਿੱਚ ਬੜੇ ਮਹੱਤਵਪੂਰਨ ਕਾਰਜ ਕੀਤੇ ਪਰ ਕਿਤੇ ਨਾ ਕਿਤੇ ਉਸਦਾ ਧਿਆਨ ਕਵਿਤਾ ਵੱਲ ਵੀ ਕੇਂਦਰਤ ਰਿਹਾ। ਬੇਦੀ ਨੇ ਕਵਿਤਾ ਨੂੰ ਜੀਵਨ ਦਾ ਮੂਲ ਆਧਾਰ ਮੰਨਿਆ ਹੈ ਤੇ ਉਸਨੇ ਆਪਣਾ ਸਿਰਜਣਾ ਕਾਰਜ ਵੀ ਕਵਿਤਾ ਤੋਂ ਹੀ ਆਰੰਭ ਕੀਤਾ ਹੈ। ਇਸ ਤਰ੍ਹਾਂ ਲੋਕਧਾਰਾ ਦੇ ਖੇਤਰ ਵਿੱਚ ਨਿਰੰਤਰ ਕਾਰਜ ਕਰਦਿਆਂ ਵੀ ਉਹ ਆਪਣੀ ਮੂਲ ਸਿਰਜਣ ਪ੍ਰਵਿਰਤੀ ਕਵਿਤਾਕਾਰੀ ਨਾਲ ਕਿਸੇ ਨਾ ਕਿਸੇ ਤਰ੍ਹਾਂ ਜੁੜੇ ਰਹੇ। ਪੰਜਾਬੀ ਦੇ ਬਹੁਤ ਸਾਰੇ ਵਿਦਵਾਨ ਆਲੋਚਨਾ ਅਤੇ ਖੋਜ ਦੇ ਨਾਲ ਨਾਲ ਕਵਿਤਾ ਨਾਲ ਵੀ ਜੁੜੇ ਰਹੇ ਹਨ। ਇਨ੍ਹਾਂ ਵਿੱਚੋਂ ਡਾ. ਹਰਿਭਜਨ ਸਿੰਘ ਅਤੇ ਸਤਿੰਦਰ ਸਿੰਘ ਨੂਰ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਇਸੇ ਤਰ੍ਹਾਂ ਵਣਜਾਰਾ ਬੇਦੀ ਨੇ ਵੀ ਆਪਣੀ ਅਨੋਖੀ ਸਾਹਿਤਕ ਪ੍ਰਤਿਭਾ ਰਾਹੀਂ ਪਜਾਬੀ ਸਾਹਿਤ ਦੇ ਖੇਤਰ ਵਿਚ ਨਵੇਂ ਪੂਰਨੇ ਪਾਏ। ਬੇਦੀ ਦੀ ਇਸ ਦੌਰ ਦੀ ਕਵਿਤਾ ਕਲਾਤਮਕ ਪੱਖੋਂ ਵਿਸ਼ੇਸ਼ ਤੌਰ ਤੇ ਗ਼ੌਲਣਯੋਗ ਹੈ। ਉਨ੍ਹਾਂ ਨੇ ਕਾਵਿ-ਸ਼ਿਲਪ ਅਤੇ ਲੋਕਧਾਰਾਈ ਸੰਕਲਪਾਂ ਦੇ ਸੰਗਮ ਦੁਆਰਾ ਪੰਜਾਬੀ ਕਵਿਤਾ ਨੂੰ ਨਵਾਂ ਮੁਹਾਂਦਰਾ ਦੇਣ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਆਪਣੀ ਕਵਿਤਾ ਵਿੱਚ ਪ੍ਰਕ੍ਰਿਤੀ ਵਿੱਚੋਂ ਬਿੰਬ, ਪ੍ਰਤੀਕ ਅਤੇ ਰੂਪਕ ਚੁਣਕੇ ਇਸ ਢੰਗ ਨਾਲ ਬੀੜੇ ਹਨ ਕਿ ਇਸ ਕਵਿਤਾ ਵਿੱਚ ਇੱਕ ਵੱਖਰੀ ਤਰ੍ਹਾਂ ਦਾ ਸੁਹਜ ਪੈਦਾ ਹੁੰਦਾ ਹੈ, ਜਿਹੜਾ ਕਿ ਕਲਾਤਮਕ ਪੱਖ ਤੋਂ ਇਸ ਕਵਿਤਾ ਨੂੰ ਉਚਾਈ ਵੱਲ ਲੈ ਜਾਂਦਾ ਹੈ। ਇਸ ਕਵਿਤਾ ਦੀ ਲੋਕਧਾਰਾਈ ਪ੍ਰਕ੍ਰਿਤੀ ਇਸਨੂੰ ਨਵੀਂ ਤਾਸੀਰ ਪ੍ਰਦਾਨ ਕਰਦੀ ਹੈ। ਜੇਕਰ ਗਹੁ ਨਾਲ ਵੇਖਿਆ ਜਾਵੇ ਤਾਂ ਬੇਦੀ ਦੀ ਸਿਰਜਣਾ ਇਸ ਪੱਧਰ ਤੇ ਪਹੁੰਚ ਕੇ ਵੀ ਆਪਣੇ ਆਪ ਨੂੰ ਕਿਸੇ ਵਾਦ ਨਾਲ ਨਹੀਂ ਜੋੜਦਾ ਸਗੋਂ ਮਾਨਵਵਾਦੀ ਦ੍ਰਿਸ਼ਟੀ ਨੂੰ ਧਾਰਨ ਕਰਕੇ ਚਲਦਾ ਹੋਇਆ ਨਵੀਆਂ ਅੰਤਰ ਦ੍ਰਿਸ਼ਟੀਆਂ ਦਾ ਪ੍ਰਗਟਾਵਾ ਕਰਦਾ ਹੈ। ਇਹ ਧਾਰਨਾ ਉਸਨੂੰ ਪੰਜਬੀ ਸਾਹਿਤ ਦੇ ਖੇਤਰ ਵਿੱਚ ਇੱਕ ਗਹਿਰ ਗੰਭੀਰ ਮਾਨਵਵਾਦੀ ਕਵੀ ਦੇ ਤੌਰ ਤੇ ਸਥਾਪਿਤ ਕਰਦੀ ਹੈ। ਇਸ ਸੰਦਰਭ ਵਿੱਚ ਇਸ ਸੰਗ੍ਰਹਿ ਦੀ ਕਵਿਤਾ 'ਮੇਰੀ ਕਲਮ ਦਾ ਨੂਰ' ਵਾਚਣਯੋਗ ਹੈ-

ਮੇਰੀ ਕਲਮ 'ਚ
ਸੱਤੇ ਰੰਗ ਨੇ

ਪਰ ਇਕ ਰੰਗ ਤਾਂ ਨੂਰ
ਜਿਹੜਾ ਹਿਰਦੇ ਨੂੰ ਜੋੜੇ
ਜਿਸ ਦੀ ਨਿੱਮੀ ਨਿੱਮੀ ਫ਼ੁਹਾਰ
ਕਲਮ ਮੇਰੀ ਨਾਲ ਸੂਰਜ ਚੜ੍ਹਿਆ
ਚੰਨ ਨੇ ਆਪਣਾ ਆਪ ਪਛਾਤਾ
ਤਾਰੇ ਭੰਗੜਾ ਪਾਵਣ ਸਿੱਖੇ
ਕੁਦਰਤ ਲੁੱਡੀ ਪਾ ਪਾ ਨੱਚੀ [16]

ਇਤਿਹਾਸਕ ਚੇਤਨਾ ਇਸ ਕਵਿਤਾ ਨੂੰ ਨਵੀਂ ਗਤੀ ਅਤੇ ਦ੍ਰਿਸ਼ਟੀ ਪ੍ਰਦਾਨ ਕਰਦੀ ਹੈ। ਕਵੀ ਆਪਣੇ ਵਿਰਸੇ ਦੀ ਨਿਸ਼ਾਨਦੇਹੀ ਕਰਨ ਲਈ ਆਪਣੇ ਇਤਿਹਾਸ ਦੇ ਸ਼ਾਨਾਮੱਤੀ ਵਰਕਿਆਂ ਨੂੰ ਅਗਰਭੂਮੀ ਵਿੱਚ ਲਿਆਉਂਦਾ ਹੋਇਆ ਆਪਣੀ ਸੱਭਿਆਚਾਰਕ ਪਛਾਣ ਨੂੰ ਪ੍ਰੀਭਾਸ਼ਤ ਅਤੇ ਨਿਰਧਾਰਤ ਕਰਨ ਲਈ ਯਤਨਸ਼ੀਲ ਹੈ। ਕਿਸੇ ਵੀ ਸਮਾਜ ਸੱਭਿਆਚਾਰ ਵਿੱਚ ਪਛਾਣ ਦਾ ਸੰਕਟ ਉਦੋਂ ਪੈਂਦਾ ਹੁੰਦਾ ਹੈ, ਜਦੋਂ ਕਿਸੇ ਮਨੁੱਖ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਕਾਰਨਾਂ ਕਰਕੇ ਹਾਸ਼ੀਏ ਵੱਲ ਧੱਕ ਦਿੱਤਾ ਜਾਂਦਾ ਹੈ। ਇਨ੍ਹਾਂ ਪ੍ਰਸਥਿਤੀਆਂ ਅਤੇ ਹਾਲਾਤਾਂ ਦੇ ਚਲਦਿਆਂ ਜਾਂ ਤਾਂ ਮਨੁੱਖ ਮੌਨ ਹੋ ਜਾਂਦਾ ਹੈ ਜਾਂ ਫਿਰ ਆਪਣੇ ਇਤਿਹਾਸ ਦੇ ਸ਼ਾਹਦਤੀ ਸੰਕਲਪਾਂ ਦੇ ਸਮਰਣ ਰਾਹੀਂ ਆਪਣੀ ਪਛਾਣ ਤੈਅ ਕਰਨ ਲਈ ਬਹੁੜਦਾ ਹੈ। ਇਸ ਵਿਧੀ ਦੁਆਰਾ ਇਹ ਕਵਿਤਾ ਵਰਤਮਾਨ ਨੂੰ ਅਤੀਤ ਦੇ ਮਹੱਤਵਪੂਰਨ ਸੰਦਰਭਾਂ ਰਾਹੀਂ ਨਵੀਂ ਗਤੀ ਪ੍ਰਦਾਨ ਕਰਦੀ ਹੈ। ਇਸਦੇ ਨਾਲ ਹੀ ਇਹ ਕਵਿਤਾ ਸਾਡੇ ਦੇਸ਼ ਵਿੱਚ ਘੱਟ ਗਿਣਤੀਆਂ ਦੀਆਂ ਪਛਾਣਾਂ ਅਤੇ ਆਵਾਜ਼ ਦੇ ਮੁੱਦੇ ਨੂੰ ਵੀ ਕੇਂਦਰ ਵਿੱਚ ਲਿਆਉਣ ਵਿੱਚ ਆਪਣੀ ਬਣਦੀ ਭੂਮਿਕਾ ਅਦਾ ਕਰਦੀ ਹੈ। ਇਹ ਪਾਸਾਰ ਇਸ ਕਵਿਤਾ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਰਹਿੰਦਾ ਹੈ। ਇਸ ਕਵਿਤਾ ਵਿੱਚ ਪੰਜਾਬ ਦਾ ਸੱਭਿਆਚਾਰਕ ਅਵਚੇਤਨ ਪ੍ਰਬਲ ਰੂਪ ਵਿੱਚ ਵਿਦਮਾਨ ਰਹਿੰਦਾ ਹੈ। ਇਹ ਕਵਿਤਾ ਜਿੱਥੇ ਵੰਡ ਉਪਰੰਤ ਪੰਜਾਬ ਨਾਲ ਪੈਰ ਪੈਰ ਤੇ ਹੋਏ ਧੱਕੇ ਨੂੰ ਬਹੁਤ ਸੰਵੇਦਨਸ਼ੀਲ ਢੰਗ ਨਾਲ ਉਭਾਰਦੀ ਹੈ, ਉਸਦੇ ਨਾਲ ਹੀ ਚੇਤਨ ਪੱਧਰ ਤੇ ਆਪਣੇ ਇਤਿਹਾਸਕ ਸੰਦਰਭਾਂ ਅਤੇ ਸ਼ਹਾਦਤੀ ਸੰਕਲਪਾਂ ਨੂੰ ਵੀ ਨਾਲ ਲੈ ਕੇ ਚਲਦੀ ਹੈ। ਇੱਥੇ ਕਵੀ ਦਾ ਮੂਲ ਪ੍ਰਯੋਜਨ ਪੰਜਾਬ ਦੇ ਲੋਕਾਂ ਦੀ ਇਤਿਹਾਸਕ ਦੇਣ ਅਤੇ ਕੁਰਬਾਨੀ ਨੂੰ ਉਭਾਰਨ ਦੇ ਨਾਲ ਨਾਲ ਢੁਕਵੇਂ ਪ੍ਰਮਾਣਾਂ ਰਾਹੀਂ ਉਨ੍ਹਾਂ ਦੀਆਂ ਇਤਿਹਾਸਕ ਦਸਤਾਵੇਜ਼ ਬਣੀਆਂ ਡੂੰਘੀਆਂ ਪੈੜਾਂ ਨੂੰ ਸਾਕਾਰ ਕਰਨਾ

ਵੀ ਹੈ। ਇਸ ਕਵਿਤਾ ਵਿੱਚ ਕਵੀ ਦਾ ਇਹੋ ਸੰਦੇਸ਼ ਪਿਆ ਹੋਇਆ ਹੈ-

ਤੁਸੀਂ ਮੈਨੂੰ ਪਛਾਣਿਆ ਨਹੀਂ
ਘੂਰ ਘੂਰ ਕੇ ਕਿਉਂ ਵੇਖਦੇ ਹੋ
ਮੈਂ ਵੀ ਇਸੇ ਮਿੱਟੀ ਤੋਂ ਜੰਮਿਆਂ ਹਾਂ
ਤੁਹਾਡੀ ਤੇ ਮੇਰੀ ਰੂਹ ਦਾ ਖਮੀਰ ਵੀ ਇਕੋ ਏ
ਇਤਿਹਾਸ ਨੂੰ ਤਾਂ ਪੁੱਛ ਵੇਖੋ
ਮੇਰੇ ਦਾਦੇ ਦੇ ਦਾਦੇ ਪਿਓ ਨੇ
ਨਾਦਰ ਤੇ ਅਬਦਾਲੀ ਦੇ ਕਲਾਵੇ 'ਚੋਂ
ਸਿਰ ਧੜਾਂ ਦੀ ਬਾਜ਼ੀ ਲਾ ਕੇ
ਇਸੇ ਮਿੱਟੀ ਵਿੱਚੋਂ ਜੰਮੀਆਂ ਚਿੜੀਆਂ
ਉਕਾਬਾਂ ਵਾਂਗ ਝਪਟ ਕੇ
ਤੇ ਕਈ ਸੀਸ ਦੇ ਕੇ
ਬਚਾਈਆਂ ਸਨ [17]

ਇਸ ਸੰਗ੍ਰਹਿ ਦੀ ਬਹੁਤ ਸਾਰੀ ਕਵਿਤਾ ਜਿੱਥੇ ਮਨੁੱਖ ਦੇ ਅਸਤਿਤਵੀ ਸੰਕਟਾਂ ਦੀ ਬਾਤ ਪਾਉਂਦੀ ਹੈ, ਉਸਦੇ ਨਾਲ ਹੀ ਬਹੁਤ ਸਾਰੀ ਕਵਿਤਾ ਮਨੁੱਖੀ ਜੀਵਨ ਦੇ ਗੰਭੀਰ ਸਰੋਕਾਰਾਂ ਨਾਲ ਵੀ ਜੁੜੀ ਹੋਈ ਹੈ। ਇਸ ਕਵਿਤਾ ਵਿੱਚ ਦੇਸ਼ ਵਿੱਚ ਘੱਟ ਗਿਣਤੀ ਦੇ ਭਾਈਚਾਰਿਆਂ ਨਾਲ ਵਾਪਰੀ ਹਿੰਸਾ ਅਤੇ ਜ਼ੁਲਮ ਦੇ ਪਾਸਾਰ ਭਾਵੇਂ ਸਿੱਧੇ ਰੂਪ ਵਿੱਚ ਨਜ਼ਰ ਨਹੀਂ ਆਉਂਦੇ ਪਰ ਇਹ ਕਿਸੇ ਨਾ ਕਿਸੇ ਰੂਪ ਵਿੱਚ ਇਸ ਕਵਿਤਾ ਦਾ ਜ਼ਿਕਰਯੋਗ ਹਿੱਸਾ ਬਣੇ ਰਹਿੰਦੇ ਹਨ। ਬੇਦੀ ਦੀ ਕਵਿਤਾ ਇਨ੍ਹਾਂ ਵਰਤਾਰਿਆਂ ਨੂੰ ਬਹੁਤ ਸੂਖ਼ਮ ਢੰਗ ਨਾਲ ਪ੍ਰਗਟਾਉਣ ਦਾ ਯਤਨ ਕਰਦੀ ਹੈ। ਉਸਦੀ ਕਵਿਤਾ ਵਿੱਚ ਜ਼ੁਲਮ ਅਤੇ ਅਨਿਆਂ ਪ੍ਰਤੀ ਇੱਕ 'ਉਲਾਮਾ' ਹੈ, ਜਿਹੜਾ ਇਸ ਕਵਿਤਾ ਨੂੰ ਮਾਨਵੀਂ ਪ੍ਰਸੰਗਾਂ ਵਿੱਚ ਨਵੇਂ ਅਰਥ ਪ੍ਰਦਾਨ ਕਰਦਾ ਹੈ। ਕਵੀ ਕੋਲ ਇੱਕ ਸੂਖ਼ਮ ਬਿਰਤੀ ਹੁੰਦੀ ਹੈ, ਜਿਹੜੀ ਕੇ ਆਪਣੇ ਆਲੇ ਦੁਆਲੇ ਨੂੰ ਘੋਖਦੀ ਪੜ੍ਹਤਾਲਦੀ ਰਹਿੰਦੀ ਹੈ। ਉਸਦੀ ਤੀਸਰੀ ਅੱਖ ਆਲੇ ਦੁਆਲੇ ਘਟ ਰਹੇ ਦ੍ਰਿਸ਼-ਆਦ੍ਰਿਸ਼ ਵਰਤਾਰਿਆਂ ਨੂੰ ਸਕੈਨ ਕਰਨ ਦੀ ਅਦਭੁੱਤ ਸਮਰੱਥਾ ਰੱਖਦੀ ਹੈ। ਕਵੀ ਧਰਮ, ਕਰਮ ਅਤੇ ਰਾਜਨੀਤੀ ਨੂੰ ਵੱਖਰੀ ਦ੍ਰਿਸ਼ਟੀ ਤੋਂ ਵੇਖਦਾ ਹੈ। ਸੰਵਾਦ ਵਣਜਾਰਾ ਬੇਦੀ ਦੀ ਕਵਿਤਾ ਨੂੰ ਅਜਬ ਜਲੌਅ ਅਤੇ ਗਤੀ ਪ੍ਰਦਾਨ ਕਰਦਾ ਹੈ। ਉਹ ਮਨੁੱਖੀ ਸਮਾਜ ਵਿੱਚ ਫ਼ੈਲੀ ਹਨੇਰਗਰਦੀ ਅਤੇ ਲੁੱਟ-

ਖਸੁੱਟ ਨੂੰ ਬਹੁਤ ਹੀ ਮਾਰਮਿਕ ਕਵਿਤਾ ਵਿੱਚ ਢਾਲਕੇ ਪੇਸ਼ ਕਰਦਾ ਹੈ। ਉਸਦੀ ਸੁਰ ਸੰਵਾਦਕ ਹੈ। ਉਸਦੀ ਕਵਿਤਾ ਸਾਡੇ ਪ੍ਰਬੰਧ ਦੀ ਅਨੈਤਿਕ ਅਤੇ ਦਮਨਕਾਰੀ ਪਹੁੰਚ ਨੂੰ ਬਹੁਤ ਹੀ ਸੰਜੀਦਗੀ ਅਤੇ ਢੁਕਵੇਂ ਸ਼ਬਦਾਂ ਰਾਹੀਂ ਪੇਸ਼ ਕਰਦੀ ਹੈ। ਆਪਣੀ ਗੱਲ ਕਹਿਣ ਲਈ ਕਵੀ ਰੱਬ ਨੂੰ ਆਪਣਾ ਗਵਾਹ ਅਤੇ ਮਾਧਿਅਮ ਬਣਾਉਂਦਾ ਹੋਇਆ ਸਮਾਜਿਕ ਬੇਤਰਤੀਬੀ ਅਤੇ ਵਿਵਸਥਾਗਤ ਵਿਰਲਾਂ ਨੂੰ ਬੜੇ ਸਹਿਜ ਢੰਗ ਨਾਲ ਬਿਆਨ ਕਰ ਦਿੰਦਾ ਹੈ। ਉਦੋਂ ਇਹ ਕਵਿਤਾ ਹੋਰ ਵੀ ਵਸੀਹ ਧਰਾਤਲ ਗ੍ਰਹਿਣ ਕਰ ਲੈਂਦੀ ਹੈ-

ਰੱਬਾ
ਇਹ ਕੇਹੀ ਅਜ਼ਾਦੀ
ਜਿਹੜੇ ਆਪਣੇ ਹੱਕ ਲਈ ਲੜਦੇ
ਉਹ ਹੀ ਸਮਝੇ ਜਾਣ ਫਸਾਦੀ
ਰੱਬਾ
ਧਰਮੇ ਦੇ ਨਾਂ ਤੇ ਸੂਹੀਆਂ ਅੱਖਾਂ
ਭੱਖਦੀਆਂ ਵਾਂਗ ਅੰਗਾਰੇ
ਫਨੀਅਰ ਵਾਂਗ ਸ਼ੂਕਦੀਆਂ ਨਾਸਾਂ
ਤੂੰ ਹੀ ਅਸਲੋਂ ਹੈਂ ਅਪਰਾਧੀ
ਕਿਉਂ ਤੂੰ ਬੈਠਾ ਏ ਚੁਪ ਸਾਧੀ [18]

'ਮੇਰੀ ਕਲਮ ਦਾ ਨੂਰ' ਕਾਵਿ-ਸੰਗ੍ਰਹਿ ਦੀ ਸਮੁੱਚੀ ਕਵਿਤਾ, ਕਾਵਿ ਸਰੋਕਾਰਾਂ ਦੀ ਪੱਧਰ ਤੇ ਵਿਸ਼ੇਸ਼ ਤੌਰ ਤੇ ਵਿਚਾਰਨਯੋਗ ਹੈ। ਇਸ ਵਿੱਚ ਮਾਨਵੀ ਜੀਵਨ ਦੇ ਮਹੱਤਵਪੂਰਨ ਮਸਲੇ ਅਤੇ ਮੁੱਦੇ ਉਠਾਏ ਗਏ ਹਨ। ਕਵੀ ਦਾ ਧਰਮ ਕੇਵਲ ਪਾਠਕ ਦੀ ਸੁਹਜ ਤ੍ਰਿਪਤੀ ਕਰਨਾ ਹੀ ਨਹੀਂ ਹੁੰਦਾ ਸਗੋਂ ਉਸਨੂੰ ਸਮਕਾਲ ਦੀ ਗਤੀ ਅਤੇ ਤੋਰ ਤੋਂ ਜਾਣੂ ਕਰਵਾਉਣਾ ਵੀ ਹੁੰਦਾ ਹੈ। ਬੇਦੀ ਦੀ ਕਵਿਤਾ ਆਪਣੇ ਇਸ ਧਰਮ ਕਰਮ ਨੂੰ ਬੜੇ ਸਚੁੱਜੇ ਅਤੇ ਸੁਚੇਤ ਢੰਗ ਨਾਲ ਨਿਭਾਉਂਦੀ ਹੈ। ਉਸਦੀ ਕਵਿਤਾ ਵਿੱਚ ਸਾਡੇ ਸਮਾਜ-ਸੱਭਿਆਚਾਰ ਦੇ ਕੀਮਤ ਪ੍ਰਬੰਧ ਅਤੇ ਭਾਸ਼ਾ ਪ੍ਰਤੀ ਮੋਹ ਦੀ ਭਾਵਨਾ ਨੂੰ ਬੜੇ ਗਹਿਰੇ ਢੰਗ ਨਾਲ ਮਹਿਸੂਸ ਕੀਤਾ ਜਾ ਸਕਦਾ ਹੈ। ਇਹ ਕਵਿਤਾ ਜਿਵੇਂ-ਜਿਵੇਂ ਅੱਗੇ ਵਧਦੀ ਜਾਂਦੀ ਹੈ, ਇਸਦੀ ਪਾਠਗਤ ਬਣਤਰ ਅਤੇ ਪ੍ਰਵਚਨ ਹੋਰ ਵੀ ਗਹਿਰਾ ਹੁੰਦਾ ਜਾਂਦਾ ਹੈ। ਇਸ ਕਵਿਤਾ ਵਿੱਚ ਪੰਜਾਬ ਦਾ ਬਿੰਬ ਬੜੇ ਗ਼ੌਰਮਈ ਅਤੇ ਗੰਭੀਰ ਢੰਗ ਨਾਲ ਪੇਸ਼ ਹੁੰਦਾ ਹੈ। ਕਵੀ ਪੰਜਾਬ ਦੀ ਵੰਡ ਦੇ ਵੱਖ-ਵੱਖ

ਕਾਲਖੰਡਾਂ ਅਤੇ ਰਾਜਨੀਤਕ ਸੰਦਰਭਾਂ ਨੂੰ ਆਪਣੀ ਕਵਿਤਾ ਵਿੱਚ ਬੜੇ ਵੇਦਨਾਮਈ ਢੰਗ ਨਾਲ ਪੇਸ਼ ਕਰਦਾ ਹੈ। ਉਹ ਪੰਜਾਬ ਦੇ ਲੋਕਾਂ ਅਤੇ ਰਾਜਨੀਤੀਵਾਨਾਂ ਦੀ ਪੰਜਾਬੀ ਭਾਸ਼ਾ ਪ੍ਰਤੀ ਬੇਰੁਖੀ ਅਤੇ ਗ਼ੈਰ ਜ਼ਿੰਮੇਵਾਰ ਰਵੱਈਏ ਨੂੰ ਬਹੁਤ ਹੀ ਦੁਖਾਂਤਕ ਲਹਿਜੇ ਵਿੱਚ ਚਿਤਰਤ ਕਰਦਾ ਹੈ। ਕਵੀ ਭਾਸ਼ਾ ਨੂੰ ਮਾਂ ਦਾ ਦਰਜਾ ਦਿੰਦਾ ਹੈ। ਉਹ ਮਾਤ ਭਾਸ਼ਾ ਦੀ ਮਾਨਤਾ ਅਤੇ ਗੌਰਵ ਤੋਂ ਬਿਨਾਂ ਆਪਣੇ ਆਪ ਨੂੰ ਹੀਣਾ ਅਤੇ ਅਧੂਰਾ ਸਮਝਦਾ ਹੈ। ਉਹ ਪੰਜਾਬੀ ਮਾਂ ਬੋਲੀ ਨੂੰ ਵਿਸਾਰਨ ਅਤੇ ਨਜ਼ਰਅੰਦਾਜ਼ ਕਰਨ ਵਾਲੇ ਲੋਕਾਂ ਨੂੰ ਚਿਤਾਵਨੀ ਦਿੰਦਾ ਹੋਇਆ ਆਖਦਾ ਹੈ ਕਿ ਕਿਸੇ ਵੀ ਭਾਸ਼ਾ ਦਾ ਗੌਰਵ ਤਾਂ ਹੀ ਕਾਇਮ ਰਹਿ ਸਕਦਾ ਹੈ ਜੇਕਰ ਇਸਦੇ ਬੋਲਣ ਵਾਲੇ ਇਸਦੀ ਹੋਂਦ ਨੂੰ ਕਾਇਮ ਰੱਖਣ ਦੇ ਸਮਰੱਥ ਹੋਣ। ਆਪਣੀ ਭਾਸ਼ਾ ਅਤੇ ਸੱਭਿਆਚਾਰ ਤੋਂ ਬਿਨਾਂ ਬੰਦਾ ਗ੍ਰਹਿਣਿਆ ਜਾਂਦਾ ਹੈ, ਜਿੱਥੋਂ ਫਿਰ ਉਸਦੀ ਹੋਂਦ-ਨਿਹੋਂਦ ਦੀ ਨਵੀਂ ਜੰਗ ਸ਼ੁਰੂ ਹੁੰਦੀ ਹੈ। ਵਣਜਾਰਾ ਬੇਦੀ ਦੀ ਕਵਿਤਾ ਇਨ੍ਹਾਂ ਪ੍ਰਸ਼ਨਾਂ ਨੂੰ ਬਹੁਤ ਹੀ ਸੁਚੇਤ ਢੰਗ ਨਾਲ ਨਜਿੱਠਦੀ ਨਜ਼ਰ ਆਉਂਦੀ ਹੈ। ਇਸ ਪ੍ਰਸੰਗ ਵਿੱਚ ਉਸਦੀ ਕਵਿਤਾ 'ਦਾਗ' ਵਿਚਾਰਨਯੋਗ ਹੈ-

ਬਲਦੀਆਂ ਚੁਆਤੀਆਂ ਦੇ ਅੰਗਿਆਰਾਂ ਨਾਲ
ਜਿਹੜੇ ਦਾਗ਼ ਤੁਸੀਂ
ਮੇਰੇ ਮੱਥੇ ਤੇ ਪਿੱਠ ਤੇ ਲਹਾਇਆ
ਉਸ ਨਾਲ ਮੇਰੀ ਧਰਤੀ ਗ੍ਰਹਿਣੀ ਗਈ ਏ
ਇੰਜ ਭਰਾਵਲੀਆਂ ਨਹੀਂ ਪੁੱਗਦੀਆਂ
ਜਿਸ ਮਾ ਦਾ ਦੁੱਧ ਅਸੀਂ ਚੁੰਘ ਵੱਡੇ ਹੋਏ ਹਾਂ
ਉਸ ਮਾਂ ਨੂੰ ਤੁਸੀਂ ਆਪਣੇ ਵਿਹੜਿਆਂ 'ਚੋਂ
ਬਾਹਰ ਵਗਾਹ ਸੁਟਿਐ [19]

ਇਸ ਤਰ੍ਹਾਂ ਉਪਰੋਕਤ ਕਾਵਿ-ਅਧਿਐਨ ਤੋਂ ਅਸੀਂ ਇਹ ਗੱਲ ਆਖ ਸਕਦੇ ਹਾਂ ਕਿ ਵਣਜਾਰਾ ਬੇਦੀ ਦੀ ਕਵਿਤਾ ਆਪਣੇ ਅੰਤਲੇ ਪੜਾਅ ਤੇ ਪਹੁੰਚ ਕੇ ਸਰੋਕਾਰਾਂ ਅਤੇ ਦ੍ਰਿਸ਼ਟੀ ਦੇ ਪੱਖ ਤੋਂ ਵਸੀਹ ਧਰਾਤਲ ਗ੍ਰਹਿਣ ਕਰ ਲੈਂਦੀ ਹੈ। ਇਸ ਕਵਿਤਾ ਵਿੱਚ ਜਿੱਥੇ ਬੇਦੀ ਦਾ ਨਿੱਜਤਵ ਪ੍ਰਬਲ ਰੂਪ ਵਿੱਚ ਭਾਰੂ ਰਹਿੰਦਾ ਹੈ, ਉਸਦੇ ਨਾਲ ਹੀ ਮਾਨਵੀ ਜੀਵਨ ਦੀਆਂ ਇਤਿਹਾਸਕ ਘਟਨਾਵਾਂ, ਹਿੰਦਸੇ ਅਤੇ ਵੱਖ ਵੱਖ ਪਾਸਾਰ ਵੀ ਬੜੀ ਗੰਭੀਰ ਦ੍ਰਿਸ਼ਟੀ ਸੰਗ ਪੇਸ਼ ਹੁੰਦੇ ਹਨ। ਵਣਜਾਰਾ ਬੇਦੀ ਸੰਵਾਦ ਦੀ ਸ਼ਕਤੀਸ਼ਾਲੀ ਜੁਗਤ ਰਾਹੀਂ ਆਪਣੇ ਕਾਵਿ-ਸੰਵਾਦ ਨੂੰ ਅੱਗੇ

ਤੋਰਦਾ ਹੈ। ਉਸਦੀ ਕਵਿਤਾ ਵਿੱਚ ਨਫ਼ਰਤ ਅਤੇ ਵੈਰ ਵਿਰੋਧ ਲਈ ਕੋਈ ਥਾਂ ਨਹੀਂ ਹੈ, ਉਹ ਜਿੱਧਰ ਵੀ ਜਾਂਦਾ ਹੈ, ਹਮੇਸ਼ਾ ਪਿਆਰ ਦੀ ਭਾਲ ਵਿੱਚ ਰਹਿੰਦਾ ਹੈ। ਉਹ ਪਿਆਰ ਅਤੇ ਮੋਹ-ਮੁਹੱਬਤ ਲਈ ਆਪਾ ਵਾਰਨ ਤੀਕ ਤਿਆਰ ਰਹਿੰਦਾ ਹੈ। ਉਸਦੀ ਕਵਿਤਾ ਵਿੱਚ ਜੀਵਨ ਦੇ ਕੌੜੇ-ਕੁਸੈਲੇ ਅਨੁਭਵ ਸੰਜੀਵਨੀ ਦਾ ਰੂਪ ਧਾਰਕੇ ਪੇਸ਼ ਹੁੰਦੇ ਹਨ। ਇਸਦੇ ਨਾਲ ਹੀ ਉਸਦੀ ਕਵਿਤਾ ਵਿੱਚ ਜੀਵਨ ਦੇ ਗੁੱਝੇ ਅਨੁਭਵ ਅਤੇ ਅਨੁਭੂਤੀਆਂ ਇਸਨੂੰ ਸੁਹਜ-ਸੰਚਾਰ ਦੇ ਪੱਖ ਤੋਂ ਖ਼ੂਬਸੂਰਤ ਅਤੇ ਮਾਨਣਯੋਗ ਬਣਾਉਂਦੇ ਹਨ। ਵਣਜਾਰਾ ਬੇਦੀ ਆਪਣੇ ਪਾਠਕ ਨੂੰ ਕਿਸੇ ਵਿਚਾਰਧਾਰਕ ਚੌਖਟੇ ਵਿੱਚ ਬੰਨ੍ਹਣ ਦੀ ਥਾਂ ਉਸਨੂੰ ਗੁੱਝੀਆਂ ਰਮਜ਼ਾਂ ਦੇ ਕੇ ਕਿਸੇ ਨਿਰਣੇ ਲਈ ਆਜ਼ਾਦ ਛੱਡ ਦਿੰਦਾ ਹੈ। ਉਸਦੀ ਕਵਿਤਾ ਪਾਠਕ ਨੂੰ ਕੋਈ ਅੰਤਰ ਦ੍ਰਿਸ਼ਟੀ ਦੇ ਕੇ ਸੋਚਣ-ਵਿਚਾਰਨ ਲਈ ਪ੍ਰੇਰਿਤ ਕਰਦੀ ਹੈ। ਅੰਤ ਵਿੱਚ ਵਣਜਾਰਾ ਬੇਦੀ ਦੀ ਕਵਿਤਾ ਬਾਰੇ ਇਹ ਗੱਲ ਆਖੀ ਜਾ ਸਕਦੀ ਹੈ ਕਿ ਉਸਦੀ ਕਵਿਤਾ ਬੰਦੇ ਨੂੰ ਇਸ ਧਰਤੀ ਤੇ ਬੰਦੇ ਵਾਂਗ ਵਿਚਰਣ ਦੀ ਨਸੀਹਤ ਦਿੰਦੀ ਹੈ। ਇਸ ਕਵਿਤਾ ਵਿੱਚ ਮਾਨਵੀ ਜਜ਼ਬਿਆਂ ਨੂੰ ਜੀਵਨ ਦੇ ਮੂਲ ਆਧਾਰ ਵੱਜੋਂ ਪੇਸ਼ ਕੀਤਾ ਗਿਆ ਹੈ। ਬੇਦੀ ਮਨੁੱਖ ਨੂੰ ਵੈਰ ਵਿਰੋਧ ਅਤੇ ਹੱਦਬੰਦੀਆਂ ਮਿਟਾ ਕੇ ਭਾਈਚਾਰਕ ਸਾਂਝ ਦਾ ਸੰਦੇਸ਼ ਦਿੰਦਾ ਹੈ। ਲੋਕਧਾਰਾ ਦਾ ਖੋਜੀ ਅਤੇ ਵਿਦਵਾਨ ਹੋਣ ਕਰਕੇ ਵਣਜਾਰਾ ਬੇਦੀ ਦੀ ਕਵਿਤਾ ਵਿੱਚ ਲੋਕ ਸੰਸਕ੍ਰਿਤੀ ਅਤੇ ਸੱਭਿਆਚਾਰਕ ਪ੍ਰਸੰਗ ਹਰ ਵੇਲੇ ਮੌਜੂਦ ਰਹਿੰਦੇ ਹਨ। ਸਿਰਫ਼ ਐਨਾ ਹੀ ਨਹੀਂ, ਉਹ ਆਪਣੇ ਭੂਗੋਲਿਕ ਚੌਗਿਰਦੇ ਨੂੰ ਵੀ ਲੋਕਧਾਰਾ ਦੇ ਦ੍ਰਿਸ਼ਟੀਗਤ ਪ੍ਰਿਜ਼ਮ ਰਾਹੀਂ ਦੇਖਣ ਵਿੱਚ ਪ੍ਰਬਲ ਰੁਚੀ ਵਿਖਾਉਂਦਾ ਹੈ। ਇਹੀ ਕਾਰਨ ਹੈ ਕਿ ਉਸਦੀ ਕਵਿਤਾ ਵਿੱਚ ਲੋਕ ਬੋਲੀਆਂ ਅਤੇ ਲੋਕ ਟੱਪਿਆਂ ਵਰਗਾ ਵੇਗਮਈ ਜਜ਼ਬਾ ਠਾਠਾਂ ਮਾਰਦਾ ਵਿਖਾਈ ਦਿੰਦਾ ਹੈ। ਇਸ ਸੰਦਰਭ ਵਿੱਚ ਉਸਦੀ ਕਵਿਤਾ 'ਚਲ ਸੂਰਜਾ' ਵਿਸ਼ੇਸ਼ ਮਹੱਤਤਾ ਦੀ ਧਾਰਨੀ ਹੈ। ਇਸ ਕਵਿਤਾ ਦਾ ਕਾਵਿ ਪ੍ਰਵਚਨ ਬਹੁਤ ਗਹਿਰਾ ਹੈ। ਇਸ ਵਿੱਚ ਆਸ਼ਾਵਾਦ ਦੀ ਚਿਣਗ ਦੇ ਨਾਲ ਨਾਲ ਮਾਨਵੀ ਜੀਵਨ ਦੇ ਭਵਿੱਖ ਦਾ ਉਸਾਰ ਵੀ ਪਿਆ ਹੋਇਆ ਹੈ। ਇਸ ਕਵਿਤਾ ਵਿੱਚ ਇੱਕ ਅਜਿਹੀ ਪ੍ਰੇਰਕ ਸ਼ਕਤੀ ਕੰਮ ਕਰਦੀ ਨਜ਼ਰ ਆਉਂਦੀ ਹੈ, ਜਿਹੜੀ ਕਿ ਹਾਰੇ ਹੰਭੇ ਆਦਮੀ ਨੂੰ ਮਾਨਸਿਕ ਸ਼ਕਤੀ ਅਤੇ ਹੁਲਾਸ ਪ੍ਰਦਾਨ ਕਰਦੀ ਹੈ। ਅਜਿਹੇ ਦ੍ਰਿਸ਼ਟਾਂਤ ਇਸ ਕਵਿਤਾ ਨੂੰ ਸ਼ਾਇਰੀ ਦੀ ਅਮੀਰ ਪਰੰਪਰਾ ਨਾਲ ਜੋੜਦੇ ਹਨ। ਬੇਦੀ ਦੀ ਕਵਿਤਾ ਵਿਚਾਰ, ਸੁਰ ਅਤੇ ਸੁਹਜ ਦਾ ਸੰਗਮ ਹੈ। ਜੇ ਇਸਨੂੰ ਮਨੁੱਖੀ ਰੂਹ ਦੀ ਸ਼ਾਇਰੀ ਵੀ ਆਖ ਲਿਆ ਜਾਵੇ ਤਾਂ ਇਸ ਗੱਲ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਵਣਜਾਰਾ ਬੇਦੀ ਚਾਨਣ ਦਾ ਵਣਜਾਰਾ ਹੈ।

ਇਸੇ ਲਈ ਉਹ ਆਪਣੇ ਸੂਰਜ ਨੂੰ ਬਚਾਉਣ ਲਈ ਜੀਵਨ ਦੀ ਗਤੀ ਅਤੇ ਆਸਥਾ ਵਿੱਚ ਦ੍ਰਿੜ ਵਿਸ਼ਵਾਸ਼ ਜਤਾਉਂਦਾ ਹੋਇਆ ਆਪਣਾ ਸੰਘਰਸ਼ਮਈ ਸਫ਼ਰ ਜਾਰੀ ਰੱਖਦਾ ਹੈ-

ਚਲ ਸੂਰਜਾ ਇੱਥੋਂ ਚਲੀਏ
ਹੋਰ ਕਿਤੇ ਜਾ ਪੀਘ ਚੜ੍ਹਾਈਏ
ਇੱਥੇ ਗਹਿਰਾ 'ਨੇਰਾ ਜੰਮਿਆ
ਆਪਣਾ ਚਾਨਣ ਕਿਉਂ ਵੰਞਾਈਏ
ਆਪਣੀ ਰੁੱਤ ਸਵੇਰੇ ਵਰਗੀ
ਆਪਣੀ ਰਾਤ 'ਚ
ਚੰਨ ਦਾ ਗਹਿਣਾ
ਆਪਣੀ ਮਿੱਟੀ ਇਸ਼ਕ ਖਮੀਰੀ
ਰੂਹ ਵਿਚ ਜੀਣਾ
ਰੂਹ ਵਿੱਚ ਮਰਨਾ [20]

**ਹਵਾਲੇ**


1. ਵਣਜਾਰਾ ਬੇਦੀ, ਮੇਰੀ ਕਲਮ ਦਾ ਨੂਰ, ਆਰਸੀ ਪਬਲਿਸ਼ਰਜ਼, ਦਿੱਲੀ, 1999, ਪੰਨਾ-34
2. ਵਣਜਾਰਾ ਬੇਦੀ, ਖ਼ੁਸ਼ਬੂਆਂ, ਮਾਡਰਨ ਪਬਲੀਕੇਸ਼ਨ, ਲਾਹੌਰ, 1944, ਪੰਨਾ-17
3. ਵਣਜਾਰਾ ਬੇਦੀ, ਕੰਵਲ ਪੱਤੀਆਂ, ਲੋਕ ਪ੍ਰਕਾਸ਼ਨ, ਅੰਬਾਲਾ, 1956 ਪੰਨਾ-78
4. ਸੋਹਿੰਦਰ ਸਿੰਘ ਵਣਜਾਰਾ ਬੇਦੀ, ਕੰਵਲ ਪੱਤੀਆਂ, ਲੋਕ ਪ੍ਰਕਾਸ਼ਨ, ਅੰਬਾਲਾ, 1956, ਪੰਨਾ-13
5. ਉਹੀ, ਕੰਵਲ ਪੱਤੀਆਂ, ਲੋਕ ਪ੍ਰਕਾਸ਼ਨ, ਅੰਬਾਲਾ, 1956 ਪੰਨਾ-106
6. ਉਹੀ, ਕੰਵਲ ਪੱਤੀਆਂ, ਲੋਕ ਪ੍ਰਕਾਸ਼ਨ, ਅੰਬਾਲਾ, 1956 ਪੰਨਾ-95
7. ਉਹੀ, ਕੰਵਲ ਪੱਤੀਆਂ, ਲੋਕ ਪ੍ਰਕਾਸ਼ਨ, ਅੰਬਾਲਾ, 1956 ਪੰਨਾ-62
8. ਉਹੀ, ਕੰਵਲ ਪੱਤੀਆਂ, ਲੋਕ ਪ੍ਰਕਾਸ਼ਨ, ਅੰਬਾਲਾ, 1956 ਪੰਨਾ-83
9. ਵਣਜਾਰਾ ਬੇਦੀ, ਖ਼ੁਸ਼ਬੂਆਂ, ਮਾਡਰਨ ਪਬਲੀਕੇਸ਼ਨ, ਲਾਹੌਰ, 1944, ਪੰਨਾ-17

10. ਵਣਜਾਰਾ ਬੇਦੀ, ਪਾਣੀ ਅੰਦਰ ਲੀਕ, ਪੰਜਾਬੀ ਸਾਹਿਤ ਸਭਾ, ਦਿੱਲੀ, 1964, ਪੰਨਾ-9
11. ਉਹੀ, ਪਾਣੀ ਅੰਦਰ ਲੀਕ, ਪੰਜਾਬੀ ਸਾਹਿਤ ਸਭਾ, ਦਿੱਲੀ, 1964, ਪੰਨਾ-25
12. ਉਹੀ, ਪਾਣੀ ਅੰਦਰ ਲੀਕ, ਪੰਜਾਬੀ ਸਾਹਿਤ ਸਭਾ, ਦਿੱਲੀ, 1964, ਪੰਨਾ-56
13. ਉਹੀ, ਪਾਣੀ ਅੰਦਰ ਲੀਕ, ਪੰਜਾਬੀ ਸਾਹਿਤ ਸਭਾ, ਦਿੱਲੀ, 1964, ਪੰਨਾ-59
14. ਦੇਵਿੰਦਰ ਕੌਰ ਅਤੇ ਹਰਚਰਨ ਕੌਰ (ਸੰਪਾ.), ਲੋਕਵੇਦੀ-ਡਾ.ਵਣਜਾਰਾ ਬੇਦੀ, ਪੰਜਾਬੀ ਅਕਾਦਮੀ ਦਿੱਲੀ, 1986, ਪੰਨਾ-183
15. ਦੇਵਿੰਦਰ ਕੌਰ ਅਤੇ ਹਰਚਰਨ ਕੌਰ (ਸੰਪਾ.), ਲੋਕਵੇਦੀ-ਡਾ.ਵਣਜਾਰਾ ਬੇਦੀ, ਪੰਜਾਬੀ ਅਕਾਦਮੀ ਦਿੱਲੀ, 1986, ਪੰਨਾ-185
16. ਵਣਜਾਰਾ ਬੇਦੀ, ਮੇਰੀ ਕਲਮ ਦਾ ਨੂਰ, ਆਰਸੀ ਪਬਲਿਸ਼ਰਜ਼, ਦਿੱਲੀ, 1999, ਪੰਨਾ-9
17. ਉਹੀ, ਮੇਰੀ ਕਲਮ ਦਾ ਨੂਰ, ਆਰਸੀ ਪਬਲਿਸ਼ਰਜ਼, ਦਿੱਲੀ, 1999, ਪੰਨਾ-17
18. ਉਹੀ, ਮੇਰੀ ਕਲਮ ਦਾ ਨੂਰ, ਆਰਸੀ ਪਬਲਿਸ਼ਰਜ਼, ਦਿੱਲੀ, 1999, ਪੰਨਾ-21
19. ਉਹੀ, ਮੇਰੀ ਕਲਮ ਦਾ ਨੂਰ, ਆਰਸੀ ਪਬਲਿਸ਼ਰਜ਼, ਦਿੱਲੀ, 1999, ਪੰਨਾ-76
20. ਉਹੀ, ਮੇਰੀ ਕਲਮ ਦਾ ਨੂਰ, ਆਰਸੀ ਪਬਲਿਸ਼ਰਜ਼, ਦਿੱਲੀ, 1999, ਪੰਨਾ-59

# ਔਰਤ ਦੀ ਸਮਾਜ-ਸਭਿਆਚਾਰਕ ਸਥਿਤੀ ਅਤੇ ਯਥਾਰਥ ਦਾ ਕਾਵਿ ਪ੍ਰਤੀਬਿੰਬ: 'ਮੁਹੱਬਤਗਿਰੀ'



ਡਾ. ਮਨਜੀਤ ਕੌਰ,
ਸਹਾਇਕ ਪ੍ਰੋਫ਼ੈਸਰ
ਪੰਜਾਬ ਯੂਨੀਵਰਸਿਟੀ
ਰਿਜਨਲ ਸੈਂਟਰ
ਸ੍ਰੀ ਮੁਕਤਸਰ ਸਾਹਿਬ
+91 9876156679

ਕਵਿਤਾ ਨੂੰ ਸਾਹਿਤ ਦਾ ਸਭ ਤੋਂ ਪੁਰਾਣਾ ਰੂਪ ਮੰਨਿਆ ਜਾਂਦਾ ਹੈ। ਕਵਿਤਾ ਰਾਹੀਂ ਕਵੀ ਆਪਣੇ ਸਮੇਂ, ਸਥਾਨ ਅਤੇ ਹਾਲਾਤ ਦੀਆਂ ਸਥਿਤੀਆਂ ਅਤੇ ਪ੍ਰਸਥਿਤੀਆਂ ਨੂੰ ਬਿਆਨ ਕਰਦਾ ਹੈ। ਕਵਿਤਾ ਵਿਚ ਭਾਵੇਂ ਕਲਪਨਾ ਦਾ ਅੰਸ਼ ਸ਼ਾਮਲ ਹੁੰਦਾ ਹੈ ਪਰੰਤੂ ਇਸ ਵਿਚ ਸਮੇਂ ਦਾ ਸੱਚ ਕਲਾਤਮਕ ਅਤੇ ਵਿਅੰਗਆਤਮਕ ਰੂਪ ਵਿਚ ਪੇਸ਼ ਕਰਨ ਦੀ ਸਮਰੱਥਾ ਵੀ ਹੁੰਦੀ ਹੈ। ਇਸ ਲਈ ਅੱਜ ਜਦੋਂ "ਇਕ ਪਾਸੇ ਸਮਕਾਲੀ ਕਵਿਤਾ ਦੀ ਮੁੱਖ ਧਾਰਾ ਸਮਾਜਕਤਾ ਤੋਂ ਵਿਅਕਤੀਗਤਤਾ ਵੱਲ ਮੁੜੀ ਹੈ ਉੱਥੇ ਹੀ ਤਿੰਨ ਨਵੇਂ ਵਰਗ ਔਰਤਾਂ, ਦਲਿਤ ਅਤੇ ਪ੍ਰਵਾਸੀ ਵੀ ਉਭਰੇ ਹਨ। ਇਨ੍ਹਾਂ ਵਰਗਾਂ ਦੀਆਂ ਸਮੱਸਿਆਵਾਂ ਸਮਾਜਕ ਹੋਣ ਕਰਕੇ ਇਨ੍ਹਾਂ ਦੇ ਸਰੋਕਾਰ ਸਮਾਜ ਮੁੱਖ ਹਨ। ਪਰ ਦੂਜੇ ਪਾਸੇ ਵਿਅਕਤੀਗਤ ਪੱਧਰ 'ਤੇ 'ਸਵੈ' ਨਾਲ ਸੰਵਾਦ ਵੱਧ ਰਿਹਾ ਹੈ। ਸਮਕਾਲੀ ਕਵਿਤਾ ਵਿਚ ਬਹੁਤ ਨੇੜੇ ਦੇ ਰਿਸ਼ਤੇ ਮਾਸ਼ੂਕ, ਪਤਨੀ, ਮਾਂ-ਬਾਪ, ਦੋਸਤ, ਭੈਣ, ਭਰਾ ਮੁੱਖ ਸਰੋਕਾਰ ਹਨ।"[1] ਸਮਾਜ ਸਭਿਆਚਾਰਕ ਵਰਤਾਰੇ ਵਿਚ ਔਰਤ ਪੁਰਸ਼ ਸਬੰਧ ਪ੍ਰਮੁੱਖ ਸਥਾਨ ਰੱਖਦੇ ਹਨ। ਸਮਾਜਿਕ ਮਾਨਵੀ ਰਿਸ਼ਤੇ ਹੀ ਸਭਿਆਚਾਰ ਦਾ ਆਧਾਰ ਬਣਦੇ ਹਨ। ਵਿਭਿੰਨ ਰਿਸ਼ਤਿਆਂ ਵਿਚ ਮਿੱਠੇ ਕੌੜੇ ਅਹਿਸਾਸਾਂ ਦੀ ਝਲਕ ਵੀ ਨਿਰੰਤਰ ਰੂਪਮਾਨ ਹੁੰਦੀ ਰਹਿੰਦੀ ਹੈ ਜਿਸ ਨਾਲ ਰਿਸ਼ਤਿਆਂ ਵਿਚ ਆਪਣੇਪਣ ਅਤੇ ਬੇਗਾਨੇਪਣ ਦਾ ਅਨੁਭਵ ਵਿਭਿੰਨ ਪਾਸਾਰਾਂ ਤੋਂ ਦ੍ਰਿਸ਼ਟੀਗੋਚਰ ਹੁੰਦਾ ਹੈ। ਰਿਸ਼ਤਿਆਂ ਦੇ ਇਸ ਤਾਣੇ-ਬਾਣੇ ਵਿਚ ਜਿੱਥੇ ਪੁਰਸ਼ ਰਿਸ਼ਤਿਆਂ ਦੇ ਕਈ ਰੰਗ ਹੰਢਾਉਂਦਾ ਹੈ ਉੱਥੇ ਔਰਤ ਪੁਰਸ਼ ਦੇ ਮੁਕਾਬਲੇ ਰਿਸ਼ਤਿਆਂ ਦੀ ਹੋਰ ਵੀ ਗਹਿਰੀ ਵਲਗਣ ਵਿਚ ਘਿਰੀ ਹੋਣ ਕਰਕੇ ਮਾਨਵੀਂ ਰਿਸ਼ਤਿਆਂ ਦੇ ਅਨੇਕਾਂ ਚੰਗੇ-ਬੁਰੇ ਅਨੁਭਵਾਂ ਨਾਲ ਜੀਵਨ ਪੰਧ ਵਿਚ ਵਿਚਰਦੀ ਨਜ਼ਰ ਆਉਂਦੀ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿਚ ਡਾ. ਸਰਬਜੀਤ ਕੌਰ ਸੋਹਲ ਦਾ ਨਾਮ ਵਿਸ਼ੇਸ਼ ਸਥਾਨ ਰੱਖਦਾ ਹੈ। ਉਨ੍ਹਾਂ ਨੇ ਆਪਣੇ ਕਾਵਿ ਸਫ਼ਰ ਵਿਚ ਪ੍ਰਮੁੱਖ ਰੂਪ ਵਿਚ 'ਸਫ਼ਰ-ਦਰ-ਸਫ਼ਰ', 'ਐਵੇਂ ਕਿਵੇਂ', 'ਗੁੰਨ੍ਹੀ ਮਿੱਟੀ', 'ਕਾਵਿ ਕੁਣਕਾ', 'ਮੁਹੱਬਤਗਿਰੀ', 'ਐਨੀਮੇਟਿਡ ਰਿਸ਼ਤੇ', 'ਬਰਖ਼ਿਲਾਫ਼ ਬਜ਼ਾਤੇ-ਖ਼ੁਦ', 'ਕਿਣਕਾ ਕਿਣਕਾ ਹਿੰਸਾ', 'ਛਿਣ ਕੁ ਦਾ ਵਿੰਗ', 'ਮੈਂ ਤੁਜੇ ਉਤਨਾ ਹੀ ਮਿਲੂਗਾ' (ਹਿੰਦੀ) ਅਤੇ 'ਕੁਦਰਤ ਸ਼ੋਰ ਨਹੀਂ ਕਰਤੀ' (ਹਿੰਦੀ) ਕਾਵਿ-ਸੰਗ੍ਰਹਿ ਸਾਹਿਤ ਦੀ ਝੋਲੀ ਪਾਏ ਹਨ। ਸਰਬਜੀਤ ਕੌਰ ਸੋਹਲ ਨੇ ਕਾਵਿ ਰਚਨਾ ਤੋਂ ਇਲਾਵਾ ਪੰਜਾਬੀ ਸਾਹਿਤ

ਦੇ ਕਈ ਹੋਰ ਖੇਤਰਾਂ ਜਿਵੇਂ ਕਹਾਣੀ ਰਚਨਾ, ਸਾਹਿਤ ਸੰਪਾਦਨ, ਅਨੁਵਾਦ ਅਤੇ ਆਲੋਚਨਾ ਵਿਚ ਵੀ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਹੈ। ਪਰੰਤੂ ਮੂਲ ਰੂਪ ਵਿਚ ਉਸਦੀ ਨਿਵੇਕਲੀ ਪਹਿਚਾਣ ਕਵਿਤਾ ਦੇ ਖੇਤਰ ਨਾਲ ਗੂੜ੍ਹੇ ਰੂਪ ਵਿਚ ਜੁੜੀ ਹੋਈ ਹੈ। ਵਿਚਾਰ ਅਧੀਨ ਕਾਵਿ ਸੰਗ੍ਰਹਿ'ਮੁਹੱਬਤਗਿਰੀ' ਵਿਚ ਸਰਬਜੀਤ ਕੌਰ ਸੋਹਲ ਔਰਤ ਦੀ ਸਮਾਜ ਸਭਿਆਚਾਰਕ ਪੱਖ ਤੋਂ ਜੀਵਨ ਸਥਿਤੀ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਪ੍ਰਤੀਬਿੰਬਤ ਕਰਦੀ ਹੈ। ਜਿਸ ਵਿਚ ਔਰਤ ਸਮਾਜ ਸਭਿਆਚਾਰਕ ਵਰਤਾਰੇ ਵਿਚ ਵਿਚਰਦੀ ਹੋਈ ਕਈ ਪ੍ਰਕਾਰ ਦੇ ਹਾਲਾਤ ਦੇ ਸਮਨੁੱਖ ਹੁੰਦੀ ਹੈ। ਜਿਸ ਵਿਚ ਜਿੱਥੇ ਉਹ ਖ਼ੁਸ਼ੀ, ਗਮੀ, ਹਾਸੇ, ਰੋਸੇ, ਦੁੱਖ, ਤਕਲੀਫਾਂ, ਮਿਲਾਪ ਅਤੇ ਵਿਛੋੜੇ ਦੇ ਕਈ ਪਲਾਂ ਨੂੰ ਹੰਢਾਉਂਦੀ ਹੈ ਉੱਥੇ ਸਭਿਆਚਾਰਕ ਕਦਰਾਂ-ਕੀਮਤਾਂ ਦੀ ਵਲਗਣ ਉਸਨੂੰ ਕਈ ਪੱਖਾਂ ਤੋਂ ਦਬਾ ਕੇ ਵੀ ਰੱਖਦੀ ਹੈ। ਆਧੁਨਿਕਤਾ ਦੇ ਵਰਤਾਰੇ ਨੇ ਨੌਜਵਾਨ ਪੀੜ੍ਹੀ ਦੀ ਸੋਚ ਅਤੇ ਜੀਵਨ ਜਾਂਚ ਨੂੰ ਬਹੁਤ ਬਦਲਿਆ ਹੈ। ਔਰਤਾਂ ਵਿਚ ਸਿੱਖਿਆ ਦੇ ਪਾਸਾਰ ਅਤੇ ਨੌਕਰੀਪੇਸ਼ਾ ਬਣਨ ਕਾਰਨ ਆਪਣੇ ਹੱਕਾਂ ਪ੍ਰਤੀ ਚੇਤਨਾ ਵੀ ਵਧੀ ਹੈ। ਕਵਿਤਾ ਨੂੰ ਕਵਿੱਤਰੀ ਨੇ ਸਿਰਫ਼ ਲਿਖਿਆ ਹੀ ਨਹੀਂ ਸਗੋਂ ਜੀਵਿਆ ਵੀ ਹੈ। ਜਿਸਦੀ ਗਵਾਹੀ ਹੱਥਲੇ ਕਾਵਿ-ਸੰਗ੍ਰਹਿ 'ਮੁਹੱਬਤਗਿਰੀ' ਦੇ ਨੀਝ ਨਾਲ ਕੀਤੇ ਅਧਿਐਨ ਤੋਂ ਪਛਾਣੀ ਜਾ ਸਕਦੀ ਹੈ।

'ਮੁਹੱਬਤਗਿਰੀ' ਕਾਵਿ-ਸੰਗ੍ਰਹਿ ਵਿਚ ਸਰਬਜੀਤ ਕੌਰ ਸੋਹਲ ਨੇ ਸਮਾਜ ਸਭਿਆਚਾਰ ਵਿਚ ਵਿਚਰਦਿਆਂ ਔਰਤ ਦੀ ਜੀਵਨ ਸਥਿਤੀ ਨਾਲ ਜੁੜੇ ਵਿਭਿੰਨ ਵਿਸ਼ਿਆਂ ਨੂੰ ਆਪਣੀ ਕਵਿਤਾ ਸਿਰਜਣ ਦਾ ਆਧਾਰ ਬਣਾਇਆ ਹੈ। ਜਿਸ ਵਿਚ ਮਨੁੱਖੀ ਜ਼ਿੰਦਗੀ ਦੀ ਜਟਿਲਤਾ ਨੂੰ ਵਿਭਿੰਨ ਦ੍ਰਿਸ਼ਟੀਕੋਣਾਂ ਜਿਵੇਂ ਔਰਤ ਮਨ ਦਾ ਤਨਾਅ, ਵਿਅਕਤੀਗਤ ਭਾਵਨਾਵਾਂ ਦਾ ਤੂਫਾਨ, ਦੁੱਖ, ਦਰਦ, ਰਿਸ਼ਤਿਆਂ ਦੇ ਦੁੱਖ-ਸੁੱਖ, ਮਨ ਦੀ ਚਾਹਨਾ, ਨਵੇਂ ਪੁਰਾਣੇ ਸਮਾਜ-ਸਭਿਆਚਾਰਕ ਵਰਤਾਰੇ, ਔਰਤ ਦੀ ਸਮਾਜਿਕ ਸਥਿਤੀ, ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਹੋਣੀ, ਨਵੀਂ ਪੀੜ੍ਹੀ ਦੀ ਨਵੀਂ ਸੋਚ ਦੇ ਅੰਤਰਗਤ ਸੰਸਕਾਰਕ ਖੁੱਲ੍ਹਾਂ ਦੀ ਚਾਹਨਾ, ਧਰਮ, ਰਾਜਨੀਤੀ, ਆਧੁਨਿਕਤਾ, ਮੋਬਾਇਲ ਕਲਚਰ ਅਤੇ ਵਿਸ਼ਵੀਕਰਨ ਨਾਲ ਜੁੜੇ ਵਿਸ਼ਿਆਂ ਨੂੰ ਚਿਤਰਿਆ ਗਿਆ ਹੈ। ਇਕ ਅਧਿਆਪਕਾ ਹੋਣ ਕਰਕੇ ਉਸਦਾ ਕੁੜੀਆਂ ਨਾਲ ਰੋਜ਼ਾਨਾ ਨੇੜੇ ਤੋਂ ਸੰਪਰਕ ਹੁੰਦਾ ਹੈ ਜਿਸ ਕਰਕੇ ਉਹ ਅਜੋਕੇ ਪੂੰਜੀਵਾਦੀ ਯੁੱਗ ਵਿਚ ਜਵਾਨ ਹੋ ਰਹੀਆਂ ਕੁੜੀਆਂ ਦੇ ਜੀਵਨ ਦ੍ਰਿਸ਼ਟੀਕੋਣ ਅਤੇ ਸਮਾਜਿਕ ਹਾਲਾਤ ਨੂੰ ਵੇਖ ਕੇ ਬਹੁਤ ਚਿੰਤਿਤ ਨਜ਼ਰ ਆਉਂਦੀ ਹੈ। ਘਰ ਵਿਚ ਕੁੜੀ ਦੇ ਪੈਦਾ ਹੋਣ ਸਮੇਂ ਗਮ ਦਾ ਪ੍ਰਗਟਾਵਾ, ਦਾਜ

ਪ੍ਰਥਾ, ਪੁਰਸ਼ਾਂ ਦਾ ਜਵਾਨ ਕੁੜੀਆਂ ਪ੍ਰਤੀ ਕੋਝਾ ਰਵੱਈਆ, ਔਰਤ ਉੱਪਰ ਸਮਾਜਿਕ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਦਾ ਵਧਦਾ ਬੋਝ, ਮਰਦ ਦੀ ਔਰਤ ਨੂੰ ਦਬਾ ਕੇ ਰੱਖਣ ਵਾਲੀ ਬਿਰਤੀ, ਲੜਕੀਆਂ ਦੁਆਰਾ ਜੀਵਨ ਵਿਚ ਅਪਣਾਈਆਂ ਜਾ ਰਹੀਆ ਸਭਿਆਚਾਰਕ ਖੁੱਲ੍ਹਾਂ ਅਤੇ ਜੀਵਨ ਵਿਚ ਆਰਥਿਕ ਪੱਖੋਂ ਮਜ਼ਬੂਤ ਬਣਨ ਦੀ ਲਗਨ ਵਿਚ ਆਪਣੀ ਬਚਪਨ ਅਤੇ ਜਵਾਨੀ ਨੂੰ ਨਾ ਮਾਨਣਾ ਆਦਿ ਪ੍ਰਤੀ ਗਹਿਰੀ ਚਿੰਤਾ ਸ਼ਾਮਲ ਹੈ। ਸਰਬਜੀਤ ਕੌਰ ਸੋਹਲ ਲਿਖਦੀ ਹੈ-

ਸੁਰੱਖਿਆ ਜ਼ੋਨ 'ਚ
ਵਿਚਰਨ ਦਾ ਭਰਮ ਪਾਲਦੀਆਂ ...
ਹੌਲੀ-ਹੌਲੀ ਹੱਸਦੀਆਂ
ਖ਼ਰਮਸਤੀ ਕਦੇ ਹੀ ਕਰਦੀਆਂ
ਹਸਰਤਾਂ ਨੂੰ ਤਰਸਾਉਂਦੀਆਂ
ਸੁਪਨਿਆਂ ਦੇ ਬੀਜ, ਸਾਂਭੀ ਰੱਖਦੀਆਂ...
ਮਰਜਾਈਆਂ, ਰੁੜ-ਪੁੜ ਜਾਈਆਂ
ਅਣਜੀਵਿਆਂ ਹੀ
ਮਰ ਜਾਂਦੀਆਂ ...।[2]

ਇਸਦੇ ਨਾਲ ਹੀ ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਇੰਟਰਨੈਟ, ਮੀਡੀਆ ਅਤੇ ਪੱਛਮੀ ਫੈਸ਼ਨ ਕਲਚਰ ਨੇ ਔਰਤ ਦੇ ਮਨ ਵਿਚ ਅਜੀਬ ਜਿਹੇ ਭਰਮ ਭੁਲੇਖੇ ਪਾਏ ਹਨ, ਜਿਸ ਨਾਲ ਭਾਵੇਂ ਸਿੱਖਿਆ ਅਤੇ ਆਰਥਿਕ ਪੱਖੋਂ ਉਹ ਸੁਤੰਤਰ ਜ਼ਰੂਰ ਹੋਈ ਹੈ ਪਰੰਤੂ ਮੰਡੀ ਕਲਚਰ ਦੀ ਦੇਹਵਾਦੀ ਰੁਚੀ ਨੇ ਔਰਤ ਦੀ ਇਸ ਆਜ਼ਾਦੀ ਨੂੰ ਆਪਣੇ ਮੁਨਾਫੇ ਲਈ ਹੀ ਵਰਤਿਆ ਹੈ। "ਵਿਸ਼ਵੀਕਰਨ ਦਾ ਸੱਚ ਤਾਂ ਇਹ ਹੈ ਕਿ ਵਾਫ਼ਰ ਪੈਦਾਵਾਰ ਦੇ ਸੰਕਟ ਦਾ ਸ਼ਿਕਾਰ ਦੇਸ਼ ਪੱਛੜੇ ਮੁਲਕਾਂ ਨੂੰ ਆਪਣੀ ਮੰਡੀ ਬਣਾਉਣਾ ਚਾਹੁੰਦੇ ਹਨ। ਜਿਸ ਲਈ ਵਿਸ਼ਵੀਕਰਨ ਦੇ ਝੰਡੇ ਹੇਠ ਸਾਰੇ ਦੇਸ਼ਾਂ ਨੂੰ ਜੋੜ ਕੇ ਆਪਣੀ ਮੰਡੀ ਦੇ ਰਸਤੇ ਵਿਚ ਆਉਣ ਵਾਲੀਆਂ ਸਾਰੀਆ ਰੁਕਾਵਟਾਂ ਨੂੰ ਖ਼ਤਮ ਕਰਨਾ ਚਾਹੁੰਦੇ ਹਨ ਅਤੇ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਚਾਹੁੰਦੇ ਹਨ।"[3] ਸਰਬਜੀਤ ਕੌਰ ਸੋਹਲ ਨੇ ਮੰਡੀ ਕਲਚਰ ਦੇ ਇਸ ਵਰਤਾਰੇ ਨੂੰ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਇਆ ਹੈ। ਪੂੰਜੀਵਾਦੀ ਯੁੱਗ ਦੀਆਂ ਸਮਾਜ ਵਿਚ ਪਸਰੀਆਂ ਜੜ੍ਹਾਂ, ਕੁਰੀਤੀਆਂ, ਬੇਕਾਰੀ, ਮਹਿੰਗਾਈ, ਰਿਸ਼ਵਤਖੋਰੀ, ਭ੍ਰਿਸ਼ਟਾਚਾਰ ਆਦਿ

ਪ੍ਰਤੀ ਕਵਿੱਤਰੀ ਆਪਣਾ ਪ੍ਰਤੀਕਰਮ ਕਈ ਕਵਿਤਾਵਾਂ ਵਿਚ ਪੇਸ਼ ਕਰਦੀ ਹੈ। ਮਰਦ ਪ੍ਰਧਾਨ ਸਮਾਜ ਵਿਚ ਔਰਤ ਹਮੇਸ਼ਾ ਦੂਜੈਲੀ ਸਥਿਤੀ 'ਤੇ ਹੀ ਵਿਚਰਦੀ ਰਹੀ ਹੈ। ਕਵਿੱਤਰੀ ਔਰਤ ਦੇ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਦਾ ਜ਼ਿਕਰ 'ਚਿੰਤਾ', 'ਨਾਬਰੀ', 'ਸ਼ੋਸ਼ਣ', 'ਜ਼ਿੰਦਗੀਨਾਮਾ', 'ਇਹੋ ਹਮਾਰਾ ਜੀਵਣਾ', 'ਹੋਣੀ' ਅਤੇ 'ਫਲਰਟਿੰਗ' ਆਦਿ ਕਵਿਤਾਵਾਂ ਵਿਚ ਬਹੁਤ ਯਥਾਰਥਮਈ ਢੰਗ ਨਾਲ ਕਰਦੀ ਹੋਈ ਔਰਤ ਨੂੰ ਉਸ ਪ੍ਰਤੀ ਹੁੰਦੀਆਂ ਵਧੀਕੀਆਂ ਪ੍ਰਤੀ ਸੁਚੇਤ ਵੀ ਕਰਦੀ ਹੈ। ਉਹ ਦੱਸਦੀ ਹੈ ਕਿ ਸਮਾਜ ਵਿਚ ਔਰਤ ਵਿਰੋਧੀ ਗਤੀਵਿਧੀਆਂ ਅਤੇ ਸਮਾਜ ਦੀਆਂ ਥੋਥੀਆਂ ਕੀਮਤਾਂ ਨੂੰ ਦੂਰ ਕਰਨਾ ਹੈ ਤਾਂ ਔਰਤ ਨੂੰ ਅੱਗੇ ਆ ਕੇ ਸੰਘਰਸ਼ ਕਰਨਾ ਪਵੇਗਾ ਅਤੇ ਲੋਟੂ ਪ੍ਰਬੰਧ ਨੂੰ ਬਦਲਣ ਲਈ ਹਿੰਮਤ ਨਾਲ ਲੜਨਾ ਪਵੇਗਾ। ਵਰਤਮਾਨ ਦੌਰ ਤਕ ਔਰਤ ਨੂੰ ਸਮਾਜਿਕ ਪੱਖ ਤੋਂ ਮਿਲੀ ਕੁਝ ਆਜ਼ਾਦੀ ਅਤੇ ਸਿੱਖਿਆ ਦੇ ਪ੍ਰਸਾਰ ਕਾਰਨ ਉਸ ਵਿਚ ਚੇਤਨਾ ਦਾ ਪਾਸਾਰ ਵੀ ਹੋਇਆ ਹੈ। ਸਮਕਾਲੀ ਦੌਰ ਵਿਚ ਉਹ ਪਰੰਪਰਾਵਾਦੀ ਸੋਚ ਨੂੰ ਤਿਆਗ ਕੇ ਅੱਗੇ ਵਧਣ ਲਈ ਤਤਪਰ ਹੈ ਅਤੇ ਬੌਣੀਆਂ ਸਮਾਜਿਕ ਰੀਤਾਂ ਨੂੰ ਨਕਾਰਦੀ ਦਿਖਾਈ ਦਿੰਦੀ ਹੈ। ਸਰਬਜੀਤ ਕੌਰ ਸੋਹਲ ਲਿਖਦੀ ਹੈ -

ਸਨਮਾਨ ਸਹਿਤ ਕਹਾਂ
ਮੁਆਫ਼ ਕਰੀਂ ਮਾਂ!
ਲਕੀਰ ਦੀ ਫ਼ਕੀਰੀ
ਮੈਥੋਂ ਨਾ ਹੋਣੀ
ਤੇਰੀ ਵਿਰਾਸਤ
ਹੁਣ ਨਾ ਨਿਭਾਉਣੀ ...
ਬਾਗੀ ਸਮਝ ਲੈ
ਨਹੀਂ ਗਾਉਣਾ ਮੈਂ
ਖ਼ਾਮੋਸ਼ੀ ਦਾ ਗੀਤ
ਸਹਿ ਨਹੀਂ ਹੁੰਦੀਆਂ
ਨੀਵੀਆਂ ਨਜ਼ਰਾਂ
ਡੂੰਘੇ ਜ਼ਖ਼ਮ
'ਤੇ ਚੰਦਰੇ ਸੂਲ ...।[4]

ਧਾਤੂ ਚਮਕਦੀ
ਹੋਰ ਲਿਸ਼ਕਦੀ
ਜਾਣਦੀ ... ਉਹ ਕਿ ...
'ਵਿਰੋਧ 'ਚ ਹੀ ਵਿਕਾਸ ਹੈ'[5]

ਸਰਬਜੀਤ ਕੌਰ ਸੋਹਲ 'ਨਾਬਰੀ' ਅਤੇ 'ਚਿੰਤਨ ਤੇ ਪ੍ਰਵਾਹ' ਸਿਰਲੇਖ ਅਧੀਨ ਰਚੀਆਂ ਗਈਆਂ ਕਵਿਤਾਵਾਂ ਵਿਚ ਔਰਤ ਦੀ ਸੰਵੇਦਨਾ ਨੂੰ ਜਗਾਉਂਦੀ ਹੈ ਅਤੇ ਸਮਾਜ ਦੇ ਭੈੜੇ ਬੰਧਨਾਂ ਪ੍ਰਤੀ ਆਵਾਜ਼ ਬੁਲੰਦ ਕਰਕੇ ਆਪਣੇ ਹੱਕ ਦੀ ਪ੍ਰਾਪਤੀ ਲਈ ਚੇਤੰਨ ਹੋਣ ਲਈ ਆਖਦੀ ਹੈ। ਇਸਦੇ ਨਾਲ ਹੀ ਸਮਾਜਿਕ ਹੋਣੀ ਦੇ ਮਾਰੂ ਅਮਲ ਹੇਠ ਕਿਰਤੀ ਕਿਸਾਨਾਂ ਅਤੇ ਕਾਮੇ ਵਰਗ ਦੇ ਹੱਕਾਂ ਦੀ ਹੋ ਰਹੀ ਲੁੱਟ ਨੂੰ ਵੀ ਕਵਿੱਤਰੀ ਨੇ ਕਈ ਪੱਖਾਂ ਤੋਂ ਚਿਤਰਿਆ ਹੈ। 'ਫਲਰਟਿੰਗ' ਕਵਿਤਾ ਵਿਚ ਲੇਖਿਕਾ ਨੇ ਨੌਜਵਾਨ ਮੁੰਡੇ ਕੁੜੀਆਂ ਦੀਆਂ ਸੱਧਰਾਂ, ਕਾਮਨਾਵਾਂ ਅਤੇ ਜਿਸਮਾਨੀ ਛੂਹਾਂ ਦੀ ਪ੍ਰਾਪਤੀ ਦੀ ਚਾਹਨਾ ਨੂੰ ਪੇਸ਼ ਕਰਦਿਆਂ ਚਿੰਨ੍ਹਮਈ ਸ਼ਬਦਾਂ ਵਿਚ ਤਨ ਦੇ ਪਿਆਰ ਸਾਹਮਣੇ ਮਨ ਤੇ ਰੂਹ ਦੇ ਪਿਆਰ ਦੇ ਖਾਲੀਪਣ ਨੂੰ ਦਰਸਾਇਆ ਹੈ। ਜਿਸ ਵਿਚ ਮਾਨਵੀ ਸੰਵੇਦਨਾ ਅਤੇ ਸੰਵੇਦਨਸ਼ੀਲ ਰੂਹਾਨੀ ਪਿਆਰ ਵਰਗਾ ਲੰਮੇ ਸਮੇਂ ਤਕ ਸਥਿਰ ਰਹਿਣ ਵਾਲਾ ਕੋਈ ਅਹਿਸਾਸ ਮੌਜੂਦ ਨਹੀਂ ਹੈ। ਉਹ ਲਿਖਦੀ ਹੈ -

ਮੈਲੀਆਂ ਨਜ਼ਰਾਂ
ਤਨ ਦੀਆਂ ਗਰਜ਼ਾਂ
ਅਪਹੁੰਚ ਦੈਵੀ ਮੁਹੱਬਤ ਤੋਂ
ਸੱਖਣੇ... ਊਣੇ ...ਖ਼ਾਲੀ ਜਿਹੇ
ਰੂਹ ਤੀਕ ਨਾ ਅੱਪੜਦੇ
ਤਨ ਦੇ ਜਾਵੀਏ 'ਚ ਹੀ ਅਟਕਦੇ...।[6]

ਮਾਨਵੀਂ ਸਾਂਝ ਅਤੇ ਅਪਣੱਤ ਦੀ ਭਾਵਨਾ ਨਾਲ ਸਮਾਜ ਨੂੰ ਬਿਹਤਰ ਬਣਾਇਆ ਜਾ ਸਕਦਾ ਹੈ। ਪਰ ਇਸ ਅਪਣੱਤ ਵਿਚ ਵੈਰ-ਵਿਰੋਧ, ਈਰਖਾ ਜਾਂ ਊਚ-ਨੀਚ ਦੀ ਭਾਵਨਾ ਦਾ ਪਾਸਾਰ ਨਹੀਂ ਹੋਣਾ ਚਾਹੀਦਾ। ਜ਼ਿੰਦਗੀ ਨੂੰ ਸਧਾਰਨ ਵੇਗ ਵਿਚ ਜਿਉਂਦੇ ਹੋਏ ਹੀ ਇਕ ਦੂਜੇ ਦਾ ਦੁੱਖ-ਸੁੱਖ ਵੰਡਾਇਆ ਜਾ ਸਕਦਾ ਹੈ। ਆਪਸੀ ਮਿਲਵਰਤਨ ਦੀ ਭਾਵਨਾ ਨੂੰ ਪੇਸ਼ ਕਰਦੀ ਕਵਿੱਤਰੀ ਲਿਖਦੀ ਹੈ -

ਇਕ ਦੂਜੇ ਦੇ ਅੰਦਰ
ਜੰਗਲ ਵਾਂਗ ਜੜ੍ਹਾਂ ਫੜੀਏ
ਰੁੱਤ ਦੀ ਰਾਗਣੀ ਸੁਣੀਏ
ਜ਼ਿੰਦਗੀ ਦੀ ਸਾਦਗੀ 'ਚ ਰਹੀਏ
ਆਪੋ ਆਪਣੇ ਦਾਇਰਿਆਂ 'ਚ
ਸਿਮਟਣ ਦੀ ਥਾਂ
ਤਪੇਂਦੇ ਹਾੜ 'ਚ
ਠਰਿਆ ਜਿਆ ਬੁਲ੍ਹਾ ਬਣੀਏ ...।[7]

ਆਪਣੇਪਣ ਤੇ ਸਰਬ-ਸਾਂਝੀਵਾਲਤਾ ਦੇ ਇਸ ਵੇਗ ਵਿਚੋਂ ਹੀ ਕਿਸੇ ਪਿਆਰੇ ਪ੍ਰਤੀ ਪਿਆਰ ਦੇ ਅਹਿਸਾਸ ਆਪ ਮੁਹਾਰੇ ਫੁੱਟ ਪੈਣੇ ਸੁਭਾਵਿਕ ਹਨ। ਇਨ੍ਹਾਂ ਅਹਿਸਾਸਾਂ ਦਾ ਜਿਕਰ ਸਰਬਜੀਤ ਕੌਰ ਸੋਹਲ ਇੰਜ ਕਰਦੀ ਹੈ -

ਦੋਸਤ
ਜਾਂ ਕੁਝ ਹੋਰ ...
ਨਹੀਂ ਮੈਨੂੰ ... ਪਤਾ...
ਤੇਰੇ ਜਾਣ ਤੋਂ ਬਾਅਦ
ਬਸ ਏਨਾ ਹੀ ਕੀਤਾ ਏ ...
ਤੇਰੇ ਜੂਠੇ ਗਿਲਾਸ ਵਿੱਚ
ਪਾਣੀ ਪੀਤਾ ਏ ...।[8]

ਕਵਿੱਤਰੀ ਆਧੁਨਿਕਤਾ ਦੇ ਫੈਸ਼ਨਮਈ ਜ਼ਮਾਨੇ ਵਿਚ ਮਾਵਾਂ ਦੀ ਧੀਆਂ ਦੇ ਦਿਨ-ਪ੍ਰਤੀ-ਦਿਨ ਪੱਛਮੀ ਕਲਚਰ ਦੇ ਅੰਤਰਗਤ ਮਾਡਰਨ ਹੁੰਦੇ ਜਾ ਰਹੇ ਜੀਵਨ ਵਰਤਾਰੇ ਪ੍ਰਤੀ ਵਧਦੀ ਚਿੰਤਾ ਨੂੰ ਕਵਿਤਾ ਦਾ ਆਧਾਰ ਬਣਾਉਂਦੀ ਹੈ ਅਤੇ ਬਹੁਤ ਭਾਵੁਕ ਹੋ ਕੇ ਲਿਖਦੀ ਹੈ। ਵਿਸ਼ਵੀਕਰਨ ਦੇ ਅਜੋਕੇ ਵਰਤਾਰੇ ਵਿਚ ਮਾਵਾਂ ਆਪਣੀਆਂ ਨੌਜਵਾਨ ਧੀਆਂ ਦੁਆਰਾ ਪਹਿਨੇ ਜਾਂਦੇ ਆਧੁਨਿਕ ਫੈਸ਼ਨ ਵਾਲੇ ਕੱਪੜਿਆਂ ਦੇ ਰੰਗਾਂ ਢੰਗਾਂ ਤੋਂ ਬਹੁਤ ਚਿੰਤਤ ਰਹਿੰਦੀਆਂ ਹਨ ਪਰ ਨਾਲ ਹੀ ਸਮੇਂ ਦੇ ਵੇਗ ਵਿਚ ਪਿੱਛੇ ਰਹਿ ਜਾਣ ਦਾ ਡਰ ਅਤੇ ਤੌਖ਼ਲਾ ਵੀ ਉਨ੍ਹਾਂ ਨੂੰ ਸਤਾਉਂਦਾ ਹੈ। ਜਿਸ ਕਰਕੇ ਉਹ ਧੀਆਂ ਦੇ ਮਾਡਰਨ ਬਣਨ ਜਾਂ ਨਾ ਬਣਨ ਦੀ ਦੋਹਰੀ ਮਾਨਸਿਕ ਪੀੜਾ ਵਿਚ ਘਿਰੀਆਂ ਨਜ਼ਰ ਆਉਂਦੀਆਂ ਹਨ ਕਿਉਂਕਿ ਬੇਗਾਨੇ

ਲੋਕ ਜਵਾਨ ਕੁੜੀਆਂ ਵੱਲ ਗਲਤ ਨਜ਼ਰਾਂ ਨਾਲ ਝਾਕਦੇ ਹਨ ਅਤੇ ਉਨ੍ਹਾਂ ਨੂੰ ਨਿਰੰਤਰ ਤਾੜਦੇ ਰਹਿੰਦੇ ਹਨ। ਧੀਆਂ ਦੀ ਸੁਰੱਖਿਆ ਪ੍ਰਤੀ ਡਰ ਅਤੇ ਖੌਫ਼ ਦੇ ਬੱਦਲ ਮਾਵਾਂ ਦੇ ਮਨ ਵਿਚ ਸਦਾ ਛਾਏ ਰਹਿੰਦੇ ਹਨ ਪਰ ਨਾਲ ਹੀ ਬਦਲਦੇ ਸਮਾਜਿਕ ਮਾਹੌਲ ਵਿਚ ਉਹ ਧੀਆਂ 'ਤੇ ਵੀ ਦਬਾਅ ਨਹੀਂ ਬਣਾ ਸਕਦੀਆਂ। ਜਿਸ ਕਰਕੇ ਉਹ ਮਾਨਸਿਕ ਪੀੜਾ ਦੀ ਦੋਹਰੀ ਚੱਕੀ ਵਿਚ ਪਿਸਦੀਆਂ ਰਹਿੰਦੀਆਂ ਹਨ। ਇਸ ਪ੍ਰਸੰਗ ਵਿਚ ਸਰਬਜੀਤ ਕੌਰ ਸੋਹਲ ਲਿਖਦੀ ਹੈ-

ਬੜੇ ਯਤਨ ਕਰਦੀਆਂ
ਚਿੰਤਾਤੁਰ ਮਾਵਾਂ
ਸਮੇਂ ਤੋਂ ਹਾਰਦੀਆਂ
ਛੋਟੇ ਕਪੜਿਆਂ ਤੋਂ ਹਾਰਦੀਆਂ
ਮੱਥੇ ਤੇ ਚਿੰਤਾਂ ਦੀਆਂ
ਪੱਕੀਆਂ ਹੀ, ਪਾ ਲੈਂਦੀਆਂ ਲਕੀਰਾਂ
ਫਲਾਂ ਦੀ ਮਿਠਾਸ,
ਦੂਰੋਂ ਹੀ ਟੋਹ ਲੈਂਦੇ ਬਦਜ਼ਾਤ
ਹਾਰਨ ਵਜਾਉਂਦੇ ਲੰਘਦੇ
ਘਰ ਮੂਹਰਿਓਂ
ਗਲੀ ਦੇ ਮੁੰਡੇ ...।[9]

ਔਰਤ ਦੀ ਹੋਣੀ ਇਹ ਵੀ ਹੈ ਕਿ ਉਹ ਆਪਣੇ ਆਪ ਨੂੰ ਪੈਰਾਂ ਤੇ ਟਿਕਾਉਣ ਲਈ ਆਪਣੇ ਮਨ ਦੇ ਚਾਵਾਂ, ਭਾਵਨਾਵਾਂ ਤੇ ਅਕਾਖਿਆਵਾਂ ਨੂੰ ਦਬਾ ਕੇ ਲਗਾਤਾਰ ਮਿਹਨਤ ਕਰਦੀ ਹੈ ਤਾਂ ਜੋ ਆਪਣੇ ਭਵਿੱਖ ਨੂੰ ਬਿਹਤਰ ਬਣਾਇਆ ਜਾ ਸਕੇ। ਨਾਲ ਹੀ ਕਵਿੱਤਰੀ ਕੁੜੀਆਂ ਦੀ ਅਜਿਹੀ ਫਿਤਰਤ ਪ੍ਰਤੀ ਚਿੰਤਿਤ ਵੀ ਹੈ ਕਿ ਜਵਾਨੀ ਦਾ ਇਹ ਖ਼ੂਬਸੂਰਤ ਸਮਾਂ ਉਨ੍ਹਾਂ ਦੇ ਜੀਵਨ ਵਿਚ ਦੁਬਾਰਾ ਮੁੜ ਕੇ ਨਹੀਂ ਆਉਣਾ, ਜਿਸਨੂੰ ਉਹ ਆਪਣੇ ਚਾਵਾਂ ਦੀ ਪੂਰਤੀ ਨੂੰ ਲਾਂਭੇ ਕਰ ਆਪਣੇ ਆਪ ਨੂੰ ਕਿਸੇ ਮੁਕਾਮ ਤੇ ਪਹੁੰਚਾਉਣ ਵਿਚ ਰੁਝੀਆਂ ਹੋਣ ਕਰਕੇ ਗੁਆ ਰਹੀਆਂ ਹਨ। ਇਸ ਤਰ੍ਹਾਂ ਔਰਤ ਦੀ ਜ਼ਿੰਦਗੀ ਆਪਾ ਸਵਾਰਦਿਆਂ, ਘਰ ਪਰਿਵਾਰ ਅਤੇ ਬੱਚਿਆਂ ਦੀ ਜ਼ਿੰਮੇਵਾਰੀ ਨੂੰ ਨਿਭਾਉਂਦਿਆਂ ਹੀ ਬੀਤ ਜਾਂਦੀ ਹੈ। ਔਰਤ ਮਨ ਦੀ

ਨਿਰਮਲਤਾ, ਸੁਰੱਖਿਆ ਅਤੇ ਸਮਾਜਿਕ ਬੰਧਨਾਂ ਦੇ ਅਹਿਸਾਸ ਨੂੰ ਚਿਤਰਦੀ ਸਰਬਜੀਤ ਕੌਰ ਸੋਹਲ ਲਿਖਦੀ ਹੈ-

ਭਵਿੱਖ 'ਚ ਕਰਾਮਾਤ ਦੀ ਆਸ 'ਚ
ਦੱਬ ਦੱਬ ਕੇ ਪੜ੍ਹਦੀਆਂ
ਕੁਨੱਖਾ ਨਾ ਝਾਕਦੀਆਂ
ਸੁਪਨਿਆਂ ਦੇ ਤਲਿੱਸਮ 'ਚ
ਜੋਬਨ ਰੁੱਤ ਨਾ ਹੰਢਾਉਂਦੀਆਂ
ਰੁੱਤਾਂ ਨੂੰ ਅਣਮਾਣੀਆਂ ਲੰਘਾਉਂਦੀਆਂ
ਦੇਹੀ ਨਾਦ ਨਾ ਸੁਣਦੀਆਂ ...
ਮਰਜਾਣੀਆਂ, ਰੁੜ-ਪੁੜ ਜਾਣੀਆਂ
ਅਣਜੀਵਿਆਂ ਹੀ
ਮਰ ਜਾਂਦੀਆਂ ...।[10]

ਔਰਤ ਦੀ ਜ਼ਿੰਦਗੀ ਦੀ ਹੋਣੀ ਦਾ ਸ਼ਾਇਦ ਇਹ ਹੀ ਸੱਚ ਹੈ ਕਿ ਔਰਤ ਆਪਣੇ ਆਪ ਨਾਲੋਂ ਘਰ, ਪਰਿਵਾਰ, ਸਮਾਜਿਕ ਕਦਰਾਂ-ਕੀਮਤਾਂ ਅਤੇ ਵੱਖ-ਵੱਖ ਸਮਾਜਿਕ ਰਿਸ਼ਤਿਆਂ ਨੂੰ ਜ਼ਿਆਦਾ ਤਰਜੀਹ ਦਿੰਦੀਆਂ ਹਨ। ਜਿਸ ਵਿਚੋਂ ਉਨ੍ਹਾਂ ਦਾ ਆਪਾਂ ਆਮ ਕਰਕੇ ਖਾਰਜ ਹੀ ਰਹਿੰਦਾ ਹੈ। ਔਰਤ ਦੀ ਜ਼ਿੰਦਗੀ ਦੇ ਇਸ ਪੱਖ ਨੂੰ ਰੂਪਮਾਨ ਕਰਦੀ ਸਰਬਜੀਤ ਕੌਰ ਸੋਹਲ ਲਿਖਦੀ ਹੈ-

ਔਰਤ
ਜ਼ਿੰਦਗੀ ਨੂੰ
ਸੁਣਦੀ
ਸੁੰਘਦੀ
ਛੂੰਹਦੀ
ਪਰ ...
ਚੱਖਦੀ ਨਹੀਂ
ਇੰਦ੍ਰਿਆਤਮਕ ਰੇਗ਼ਿਸਥਾਨ
ਹੰਢਾਉਂਦੀ

ਕਿੰਨਾ ਕੁਝ ਅਣਜੀਵਿਆ
ਲੰਘਾਉਂਦੀ [11]

ਸਰਬਜੀਤ ਕੌਰ ਸੋਹਲ 'ਸ਼ੋਸ਼ਣ' ਕਵਿਤਾ ਵਿਚ ਦੱਸਦੀ ਹੈ ਕਿ ਔਰਤ ਜੀਵਨ ਦੇ ਸ਼ੋਸ਼ਣ ਦੀ ਦਾਸਤਾਨ ਵਿਚ, ਮਰਦ ਪ੍ਰਧਾਨ ਸਮਾਜ ਦੀ ਗੰਧਲੀ ਸੋਚ ਨਾਰੀ ਜੀਵਨ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦੀ ਹੈ। ਸਮਾਜਿਕ ਵਰਤਾਰਾ ਅਜਿਹਾ ਬਣਦਾ ਜਾ ਰਿਹਾ ਹੈ ਕਿ ਘਰ ਵਿਚ ਜਵਾਨ ਹੋ ਰਹੀਆਂ ਕੁੜੀਆਂ 'ਤੇ ਆਪਣੇ ਸਕੇ-ਰਿਸ਼ਤੇ ਹੀ ਕਈ ਵਾਰੀ ਗਲਤ ਨਜ਼ਰਾਂ ਟਿਕਾਉਣ ਲੱਗ ਜਾਂਦੇ ਹਨ ਅਤੇ ਆਪਣੇਪਣ ਦੀ ਆੜ ਵਿਚ ਨਾ-ਸਮਝ ਧੀਆਂ ਨੂੰ ਗੁੰਮਰਾਹ ਕਰਦੇ ਹਨ। ਸਰਬਜੀਤ ਕੌਰ ਸੋਹਲ ਦੀ ਇਸ ਕਵਿਤਾ ਵਿਚੋਂ ਸਮਕਾਲੀ ਸਮਾਜ ਸਭਿਆਚਾਰਕ ਵਰਤਾਰੇ ਦੇ ਯਥਾਰਥਕ ਵੇਰਵੇ ਦੀ ਪੇਸ਼ਕਾਰੀ ਬੜੇ ਡੂੰਘੇ ਤਜਰਬੇ ਦੇ ਭਾਵਾਂ ਨਾਲ ਲਬਰੇਜ਼ ਹੋ ਕੇ ਹੁੰਦੀ ਹੈ। ਜਿਸ ਕਰਕੇ ਪਾਠਕ ਆਪਣੇ ਆਲੇ-ਦੁਆਲੇ ਵਾਪਰ ਰਹੇ ਜੀਵਨ ਹਲਾਤ ਤੋਂ ਸਹਿਜੇ ਹੀ ਇਸ ਗੱਲ ਦੀ ਪੁਸ਼ਟੀ ਕਰ ਸਕਦਾ ਹੈ।

ਅਕਸਰ ਹੀ ਉਹ
ਕੋਈ ਨੇੜਲਾ ਹੁੰਦਾ
ਉਮਰੋਂ ਜ਼ਰਾ ਕੁ ਵੱਡਾ
ਜਾਂ ਹਮਸਾਇਆ ਕੋਈ
ਬਾਜ ਵਾਂਗ ਝਪਟਦਾ
ਗੰਦਾ ਗੰਦਾ ਛੂੰਹਦਾ
ਕ੍ਰਹਿਤ ਕਚਹਿਣ
ਮਸਕੀਨ ਮਨ
ਦੇਹੀ ਨੂੰ ਹੀ
ਮੈਲਾ ਸਮਝਦਾ
'ਤੇ ...
ਅਣਵਿਕਸਤ ਦੇਹ 'ਚੋਂ
ਬਚਪਨ ਕਦੋਂ ਕਿਰ ਜਾਂਦਾ
ਪਤਾ ਹੀ ਨਾ ਲਗਦਾ ...। [12]

'ਆਧੁਨਿਕਤਾ' ਕਵਿਤਾ ਸਮਕਾਲੀ ਦੌਰ ਦੇ ਵਰਤਾਰੇ ਦੀ ਗੱਲ ਕਰਦੀ ਹੈ ਜਿਸ ਵਿਚ ਨੌਜਵਾਨ ਪੀੜ੍ਹੀ ਆਧੁਨਿਕਤਾ, ਪੱਛਮੀਕਰਨ, ਸੋਸ਼ਲ ਮੀਡੀਆ, ਇੰਟਰਨੈੱਟ ਅਤੇ ਮੋਬਾਇਲ ਦੇ ਦੌਰ ਵਿਚ ਉਮਰੋਂ ਪਹਿਲਾਂ ਹੀ ਬਹੁਤ ਕੁਝ ਸਿੱਖ ਰਹੀ ਹੈ। ਇਸ ਦੌਰ ਨੇ ਨਵੀਂ ਪੀੜ੍ਹੀ ਦੀਆਂ ਕੁਝ ਕਦਰਾਂ-ਕੀਮਤਾਂ ਅਤੇ ਜੀਵਨ ਪਹਿਲੂਆਂ ਉੱਤੇ ਅਜਿਹਾ ਪਰਦਾ ਪਾਇਆ ਹੈ ਕਿ ਉਹ ਆਪਣੇ ਆਪ ਨੂੰ ਬਹੁਤ ਅਡਵਾਂਸ ਤੇ ਆਧੁਨਿਕ ਸਮਝਣ ਲੱਗ ਪਏ ਹਨ। ਸਾਡੇ ਸਭਿਆਚਾਰਕ ਵਰਤਾਰੇ ਵਿਚ ਇਕ ਸਮਾਂ ਅਜਿਹਾ ਸੀ ਜਦੋਂ ਮੰਗਣੀ ਤੋਂ ਬਾਅਦ ਵਿਆਹ ਤਕ ਹੀ ਨਹੀਂ ਸਗੋਂ ਡੋਲੀ ਦੇ ਘਰ ਪਹੁੰਚ ਜਾਣ ਤਕ ਪਤੀ, ਪਤਨੀ ਦਾ ਚਿਹਰਾ ਨਹੀਂ ਸੀ ਵੇਖ ਸਕਦਾ ਲੇਕਿਨ ਫਿਰ ਵੀ ਰਿਸ਼ਤੇ ਲੰਮੇ ਸਮੇਂ ਤਕ ਨਿਭਦੇ ਸਨ। ਪਰੰਤੂ ਸਮਕਾਲੀ ਵਿਸ਼ਵੀਕਰਨ ਅਤੇ ਇੰਟਰਨੈੱਟ ਦੇ ਦੌਰ ਵਿਚ ਇਹ ਵਰਤਾਰਾ ਪੂਰੀ ਤਰ੍ਹਾਂ ਬਦਲ ਗਿਆ ਹੈ ਜਿਸ ਵਿਚ ਬੁਆਏ ਫਰੈਂਡ ਅਤੇ ਗਰਲ ਫਰੈਂਡ ਵਰਗੇ ਰਿਸ਼ਤਿਆਂ ਤੋਂ ਵੀ ਬਹੁਤ ਕੁਝ ਅੱਗੇ ਵਾਪਰ ਰਿਹਾ ਹੈ। ਇਹੀ ਕਾਰਨ ਹੈ ਕਿ ਸਮਕਾਲੀ ਦੌਰ ਵਿਚ ਪਰਿਵਾਰਕ ਰਿਸ਼ਤੇ ਬਹੁਤ ਜਲਦੀ ਟੁੱਟ ਰਹੇ ਹਨ। ਅਜਿਹੀਆਂ ਸਭਿਆਚਾਰਕ ਖੁੱਲ੍ਹਾਂ ਮਾਨਣ ਦਾ ਵਰਤਾਰਾ ਸਾਡੇ ਸਮਾਜ ਸਭਿਆਚਾਰ ਨੂੰ ਦਿਨੋ-ਦਿਨ ਗੰਧਲਾ ਵੀ ਕਰ ਰਿਹਾ ਹੈ। ਕਵਿੱਤਰੀ ਸਮੇਂ ਦੀ ਲੋਅ ਵਿਚ ਆਪਣੇ ਆਪ ਨੂੰ ਅਡਵਾਂਸ ਤੇ ਵਿਕਸਿਤ ਸਮਝਦੀ ਨੌਜਵਾਨ ਪੀੜ੍ਹੀ ਨੂੰ ਮੁਖਾਤਿਬ ਹੁੰਦੀ ਲਿਖਦੀ ਹੈ -

ਸਹੇਲੀਆਂ ਸਨ ਗੂਹੜ੍ਹੀਆਂ
ਹੁਣ ਲੜ ਰਹੀਆਂ ਭੈੜੀਆਂ
ਤੀਰ ਤੋਂ ਤਲਵਾਰਾਂ ਤੋਂ ਵੀ
ਤਿੱਖੇ ਵਾਰ ਕਰਦੀਆਂ
ਚੁਫ਼ੇਰੇ ਤੋਂ ਅਵੇਸਲੀਆਂ
ਪ੍ਰਵਾਹ ਭੋਰਾ ਨਾ ਕਰਦੀਆਂ
ਸ਼ਬਦਾਂ ਦੇ ਆਹੂ ਲਾਹੁੰਦੀਆਂ
ਸ਼ਿਕਾਇਤ ਇੰਝ ਲਗਾਉਂਦੀਆਂ
"ਮੈਮ ਇਸਦੇ ਬੁਆਏ ਫਰੈਂਡ ਨੇ
ਮੇਰੇ ਗਲਮੇ 'ਚ ਹੱਥ ਪਾਇਆ"
...

ਕੁੜੀਆਂ ਐਡਵਾਂਸ ਨੇ ਸ਼ਾਇਦ
ਸੋਚ ਤੋਂ ਵੀ ਅਗਾਂਹ ਲੰਘ ਗਈਆਂ
ਸਮਝਾਉਂਦੀ ਆਂ ਉਹਨਾਂ ਨੂੰ
"ਕੁੜੀਓ ! ਸਮਾਜ ਬੁਆਏ ਫਰੈਂਡ ਦੀ
ਇਜਾਜ਼ਤ ਨਹੀਂ ਦਿੰਦਾ ..." [13]

ਕਵਿੱਤਰੀ ਨੌਜਵਾਨ ਪੀੜ੍ਹੀ ਦੇ ਜੀਵਨ ਸਫ਼ਰ ਨੂੰ ਲੈ ਕੇ ਬਹੁਤ ਚਿੰਤਿਤ ਨਜ਼ਰ ਆਉਂਦੀ ਹੈ। ਇਸੇ ਕਰਕੇ ਉਹ ਕੁੜੀਆਂ ਨੂੰ ਜਾਤ ਬਾਹਰੀ ਜਾਂ ਭੈੜੀਆਂ ਆਦਤਾਂ ਵਾਲੇ ਮੁੰਡੇ ਨਾਲ ਵਿਆਹ ਕਰਾਉਣ ਤੋਂ ਵਰਜਦੀ ਹੈ ਕਿਉਂਕਿ ਜਾਤ ਤੋਂ ਬਾਹਰ ਅਤੇ ਮਾੜੀਆਂ ਆਦਤਾਂ ਵਾਲੇ ਵਿਅਕਤੀ ਨਾਲ ਵਿਆਹ ਕਰਾਏ ਜਾਣ 'ਤੇ ਪਤੀ-ਪਤਨੀ ਨੂੰ ਹੀ ਸਮਾਜਿਕ ਤਾਹਨੇ ਨਹੀਂ ਮਿਲਦੇ ਸਗੋਂ ਅੱਗੇ ਉਨ੍ਹਾਂ ਦੇ ਬੱਚੇ ਵੀ ਇਹ ਤਰਾਸਦੀ ਹੰਡਾਉਂਦੇ ਹਨ। ਇਸੇ ਤਰ੍ਹਾਂ ਮਾੜੀਆਂ ਆਦਤਾਂ ਵਿਚ ਘਿਰਿਆ ਲੜਕਾ ਆਪਣੀ ਪਤਨੀ ਅਤੇ ਬੱਚਿਆਂ ਨੂੰ ਕਦੇ ਚੰਗੀ ਜ਼ਿੰਦਗੀ ਨਹੀਂ ਦੇ ਸਕਦਾ। ਇਸ ਪ੍ਰਸੰਗ ਵਿਚ ਸਰਬਜੀਤ ਕੌਰ ਸੋਹਲ ਲਿਖਦੀ ਹੈ -

ਵਿਆਹ ਹਮੇਸ਼ਾਂ
ਚੰਗੀ ਜਾਤ ਦੇ ਬਿੱਲੇ ਨਾਲ
ਹੀ ਕਰਨਾ ਲੋੜੀਂਦਾ ਏ
ਬਿੱਲਾ ਜੋ ਹੋਵੇ ਬਦਜਾਤ
ਕੋਈ ਵੀ ਬਿੱਲੀ
ਬਦਜ਼ਾਤ ਬਿੱਲੇ ਤੋਂ
ਬਚੀ ਹੀ ਨਹੀਂ ਰਹਿ ਸਕਦੀ[14]

ਕਵਿੱਤਰੀ ਦੱਸਦੀ ਹੈ ਕਿ ਔਰਤ ਦੇ ਮਨ ਵਿਚ ਆਪਣੇ ਨੇੜਲੇ ਰਿਸ਼ਤਿਆਂ ਦੀ ਤੰਦ ਨਾਲ ਸੱਚੇ ਮਨ ਤੋਂ ਜੁੜੇ ਰਹਿਣ ਦਾ ਅਹਿਸਾਸ ਹਮੇਸ਼ਾਂ ਜੋਬਨ 'ਤੇ ਹੁੰਦਾ ਹੈ। ਬਹੁਤ ਵਾਰ ਔਰਤ ਕਰੀਬੀ ਰਿਸ਼ਤਿਆਂ ਤੋਂ, ਕਿਸੇ ਆਸ-ਉਮੀਦ ਦੇ ਪੂਰੇ ਨਾ ਹੋਣ ਦੀ ਸੂਰਤ ਵਿਚ ਵੀ, ਉਹ ਉਨ੍ਹਾਂ ਰਿਸ਼ਤਿਆਂ ਨੂੰ ਹੰਢਾਉਂਦੀ ਰਹਿੰਦੀ ਹੈ ਅਤੇ ਉਸਦੀ ਇੱਛਾ ਹਮੇਸ਼ਾਂ ਰਿਸ਼ਤਿਆਂ ਨੂੰ ਸੰਵਾਰਨ ਅਤੇ ਸ਼ਿੰਗਾਰਨ ਦੀ ਹੁੰਦੀ ਹੈ। ਉਹ ਆਪਣੀਆਂ ਰੀਝਾਂ ਨੂੰ ਖ਼ਤਮ ਕਰਕੇ ਵੀ ਵਾਰ-ਵਾਰ ਇਨ੍ਹਾਂ ਨੂੰ ਸਮੇਟਦੀ ਹੈ। ਜਿਸ ਵਿਚ ਉਹ ਆਪੇ ਨੂੰ ਮਾਰ ਕੇ ਵੀ ਰਿਸ਼ਤਿਆਂ ਨੂੰ

ਬਚਾਉਣਾ, ਸਜਾਉਣਾ ਅਤੇ ਸੰਵਾਰਨਾ ਚਾਹੁੰਦੀ ਹੈ। ਇਸ ਸੰਦਰਭ ਵਿਚ ਸਰਬਜੀਤ ਕੌਰ ਸੋਹਲ ਲਿਖਦੀ ਹੈ -

ਕਿੰਨਾ ਔਖਾ ਦਿਲ ਦੇ ਵਿਹੜੇ
ਦੀਵੇ ਨੂੰ ਜਗਾਈ ਰੱਖਣਾ
ਟੁੱਟੇ ਬਿਖ਼ਰੇ, ਸੜੇ ਗਲੇ
ਰਿਸ਼ਤਿਆਂ ਨੂੰ ਬਚਾਵਣਾ
ਟੁੱਟ ਭੱਜ ਨੂੰ ਸਮੇਟਣਾ
ਰੀਝਾਂ ਨੂੰ ਦਫ਼ਨਾਵਣਾ [15]

ਕਵਿਤਾ 'ਹਕੀਕਤ' ਵਿਚ ਜ਼ਿੰਦਗੀ ਦੇ ਸੱਚ ਨੂੰ ਵਿਅੰਗਮਈ ਢੰਗ ਨਾਲ ਬਿਆਨ ਕੀਤਾ ਗਿਆ ਹੈ ਕਿ ਕਿਵੇਂ ਜ਼ਿੰਦਗੀ ਦੇ ਲੰਮੇ ਪੈਂਡੇ ਵਿਚ ਵੱਖ-ਵੱਖ ਹਾਲਾਤ ਵਿਚੋਂ ਗੁਜ਼ਰਦਿਆਂ ਮਨੁੱਖ ਨੂੰ ਬਹੁਤ ਸਾਰੇ ਦੁੱਖ-ਸੁੱਖ, ਉਤਰਾਅ-ਚੜਾਅ, ਹਾਸੇ-ਰੋਣੇ, ਖ਼ੁਸ਼ੀ-ਗਮੀ, ਆਪਣੇਪਣ ਅਤੇ ਬੇਗਾਨੇਪਣ ਦੇ ਅਹਿਸਾਸਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਜ਼ਿੰਦਗੀ ਦੇ ਸਫ਼ਰ ਵਿਚ ਨਾ ਤਾਂ ਮਨੁੱਖ ਆਪਣੀ ਜ਼ਿੰਦਗੀ ਦੇ ਮਾੜੇ ਦਿਨਾਂ ਵਿਚ ਜੀਣਾ ਛੱਡ ਸਕਦਾ ਹੈ ਅਤੇ ਨਾ ਹੀ ਆਪਣਿਆਂ ਨਾਲ ਵਰਤਣਾ। ਕਵਿੱਤਰੀ ਨੇ ਸਮਾਜ ਸਭਿਆਚਾਰ ਵਿਚ ਮਾਂ ਦੇ ਰਿਸ਼ਤੇ ਅਤੇ ਘਰ ਦੀ ਹੋਂਦ ਦੇ ਚਿੰਨ੍ਹ ਨੂੰ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਬਹੁਤ ਪ੍ਰਭਾਵਸ਼ਾਲੀ ਅਤੇ ਯਥਾਰਥਕ ਰੂਪ ਵਿਚ ਪੇਸ਼ ਕੀਤਾ ਹੈ। ਔਰਤ ਨੂੰ ਜ਼ਿੰਦਗੀ ਦੇ ਗੁੰਝਲਦਾਰ ਪੈਂਡੇ ਵਿਚ ਵਿਭਿੰਨ ਜੀਵਨ ਪ੍ਰਸਥਿਤੀਆਂ ਵਿਚ ਨਾ ਚਾਹੁੰਦੇ ਹੋਏ ਵੀ ਨਿਰੰਤਰ ਚੱਲਣਾ ਪੈਂਦਾ ਹੈ। ਇਨ੍ਹਾਂ ਭਾਵਾਂ ਦਾ ਬਿਆਨ ਕਰਦੀ ਕਵਿੱਤਰੀ ਲਿਖਦੀ ਹੈ-

ਜ਼ਿੰਦਗੀ
ਚਗ਼ਲੇ ਸੁਆਦਾਂ ਦੀ ਚਵਿੰਗਮ
ਰਸ-ਹੀਨ
ਬਕ-ਬਕੀ
ਰਬੜ ਦੀ ਅਲਕਤ
ਨਫ਼ਰਤੀ
ਹਸਰਤ
ਜੁਬਾੜੇ ਦੁਖਣ

ਕੁੱਤੇ ਦੀ ਹੱਡੀ
ਨਾ ਖਾਧੀ ਜਾਵੇ
ਨਾ ਜਾਵੇ ਛੱਡੀ ...। [16]

ਸਮਾਜਿਕ ਤੇ ਰਾਜਸੀ ਵਰਤਾਰੇ ਵਿਚ ਫੈਲੀ ਬਦਅਮਨੀ ਦਾ ਪ੍ਰਗਟਾਵਾ ਕਰਦੀ ਸਰਬਜੀਤ ਕੌਰ ਸੋਹਲ ਸਮਾਜ ਨੂੰ ਧਰਮ ਦੇ ਠੇਕੇਦਾਰਾਂ ਵੱਲੋਂ ਡਰਾਏ ਜਾਣ ਲਈ ਵਰਤੇ ਜਾਂਦੇ ਕੋਝੇ ਹੱਥਕੰਡਿਆਂ ਨੂੰ ਨਿੰਦਦੀ ਹੈ। ਜਿਸ ਵਿਚ ਅਜੋਕੇ ਮਨੁੱਖ ਦੀ ਫਿਤਰਤ ਮਿਠਾਸ ਖਾ ਕੇ ਵੀ ਜ਼ਹਿਰੀਲਾ ਬੋਲਣ ਦੀ ਹੈ ਕਿਉਂਕਿ ਹਰ ਪਾਸੇ ਮਤਲਬਪ੍ਰਸਤੀ ਭਾਰੂ ਹੋ ਰਹੀ ਹੈ। ਜਿਸ ਵਿਚ ਮਨੁੱਖ ਲਾਲਚ ਵੱਸ ਉੱਚ ਮੁਕਾਮ ਨੂੰ ਪ੍ਰਾਪਤ ਕਰਨ ਅਤੇ ਸ਼ੋਹਰਤ ਖੱਟਣ ਲਈ ਕੋਝੀਆਂ ਚਾਲਾਂ ਚੱਲਦਾ ਹੋਇਆ ਆਪਣੀਆਂ ਹੀ ਮਾੜੀਆਂ ਸੋਚਾਂ ਕਾਰਨ ਕੁਰਾਹੇ ਪਿਆ ਹੋਇਆ ਹੈ।

ਮੰਤਰ ਉਚਾਰਨੇ
ਡਰਾਉਣਾ
ਦੰਗੇ ਕਰਨੇ
ਬੌਣੇਪਨ ਦੀਆਂ ਨਿਸ਼ਾਨੀਆਂ [17]

ਪਰ ਨਾਲ ਹੀ ਕਵਿੱਤਰੀ ਆਪਣੇ ਕਾਵਿ ਵਿਚ ਆਸ ਦੀ ਤੰਦ ਨੂੰ ਪਕੜੇ ਹੋਏ ਪੂੰਜੀਵਾਦ ਦੇ ਇਸ ਮਾਰੂ ਦੌਰ ਅਤੇ ਵਿਭਿੰਨ ਅਲਾਮਤਾਂ ਵਿਚ ਫਸੀ ਮਨੁੱਖਤਾ ਨੂੰ ਪੂੰਜੀਵਾਦ ਦੇ ਛਲਾਵੇ ਨੂੰ ਤਿਆਗਣ ਅਤੇ ਸੁਚਾਰੂ ਸੋਚ ਦੇ ਧਾਰਨੀ ਬਣਨ ਦਾ ਸੰਕਲਪ ਪੇਸ਼ ਕਰਦੀ ਲਿਖਦੀ ਹੈ -

ਨਵੀਂ ਪੀੜ੍ਹੀ ਨੂੰ ਸੋਝੀ ਦੇਵਾਂ
ਚੇਤਨਾ ਜਗਾਵਾਂ
ਸਮਾਜੀਕਰਣ-ਸਭਿਆਚਾਰੀਕਰਣ
ਵਿਸ਼ਵੀਕਰਣ-ਬਜ਼ਾਰੀਕਰਣ
ਸਾਸ਼ਨ, ਕੁ-ਸਾਸ਼ਨ
ਸੱਤਾ ਦੇ ਨਿਯਮ
ਆਰਥਿਕਤਾ ਤੇ ਕਬਜ਼ਾ
ਮਾਨਸਿਕਤਾ ਤੇ ਦਬਦਬਾ
ਸਮਝ ਜਦੋਂ

ਇਹ ਆ ਜਾਵੇਗੀ
ਔਖੀ ਘੜੀ ਫਿਰ
ਟਲ ਜਾਵੇਗੀ [18]

ਮਨੁੱਖੀ ਜ਼ਿੰਦਗੀ ਦੇ ਇਕਲਾਪੇ ਅਤੇ ਮਨ ਦੀ ਵੇਦਨਾ ਦਾ ਖੰਡਿਤ ਹੋਣਾ ਸਮੇਂ ਦੀ ਹੋਣੀ ਹੈ। ਹਰ ਮਨੁੱਖ ਆਪਣੇ ਹੀ ਆਪੇ ਨਾਲ ਇਕ ਤਰ੍ਹਾਂ ਦਾ ਯੁੱਧ ਲੜ ਰਿਹਾ ਹੈ। ਇਹ ਯੁੱਧ ਕੁਰੂਕਸ਼ੇਤਰ ਦੇ ਮੈਦਾਨੇ ਯੁੱਧ ਨਾਲੋਂ ਵੀ ਵੱਧ ਘਾਤਕ ਹੈ ਜੋ ਮਨੁੱਖੀ ਆਪੇ ਨੂੰ ਵਾਰ-ਵਾਰ ਮਾਰਦਾ ਤੇ ਕੱਟਦਾ ਹੈ। ਇਸ ਵਿਚ ਮਾਨਵ ਦਾ ਆਪਾਂ ਦਿਨੋ-ਦਿਨੋ ਖੁਰਦਾ ਜਾ ਰਿਹਾ ਹੈ। ਮਨੁੱਖ ਆਪਣੀਆਂ ਕਾਮਨਾਵਾਂ ਦੀ ਪੂਰਤੀ ਅਤੇ ਅਪੂਰਤੀ ਦੌਰਾਨ ਦੁੱਖ-ਸੁੱਖ ਅਤੇ ਦਵੈਖ ਵਿਚ ਸੜ-ਬਲ ਰਿਹਾ ਹੈ। ਅਜਿਹਾ ਵਤੀਰਾ ਮਨੁੱਖਾਂ ਨੂੰ ਅੰਦਰੋਂ-ਅੰਦਰੀਂ ਘੁਣ ਵਾਂਗ ਖਾ ਰਿਹਾ ਹੈ। ਜਿਸ ਨਾਲ ਮਨੁੱਖੀ ਆਪਾ ਸਭ ਤੋਂ ਵੱਧ ਸੰਕਟਗ੍ਰਸਤ ਹੋਇਆ ਬਿਮਾਰੀਆਂ ਦੀ ਮਾਰ ਹੇਠ ਆਇਆ ਹੋਇਆ ਹੈ। ਅਜਿਹੇ ਵਰਤਾਰੇ ਦਾ ਜ਼ਿਕਰ ਕਰਦੀ ਕਵਿਤਰੀ ਲਿਖਦੀ ਹੈ -

ਕਿ ਹੁਣ
ਕੁਰਕੁਸ਼ੇਤਰ ਮੈਦਾਨ 'ਚ ਨਹੀਂ
ਬੰਦੇ ਅੰਦਰ ਵੀ
ਵੱਢ ਕੱਟ ਕਰਦਾ
ਮੂਰਛਾ
ਅਹਿਸਾਸਾਂ ਦੀਆਂ ਲਾਸ਼ਾਂ
ਸਾਬਤ ਸਬੂਤ ਦਿਸਦਾ ਬੰਦਾ
ਅੰਦਰੋਂ ਅੰਦਰੀ ਲਹੂ ਲੁਹਾਨ ਹੁੰਦਾ
ਜ਼ਖ਼ਮ ਲੁਕਾਉਂਦਾ
ਘੁਣ ਖਾਧਾ ਸ਼ਤੀਰ ਜਿਵੇਂ
ਯਕਦਮ ਸਿਰ ਤੇ ਡਿੱਗਦਾ
'ਸੰਤਾਪ' ਟਿਕਣ ਨਾ ਦਿੰਦਾ
ਖੋਰਦਾ ਤੋੜਦਾ
ਚੱਤੋ ਪਹਿਰ

ਧਰਮ ਸੰਕਟ 'ਚ
ਉਲਝਾਈ ਰੱਖਦਾ ...।[19]

ਸਮਕਾਲੀ ਦੌਰ ਵਿਚ ਮਨੁੱਖ ਪੂੰਜੀ ਦੇ ਵਰਤਾਰੇ ਵਿਚ ਘਿਰਿਆ ਆਪਣੇ ਆਪ ਤੋਂ ਹੀ ਮਨਫ਼ੀ ਹੋਇਆ ਜਾਪਦਾ ਹੈ। ਜੀਵਨ ਦੀਆਂ ਸਾਰੀਆਂ ਸੁੱਖ ਸਹੂਲਤਾਂ ਦੀ ਪ੍ਰਾਪਤੀ ਹੋਣ ਤੋਂ ਬਾਅਦ ਵੀ ਉਹ ਆਪਣੀ ਆਰਥਿਕਤਾ ਪ੍ਰਤੀ ਹਮੇਸ਼ਾਂ ਚਿੰਤਿਤ ਹੋਇਆ ਦੁਖੀ ਨਜ਼ਰ ਆਉਂਦਾ ਹੈ। ਇਹੀ ਅਜੋਕੇ ਸਮੇਂ ਦਾ ਸੱਚ ਹੈ ਜਿਸ ਸਬੰਧੀ ਚਿੰਤਾ ਪ੍ਰਗਟ ਕਰਦੀ ਕਵਿੱਤਰੀ ਲਿਖਦੀ ਹੈ-

ਮੈਕਬੁਕ, ਲੈਪਟਾਪ, ਮੋਬਾਇਲ
ਸਾਰੇ ਸਟੇਟਸ ਦੇ ਵਸਾਇਲ
ਬੇਵਜਾਹ ... ਪਰੇਸ਼ਾਨ
ਆਪਣੇ ਆਪ ਤੋਂ ਪਸ਼ੇਮਾਨ
ਬਦਨਸੀਬ ਆਵਾਜ਼ਾਰ
ਖ਼ੁਦ ਨਾਲ ਹੀ ਰਹਿੰਦੇ ਖ਼ਫਾ[20]

ਇਸੇ ਤਰ੍ਹਾਂ ਕਵਿੱਤਰੀ ਅਜੋਕੇ ਬਾਲ ਮਨ ਉੱਤੇ ਮੋਬਾਇਲ ਦੇ ਬੁਰੇ ਪ੍ਰਭਾਵਾਂ ਨੂੰ ਚਿਤਰਦੀ ਹੈ। ਜਿਸ ਵਿਚ ਬੱਚਿਆਂ ਦਾ ਛੋਟੀ ਉਮਰ ਵਿਚ ਹੀ ਬਹੁਤ ਸਾਰੇ ਅਜਿਹੇ ਵਰਤਾਰਿਆਂ ਤੋਂ ਜਾਣੂ ਹੋ ਜਾਣਾ ਸ਼ਾਮਲ ਹੈ ਜਿਸ ਤੋਂ ਇਕ ਨਿਸ਼ਚਿਤ ਉਮਰ ਸੀਮਾ ਤਕ ਉਨ੍ਹਾਂ ਲਈ ਜਾਣੂ ਹੋਣਾ ਚੰਗਾ ਨਹੀਂ ਹੁੰਦਾ। ਪਰੰਤੂ ਇੰਟਰਨੈੱਟ, ਮੀਡੀਆ ਅਤੇ ਆਧੁਨਿਕ ਤਕਨਾਲੋਜੀ ਨੇ ਨੌਜਵਾਨ ਪੀੜ੍ਹੀ ਨੂੰ ਇਸ ਹੱਦ ਤਕ ਪ੍ਰਭਾਵਿਤ ਕਰ ਦਿੱਤਾ ਹੈ ਕਿ ਇਸਦੇ ਫਲਸਰੂਪ ਨੌਜਵਾਨ ਪੀੜ੍ਹੀ ਦੀ ਜੀਵਨ ਚਾਲ ਅਜੀਬ ਜਿਹੇ ਵਰਤਾਰੇ ਵਿਚ ਫਸੀ ਨਜ਼ਰ ਆ ਰਹੀ ਹੈ। ਵਰਤਮਾਨ ਜ਼ਿੰਦਗੀ ਦੇ ਇਸ ਸੱਚ ਨੂੰ ਮੁਖਾਤਿਬ ਕਵਿਤਾ 'ਅਸਹਿਜ ਦੀ ਟੁਣਕਾਰ' ਵਿਚ ਕਵਿੱਤਰੀ ਲਿਖਦੀ ਹੈ-

ਜੰਮਦਿਆਂ ਹੀ ਬਾਲ
ਖੇਡਦਾ ਮੁਬਾਇਲ ਨਾਲ
ਯੱਕਦਮ ... ਹੋ ਜਾਂਦਾ ਖੜਤਾਲ
ਹੋਂਦ ...
ਸਿੱਲੀ-ਸਿੱਲੀ, ਗਿੱਲੀ-ਗਿੱਲੀ
ਨਾ ਡੁੱਬਦੀ

ਨਾ ਤਰਦੀ [21]

ਕਵਿੱਤਰੀ ਮੋਬਾਇਲ ਕਲਚਰ ਦੇ ਵਧਦੇ ਪ੍ਰਭਾਵ ਨੂੰ 'ਸੈਲਫ਼ੀ ਕਲਚਰ' ਕਵਿਤਾ ਵਿਚ ਵੀ ਚਿਤਰਦੀ ਹੈ। ਜਿਸ ਵਿਚ ਅਜੋਕੇ ਮਨੁੱਖ ਦੀ ਢਾਹੂ ਮਾਨਸਿਕਤਾ ਦਾ ਸੱਚ ਛਿਪਿਆ ਹੋਇਆ ਹੈ। ਹੱਥੀਂ ਕਿਰਤ ਕਮਾਈ ਕਰਕੇ ਵੰਡ ਛਕਣ ਦੀ ਬਿਰਤੀ ਅਜੋਕੀ ਪੀੜ੍ਹੀ ਵਿਚੋਂ ਗੁੰਮ-ਗੁਆਚ ਰਹੀ ਹੈ। ਹਰ ਕੋਈ ਹੱਥੀਂ ਕੰਮ ਕਰਨ ਤੋਂ ਭੱਜਦਾ ਹੈ ਅਤੇ ਵਿਹਲਿਆਂ ਰਹਿ ਕੇ ਧਨ ਕਮਾਉਣ ਦੀ ਲਾਲਸਾ ਰੱਖਦਾ ਹੈ। ਅਜਿਹੇ ਕੰਮ ਸਮਾਜਿਕ ਵਰਤਾਰੇ ਵਿਚ ਭਾਵੇਂ ਜਾਇਜ਼ ਹੋਣ ਜਾ ਨਾ ਹੋਣ।

ਉੱਠਦੇ, ਬੁਰਕੀ ਖੋਹਣ ਲਈ
ਬਦਨੀਅਤਾਂ ਦਾ ਸਾਥ ਦਿੰਦੇ
ਬੇਇਮਾਨਿਆਂ ਸੰਗ ਨਿਭਦੇ
ਨੋਟ ਗਿਣਨਾਂ ਕਦੇ ਨਾ ਭੁਲਦੇ
ਹੁਣ ਹੱਥ
ਕਰਮਹੀਣ, ਸੱਖਣੇ, ਕੋਹੜੀ
ਖੋਹੰਦੇ-ਖਿੰਙਦੇ, ਇੱਜਤਾਂ ਲੁਟਦੇ
ਦੁਆ ਲਈ ਉੱਠਣਾ ਹੀ ਭੁੱਲ ਗਏ
ਖ਼ੁਦੀ ਦੀ ਪਸੰਦਗੀ 'ਚ ਨਿਭਦੇ
ਬਸ ਸੈਲਫ਼ੀਆਂ ਹੀ ਖਿੱਚਦੇ …।[22]

ਸਰਬਜੀਤ ਕੌਰ ਸੋਹਲ ਸਮਕਾਲੀ ਸਮਾਜਿਕ ਜੀਵਨ ਵਰਤਾਰੇ ਵਿਚ ਵਰਤਮਾਨ ਸਮੇਂ ਚੱਲ ਰਹੀ ਗੀਤਕਾਰੀ ਅਤੇ ਮੀਡੀਆ ਕਲਚਰ ਉੱਤੇ ਜੋਰਦਾਰ ਚੋਟ ਕਰਦੀ ਹੈ ਜਿਸਨੇ ਨੌਜਵਾਨ ਪੀੜ੍ਹੀ ਨੂੰ ਚੰਗਾ-ਮੰਦਾ ਪਰੋਸ ਕੇ ਗਲਤ ਰਸਤੇ ਪਾਉਣ ਵਿਚ ਭਾਰੀ ਰੋਲ ਅਦਾ ਕੀਤਾ ਹੈ। ਨੌਜਵਾਨ ਪੀੜ੍ਹੀ ਅਜੋਕੇ ਨਾਚ ਕਲਚਰ, ਮੀਡੀਆ, ਗਾਣਿਆਂ ਵਿਚਲੇ ਬੋਲਾਂ ਅਤੇ ਕਲਾਕਾਰਾਂ ਨੂੰ ਰੋਲ-ਮਾਡਲ ਮੰਨਦੀ ਹੋਈ ਕੁਰਾਹੇ ਪੈ ਰਹੀ ਹੈ ਜਿਸ ਕਰਕੇ ਨੌਜਵਾਨਾਂ ਵਿਚ ਬੇਢੰਗੇ ਫੈਸ਼ਨ, ਨਸ਼ਿਆਂ ਅਤੇ ਗੰਨ ਕਲਚਰ ਦਾ ਰੁਝਾਨ ਵਧਿਆ ਹੈ। ਗੈਂਗਸਟਰ, ਆਸ਼ਕੀ, ਨਸ਼ੇ ਅਤੇ ਫੁਕਰਪੁਣੇ ਵਿਚ ਪਏ ਨੌਜਵਾਨ ਸਿੱਖਿਆ ਅਤੇ ਪਰੰਪਰਿਕ ਮਰਿਆਦਾ ਤੋਂ ਦੂਰ ਹੁੰਦੇ ਜਾ ਰਹੇ ਹਨ। ਇਸ ਸਾਰੇ ਵਰਤਾਰੇ ਨੇ ਸਮਾਜ ਵਿਚ ਗੰਧਲਾਪਣ ਪੈਦਾ ਕਰਨ ਵਿਚ

ਪ੍ਰਮੁੱਖ ਰੋਲ ਅਦਾ ਕੀਤਾ ਹੈ। ਕਵਿਤਾ 'ਅਜ਼ੀਅਤ' ਵਿਚ ਕਵਿੱਤਰੀ ਸਮਾਜ ਦੇ ਇਸ ਯਥਾਰਥਕ ਵਰਤਾਰੇ ਨੂੰ ਪੇਸ਼ ਕਰਦੀ ਲਿਖਦੀ ਹੈ-

ਕਿ ਕਿਸਾਨ ਖ਼ੁਦਕਸ਼ੀ ਦੇ ਰਾਹ ਪਿਆ
ਤੇ ਜੱਟ ਦਾਰੂ ਪੀ, ਬੰਦੂਕਾਂ ਦੇ ਘੋੜੇ ਦੱਬ ਰਿਹਾ
ਸਰਮਾਏਦਾਰਾਂ ਦੀ ਕਠਪੁਤਲੀ ਬਣਿਆ ... ਮੀਡੀਆ
ਸੱਚ ਤੋਂ ਕਿਨਾਰਾਕਸ਼ੀ ਕਰ
ਬਸ ਵਸਤਾਂ ਹੀ ਵੇਚ ਰਿਹਾ
ਬੇਰੁਜ਼ਗਾਰੀ 'ਚ ਘਿਰੀ ਜੁਆਨੀ
ਨਸ਼ਿਆਂ ਨੇ ਕਾਬੂ ਕਰ ਲਈ [23]

ਸਮੁੱਚੇ ਰੂਪ ਵਿਚ ਸਰਬਜੀਤ ਕੌਰ ਸੋਹਲ ਨੇ 'ਮੁਹੱਬਤਗਿਰੀ' ਕਾਵਿ-ਸੰਗ੍ਰਹਿ ਵਿਚ ਸਮਾਜ ਸਭਿਆਚਾਰਕ ਸੰਵੇਦਨਾ, ਔਰਤਾਂ ਦੀ ਜੀਵਨ ਸਥਿਤੀ ਅਤੇ ਮਨੁੱਖੀ ਜ਼ਿੰਦਗੀ ਦੀ ਜਟਿਲਤਾ ਨੂੰ ਬਹੁਤ ਭਾਵਪੂਰਤ ਅੰਦਾਜ ਵਿਚ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਚਿਤਰਿਆ ਹੈ ਜਿਸ ਵਿਚ ਆਪਣੇ ਅਤੇ ਬੇਗਾਨੇ ਰਿਸ਼ਤਿਆਂ ਦੀ ਅਹਿਮੀਅਤ ਦੁੱਖ, ਦਰਦ ਅਤੇ ਸਮੇਂ ਨਾਲ ਬਦਲਦੀ ਜੀਵਨ ਸਥਿਤੀ ਦੀ ਗਾਥਾ ਸਮਾਈ ਹੋਈ ਹੈ। ਸਰਬਜੀਤ ਕੌਰ ਸੋਹਲ ਦੀ ਕਵਿਤਾ ਜ਼ਿੰਦਗੀ ਦੀ ਯਥਾਰਥਕ ਉਪਜ ਹੈ ਜਿਸ ਵਿਚ ਵਿਅਕਤੀਗਤ ਅਤੇ ਸਮਾਜਿਕ ਜੀਵਨ ਦੇ ਦੁੱਖਾਂ-ਦਰਦਾਂ, ਖੁਸ਼ੀਆਂ-ਗਮੀਆਂ, ਭਾਵਨਾਵਾਂ, ਕਾਮਨਾਵਾਂ, ਲੋੜਾਂ ਅਤੇ ਥੁੜ੍ਹਾਂ ਨੂੰ ਬਹੁਤ ਹੀ ਸੰਵੇਦਨਸ਼ੀਲ ਰੂਪ ਵਿਚ ਪ੍ਰਗਟਾਅ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਸਰਬਜੀਤ ਕੌਰ ਸੋਹਲ ਦੀ ਕਵਿਤਾ ਦੀ ਖ਼ੂਬਸੂਰਤੀ ਹੈ ਕਿ ਪਾਠਕ ਕਾਵਿ ਪਾਠ ਦੌਰਾਨ ਸਮਾਜਿਕ ਅਤੇ ਮਨੋਵਿਗਿਆਨਕ ਵਿਸ਼ਲੇਸ਼ਣ ਕਰਦਾ ਹੋਇਆ ਸਹਿਜ ਸੁਭਾਵਕ ਇਸ ਵਿਚ ਸ਼ਾਮਲ ਹੋ ਜਾਂਦਾ ਹੈ। ਉਸ ਦੀ ਕਵਿਤਾ ਬਿੰਬਾਂ ਅਤੇ ਪ੍ਰਤੀਕਾਂ ਦੇ ਢੁੱਕਵੇਂ ਪ੍ਰਬੰਧ ਨਾਲ ਉਤਪੋਤ ਹੈ। ਕਵਿੱਤਰੀ ਨੇ ਸਮਾਜ ਸਭਿਆਚਾਰ ਨਾਲ ਜੁੜੇ ਬਹੁਤ ਹੀ ਸਰਲ, ਸਪੱਸ਼ਟ ਅਤੇ ਸਾਦੇ ਬਿੰਬ ਅਤੇ ਰੋਜ਼ਾਨਾ ਜ਼ਿੰਦਗੀ ਨਾਲ ਸਬੰਧਤ ਪ੍ਰਤੀਕਾਂ ਦੀ ਵਰਤੋਂ ਕਾਵਿ ਨੂੰ ਰੋਚਕ ਬਣਾਉਣ ਲਈ ਕੀਤੀ ਹੈ। ਸਮੁੱਚੇ ਕਾਵਿ ਵਿਚ ਖ਼ੂਬਸੂਰਤ ਰਵਾਨਗੀ ਹੈ। ਸਰਲ ਸ਼ਬਦਾਂ ਵਿਚ ਰਚੀਆਂ ਗਈਆਂ ਕੁਝ ਕਵਿਤਾਵਾਂ ਪਾਠਕ ਮਨ ਵਿਚ ਵੱਸ ਜਾਂਦੀਆਂ ਹਨ। ਕਵਿੱਤਰੀ ਨੇ ਸਮਾਜਿਕ ਤਾਣੇ-ਬਾਣੇ ਦਾ ਬੜੇ ਹੀ ਸੁਹਜਾਤਮਕ ਢੰਗ ਨਾਲ ਯਥਾਰਥਕ ਚਿਤਰਣ ਪੇਸ਼ ਕੀਤਾ ਹੈ। ਜਿਸਨੂੰ ਸਧਾਰਨ ਰੂਪ ਵਿਚ ਪੇਸ਼ ਕਰਨਾ ਆਪਣੇ ਆਪ ਵਿਚ ਔਖਾ ਹੈ ਪਰ

ਸਰਬਜੀਤ ਕੌਰ ਸੋਹਲ ਨੇ ਬੜੇ ਸਹਿਜ ਢੰਗ ਨਾਲ ਸਮਾਜ ਸਭਿਆਚਾਰਕ ਵਰਤਾਰੇ ਦੇ ਸਾਕਾਰਾਤਮਕ ਅਤੇ ਨਕਾਰਾਤਮਕ ਪੱਖਾਂ ਨੂੰ ਆਪਣੇ ਕਾਵਿ ਰਾਹੀਂ ਸਾਕਾਰ ਰੂਪ ਦਿੱਤਾ ਹੈ। ਕਵਿੱਤਰੀ ਦੇ ਕਾਵਿ ਮਨ ਦੀ ਹੂਕ ਹੈ ਕਿ ਕੋਈ ਲੇਖਕ ਉਹ ਭਾਵੇਂ ਕਿਸੇ ਵੀ ਸਾਹਿਤਕ ਵਿਧਾ ਵਿਚ ਲਿਖਦਾ ਹੋਵੇ ਜੇਕਰ ਆਪਣੀ ਕਲਮ ਨਾਲ ਸਮਾਜਿਕ ਸੱਚ ਦਾ ਪ੍ਰਗਟਾਵਾ ਕਰੇਗਾ ਅਤੇ ਪਾਠਕਾਂ ਨੂੰ ਚੰਗਾ, ਅਗਾਹਵਧੂ, ਸਮੇਂ ਦੇ ਸੱਚ ਨੂੰ ਪੇਸ਼ ਕਰਦਾ, ਸਮਾਜਿਕ ਬੁਰਾਈਆਂ ਨੂੰ ਚਿਤਰਦਾ ਅਤੇ ਇਨ੍ਹਾਂ ਨੂੰ ਦੂਰ ਕਰਨ ਦੇ ਰਾਹ ਦਰਸਾਉਂਦਾ ਸਾਹਿਤ ਰਚੇਗਾ ਤਾਂ ਇਹ ਕਿਸੇ ਲੇਖਕ ਦਾ ਸਭ ਤੋਂ ਉੱਤਮ ਕਾਰਜ ਹੋਵੇਗਾ ਜੋ ਕਾਗਜ਼ੀ ਪੰਨਿਆਂ ਦੇ ਰੂਪ ਵਿਚ ਇਤਿਹਾਸ ਦੇ ਸਫ਼ਿਆਂ ਵਿਚ ਹਮੇਸ਼ਾਂ ਸਾਂਭਿਆ ਰਹੇਗਾ ਅਤੇ ਅਗਲੀਆਂ ਪੀੜ੍ਹੀਆਂ ਉਸ ਤੋਂ ਸੇਧ ਲੈਂਦੀਆਂ ਰਹਿਣਗੀਆਂ।

ਅਮੀਰੀ, ਅਹੁਦੇ, ਰੁਤਬੇ, ਇਨਾਮ
ਸਭ ਵਕਤੀ ਸ਼ਹੁਰਤਾਂ, ਲੇਖਕ ਜੀ
ਕ੍ਰਾਂਤੀ ਨਾ ਸਹੀ, ਸੋਝੀ ਹੀ ਦੇ
ਉਚਤਮ ਇਹ ਕਾਜ ਕਰਜਾ...।[24]

**ਹਵਾਲੇ**

1. ਰਾਜਿੰਦਰ ਪਾਲ ਸਿੰਘ (ਡਾ.), ਉਤਰ ਆਧੁਨਿਕਤਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 111
2. ਡਾ. ਸਰਬਜੀਤ ਕੌਰ ਸੋਹਲ, ਮੁਹੱਬਤਗਿਰੀ, ਯੂਨੀਸਟਾਰ ਬੁੱਕਸ, ਚੰਡੀਗੜ੍ਹ, 2016, ਪੰਨੇ 26-27
3. ਸੰਤੋਖ ਸਿੰਘ ਸੁੱਖੀ (ਡਾ.), ਮੋਹਨ ਤਿਆਗੀ ਦੀ ਕਾਵਿ-ਦ੍ਰਿਸ਼ਟੀ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2015, ਪੰਨਾ112-113
4. ਡਾ. ਸਰਬਜੀਤ ਕੌਰ ਸੋਹਲ, ਮੁਹੱਬਤਗਿਰੀ, ਯੂਨੀਸਟਾਰ ਬੁੱਕਸ, ਚੰਡੀਗੜ੍ਹ, 2016, ਪੰਨੇ 30-31
5. ਉਹੀ, ਪੰਨਾ 32
6. ਉਹੀ, ਪੰਨਾ 13
7. ਉਹੀ, ਪੰਨਾ 4
8. ਉਹੀ, ਪੰਨਾ 15

9. ਉਹੀ, ਪੰਨਾ 19
10. ਉਹੀ, ਪੰਨਾ 27
11. ਉਹੀ, ਪੰਨਾ 28
12. ਉਹੀ, ਪੰਨਾ 36
13. ਉਹੀ, ਪੰਨਾ 38
14. ਉਹੀ, ਪੰਨਾ 54
15. ਉਹੀ, ਪੰਨਾ 70
16. ਉਹੀ, ਪੰਨਾ 129
17. ਉਹੀ, ਪੰਨੇ 74-75
18. ਉਹੀ, ਪੰਨਾ 81
19. ਉਹੀ, ਪੰਨੇ 85-86
20. ਉਹੀ, ਪੰਨਾ 103
21. ਉਹੀ, ਪੰਨਾ 108
22. ਉਹੀ, ਪੰਨਾ 110
23. ਉਹੀ, ਪੰਨੇ 119-120
24. ਉਹੀ, ਪੰਨਾ 107

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

**ISSN: 2584-0509**



# ਜਦੀਦ ਪੰਜਾਬੀ ਨਾਰੀ ਗ਼ਜ਼ਲ: ਮੂਲ ਸਰੋਕਾਰ



ਡਾ. ਮਨਦੀਪ ਕੌਰ,
ਸਹਾਇਕ ਪ੍ਰੋਫ਼ੈਸਰ
ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ,
ਏ.ਐੱਸ.ਕਾਲਜ,ਖੰਨਾ।
+919877153618

ਗ਼ਜ਼ਲ ਸਿਨਫ਼ ਅਰਬੀ/ਫ਼ਾਰਸੀ ਕਾਵਿ-ਰੂਪ ਹੈ। ਅੱਜ ਵੀ ਗ਼ਜ਼ਲ ਦਾ ਨਾਂ ਸੁਣਦਿਆਂ ਸਾਧਾਰਨ ਪਾਠਕ ਜਾਂ ਸਰੋਤੇ ਦੇ ਮਨ ਅੰਦਰ ਰੁਮਾਂਟਿਕਤਾ ਦੇ ਅਹਿਸਾਸ ਦਾ ਪੈਦਾ ਹੋਣਾ ਇੱਕ ਸੁਭਾਵਕ ਪ੍ਰਕਿਰਿਆ ਹੈ। ਇਸ ਦਾ ਕਾਰਨ ਇਹ ਹੈ ਕਿ ਗ਼ਜ਼ਲ ਦਾ ਜਨਮ ਇਸ਼ਕ ਅਨੁਭਵ ਦੀ ਪੇਸ਼ਕਾਰੀ ਲਈ ਹੀ ਹੋਇਆ ਮੰਨਿਆ ਜਾਂਦਾ ਰਿਹਾ ਹੈ ਅਤੇ ਕਾਫ਼ੀ ਸਮਾਂ ਇਹ ਇਸ ਸੀਮਿਤ ਦਾਇਰੇ ਅੰਦਰ ਹੀ ਕੈਦ ਵੀ ਰਹੀ। ਪਰੰਤੂ ਸਮੇਂ ਦੇ ਨਾਲ-ਨਾਲ ਇਸ ਦੇ ਸਰੂਪ ਵਿੱਚ ਤਬਦੀਲੀ ਵਾਪਰਦੀ ਹੈ। ਇਹ ਇਸ਼ਕ ਦੇ ਪਰੰਪਰਾਗਤ ਰੁਦਨ ਨੂੰ ਤਿਆਗ ਕੇ ਆਪਣੇ ਚੌਗਿਰਦੇ ਨਾਲ ਸੰਬੰਧ ਸਥਾਪਿਤ ਕਰਦੀ ਹੋਈ ਜ਼ਿੰਦਗੀ ਦੇ ਅਨੇਕ ਪੱਖਾਂ ਨੂੰ ਉਜਾਗਰ ਕਰਦੀ ਹੈ। ਅਜੋਕੇ ਸਮੇਂ ਕੋਈ ਵੀ ਵਿਸ਼ਾ ਅਜਿਹਾ ਨਹੀਂ, ਜੋ ਇਸ ਦੀ ਪਕੜ ਤੋਂ ਬਾਹਰ ਹੋਵੇ। ਨਾਰੀ ਸਿਰਜਿਤ ਪੰਜਾਬੀ ਗ਼ਜ਼ਲ ਵਿੱਚ ਜਿੱਥੇ ਔਰਤ ਨੇ ਆਪਣੀਆਂ ਨਿਰੋਲ ਵਿਅਕਤੀਗਤ ਭਾਵਨਾਵਾਂ ਨੂੰ ਕਾਵਿ-ਅਭਿਵਿਅਕਤੀ ਪ੍ਰਦਾਨ ਕੀਤੀ ਹੈ, ਉੱਥੇ ਨਾਰੀ ਹੋਂਦ ਦੇ ਮਸਲਿਆਂ ਦੇ ਨਾਲ-ਨਾਲ ਸਮਾਜਿਕ ਸਰੋਕਾਰ ਨਾਲ ਸੰਬੰਧਿਤ ਭਾਵਾਂ ਨੂੰ ਵੀ ਜ਼ੁਬਾਨ ਦਿੱਤੀ ਹੈ। ਇਸ ਦੌਰ ਦੀ ਪੰਜਾਬੀ ਗ਼ਜ਼ਲ ਦੇ ਪ੍ਰਮੁੱਖ ਸਰੋਕਾਰ ਨਿਮਨ ਅਨੁਸਾਰ ਹਨ :-

**ਨਾਰੀ ਚੇਤਨਾ :** ਹਰ ਸਾਹਿਤਕ ਰਚਨਾ ਉੱਤੇ ਸਮੇਂ ਅਤੇ ਸਥਿਤੀਆਂ ਦਾ ਪ੍ਰਤੱਖ ਪ੍ਰਭਾਵ ਵੇਖਣ ਨੂੰ ਮਿਲਦਾ ਹੈ, ਗ਼ਜ਼ਲ ਵੀ ਇਸ ਪ੍ਰਭਾਵ ਤੋਂ ਮੁਕਤ ਨਹੀਂ ਹੈ। ਇਸ ਲਈ ਜਦੀਦ ਪੰਜਾਬੀ ਨਾਰੀ ਗ਼ਜ਼ਲ ਵਿੱਚ ਸਿਰਫ਼ ਮੁਹੱਬਤ ਦੇ ਭਾਵ ਦੀ ਹੀ ਪੇਸ਼ਕਾਰੀ ਨਹੀਂ ਹੋਈ, ਸਗੋਂ ਨਾਰੀ ਚੇਤਨਾ ਵੀ ਅਹਿਮ ਸਰੋਕਾਰ ਵਜੋਂ ਪੇਸ਼ ਹੋਈ ਹੈ। ਅੱਜ ਦੀ ਨਾਰੀ ਨਿੱਜ ਤੋਂ ਪਾਰ ਜਾਂਦੀ ਹੋਈ ਵਿਸ਼ਵ-ਵਿਆਪੀ ਪਹੁੰਚ ਅਖ਼ਤਿਆਰ ਕਰਦੀ ਹੋਈ ਨਾਰੀ ਹੋਂਦ ਨਾਲ ਜੁੜੇ ਅਨੇਕ ਪਹਿਲੂ ਉਭਾਰਨ ਦਾ ਯਤਨ ਕਰਦੀ ਹੈ। ਉਹ ਆਪਣੇ ਹੱਕਾਂ ਪ੍ਰਤੀ ਸੁਚੇਤ ਹੈ। ਡਾ. ਯੋਗਰਾਜ ਅਨੁਸਾਰ, "ਰੈਡੀਕਲ ਨਾਰੀਵਾਦ ਕਿਸੇ ਸਿਸਟਮ ਵਿਸ਼ੇਸ਼ ਦੀ ਬਜਾਇ ਸਿੱਧਾ ਪੁਰਸ਼ ਨਾਲ ਟਕਰਾਅ ਦਾ ਰਸਤਾ ਅਖ਼ਤਿਆਰ ਕਰਦਾ ਹੈ।"[1] ਗ਼ਜ਼ਲ ਵਿੱਚ ਪੇਸ਼ ਨਾਰੀ ਮਨ, ਮਰਦ ਤੋਂ ਪਿਆਰ ਦੀ ਮੰਗ ਕਰਦਾ ਹੋਇਆ ਮੁਹੱਬਤ ਦੇ ਰਿਸ਼ਤੇ ਨੂੰ ਹੰਢਣਸਾਰ ਬਣਾਉਣਾ ਚਾਹੁੰਦਾ ਹੈ। ਜਦੀਦ ਪੰਜਾਬੀ ਨਾਰੀ ਗ਼ਜ਼ਲ ਨਾ ਤਾਂ ਨਾਰੀਵਾਦੀ ਹੈ ਨਾ ਹੀ ਮਰਦ ਵਿਰੋਧੀ ਸਗੋਂ ਔਰਤ-ਮਰਦ ਸੰਬੰਧਾਂ ਦੇ ਸਾਵੇਂ ਸੰਬੰਧਾਂ ਨੂੰ ਚਿਤਰਣ ਵੱਲ ਰੁਚਿਤ ਹੈ।

ਦੰਪਤੀ ਉਹ ਹੈ, ਜਿਸ 'ਚੋਂ ਵਾਅ ਵੀ ਨਾ ਲੰਘੇ,
ਪਤੀ ਜੇਕਰ ਫੁੱਲ ਤਾਂ ਮਹਿਕ ਹੈ ਨਾਰ ਹਵਾ।[2]



www.khojnama.com khojnamapb03@gmail.com

ਪਰ ਸ਼ਾਇਰਾ ਮਰਦ ਦੀ ਕਬਜ਼ਾਕਾਰੀ ਪ੍ਰਵਿਰਤੀ ਨੂੰ ਸਵੀਕਾਰਨ ਤੋਂ ਮੁਨਕਿਰ ਹੈ। ਇਸ ਪ੍ਰਵਿਰਤੀ ਉੱਪਰ ਵਿਅੰਗ ਕਰਦੀ ਹੋਈ ਕ੍ਰਮਵਾਰ ਜੋਗਿੰਦਰ ਨੂਰਮੀਤ ਅਤੇ ਅਮਰਜੀਤ ਕੌਰ ਨਾਜ਼ ਲਿਖਦੀ ਹੈ ਕਿ ਮੁਹੱਬਤ ਕਬਜ਼ਾ ਨਹੀਂ ਪਰੰਤੂ ਮਰਦ ਫਿਰ ਵੀ ਔਰਤ ਉੱਪਰ ਕਬਜ਼ਾ ਕਰਕੇ ਉਸ ਉੱਪਰ ਆਪਣਾ ਮਾਲਕਾਨਾ ਹੱਕ ਜਤਾਉਂਦਾ ਹੈ। ਜਿਵੇਂ ਔਰਤ, ਔਰਤ ਨਾ ਹੋ ਕੇ ਕੋਈ ਵਸਤੂ ਹੋਵੇ।

ਮੁਹੱਬਤ ਨਾਮ ਕਬਜ਼ੇ ਦਾ ਨਹੀਂ ਫਿਰ ਵੀ ਰਿਹਾ ਕਾਬਜ਼,
ਭਲਾ ਕਿਉਂ ਹੋਂਦ ਮੇਰੀ 'ਤੇ ਉਹ ਆਪਣੀ ਸਾਹਬੀ ਸਮਝੇ?[3]
ਨੌਂ ਮਹੀਨੇ ਕੁੱਖ ਵਿਚ ਰੱਖ ਕੇ ਔਰਤ ਜਣਦੀ ਹੈ ਜਿਸ ਨੂੰ,
ਓਹੀ ਇਕ ਦਿਨ ਮਾਲਕ ਬਣ ਕੇ ਉਸ 'ਤੇ ਰੋਅਬ ਜਮਾਉਂਦਾ ਹੈ।[4]

ਪਰੰਪਰਾਗਤ ਪੰਜਾਬੀ ਗ਼ਜ਼ਲ ਵਿੱਚ ਔਰਤ ਨੂੰ ਸਿਰਫ਼ ਖਿੱਚ ਦਾ ਕੇਂਦਰ ਮੰਨਿਆ ਜਾਂਦਾ ਸੀ, ਜਦ ਕਿ ਜਦੀਦ ਪੰਜਾਬੀ ਨਾਰੀ ਗ਼ਜ਼ਲ ਵਿੱਚ ਔਰਤ ਚਿੰਤਨ ਅਤੇ ਚੇਤਨਾ ਦੇ ਰਾਹ ਤੁਰਦੀ ਹਰ ਖੇਤਰ ਵਿੱਚ ਬੁਲੰਦੀਆਂ ਨੂੰ ਛੂੰਹਦੀ ਨਜ਼ਰ ਆਉਂਦੀ ਹੈ। ਨਾਰੀ ਹੋਂਦ ਪ੍ਰਤੀ ਚੇਤਨਾ ਜਗਾਉਂਦੀ ਹੋਈ ਇਹ ਸ਼ਾਇਰੀ ਉਨ੍ਹਾਂ ਵਿਰੋਧੀ ਸਥਿਤੀਆਂ/ ਪਰਿਸਥਿਤੀਆਂ ਨੂੰ ਸਹਿਜਤਾ ਨਾਲ ਪੇਸ਼ ਕਰਦੀ ਹੈ, ਜੋ ਔਰਤ ਨੂੰ ਲਘੂ ਹੋਂਦ ਵਜੋਂ ਸਵੀਕਾਰ ਕਰਦੀਆਂ ਹਨ।ਪੰਜਾਬੀ ਗ਼ਜ਼ਲ ਵਿੱਚ ਅਜਿਹੀਆਂ ਪਰਿਸਥਿਤੀਆਂ ਸੰਕੇਤਿਕ ਢੰਗ ਨਾਲ ਪ੍ਰਗਟ ਹੋਈਆਂ ਹਨ।ਇਹ ਸ਼ਾਇਰੀ ਔਰਤ ਦੀ ਮੰਜ਼ਿਲ ਦੇ ਰਾਹ ਵਿੱਚ ਆਉਣ ਵਾਲੀਆਂ ਉਨ੍ਹਾਂ ਸਮਾਜਿਕ ਮਰਿਆਦਾਵਾਂ ਅਤੇ ਧਾਰਮਿਕ ਸੰਸਥਾਵਾਂ ਲਈ ਵੀ ਵੰਗਾਰ ਬਣਦੀ ਹੈ। ਜੋ ਔਰਤ ਦੇ ਵਿਕਾਸ ਦੇ ਰਾਹ ਵਿੱਚ ਰੁਕਾਵਟ ਬਣਦੀਆਂ ਹਨ। ਇਹ ਨਾਰੀ ਗ਼ਜ਼ਲ ਮਰਦਾਵੀਂ ਸੱਤਾ ਦੁਆਰਾ ਪੈਦਾ ਕੀਤੇ ਰਸਮਾਂ-ਰਿਵਾਜ਼ਾਂ ਉੱਪਰ ਵਿਅੰਗਮਈ ਅੰਦਾਜ਼ ਵਿੱਚ ਤਿੱਖੇ ਪ੍ਰਤੀਕਰਮ ਸਿਰਜਦੀ ਨਜ਼ਰ ਆਉਂਦੀ ਹੈ।

**ਸਮਾਜਿਕ ਚੇਤਨਾ :** ਸਾਹਿਤ ਅਤੇ ਸਮਾਜ ਦਾ ਆਪਸ ਵਿੱਚ ਗਹਿਰਾ ਸੰਬੰਧ ਹੈ। ਸਾਹਿਤਕਾਰ ਕੋਲ ਸਮਾਜ ਦੇ ਯਥਾਰਥ ਨੂੰ ਸਮਝਣ ਅਤੇ ਦੇਖਣ ਵਾਲਾ ਪਰਿਪੱਕ ਦ੍ਰਿਸ਼ਟੀਕੋਣ ਹੁੰਦਾ ਹੈ। ਸਾਹਿਤਕਾਰ ਸਮਾਜ ਵਿੱਚ ਵਾਪਰ ਰਹੇ ਵਰਤਾਰਿਆਂ ਤੋਂ ਪ੍ਰਭਾਵਿਤ ਹੋ ਕੇ ਸਾਹਿਤ ਸਿਰਜਣਾ ਕਰਦਾ ਹੈ। ਦੇਸ਼ ਦੀਆਂ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪਰਿਸਥਿਤੀਆਂ ਸਾਧਾਰਨ ਮਨੁੱਖ ਦੇ ਅਨੁਕੂਲ ਨਹੀਂ ਰਹੀਆਂ। ਸ਼ਾਇਰਾਤ ਇਸ ਹਾਲਤ

ਦਾ ਜ਼ਿੰਮੇਵਾਰ ਭ੍ਰਿਸ਼ਟ ਰਾਜਸੀ ਲੀਡਰਾਂ ਨੂੰ ਮੰਨਦੀਆਂ ਹੋਈਆਂ ਚਿੰਤਾਂ ਜ਼ਾਹਿਰ ਕਰਦੀਆਂ ਹਨ, ਇਸ ਦੀ ਤਰਜ਼ਮਾਨੀ ਕਰਦਾ ਸ਼ਿਅਰ ਹੈ :-

ਹਰ ਗਲੀ ਹਰ ਮੋੜ ’ਤੇ ਹਰ ਪਿੰਡ ਤੇ ਹਰ ਸ਼ਹਿਰ ਵਿੱਚ,
ਰਿਸ਼ਵਤਾਂ, ਬੇਈਮਾਨੀਆਂ ਦਾ ਹੈ ਪਸਾਰਾ ਵੇਖ ਲੈ।[5]

ਬੇਰੁਜ਼ਗਾਰੀ ਕਾਰਨ ਨੌਜਵਾਨ ਪੀੜ੍ਹੀ ਨਸ਼ਿਆਂ ਦਾ ਸ਼ਿਕਾਰ ਹੋ ਰਹੀ ਹੈ। ਜਦੋਂ ਘਰ ਦੀਆਂ ਬੁਨਿਆਦੀ ਲੋੜਾਂ ਵੀ ਪੂਰੀਆਂ ਨਹੀਂ ਹੁੰਦੀਆਂ ਤਾਂ ਮਾਨਸਿਕ ਤਣਾਓ ਪੈਦਾ ਹੁੰਦਾ ਹੈ। ਕੁਝ ਨੌਜਵਾਨ ਨਸ਼ਿਆਂ ਦੇ ਰਾਹ ਤੁਰ ਪੈਂਦੇ ਹਨ। ਸ਼ਾਇਰਾਤ ਸਮਾਜ ਅੰਦਰ ਫੈਲੀਆਂ ਇਹਨਾਂ ਅਲਾਮਤਾਂ ਪ੍ਰਤੀ ਚਿੰਤਿਤ ਨਜ਼ਰ ਆਉਂਦੀਆਂ ਹਨ। ਪੂੰਜੀਪਤੀ ਵਰਗ ਕਿਸਾਨਾਂ, ਮਜਦੂਰਾਂ ਅਤੇ ਦਲਿਤ ਵਰਗ ਦੀ ਕਿਰਤ ਦਾ ਸ਼ੋਸ਼ਣ ਕਰਦਾ ਹੈ ਅਤੇ ਦੇਸ਼ ਦੇ ਵੱਧ ਤੋਂ ਵੱਧ ਸਰਮਾਏ ਨੂੰ ਆਪਣੇ ਅਧੀਨ ਕਰ ਲੈਂਦਾ ਹੈ। ਇਸ ਨਾਲ ਅਮੀਰ ਹੋਰ ਅਮੀਰ ਅਤੇ ਗ਼ਰੀਬ ਹੋਰ, ਗ਼ਰੀਬ ਹੋ ਜਾਂਦਾ ਹੈ:

ਨਸ਼ਿਆਂ ਵਿਚ ਗ਼ਲਤਾਨ ਜਵਾਨੀ, ਐਨੀ ਹਾਲਤ ਮਾੜੀ ਹੈ
ਆਪਣੇ ਹੱਥੀਂ ਆਪਣੀਆਂ ਕਬਰਾਂ ਪੁੱਟਣ ਵਾਲ਼ੇ ਦੇਖੇ ਨੇ । [6]

ਸ਼ਾਇਰਾਤ ਜਿੱਥੇ ਭਰੂਣ ਹੱਤਿਆ, ਦਾਜ ਅਤੇ ਬਲਾਤਕਾਰ ਵਰਗੀਆਂ ਸਮਾਜਿਕ ਬੁਰਾਈਆਂ ਨੂੰ ਵੱਡਾ ਅਪਰਾਧ ਦੱਸਦੀਆਂ ਹੋਈਆਂ, ਇਸ ਜ਼ੁਲਮ ਖਿਲਾਫ਼ ਆਵਾਜ਼ ਬੁਲੰਦ ਕਰਦੀਆਂ ਹਨ, ਉੱਥੇ ਹੀ ਸ਼ਾਇਰਾ ਜੋਗਿੰਦਰ ਨੂਰਮੀਤ ਬਲਾਤਕਾਰ ਪੀੜਤ ਨਾਰੀ ਦੀ ਅਸਹਿ ਪੀੜ ਨੂੰ ਬਿਆਨਦੀ ਜਬਰ ਜਨਾਹ ਕਰਨ ਵਾਲਿਆਂ ਨੂੰ ਵਹਿਸ਼ੀ ਹਤਿਆਰੇ ਦੱਸਦੀ ਹੈ:

ਹਰਿਕ ਰਿਸ਼ਤਾ ਹੀ ਜਿਸਤੋਂ ਤੁਰ ਰਿਹਾ, ਉਸਦੀ ਦਸ਼ਾ ਵੇਖੋ;
ਉਹ ਮਰੀਆਂ ਕੁੱਖ ਵਿਚ ਕਿਧਰੇ, ਦਹੇਜੀ ਅੱਗ ਵਿੱਚ ਜਲ਼ੀਆਂ ।[7]

“ਵਿਗਿਆਨ, ਤਕਨਾਲੋਜੀ ਅਤੇ ਸੰਚਾਰ ਮਾਧਿਅਮ ਦੀ ਇਸ ਹੈਰਾਨੀਜਨਕ ਤਰੱਕੀ ਨੇ ਸਮੁੱਚੇ ਵਿਸ਼ਵ ਨੂੰ ਇਕ ਗਲੋਬਲ-ਪਿੰਡ ਵਿੱਚ ਤਬਦੀਲ ਕਰ ਦਿੱਤਾ ਹੈ। ਇਹ ਸਰਮਾਏਦਾਰ ਮੁਲਕ ਸਾਰੇ ਸੰਸਾਰ ਦੇ ‘ਇਕ ਗਲੋਬਲ ਪਿੰਡ’ ਬਣ ਜਾਣ ਦੀ ਬਾਹਰੀ ਸਾਂਝ ਦਿਖਾ ਕੇ ਅਸਲ ਵਿੱਚ ਵਿਸ਼ਵ ਭਰ ਨੂੰ ਇੱਕ ਮੰਡੀ ਵਜੋਂ ਸਥਾਪਿਤ ਕਰਨ ਦੇ ਇਰਾਦੇ ਨਾਲ ਸਿਰਤੋੜ ਯਤਨ ਕਰ ਰਹੇ ਹਨ। ਜਿਸ ਦੀ ਮਦਦ ਨਾਲ ਉਹਨਾਂ ਦੇ ਅਰਥਿਕ ਹਿਤ ਅਤੇ ਮੁਨਾਫ਼ੇ ਸੁਰੱਖਿਅਤ ਰਹਿ ਸਕਣ।”[8] ਜਦੀਦ ਪੰਜਾਬੀ ਨਾਰੀ ਗ਼ਜ਼ਲ ਵਿੱਚ ਰਾਸ਼ਟਰੀ ਚੇਤਨਾ ਦੇ

ਨਾਲ-ਨਾਲ ਅੰਤ-ਰਾਸ਼ਟਰੀ ਚੇਤਨਾ ਜਾਂ ਗਲੋਬਲ ਚੇਤਨਾ ਦੀ ਝਲਕ ਵੀ ਮਿਲਦੀ ਹੈ। ਰਾਸ਼ਟਰੀ, ਅੰਤਰ-ਰਾਸ਼ਟਰੀ ਪੱਧਰ 'ਤੇ ਵਾਪਰ ਰਹੀਆਂ ਘਟਨਾਵਾਂ ਅਤੇ ਵਿਸ਼ਵੀਕਰਨ ਦੇ ਪ੍ਰਭਾਵ ਵਜੋਂ ਪੈਦਾ ਹੋਈ ਨਿਘਾਰ ਦੀ ਸਥਿਤੀ ਅਤੇ ਮਾਨਵੀ ਸਰੋਕਾਰਾਂ ਨੂੰ ਜਦੀਦ ਪੰਜਾਬੀ ਨਾਰੀ ਗ਼ਜ਼ਲ ਅਭਿਵਿਅਕਤੀ ਪ੍ਰਦਾਨ ਕਰਦੀ ਹੈ। ਸ਼ਾਇਰਾ ਗੁਰਚਰਨ ਕੌਰ ਕੋਚਰ ਆਪਣੀ ਸ਼ਾਇਰੀ ਰਾਹੀਂ ਖੇਤਾਂ ਨੂੰ ਕੱਟ ਕੇ ਉਨ੍ਹਾਂ ਦੀ ਥਾਂ ਵੱਡੇ-ਵੱਡੇ ਮਾਲ ਬਣਾਉਣ ਅਤੇ ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਨੂੰ ਵੀ ਬੜੀ ਗੰਭੀਰਤਾ ਨਾਲ ਪੇਸ਼ ਕਰਦੀ ਹੈ। ਹਾਨੀਕਾਰਕ ਰਸਾਇਣਾਂ ਦੀ ਵਰਤੋਂ ਨਾਲ ਪਾਣੀ, ਹਵਾ ਅਤੇ ਵਾਤਾਵਰਨ ਪ੍ਰਦੂਸ਼ਿਤ ਹੋ ਚੁੱਕਾ ਹੈ। ਪਾਣੀ ਦਾ ਪੱਧਰ ਨੀਵਾਂ ਹੋ ਕੇ ਖ਼ਤਮ ਹੋਣ ਕਿਨਾਰੇ ਪਹੁੰਚ ਗਿਆ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਵਿਚਰਦੇ ਮਨੁੱਖ ਨੂੰ ਦਰਪੇਸ਼ ਵਿਭਿੰਨ ਮਸਲਿਆਂ ਪ੍ਰਤੀ ਚਿੰਤਾ ਜ਼ਾਹਿਰ ਕਰਦੀਆਂ ਸ਼ਾਇਰਾ ਲਿਖਦੀ ਹੈ :

> ਕੰਕਰੀਟ ਦੇ ਜੰਗਲ ਹੁਣ ਤਾਂ ਥਾਂ-ਥਾਂ ਅਸੀਂ ਉਗਾ ਦਿੱਤੇ ਨੇ ।
> ਹਰੇ-ਭਰੇ ਖੇਤਾਂ ਦੀ ਥਾਂ 'ਤੇ ਵੱਡੇ ਮਾਲ ਬਣਾ ਦਿੱਤੇ ਨੇ ।[9]

**ਰਾਜਸੀ ਚੇਤਨਾ :** ਜਦੀਦ ਪੰਜਾਬੀ ਨਾਰੀ ਗ਼ਜ਼ਲ ਨਾਰੀ ਦੇ ਨਿੱਜੀ ਮਸਲਿਆਂ ਜਾਂ ਨਾਰੀਵਾਦੀ ਪਰਿਪੇਖ ਤੱਕ ਸੀਮਤ ਨਹੀਂ। ਪੰਜਾਬੀ ਸ਼ਾਇਰਾਤ ਦੇਸ਼ ਦੇ ਰਾਜਸੀ ਹਾਲਾਤਾਂ ਪ੍ਰਤੀ ਵੀ ਸੁਚੇਤ ਹਨ। ਸਿਆਸੀ ਪਾਰਟੀਆਂ ਸੱਤਾ ਪ੍ਰਾਪਤੀ ਲਈ ਦੇਸ਼ ਦੇ ਨਾਗਰਿਕਾਂ ਨੂੰ ਕੇਵਲ ਵੋਟ ਬੈਂਕ ਦੇ ਤੌਰ 'ਤੇ ਵਰਤਦੀਆਂ ਹਨ। ਵੋਟਾਂ ਵੇਲੇ ਚੋਣ ਮੈਨੀਫ਼ੈਸਟੋ ਵਿੱਚ ਲੋਕਾਂ ਨਾਲ ਕੀਤੇ ਵਾਅਦੇ ਕਾਗ਼ਜ਼ਾਂ ਤੱਕ ਸੀਮਤ ਹੋ ਕੇ ਰਹਿ ਜਾਂਦੇ ਹਨ। ਇਸ ਲਈ ਇਸ ਸਥਿਤੀ 'ਤੇ ਸੁਰਿੰਦਰ ਸਿਦਕ ਵਿਅੰਗ ਕਰਦੀ ਹੋਈ ਲਿਖਦੀ ਹੈ:-

> ਇਹ ਬਣ ਕੇ ਮੰਤਰੀ ਰਾਜੇ ਹਿਫ਼ਾਜ਼ਤ ਆਪਣੀ ਕਰਦੇ ਨੇ,
> ਕਿਸੇ ਦੇ ਹੱਕਾਂ ਦੀ ਅੱਜ ਕਲ ਹਿਫ਼ਾਜ਼ਤ ਕੌਣ ਕਰਦਾ ਹੈ ?[10]

ਸੱਤਾ ਉੱਤੇ ਕਾਬਿਜ਼ ਹੋਣ ਲਈ ਇਹ ਰਾਜਨੀਤਿਕ ਆਗੂ ਕਿਸੇ ਵੀ ਤਰ੍ਹਾਂ ਦੇ ਹੱਥ-ਕੰਡੇ ਅਪਣਾਉਣ ਤੋਂ ਗੁਰੇਜ਼ ਨਹੀਂ ਕਰਦੇ। ਆਪਣੀ ਸਵਾਰਥ ਪੂਰਤੀ ਲਈ ਇਹ ਧਰਮ ਦੇ ਨਾਂ 'ਤੇ ਲੋਕਾਂ ਨੂੰ ਆਪਸ ਵਿੱਚ ਲੜਾ ਦਿੰਦੇ ਹਨ । ਚੰਗੀ ਸਿੱਖਿਆ ਅਤੇ ਸਿਹਤ ਸਹੂਲਤਾਂ ਤਾਂ ਦੂਰ ਦੀ ਗੱਲ ਅੱਜ ਵੀ ਨਿਮਨ ਵਰਗ ਨੂੰ ਜ਼ਿੰਦਗੀ ਬਸਰ ਕਰਨ ਲਈ ਬੁਨਿਆਦੀ ਸਹੂਲਤਾਂ ਪ੍ਰਾਪਤ ਕਰਨ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

> ਉਨ੍ਹਾਂ ਨੂੰ ਕੀ ਨਜ਼ਰ ਆਉਣੇ ਬਿਖਰਦੇ ਆਲ੍ਹਣੇ ਸਾਡੇ

ਜੋ ਇਕ ਕੁਰਸੀ ਲਈ ਜੰਗਲ ਹੀ ਸਾਰਾ ਦਾਅ ਤੇ ਲਾ ਦਿੰਦੇ ।[11]

ਉਹਨਾਂ ਬਹਿ ਕੁਰਸੀਆਂ ਤੇ ਹੁਕਮ ਦਿੱਤਾ ਰੁੱਖ ਚੀਰਨ ਦਾ ;
ਉਨ੍ਹਾਂ ਸੰਗ ਕੀ ਸੀ ਬੀਤੀ ਚੱਲੇ ਆਰੇ ਕੌਣ ਵੇਹੰਦਾ ਹੈ ।[12]

**ਧਰਮ ਸੰਬੰਧੀ :**ਜਦੀਦ ਪੰਜਾਬੀ ਨਾਰੀ ਗ਼ਜ਼ਲ ਧਰਮ ਨਿਰਪੱਖਤਾ ਦੀ ਵਾਹਕ ਹੋਣ ਸਦਕਾ ਧਰਮ ਦੇ ਨਾਂ ਤੇ ਹੋ ਰਹੇ ਦੰਗੇ ਫ਼ਸਾਦਾਂ ਨੂੰ ਗ਼ੈਰ-ਇਖ਼ਲਾਕੀ ਮੰਨਦੀ ਹੈ। ਜਾਤ-ਪਾਤ ਦੇ ਵਖਰੇਵੇਂ ਅਤੇ ਫ਼ਿਰਕੂ ਕੱਟੜਪੁਣੇ ਨੂੰ ਮਨੁੱਖ ਦੀ ਨਾ-ਸਮਝੀ ਅਤੇ ਖ਼ੁਦਗ਼ਰਜ਼ ਸਿਆਸਤਦਾਨਾ ਦੀ ਖੇਡ ਸਮਝਦੀ ਹੈ। ਜਦੀਦ ਪੰਜਾਬੀ ਨਾਰੀ ਗ਼ਜ਼ਲ ਸਮੁੱਚੀ ਮਾਨਵਤਾ ਨੂੰ ਜਾਤ-ਪਾਤ, ਧਾਰਮਿਕ ਕੱਟੜਤਾ ਅਤੇ ਫ਼ਿਰਕੂਪੁਣੇ ਤੋਂ ਉੱਪਰ ਉੱਠ,ਇਕਮੁੱਠ ਹੋਣ ਦੀ ਹਿਮਾਇਤ ਕਰਦੀ ਹੈ ਤਾਂ ਜੋ ਧਰਮ ਦੇ ਅਖ਼ਾਉਤੀ ਠੇਕੇਦਾਰ ਆਪਣੇ ਕੋਝੇ ਮਨਸੂਬਿਆਂ ਵਿੱਚ ਸਫ਼ਲ ਨਾ ਹੋ ਸਕਣ। ਸਮੁੱਚੀ ਮਾਨਵਤਾ ਵਿੱਚ ਭਾਈਚਾਰਿਕ ਸਾਂਝ ਬਣੀ ਰਹੇ। ਇਸ ਦੀ ਤਰਜ਼ਮਾਨੀ ਕਰਦੇ ਕੁਝ ਸ਼ਿਅਰ ਹਨ :

ਮੈਂ ਦੇਵਾਂਗੀ ਈਦ ਮੁਬਾਰਕ ਤੂੰ ਦੀਵਾਲੀ ਨੂੰ ਆਵੀਂ,
ਈਦ ਦੀਵਾਲੀ ਆਪਾਂ ਸਾਰੇ ਰਲ ਕੇ ਆਉ ਮਨਾਈਏ ਫਿਰ । [13]

ਜਾਤ, ਮਜ਼ਹਬ ਦੇ ਹਰ ਇੱਕ ਪਾੜੇ ਨੂੰ ਕਰਕੇ ਦਰਕਿਨਾਰ,
ਤੂੰ ਕਿਸੇ ਇੱਕ ਦੀ ਨਹੀਂ, ਤੂੰ ਸਾਰਿਆਂ ਦੀ ਗੱਲ ਕਰ ।[14]

ਪੰਜਾਬ ਦਾ ਇਕ ਦਹਾਕਾ ਪੰਜਾਬ ਦੇ ਇਤਿਹਾਸ ਦੇ ਉਨ੍ਹਾਂ ਕਾਲੇ ਪੰਨਿਆਂ ਨਾਲ ਸੰਬੰਧਿਤ ਹੈ, ਜਿਸ ਨੂੰ ਪੰਜਾਬ ਸੰਕਟ, ਕਾਲੇ ਦਿਨ, ਦਹਿਸ਼ਤਗਰਦੀ ਦੇ ਦਿਨ, ਅੱਤਵਾਦੀ ਦੌਰ, ਅਤੇ ਪੰਜਾਬ ਤ੍ਰਾਸਦੀ ਅਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਡਾ. ਜਸਵਿੰਦਰ ਅਨੁਸਾਰ, "ਪੰਜਾਬ ਨੇ ਜਿਹੜਾ ਵਿਕਰਾਲ ਦੌਰ ਨੌਵੇਂ ਅਤੇ ਦਸਵੇਂ ਦਹਾਕੇ ਝੱਲਿਆ ਹੈ ਉਸ ਦਾ ਚੇਤਾ ਤੇ ਜ਼ਖ਼ਮ ਹਰੇਕ ਪੰਜਾਬੀ ਮਨ ਲਈ ਖ਼ੌਫ਼ਨਾਕ ਹਨ। ਸਿਰਫ਼ ਏਨਾ ਨਹੀਂ ਕਿ ਜਾਬਰੀ ਹਕੂਮਤ ਅਤੇ ਫਿਰਕੂ ਗੋਲੀ ਨੇ ਪੰਜਾਬੀਅਤ ਨੂੰ ਪੰਜਾਬੀ ਲੋਕਾਈ ਨੂੰ ਪੰਜਾਬੀ ਮਨ ਨੂੰ ਵਹਿਸ਼ਤੀ ਵੰਗਾਰਾਂ ਤੇ ਤਬਾਹੀਆਂ ਦੇ ਮੂੰਹ ਲਿਆਂਦਾ, ਸਗੋਂ ਇਸ ਨੇ ਪੰਜਾਬੀ ਰਹਿਤਲ ਦੇ ਬਲਸ਼ਾਲੀ ਤੇ ਸਦੀਵੀ ਮਾਨਵੀ ਚਰਿਤਰ ਲਈ ਅਜਿਹੇ ਮਾਰੂ ਸਵਾਲ, ਭਿਆਨਕ ਸਥਿਤੀਆਂ ਵਹਿਸ਼ੀ ਕਰਤੂਤਾਂ ਅਤੇ ਅਮਾਨਵੀ ਨੰਗੇ ਨਾਚ ਦੀਆਂ ਸਰਕਾਰੀ ਫਿਰਕੂ

ਹਨੇਰੀਆਂ ਝੁਲਾਈਆਂ, ਜਿਨ੍ਹਾਂ ਦੀਆਂ ਲਾਸਾਂ ਪੰਜਾਬੀਆਂ ਦੇ ਮਨਾਂ ਦਾ ਦੁਖਦਾਈ ਹਿੱਸਾ ਬਣ ਗਈਆਂ।"[15] ਪੰਜਾਬ ਸੰਕਟ ਦੇ ਪਿਛੋਕੜ ਵਿੱਚ ਅਨੇਕ ਰਾਜਸੀ, ਆਰਥਿਕ ਅਤੇ ਸੱਭਿਆਚਾਰਿਕ ਕਾਰਨ ਕਾਰਜਸ਼ੀਲ ਹਨ। ਇਸ ਵਿਸਫ਼ੋਟਕ ਸਥਿਤੀ ਦੇ ਸਿੱਟੇ ਬਹੁਤ ਭਿਆਨਕ ਸਨ। ਇਸ ਦੌਰ ਨਾਲ ਸੰਬੰਧਿਤ ਸ਼ਾਇਰੀ ਰੁਦਨ ਦੀ ਸ਼ਾਇਰੀ ਵਜੋਂ ਹੀ ਸਾਹਮਣੇ ਆਉਂਦੀ ਹੈ। ਸੁਰਜੀਤ ਸਖੀ ਇਨ੍ਹਾਂ ਹਾਲਾਤ ਨੂੰ ਵਿਸ਼ਾ ਬਣਾਉਂਦੀ ਹੋਈ ਲਿਖਦੀ ਹੈ:

> ਮੈਥੋਂ ਪੁੱਛ ਨਾ ਹਾਲ ਪੰਜਾਬ ਦਾ, ਇਹ ਸਫ਼ਾ ਹੈ ਸੁਰਖ਼ ਕਿਤਾਬ ਦਾ,
> ਜਿਨ੍ਹੂੰ ਲਿਖਣ ਵਾਲੇ ਦੇ ਪੋਟਿਆਂ 'ਚ ਕਲਮ ਦੀ ਨੋਕ ਉਤਰ ਗਈ ।[16]

ਜੰਗ ਅਤੇ ਅਮਨ ਹਰ ਕਾਲ ਦੀ ਕਵਿਤਾ ਦੇ ਪ੍ਰਮੁੱਖ ਵਿਸ਼ੇ ਰਹੇ ਹਨ। ਹਰ ਸਮਾਜ ਲਈ ਜੰਗ ਦਾ ਸਾਹਮਣਾ ਕਰਨਾ ਅਤੇ ਅਮਨ ਦੀ ਸਥਾਪਤੀ ਕਰਨੀ ਵੱਡੀਆਂ ਚੁਣੌਤੀਆਂ ਵਜੋਂ ਪੇਸ਼ ਹੁੰਦੇ ਰਹੇ। ਜਦੀਦ ਪੰਜਾਬੀ ਨਾਰੀ ਗ਼ਜ਼ਲ ਨਾਰੀ ਦ੍ਰਿਸ਼ਟੀ ਤੋਂ ਨਿਵੇਕਲੇ ਅੰਦਾਜ਼ ਵਿੱਚ ਜੰਗ ਦਾ ਵਿਰੋਧ ਕਰਦੀ ਹੈ ਅਤੇ ਅਮਨ ਦਾ ਪੁਰਜ਼ੋਰ ਸਮਰਥਨ ਕਰਦੀ ਹੋਈ ਸੰਸਾਰ ਅਮਨ ਲਈ ਆਪਣੀ ਆਵਾਜ਼ ਬੁਲੰਦ ਕਰਦੀ ਨਜ਼ਰ ਆਉਂਦੀ ਹੈ :

> ਜੰਗ ਅੰਦਰ ਹੈ ਕਦੇ, ਬਾਹਰ ਕਦੇ, ਇਓਂ ਆਦਮੀ
> ਲੜਦਾ ਲੜਦਾ ਆਪ ਇੱਕ ਦਿਨ, ਕਰਬਲਾ ਹੋ ਜਾਏਗਾ ।[17]

**ਪਰਵਾਸੀ ਚੇਤਨਾ :** ਪੰਜਾਬੀਆਂ ਨੇ ਵੀਹਵੀਂ ਸਦੀ ਦੇ ਆਰੰਭ ਵਿੱਚ ਆਰਥਿਕ ਪੱਖੋਂ ਵਧੇਰੇ ਖ਼ੁਸ਼ਹਾਲ ਹੋਣ ਦੀ ਲਾਲਸਾ ਅਧੀਨ ਆਪਣੀ ਜਨਮ ਭੂਮੀ ਨੂੰ ਛੱਡ ਕੇ ਪਰਾਏ ਮੁਲਕਾਂ ਦੀ ਧਰਤੀ ਦਾ ਰੁਖ਼ ਕਰਕੇ ਪਰਵਾਸ ਨੂੰ ਅਪਣਾਇਆ। ਪਰਵਾਸੀ ਪੰਜਾਬੀਆਂ ਨੇ ਸਾਹਿਤ ਦੇ ਹਰ ਰੂਪ ਅਤੇ ਹਰ ਵਿਧਾ ਉੱਪਰ ਕਲਮ ਆਜ਼ਮਾਈ । ਇਨ੍ਹਾਂ ਰੂਪ ਵਿਧਾਵਾਂ ਵਿੱਚੋਂ ਗ਼ਜ਼ਲ ਵੀ ਇੱਕ ਅਜਿਹੀ ਸਿਨਫ਼ ਹੈ, ਜਿਹੜੀ ਗੁਣਾਤਮਿਕ ਤੇ ਗਿਣਾਤਮਿਕ ਪੱਖੋਂ ਹਰ ਦੇਸ਼ ਦੇ ਪਰਵਾਸੀ ਪੰਜਾਬੀ ਸਾਹਿਤ ਵਿੱਚ ਪ੍ਰਫੁਲਿਤ ਹੋਈ ਮਿਲਦੀ ਹੈ। ਜਦੀਦ ਪੰਜਾਬੀ ਨਾਰੀ ਗ਼ਜ਼ਲ ਪਰਵਾਸੀਆਂ ਦੀ ਜ਼ਿੰਦਗੀ ਦਾ ਨਿਰੂਪਣ ਕਰਦੀ ਹੈ। ਪਰਵਾਸੀ ਪੰਜਾਬੀ ਜੀਵਨ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਪੰਜਾਬੀ ਗ਼ਜ਼ਲ ਵਿੱਚੋਂ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ।

ਹਰ ਪਰਵਾਸੀ ਦੇ ਅਵਚੇਤਨ ਅੰਦਰ ਉਸ ਦਾ ਸੱਭਿਆਚਾਰ ਕਿਸੇ ਨਾ ਕਿਸੇ ਰੂਪ ਵਿੱਚ ਪਿਆ ਹੁੰਦਾ ਹੈ। ਡਾ. ਜਸਵਿੰਦਰ ਸਿੰਘ ਅਨੁਸਾਰ, "ਮਨੁੱਖ ਦੀ ਸੱਭਿਆਚਾਰਿਕ ਤਾਸੀਰ ਜਨਮ, ਬਚਪਨ ਤੋਂ ਪ੍ਰਾਪਤ ਉਨ੍ਹਾਂ ਆਵੇਗਾਂ, ਅਹਿਸਾਸਾਂ, ਅਕਾਂਖਿਆਵਾਂ, ਪ੍ਰੇਰਨਾਵਾਂ,

ਆਦਰਸ਼ਾਂ ਦਾ ਅਵਚੇਤਨੀ ਸੰਸਾਰ ਸਿਰਜਦੀ ਹੈ ਜੋ ਹਰ ਬਾਲ ਮਨ ਦੀ ਕੋਰੀ ਤਖ਼ਤੀ ਉੱਪਰ ਵਿਸ਼ੇਸ ਸੱਭਿਆਚਾਰ ਸਮੂਹ ਸੁੱਤੇ ਸਿੱਧ ਬਹੁਤ ਹੰਢਣਸਾਰ ਜੁਗਤਾਂ ਰਾਹੀਂ ਉੱਭਰਦਾ ਰਹਿੰਦਾ ਹੈ।”[18]

ਪਰਵਾਸੀ ਪੰਜਾਬੀ ਸ਼ਾਇਰਾਤ ਨੇ ਆਪਣੀ ਗ਼ਜ਼ਲ ਅੰਦਰ ਪਰਵਾਸੀ ਪੰਜਾਬੀ ਮਨੁੱਖ ਦੀ ਹੋਂਦ ਨਾਲ ਜੁੜੇ ਮਸਲੇ ਹੋਣ ਜਾਂ ਆਪਣੇ ਮੂਲ ਨਾਲੋਂ ਟੁੱਟੇ ਹੋਣ ਉਪਰੰਤ ਪੈਦਾ ਹੋਈ ਵਿਸ਼ਾਦ ਦੀ ਸਥਿਤੀ ’ਚੋਂ ਉਤਪੰਨ ਹੋਈ ਵਿਖੰਡਿਤ ਮਾਨਸਿਕਤਾ ਪੇਸ਼ ਕਰਦੇ ਪਹਿਲੂ। ਨਿਰਸੰਦੇਹ ਜਿੱਥੇ ਉਸ ਦੇ ਕਾਵਿ ਨੂੰ ਪੰਜਾਬੀ ਰਹਿਤਲ, ਇਸ ਤੋਂ ਵਿਛੁੰਨੇ ਵਿਅਕਤੀ ਦੀ ਹੇਰਵਾਮਈ ਸਥਿਤੀ ਦੇ ਪ੍ਰਸੰਗ ਵਿੱਚ ਵੇਖਦਿਆਂ ਪਰਵਾਸੀ ਜੀਵਨ ਮੂਲ-ਚੂਲ ਵਜੋਂ ਸਾਹਮਣੇ ਆਉਂਦਾ ਹੈ, ਉੱਥੇ ਪਰਵਾਸ ਧਾਰਨ ਕਰਕੇ ਗਿਆਂ ਪਿੱਛੇ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਦਾ ਦੁਖਾਂਤ ਵੀ ਝਲਕਦਾ ਹੈ।

ਪੀੜ ਦੀ ਆਰੀ ਜਿਵੇਂ, ਮਾਂ ਦਾ ਕਲੇਜਾ ਚੀਰਦੀ,
ਤੁਰ ਗਏ ਪਰਦੇਸ, ਪੁੱਤ ਦਾ, ਜਦ ਕਰੇ ਬਾਪੂ ਜ਼ਿਕਰ ।[19]

ਪੇਂਡੂ ਕਿਰਸਾਨੀ ਵਿੱਚੋਂ ਆਪਣੇ ਪਿੱਛੇ ਵੱਡੀਆਂ ਮਲਕੀਅਤਾਂ ਛੱਡ ਕੇ ਆਏ ਪਰਵਾਸੀਆਂ ਦੁਆਰਾ ਪਰਵਾਸ ਧਾਰਨ ਦਾ ਮੂਲ ਕਾਰਨ ਆਪਣੇ ਪਦਾਰਥਿਕ ਜੀਵਨ-ਪੱਧਰ ਨੂੰ ਉੱਚਾ ਚੁੱਕਣਾ ਹੈ। ਪਰਦੇਸ ਰਹਿੰਦਿਆਂ ਪੈਸਾ ਕਮਾਉਣ ਦੀ ਜੱਦੋ-ਜਹਿਦ ਵਿੱਚ ਪਰਵਾਸੀਆਂ ਦੀ ਸਾਰੀ ਉਮਰ ਇਹ ਸੋਚਾਂ ਸੋਚਦੇ ਲੰਘ ਜਾਂਦੀ ਹੈ ਕਿ ਆਖ਼ਿਰਕਾਰ ਉਨ੍ਹਾਂ ਨੇ ਏਸ ਬੇਗਾਨੀ ਧਰਤੀ ਤੇ ਆ ਕੇ ਕੀ ਖੱਟਿਆ ਤੇ ਕੀ ਗੰਵਾਇਆ।

ਜਦੋਂ ਕਰਦੀ ਹਮੇਸ਼ਾ ਭੁੱਖ ਹੀ ਪਰਵਾਸ ਕਰਦੀ ਹੈ।
ਕਦੇ ਬਸ ਸ਼ੋਕ ਪਿੱਛੇ ਹੀ ਕੋਈ ਹਿਜਰਤ ਨਹੀਂ ਹੁੰਦੀ।[20]

ਪਰਵਾਸੀ ਜੀਵਨ ਸਥਿਤੀਆਂ ਪੰਜਾਬੀ ਮਾਨਸਿਕਤਾ ਦੇ ਅਨੁਕੂਲ ਨਾ ਹੋਣ ਕਾਰਨ ਪਰਵਾਸੀ ਪੰਜਾਬੀ ਦਾ ਮੂਲ ਸਮਾਜ ਪ੍ਰਤੀ ਮੋਹ ਬਰਕਰਾਰ ਰਹਿੰਦਾ ਹੈ। ਇੱਕਲਤਾ ਦਾ ਜੀਵਨ ਜਿਉਂਦੇ ਹੋਏ ਅਲਗਾਵ ਦੀ ਸਥਿਤੀ ਵਿੱਚ ਉਨ੍ਹਾਂ ਨੂੰ ਭੂ-ਹੇਰਵਾ ਸਤਾਉਂਦਾ ਹੈ। ਜਦੀਦ ਪੰਜਾਬੀ ਸ਼ਾਇਰਾ ਸੁਰਿੰਦਰ ਸਿਦਕ ਦੇ ਚੇਤੇ ਵਿੱਚ ਆਪਣੀ ਜਨਮ ਭੂਮੀ ਦੀਆਂ ਯਾਦਾਂ ਅਜੇ ਤਾਈਂ ਵੀ ਮਹਿਫ਼ੂਜ਼ ਹਨ। ਪਰਵਾਸੀ ਪਰਿਵੇਸ਼ ਵਿੱਚ ਬੇ-ਪਛਾਣ ਹੋ ਗਏ ਆਪਣੇ ਆਪੇ ਨੂੰ ਮੁੜ ਪਛਾਣਨ ਲਈ ਉਹ ਇਨ੍ਹਾਂ ਯਾਦਾਂ ਦਾ ਸਹਾਰਾ ਲੈਂਦੀ ਹੋਈ ਲਿਖਦੀ ਹੈ :

ਵਿੱਚ ਵਲੈਤ ਟ੍ਰੈਮਾਂ ਅੰਦਰ, ਹਰ ਚਿਹਰੇ ’ਤੇ ਚੁੱਪ ਹੈ,

ਆਪਣੇ ਦੇਸ ਦੀ ਲਾਰੀ ਵਰਗੀ, ਲਭਦੀ ਨਹੀਂ ਅਸਵਾਰੀ ।[21]

**ਮਾਂ ਬੋਲੀ ਪੰਜਾਬੀ ਪ੍ਰਤੀ ਮੋਹ :** ਭਾਸ਼ਾ ਸੰਚਾਰ ਦਾ ਮਾਧਿਅਮ ਹੋਣ ਕਰਕੇ ਕਿਸੇ ਦੇਸ਼, ਕੌਮ ਦੇ ਸਾਹਿਤ ਅਤੇ ਸੱਭਿਆਚਾਰ ਦੇ ਸੰਚਾਰ ਦਾ ਸਾਧਨ ਵੀ ਬਣਦੀ ਹੈ ਅਤੇ ਮਨੁੱਖੀ ਪਛਾਣ ਦਾ ਆਧਾਰ ਵੀ। ਇਸ ਲਈ ਮਨੁੱਖ ਨੂੰ ਆਪਣੇ ਸਾਹਿਤ, ਸੱਭਿਆਚਾਰ ਨੂੰ ਜਾਣਨ ਲਈ ਮਾਤ-ਭਾਸ਼ਾ ਦਾ ਗਿਆਨ ਹੋਣਾ ਜ਼ਰੂਰੀ ਹੈ। ਪੰਜਾਬੀ ਸ਼ਾਇਰਾਤ ਦਾ ਆਪਣੀ ਮਾਂ-ਬੋਲੀ ਨਾਲ ਅਥਾਹ ਪਿਆਰ ਹੋਣ ਕਾਰਨ ਉਹ ਇਸ ਨੂੰ ਸੰਸਾਰ ਪੱਧਰ ’ਤੇ ਵਿਕਸਿਤ ਹੋਇਆ ਦੇਖਣਾ ਲੋਚਦੀਆਂ ਹਨ। ਮਾਂ-ਬੋਲੀ ਦੇ ਮਹੱਤਵ ਨੂੰ ਦਰਸਾਉਂਦਿਆਂ ਰਾਜਵਿੰਦਰ ਕੌਰ ਜਟਾਣਾ ਨੇ ਆਪਣੀ ਮਾਤ-ਭਾਸ਼ਾ ਪੰਜਾਬੀ ਪ੍ਰਤੀ ਪਿਆਰ ਨੂੰ ਪ੍ਰਗਟਾਉਂਦਿਆਂ ਲਿਖਿਆ ਹੈ ਕਿ:-

ਬੋਲ ਪੰਜਾਬੀ ਜਦ ਮੈਂ ਬੋਲਾਂ ਚੜ੍ਹਦੀ ਮਿੱਠੀ ਲੋਰ ਜਿਹੀ।
ਸੁਹਜ, ਸਲੀਕਾ, ਸੰਜਮ, ਇਸ ਦੀ ਲੈਅ, ਝਾਂਜਰ ਦੇ ਸ਼ੋਰ ਜਿਹੀ ।[22]

ਸ਼ਾਇਰਾਤ ਨੇ ਪੰਜਾਬੀ ਬੋਲੀ ਦੇ ਮਹੱਤਵ ਨੂੰ ਉਜਾਗਰ ਕਰਦਿਆਂ ਇਸ ਨੂੰ ਸੁਹਜ, ਸਲੀਕੇ ਅਤੇ ਸੰਜਮ ਵਾਲੀ ਭਾਸ਼ਾ ਕਿਹਾ ਹੈ। ਆਪਣੀ ਮਾਂ-ਬੋਲੀ ਨਾਲੋਂ ਟੁੱਟਣਾ ਮਤਲਬ ਆਪਣੀਆਂ ਜੜ੍ਹਾਂ ਨਾਲੋਂ ਟੁੱਟਣਾ ਹੈ। ਇਸ ਗੱਲ ਦਾ ਦੁੱਖ ਨਹੀਂ ਕਿ ਮਨੁੱਖ ਹੋਰ ਭਾਸ਼ਾ ਕਿਉਂ ਸਿੱਖਦਾ ਹੈ, ਕਿਉਂਕਿ ਸਿੱਖਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ। ਦੁੱਖ ਇਸ ਗੱਲ ਦਾ ਹੈ ਕਿ ਜਦੋਂ ਕੋਈ ਆਪਣੀ ਮਾਂ-ਬੋਲੀ ਨੂੰ ਛੱਡ ਕੇ ਕਿਸੇ ਹੋਰ ਭਾਸ਼ਾ ਨੂੰ ਅਪਣਾਉਂਦਾ ਹੈ। ਸ਼ਾਇਰਾਤ ਨੂੰ ਗਿਲ੍ਹਾ ਉਹਨਾਂ ਲੋਕਾਂ ਨਾਲ ਹੈ, ਜੋ ਆਪਣੀ ਮਾਂ-ਬੋਲੀ ਤੋਂ ਬੇਮੁੱਖ ਹੋ ਕੇ ਹੋਰਨਾਂ ਭਾਸ਼ਾਵਾਂ ਦਾ ਪੱਲਾ ਫੜੀ ਬੈਠੇ ਹਨ।

ਮਾਂ ਬੋਲੀ ਹੁਣ ਭੁੱਲੀ ਵਿਸਰੀ, ਕੰਨੀਂ ਹੈ ਨਾ ਘੁਲਦੀ ਮਿਸਰੀ,
ਅਪਣੀ ਮਾਂ ਪੈਰਾਂ ਵਿੱਚ ਰੋਲੀ, ਮਤਰੇਈ ਤਖ਼ਤ ਬਿਠਾਵਣ ਲੋਕੀਂ ।[23]

**ਸਵੈ ਦੀ ਪੇਸ਼ਕਾਰੀ :** ਵਿਸ਼ਵੀਕਰਨ ਦੇ ਪ੍ਰਭਾਵ ਹੇਠ ਅਜੋਕਾ ਮਨੁੱਖ ਸਵੈ-ਕੇਂਦਰਿਤ ਹੋ ਰਿਹਾ ਹੈ। “ਅਸਤਿਤਵਵਾਦੀਆਂ ਅਨੁਸਾਰ ਮਨੁੱਖ ਪ੍ਰਮਾਣਿਕ ਅਸਤਿਤਵ ਦੀ ਤਲਾਸ਼ ਵਿੱਚ ਵਿਸੰਗਤ ਹੋ ਕੇ ਭਟਕਦਾ ਹੈ ਅਤੇ ਆਪਣੀ ਇਸ ਤਲਾਸ਼ ਵਿਚ ਉਸ ਨੂੰ ਵਿਸ਼ਾਦ ਦਾ ਮੂੰਹ ਦੇਖਣਾ ਪੈਂਦਾ ਹੈ।”[24] ਸਵੈ-ਕੇਂਦਰਿਤ ਮਨੁੱਖ ਆਪਣੇ ਹਿੱਤ, ਸਵਾਰਥ ਜਾਂ ਵੱਧ ਤੋਂ ਵੱਧ ਮੁਨਾਫ਼ੇ ਲਈ ਕਿਸੇ ਹੱਦ ਤੱਕ ਵੀ ਜਾ ਸਕਦਾ ਹੈ। ਜਦੀਦ ਪੰਜਾਬੀ ਨਾਰੀ ਗ਼ਜ਼ਲ ਵਿੱਚ ਸਵੈ ਦੀ ਜੋ ਪੇਸ਼ਕਾਰੀ ਹੋਈ ਹੈ, ਉਹ ਜਿੱਥੇ ਨਾਰੀ ਦੇ ਨਿੱਜ ਅਤੇ ਨਾਰੀ ਹੋਂਦ ਨਾਲ ਸੰਬੰਧਿਤ ਹੈ,

ਉੱਥੇ ਗ਼ਜ਼ਲ ਵਿੱਚ ਪੇਸ਼ ਨਾਰੀ ਮੈਂ ਰਾਹੀਂ ਤੂੰ, ਉਹ, ਤੁਸੀਂ ਨੂੰ ਸੰਬੋਧਿਤ ਹੁੰਦੇ ਹੋਏ ਸਮੁੱਚੇ ਸੰਸਾਰ ਨਾਲ ਸੰਵਾਦ ਰਚਾਉਣ ਵਿੱਚ ਸਫ਼ਲ ਹੋਈ ਹੈ। ਜਦੀਦ ਪੰਜਾਬੀ ਨਾਰੀ ਗ਼ਜ਼ਲ ਵਿੱਚ ਪੇਸ਼ ਨਾਰੀ ਸਾਧਾਰਨ ਮਨੁੱਖ ਹੋਣਾ ਲੋਚਦੀ ਹੈ। ਅਜੋਕੀ ਨਾਰੀ ਸਮਕਾਲੀ ਪਰਿਸਥਿਤੀਆਂ ਵਿੱਚ ਪਿਸ ਰਹੀ ਹੈ। ਸਮਾਜ ਵਿੱਚ ਦੂਜੈਲੇ ਸਥਾਨ ਦੀ ਧਾਰਨੀ ਹੋਣ ਕਰ ਕੇ ਉਹ ਕਿਤੇ ਨਾ ਕਿਤੇ ਆਪਣੇ-ਆਪ ਨੂੰ ਨਿਗੂਣਾ ਮਹਿਸੂਸ ਕਰਦੀ ਹੈ। ਉਸ ਦਾ ਅਸਤਿੱਤ੍ਵ ਆਪਣੀ ਹੋਂਦ ਨੂੰ ਬਚਾਉਣ ਲਈ ਪ੍ਰਤੀਰੋਧ ਸਿਰਜਦਾ ਹੈ। ਇਹ ਪ੍ਰਤੀਰੋਧ ਨਾਰੀ ਗ਼ਜ਼ਲ ਵਿੱਚ 'ਮੈਂ' ਮੂਲਕ ਪੇਸ਼ਕਾਰੀ ਰਾਹੀਂ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ 'ਮੈਂ' ਆਪਣੇ-ਆਪ ਦੀ ਪੜਚੋਲ ਕਰਦੀ ਹੈ। ਸਵੈ ਦੀ ਪੜਚੋਲ ਮਨੁੱਖ ਨੂੰ ਸਹੀ ਦਿਸ਼ਾ ਪ੍ਰਦਾਨ ਕਰਦੀ ਹੈ। ਮਿਸਾਲ ਦੇ ਤੌਰ 'ਤੇ :

ਮੈਂ ਮਾਫ਼ੀ ਦੀ ਜਗ੍ਹਾ ਢੁੱਕਵੀਂ ਸਜ਼ਾ ਦੀ ਮੰਗ ਕਰਦੀ ਹਾਂ
ਖੜ੍ਹੀ ਮਨ ਦੇ ਕਟਹਿਰੇ ਵਿਚ ਗੁਨਾਹਾਂ ਦੀ ਭਰੀ ਹੋਈ ।[25]

ਸਵੈ-ਪਛਾਣ ਕਰਨ ਵਾਲਾ ਮਨੁੱਖ ਹੀ ਜ਼ਿੰਦਗੀ ਦੀ ਕਸੌਟੀ 'ਤੇ ਖ਼ਰਾ ਉਤਰਨ ਦੀ ਦਲੇਰੀ ਕਰ ਸਕਦਾ ਹੈ। ਉਪਰੋਕਤ ਸ਼ਿਅਰਾਂ ਵਿੱਚ ਜਿੱਥੇ ਸ਼ਾਇਰਾ ਅਨੂ ਬਾਲਾ ਆਪਣੇ ਆਪ ਨੂੰ ਕਟਹਿਰੇ ਵਿੱਚ ਖੜ੍ਹੇ ਕਰਦਿਆਂ ਆਪਣੇ ਕੀਤੇ ਗੁਨਾਹਾਂ ਲਈ ਸਜ਼ਾ ਦੀ ਮੰਗ ਕਰਦੀ ਹੈ। ਉੱਥੇ ਸ਼ਾਇਰਾ ਗੁਰਚਰਨ ਕੌਰ ਕੋਚਰ ਸਵੈ-ਪੜਚੋਲ ਕਰਦਿਆਂ ਆਪਣੀ ਵਧੀਆ ਗੁਣਾਤਮਿਕ ਲੇਖਣੀ ਦਾ ਜ਼ਿਕਰ ਕਰਦਿਆਂ ਹੋਰ ਬਿਹਤਰ ਲਿਖਣ ਦੀ ਗੱਲ ਕਰਦੀ ਹੈ। ਨਾਰੀ ਸਿਰਜਿਤ ਪੰਜਾਬੀ ਗ਼ਜ਼ਲ ਸਵੈ-ਪੜਚੋਲ ਕਰਦਿਆਂ ਸਵੈ ਨੂੰ ਮੁਖ਼ਾਤਿਬ ਹੁੰਦੀ ਹੋਈ 'ਮੈਂ' ਰਾਹੀਂ 'ਉਹ', 'ਤੂੰ', 'ਤੁਸੀਂ' ਜਾਂ ਸਮੁੱਚੇ ਸੰਸਾਰ ਨੂੰ ਕਿਸੇ ਨਾ ਕਿਸੇ ਪ੍ਰਸੰਗ ਵਿੱਚ ਸੰਬੋਧਿਤ ਹੁੰਦੀ ਹੈ। ਮਿਸਾਲ ਦੇ ਤੌਰ 'ਤੇ ਕੁਝ ਸ਼ਿਅਰ ਗੌਰਤਲਬ ਹਨ :

ਬਣੀ ਸੂਰਜ, ਕਦੇ ਤਾਰਾ, ਕਦੇ ਦੀਵਾ, ਕਦੇ ਜੁਗਨੂੰ
ਰਹੀ ਆਪਣੇ ਹਨੇਰੇ ਨਾਲ਼ ਏਦਾਂ ਆਪ ਲੜਦੀ ਮੈਂ ।[26]

**ਪਿਆਰ ਅਨੁਭਵ :** ਪਿਆਰ ਜਦੀਦ ਪੰਜਾਬੀ ਨਾਰੀ ਗ਼ਜ਼ਲ ਦਾ ਅਹਿਮ ਸਰੋਕਾਰ ਹੈ। ਪਿਆਰ ਨੂੰ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ। ਇਹ ਇੱਕ ਅਜਿਹਾ ਸੂਖ਼ਮ ਅਹਿਸਾਸ ਹੈ, ਜਿਸ ਨੂੰ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਹੈ। ਪਿਆਰ ਪੰਜਾਬੀ ਸ਼ਾਇਰੀ ਦਾ ਕੇਂਦਰੀ ਵਿਸ਼ਾ ਹੈ। ਪਿਆਰ ਨੂੰ ਜਦੀਦ ਪੰਜਾਬੀ ਨਾਰੀ ਗ਼ਜ਼ਲ ਵਿੱਚ ਵਿਸ਼ੇਸ਼ ਸਥਾਨ ਹਾਸਿਲ ਹੈ। ਸ਼ਾਇਰਾ ਸੁਖਵਿੰਦਰ ਅੰਮ੍ਰਿਤ ਦਾ ਪਿਆਰ ਸੰਬੰਧੀ ਵਿਚਾਰ ਹੈ, "ਪਿਆਰ ਦਾ ਰਿਸ਼ਤਾ ਇੱਕ ਆਦਰਸ਼ਕ ਰਿਸ਼ਤਾ ਹੈ। ਇਹ ਰਿਸ਼ਤਾ ਗ਼ਰਜ਼ਾਂ ਅਤੇ ਖ਼ੁਦਗ਼ਰਜ਼ੀਆਂ ਤੋਂ ਉੱਚਾ ਸਥਾਨ

ਰੱਖਦਾ ਹੈ ਤੇ ਹਰ ਇਨਸਾਨ ਅਜਿਹੇ ਪਿਆਰ ਲਈ ਤਾਂਘਦਾ ਹੈ। ਭਾਵੇਂ ਇਹ ਤਾਂਘ ਬਹੁਤੀ ਵਾਰੀ ਇੱਕ ਮ੍ਰਿਗ-ਤ੍ਰਿਸ਼ਨਾ ਬਣ ਕੇ ਰਹਿ ਜਾਂਦੀ ਹੈ। ਪਰ ਆਦਰਸ਼ਾਂ ਲਈ ਤਾਂਘ ਇੱਕ ਮਨੁੱਖੀ ਫ਼ਿਤਰਤ ਅਤੇ ਸੁਪਨਾ ਹੈ। ਅਜਿਹੀਆਂ ਫ਼ਿਤਰਤਾਂ, ਸੁਪਨਿਆਂ, ਹਕੀਕਤਾਂ ਅਤੇ ਆਦਰਸ਼ਾਂ ਨਾਲ ਕਵਿਤਾ ਦੀ ਡੂੰਘੀ ਸਾਂਝ ਹੈ।"[27] ਪੰਜਾਬੀ ਸ਼ਾਇਰੀ ਵਿੱਚ ਪਿਆਰ ਰੱਬੀ ਪ੍ਰੀਤ ਤੋਂ ਲੈ ਕੇ ਮਾਨਵੀ ਪ੍ਰੀਤ ਤੱਕ ਮੌਜੂਦ ਹੈ।ਪਿਆਰ ਮਨੁੱਖ ਦੀ ਮੂਲ ਪ੍ਰੇਰਕ ਸ਼ਕਤੀ ਹੈ।

ਸੰਜਮ ਦੇ ਨਾਲ਼ ਵਰ੍ਹ ਤੂੰ ਮੇਰੀ ਪਿਆਸ 'ਤੇ ਨਾ ਜਾ,
ਐਨੀ ਨਮੀ ਨਾ ਦੇ ਕਿ ਮੈਂ, ਔੜਾਂ ਨਾ ਜਰ ਸਕਾਂ । [28]

ਉਪਰੋਕਤ ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਜਦੀਦ ਪੰਜਾਬੀ ਨਾਰੀ ਗ਼ਜ਼ਲ ਦਾ ਪ੍ਰੇਰਣਾ-ਸਰੋਤ, ਯੁੱਗ-ਚੇਤਨਾ ਦਾ ਬੋਧ ਹੈ। ਇਸ ਸ਼ਾਇਰੀ ਵਿੱਚ ਮਾਨਵੀ ਜੀਵਨ, ਸਾਹਿਤ, ਸਮਾਜ, ਸੱਭਿਆਚਾਰ, ਰਾਜਨੀਤੀ, ਪਰਵਾਸ, ਮਾਂ-ਬੋਲੀ ਪੰਜਾਬੀ ਆਦਿ ਨਾਲ ਸੰਬੰਧਿਤ ਕੋਈ ਵੀ ਅਜਿਹਾ ਵਿਸ਼ਾ ਨਹੀਂ ਹੈ ਜੋ ਛੋਹਿਆ ਨਾ ਗਿਆ ਹੋਵੇ। ਇਨ੍ਹਾਂ ਰਾਹੀਂ ਪਿਆਰ-ਮੁਹੱਬਤ, ਮਾਨਵਤਾ ਦਾ ਦਰਦ, ਵਿਸ਼ਵੀਕਰਨ, ਪਦਾਰਥਵਾਦ, ਨਿੱਜੀਕਰਨ, ਵਪਾਰੀਕਰਨ, ਰਿਸ਼ਤਿਆਂ ਦੀ ਟੁੱਟ-ਭੱਜ, ਨੈਤਿਕ ਕਦਰਾਂ-ਕੀਮਤਾਂ ਦਾ ਪਤਨ, ਭ੍ਰਿਸ਼ਟਾਚਾਰ, ਨਸ਼ਿਆਂ ਦਾ ਵੱਧਦਾ ਰੁਝਾਨ, ਨਾਰੀ ਹੋਂਦ ਆਦਿ ਨਾਲ ਜੁੜੇ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਪੇਸ਼ ਕੀਤਾ ਗਿਆ ਹੈ। ਜਦੀਦ ਪੰਜਾਬੀ ਨਾਰੀ ਗ਼ਜ਼ਲ ਪਰੰਪਰਾਗਤ ਥੀਮਿਕ ਘੇਰਿਆਂ ਵਿਚੋਂ ਨਿਕਲ ਕੇ ਸਮਕਾਲੀ ਵਸਤੂ-ਯਥਾਰਥ ਦੀ ਪੇਸ਼ਕਾਰੀ ਕਰਦੀ ਹੈ ਅਤੇ ਨਿੱਜ ਤੋਂ ਪਾਰ ਜਾ ਕੇ ਸਮੂਹ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ।

**ਹਵਾਲੇ ਅਤੇ ਟਿੱਪਣੀਆਂ**

1. ਡਾ. ਯੋਗਰਾਜ, ਨਵੀਂ ਪੰਜਾਬੀ ਕਵਿਤਾ ਪ੍ਰਤੀਰੋਧ ਦੇ ਨਵ-ਸਦੰਰਭ, ਪੰਜਾਬੀ ਭਵਨ, ਲੁਧਿਆਣਾ, ਦੂਜਾ ਐਡੀਸ਼ਨ, 2014, ਪੰਨਾ-117.
2. ਸੁਰਿੰਦਰ ਸਿਦਕ, ਕੁਝ ਤਾਂ ਕਹਿ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2019, ਪੰਨਾ – **27.**
3. ਜੋਗਿੰਦਰ ਨੂਰਮੀਤ, ਨਜ਼ਰ ਤੋਂ ਸੁਪਨਿਆਂ ਤੱਕ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2023, ਪੰਨਾ-57.
4. ਅਮਰਜੀਤ ਕੌਰ ਨਾਜ਼, ਕਿਰਨਾਂ ਦਾ ਕਾਫ਼ਲਾ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣ, 2007,ਪੰਨਾ-21.

5. ਡਾ. ਗੁਰਚਰਨ ਕੌਰ ਕੋਚਰ, ਹਰਫ਼ਾਂ ਦੀ ਮਹਿਕ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ 2005, ਪੰਨਾ-51.
6. ਰਾਜਵਿੰਦਰ ਕੌਰ ਜਟਾਣਾ, ਚੰਨ ਅਜੇ ਦੂਰ ਹੈ, ਸਪਰੈੱਡ ਪਬਲੀਕੇਸ਼ਨਜ਼, ਪਟਿਆਲਾ, ਪਹਿਲਾ ਐਡੀਸ਼ਨ, 2020, ਪੰਨਾ-64.
7. ਅਰਕਮਲ ਕੌਰ, ਆਤਮਨਾਦ, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 2017,ਪੰਨਾ-22
8. ਡਾ. ਹਰਪਾਲ ਸਿੰਘ ਭੱਟੀ, ਜਦੀਦ ਪੰਜਾਬੀ ਗ਼ਜ਼ਲ ਸਰੋਕਾਰ ਅਤੇ ਸੰਚਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010. ਪੰਨਾ-127.
9. ਉਹੀ, ਹਰਫ਼ਾਂ ਦੀ ਮਹਿਕ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ 2005, ਪੰਨਾ-50.
10. ਉਹੀ, ਕੁਝ ਤਾਂ ਕਹਿ, ਚੇਤਨਾ ਪ੍ਰਕਾਸ਼, ਪੰਜਾਬੀ ਭਵਨ, ਲੁਧਿਆਣਾ, 2019, ਪੰਨਾ-98.
11. ਸੁਖਵਿੰਦਰ ਅੰਮ੍ਰਿਤ, ਹਜ਼ਾਰ ਰੰਗਾਂ ਦੀ ਲਾਟ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2008, ਪੰਨਾ-28.
12. ਅਮਰਜੀਤ ਕੌਰ ਨਾਜ਼, ਮਣਕਾ ਮਣਕਾ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣ, 2022,
ਪੰਨਾ-57.
13. ਉਹੀ, ਕਿਰਨਾਂ ਦਾ ਕਾਫ਼ਲਾ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣ, 2007,ਪੰਨਾ-112.
14. ਉਹੀ, ਨਜ਼ਰ ਤੋਂ ਸੁਪਨਿਆਂ ਤੱਕ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2023, ਪੰਨਾ-107.
15. ਡਾ. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ : ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2000. ਪੰਨਾ-135.
16. ਸੁਰਜੀਤ ਸਖੀ, ਮੈਂ ਸਿਕੰਦਰ ਨਹੀ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2004, ਪੰਨਾ 68.

17. ਉਹੀ, ਮੈਂ ਸਿਕੰਦਰ ਨਹੀ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2004, ਪੰਨਾ 50.
18. ਉਹੀ, ਨਵੀਂ ਪੰਜਾਬੀ ਕਵਿਤਾ : ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2000, ਪੰਨਾ-209.
19. ਸੁਰਿੰਦਰ ਸਿਦਕ, ਰੂਹ ਦੀ ਗਾਨੀ, ਯੂਨੀਸਟਾਰ ਬੁੱਕਸ, ਮੋਹਾਲੀ-ਚੰਡੀਗੜ੍ਹ, 2018, ਪੰਨਾ-12.
20. ਅਨੂ ਬਾਲਾ, ਕੱਚ ਦਾ ਅੰਬਰ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2022,ਪੰਨਾ-14.
21. ਉਹੀ, ਰੂਹ ਦੀ ਗਾਨੀ, ਯੂਨੀਸਟਾਰ ਬੁੱਕਸ, ਮੋਹਾਲੀ-ਚੰਡੀਗੜ੍ਹ, 2018, ਪੰਨਾ-23.
22. ਉਹੀ, ਚੰਨ ਅਜੇ ਦੂਰ ਹੈ, ਸਪਰੈੱਡ ਪਬਲੀਕੇਸ਼ਨਜ਼, ਪਟਿਆਲਾ, ਪਹਿਲਾ ਐਡੀਸ਼ਨ, 2020, ਪੰਨਾ-13.
23. ਉਹੀ, ਰੂਹ ਦੀ ਗਾਨੀ, ਯੂਨੀਸਟਾਰ ਬੁੱਕਸ, ਮੋਹਾਲੀ-ਚੰਡੀਗੜ੍ਹ, 2018,ਪੰਨਾ-25.
24. ਡਾ. ਗੁਰਚਰਨ ਸਿੰਘ ਅਰਸ਼ੀ, ਅਸਤਿਤਵਵਾਦ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1984. ਪੰਨਾ-154.
25. ਅਨੂ ਬਾਲਾ, ਰੁੱਖ ਰਬਾਬ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2012, ਪੰਨਾ-17.
26. ਅਨੂ ਬਾਲਾ, ਕੱਚ ਦਾ ਅੰਬਰ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2022, ਪੰਨਾ-59.
27. ਸੁਖਵਿੰਦਰ ਅੰਮ੍ਰਿਤ, ਪਤਝੱੜ ਵਿੱਚ ਪੁੰਗਰਦੇ ਪੱਤੇ, (ਭੂਮਿਕਾ), ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2002. ਪੰਨਾ-11.
28. ਉਹੀ, ਮੈਂ ਸਿਕੰਦਰ ਨਹੀ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2004, ਪੰਨਾ-75.

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ: ਵਰਤਮਾਨ ਸਥਿਤੀ ਅਤੇ ਭਵਿੱਖੀ ਸੰਭਾਵਨਾਵਾਂ



ਮਨਿੰਦਰ ਸਿੰਘ
ਖੋਜਾਰਥੀ
ਪੰਜਾਬੀ ਵਿਭਾਗ
ਪੰਜਾਬ ਕੇਂਦਰੀ
ਯੂਨੀਵਰਸਿਟੀ, ਘੁੱਦਾ,
ਬਠਿੰਡਾ।
+91 9592101558



ਪ੍ਰੋ. (ਡਾ.) ਰਮਨਪ੍ਰੀਤ ਕੌਰ
ਮੁਖੀ, ਪੰਜਾਬੀ ਵਿਭਾਗ
ਪੰਜਾਬ ਕੇਂਦਰੀ
ਯੂਨੀਵਰਸਿਟੀ, ਘੁੱਦਾ,
ਬਠਿੰਡਾ।
+91 9855656963

## I

ਵਰਤਮਾਨ ਸਮਾਂ ਸੂਚਨਾ ਅਤੇ ਸੰਚਾਰ ਤਕਨਾਲੋਜੀ ਨਾਲ ਲੈਸ ਯੁੱਗ ਵਜੋਂ ਜਾਣਿਆ ਜਾਂਦਾ ਹੈ। ਵੀਹਵੀਂ ਸਦੀ ਨੂੰ ਜੇਕਰ ਅਤਿ ਨਵੀਨ ਲੱਭਤਾਂ ਅਤੇ ਉਪਲੱਬਧੀਆਂ ਦੀ ਸਦੀ ਕਿਹਾ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸ ਸਦੀ ਦੇ ਅੰਤਮ ਦਹਾਕੇ ਵਿਚ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੇ ਖੇਤਰ ਵਿਚ ਵੱਡੀ ਕ੍ਰਾਂਤੀ ਵਾਪਰਦੀ ਹੈ, ਜਿਸ ਨਾਲ ਕੰਪਿਊਟਰ ਤਕਨਾਲੋਜੀ ਵਿਚ ਹੋਈਆਂ ਵਿਆਪਕ ਲੱਭਤਾਂ ਨੇ ਪੂਰੇ ਵਿਸ਼ਵ ਦੀ ਜੀਵਨ-ਚਾਲ ਨੂੰ ਵਿਆਪਕ ਪੱਧਰ ’ਤੇ ਪ੍ਰਭਾਵਿਤ ਕੀਤਾ ਹੈ। ਵੀਹਵੀਂ ਸਦੀਂ ਦੇ ਛੇਵੇਂ ਦਹਾਕੇ ਵਿਚ ਇੰਟਰਨੈੱਟ ਦੀ ਆਮਦ ਤੋਂ ਬਾਦ ਇਸਦੇ ਵਧਦੇ ਪਾਸਾਰ ਨੇ ਮਨੁੱਖੀ ਜ਼ਿੰਦਗੀ, ਜੀਵਨ ਜਾਂਚ ਅਤੇ ਮਨੁੱਖੀ ਸੋਚਣ-ਸ਼ਕਤੀ ਦਾ ਮੂੰਹ ਮੁਹਾਂਦਰਾ ਹੀ ਬਦਲ ਕੇ ਰੱਖ ਦਿੱਤਾ ਹੈ ਅਤੇ ਇਹ ਨਿਰੰਤਰ ਬਦਲ ਰਿਹਾ ਹੈ। ਪਹਿਲਾਂ ਪਹਿਲ ਕੰਪਿਊਟਰ ਦੀ ਵਰਤੋਂ ਵਪਾਰਕ ਸਹੂਲਤਾਂ ਜਿਵੇਂ ਕਿ ਬੈਂਕਿੰਗ, ਰੇਲਵੇ, ਦਫ਼ਤਰੀ ਵਰਤੋਂ ਆਦਿ ਲਈ ਕੀਤੀ ਜਾਂਦੀ ਸੀ ਪਰੰਤੂ ਜਦੋਂ ਕੰਪਿਊਟਰ ਦੇ ਨਾਲ ਇੰਟਰਨੈੱਟ ਦੀ ਸਹੂਲਤ ਸਾਹਮਣੇ ਆਈ ਤਾਂ ਇਸ ਨੇ ਅਜਿਹੀ ਕ੍ਰਾਂਤੀ ਨੂੰ ਜਨਮ ਦਿੱਤਾ ਹੈ ਕਿ ਕੰਪਿਊਟਰ ਮਨੁੱਖੀ ਜ਼ਿੰਦਗੀ ਦੇ ਲਗਭਗ ਸਾਰੇ ਮਹੱਤਵਪੂਰਨ ਪਹਿਲੂਆਂ ਨਾਲ ਸਿੱਧੇ ਰੂਪ ਵਿਚ ਜੁੜ ਗਿਆ ਹੈ। ਜੇ ਭਾਰਤ ਵਿਚ ਇਸ ਦੇ ਪਾਸਾਰ ਬਾਰੇ ਝਾਤੀ ਮਾਰੀ ਜਾਵੇ ਤਾਂ ਪਤਾ ਚਲਦਾ ਹੈ ਕਿ ਭਾਰਤ ਸਰਕਾਰ ਵਲੋਂ ਵੀਹਵੀਂ ਸਦੀ ਦੇ ਅੰਤਮ ਦਹਾਕੇ ਦੇ ਮੁੱਢ ਵਿਚ ਨਵੀਂ ਆਰਥਿਕ ਨੀਤੀ ਦੇ ਲਾਗੂ ਕਰਨ ਮਗਰੋਂ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੇ ਫ਼ਲਸਰੂਪ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਆਮਦ ਇੱਕੀਵੀਂ ਸਦੀ ਵਿਚ ਪ੍ਰਵੇਸ਼ ਨਾਲ ਹੀ ਵਿਆਪਕ ਪੱਧਰ ’ਤੇ ਜੀਵਨ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰਦੀ ਹੈ।

ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਹੀ ਕੰਪਿਊਟਰ ਅਤੇ ਤਕਨਾਲੋਜੀ ਦੇ ਵਿਕਾਸ ਨਾਲ ਜਿੱਥੇ ਕੰਪਿਊਟਰ ਅਤੇ ਇੰਟਰਨੈੱਟ ਦੀ ਵਰਤੋਂ ਜਦੋਂ ਵਪਾਰਕ ਖੇਤਰ ਤੋਂ ਇਲਾਵਾ ਹੋਰਨਾਂ ਵਿਭਿੰਨ ਖੇਤਰਾਂ ਵਿਚ ਤੇਜ਼ ਗਤੀ ਨਾਲ ਹੋਣੀ ਸ਼ੁਰੂ ਹੋ ਗਈ, ਤਾਂ ਸਿੱਖਿਆ ਦੇ ਖੇਤਰ ਵੀ ਇਸ ਦਾ ਘੇਰਾ ਨਿਰੰਤਰ ਵਿਆਪਕ ਹੁੰਦਾ ਗਿਆ। ਵਿੱਦਿਅਕ ਅਦਾਰਿਆਂ ਅਤੇ ਸਿੱਖਿਆ ਦੇ ਖੇਤਰ ਵਿਚ ਕੰਪਿਊਟਰ ਅਤੇ ਇੰਟਰਨੈੱਟ ਦੇ ਪ੍ਰਵੇਸ਼ ਨਾਲ ਕਈ ਆਧੁਨਿਕ ਤਕਨੀਕਾਂ

ਦੀ ਉਪਜ ਹੋਈ ਜਿਸ ਨਾਲ ਸਿੱਖਿਆ ਦਾ ਆਧੁਨਿਕੀਕਰਨ ਹੋਣਾ ਸ਼ੁਰੂ ਹੋਇਆ। ਅਜਿਹੀ ਸਥਿਤੀ ਦੇ ਸਿੱਟੇ ਵਜੋਂ ਜਿੱਥੇ ਇਕ ਪਾਸੇ ਸਿੱਖਿਆ ਦੇ ਖੇਤਰ ਵਿਚ ਕੰਪਿਊਟਰ ਦੀ ਵਰਤੋਂ ਉੱਚ ਪੱਧਰ 'ਤੇ ਹੋਣ ਲੱਗੀ, ਉੱਥੇ ਖੇਤਰੀ ਭਾਸ਼ਾਵਾਂ ਵਿਚ ਕੰਪਿਊਟਰ ਦੀ ਵਰਤੋਂ ਪ੍ਰਤੀ ਵੀ ਸੁਹਿਰਦਤਾ ਨਜ਼ਰ ਆਉਂਦੀ ਹੈ। ਬਲਕਿ ਕੰਪਿਊਟਰ ਤਕਨਾਲੋਜੀ ਦੀ ਮੁਖ ਭਾਸ਼ਾ ਅੰਗਰੇਜ਼ੀ ਹੋਣ ਦੇ ਬਾਵਜੂਦ ਵੀ ਇਸ ਦਾ ਹੋਰਨਾਂ ਭਾਸ਼ਾਵਾਂ ਵਿਸ਼ੇਸ਼ ਕਰਕੇ ਸਥਾਨਕ/ਖੇਤਰੀ ਭਾਸ਼ਾਵਾਂ ਵਿਚ ਵਰਤੋਂ ਦਾ ਘੇਰਾ ਨਿਰੰਤਰ ਵਿਸ਼ਾਲ ਹੋ ਰਿਹਾ ਹੈ। ਬੇਸ਼ੱਕ ਕੰਪਿਊਟਰ ਦੀ ਪੰਜਾਬੀ ਸਿੱਖਿਆ ਦੇ ਖੇਤਰ ਵਿਚ ਆਮਦ ਅਤੇ ਵਰਤੋਂ ਸੰਬੰਧੀ ਪੰਜਾਬੀ ਬੁੱਧੀਜੀਵੀਆਂ ਅਤੇ ਉੱਚ-ਸਿੱਖਿਆ ਨਾਲ ਸੰਬੰਧਤ ਅਧਿਆਪਕਾਂ ਵਿਚ ਕਈ ਪ੍ਰਕਾਰ ਦੀਆਂ ਸ਼ੰਕਾਵਾਂ ਅਤੇ ਭ੍ਰਾਂਤੀਆਂ ਵੀ ਵਿਚਾਰ-ਚਰਚਾ ਦਾ ਵਿਸ਼ਾ ਰਹੀਆਂ ਹਨ, ਪਰੰਤੂ ਹੁਣ ਸਥਿਤੀ ਪਹਿਲਾਂ ਨਾਲੋਂ ਬਿਲਕੁਲ ਪਰਿਵਰਤਤ ਹੋ ਚੁੱਕੀ ਹੈ। ਇਸ ਲਈ ਪੰਜਾਬੀ ਵਿਚ ਕੰਪਿਊਟਰ ਦੀ ਵਰਤੋਂ ਬਾਰੇ ਇਸ ਮੁਢਲੀ ਪਹੁੰਚ ਸੰਬੰਧੀ ਪੰਜਾਬੀ ਦੇ ਨਾਮਵਰ ਭਾਸ਼ਾ ਵਿਗਿਆਨੀ ਪ੍ਰੋ. ਪਰਮਜੀਤ ਸਿੰਘ ਸਿੱਧੂ ਦੀ ਇਹ ਟਿੱਪਣੀ ਕਾਫ਼ੀ ਮਹੱਤਵਪੂਰਨ ਹੈ ਕਿ "ਕੰਪਿਊਟਰ ਦੀ ਮੂਲ ਭਾਸ਼ਾ ਅੰਗਰੇਜ਼ੀ ਹੋਣ ਕਾਰਨ ਪਿਛਲੇ ਪੰਜਾਹ ਸਾਲਾਂ ਦੇ ਸਿਖਿਆ ਢਾਂਚੇ ਦੀ ਉਪਜ ਨਾਲ ਪੰਜਾਬੀ ਵਿਦਵਾਨਾਂ ਨੂੰ ਜਾਪਦਾ ਹੈ ਕਿ ਕੰਪਿਊਟਰ ਰਾਹੀਂ ਅੰਗਰੇਜ਼ੀ ਦਾ ਪ੍ਰਚਾਰ ਅਤੇ ਪਾਸਾਰ ਪੰਜਾਬੀ ਦੇ ਵਿਕਾਸ ਲਈ ਇਕ ਚੁਣੌਤੀ ਹੈ। ਸਤਹੀ ਪੱਧਰ 'ਤੇ ਤਾਂ ਇਹ ਇਸੇ ਤਰ੍ਹਾਂ ਹੀ ਜਾਪਦਾ ਹੈ ਕਿਉਂਕਿ ਗਲੋਬਲੀਕਰਨ ਦੀ ਪ੍ਰਕਿਰਿਆ ਦੀ ਦੇਣ ਮੰਡੀ ਸਭਿਆਚਾਰ ਵਿਚ ਇਹ ਕੋਈ ਅਜੀਬ ਗੱਲ ਨਹੀਂ। ਜਿਹੜੀਆਂ ਵਸਤਾਂ ਮੰਡੀ ਵਿਚ ਵਾਧੂ ਸਮਝੀਆਂ ਜਾਂਦੀਆਂ ਹਨ, ਉਨ੍ਹਾਂ ਦਾ ਰੁਲਣਾ ਯਕੀਨੀ ਹੁੰਦਾ ਹੈ। ਬਾਕੀ ਖੇਤਰੀ ਭਾਸ਼ਾਵਾਂ ਵਾਂਗ ਪੰਜਾਬੀ ਭਾਸ਼ਾ ਸ਼ਾਇਦ ਇਸੇ ਤਰ੍ਹਾਂ ਮੰਡੀ ਸਭਿਆਚਾਰ ਦੀ ਵਸਤੂ ਬਣ ਕੇ ਰਹਿ ਜਾਵੇਗੀ" (ਸਿੱਧੂ 91)। ਬਲਕਿ ਪੰਜਾਬੀ ਭਾਸ਼ਾ ਦੇ ਅਕਾਦਮਿਕ ਜਗਤ ਨਾਲ ਜੁੜੇ ਭਾਈਚਾਰੇ ਦੁਆਰਾ ਕੰਪਿਊਟਰ ਦੀ ਭਾਸ਼ਾ ਅੰਗਰੇਜ਼ੀ ਹੋਣ ਕਾਰਨ ਇਸਦੀ ਵਰਤੋਂ ਤੋਂ ਦੂਰੀ ਬਣਾਉਣਾ ਜਾਂ ਵਰਤੋਂ ਨਾ ਕਰਨਾ ਵੀ ਪੰਜਾਬੀ ਭਾਸ਼ਾ ਦੇ ਕੰਪਿਊਟਰੀ ਵਿਕਾਸ ਵਿਚ ਸਮੱਸਿਆ ਬਣਦਾ ਹੈ।

ਅਜਿਹੀ ਸਥਿਤੀ ਵਿਚ ਪੰਜਾਬੀ ਭਾਸ਼ਾ ਅਤੇ ਹੋਰਨਾਂ ਖੇਤਰੀ ਭਾਸ਼ਾਵਾਂ ਸਾਹਮਣੇ ਆਪਣੀ ਸ਼ਨਾਖ਼ਤ ਬਚਾਈ ਰੱਖਣ ਅਤੇ ਵਿਕਾਸ ਦੇ ਪੜਾਅ ਪ੍ਰਾਪਤ ਕਰਨ ਲਈ ਇਕੋ ਇਕ ਰਾਹ ਬਚਦਾ ਹੈ ਅਤੇ ਉਹ ਹੈ ਕਿ ਇਹ ਭਾਸ਼ਾਵਾਂ ਸਮੇਂ ਦੀਆਂ ਹਾਣੀ ਹੋ ਜਾਣ ਭਾਵ ਤਕਨਾਲੋਜੀ ਦੀ ਸੁਚੱਜੀ ਵਰਤੋਂ ਦੁਆਰਾ ਸਮੇਂ ਨਾਲ ਆਪਣਾ ਬਰ-ਮੇਚ ਸਕਣ। ਜਿਹੜੀਆਂ ਖੇਤਰੀ

ਭਾਸ਼ਾਵਾਂ ਅਜਿਹੀ ਸਮਰੱਥਾ ਹਾਸਿਲ ਕਰ ਰਹੀਆਂ ਹਨ, ਉਨ੍ਹਾਂ ਸਾਹਮਣੇ ਵਿਕਾਸ ਦਾ ਰਾਹ ਮੋਕਲਾ ਹੋ ਰਿਹਾ ਹੈ, ਪਰੰਤੂ ਉਹ ਭਾਸ਼ਾਵਾਂ ਜਿਨ੍ਹਾਂ ਨੇ ਅਜਿਹੀ ਸਮਰੱਥਾ ਹਾਸਿਲ ਨਾ ਕੀਤੀ ਆਪਣੀ ਹੋਂਦ ਗਵਾ ਸਕਦੀਆਂ ਹਨ। ਪੰਜਾਬੀ ਭਾਸ਼ਾ ਦੀ ਸਥਿਤੀ ਅਜਿਹੀ ਨਹੀਂ ਹੈ, ਕਿਉਂਕਿ ਇਸ ਪ੍ਰਤੀ ਖੇਤਰੀ ਪੱਧਰ ਤੋਂ ਲੈ ਕੇ ਗਲੋਬਲ ਪੱਧਰ ਤੱਕ ਦੇ ਤਕਨੀਕੀ ਕਾਰਜ ਹੋ ਰਹੇ ਹਨ ਅਤੇ ਇਨ੍ਹਾਂ ਦੀ ਵਿਹਾਰਕ ਵਰਤੋਂ ਇਸ ਦੇ ਤਕਨੀਕੀ ਵਿਕਾਸ ਵਿਚ ਸਹਾਇਕ ਸਿੱਧ ਹੋ ਸਕਦੀ ਹੈ।

## II

ਇੱਕੀਵੀਂ ਸਦੀ ਦੀਆਂ ਬਦਲਦੀਆਂ ਪ੍ਰਸਥਿਤੀਆਂ ਦੇ ਸਨਮੁੱਖ ਖੇਤਰੀ ਭਾਸ਼ਾਵਾਂ ਵਿਚ ਕੰਪਿਊਟਰੀਕਰਨ ਦੀ ਲੋੜ ਜਿਥੇ ਇਕ ਵੱਡੇ ਮਸਲੇ ਜਾਂ ਚੁਣੌਤੀ ਵਜੋਂ ਉਭਰ ਕੇ ਸਾਹਮਣੇ ਆਉਂਦੀ ਹੈ ਉਥੇ ਅਜਿਹਾ ਹੀ ਮਸਲਾ ਪੰਜਾਬੀ ਭਾਸ਼ਾ ਦੇ ਦਰਪੇਸ਼ ਆਉਂਦਾ ਹੈ। ਕਿਉਂਕਿ, ਭਾਸ਼ਾ ਦੀ ਕੰਪਿਊਟਰੀ ਵਰਤੋਂ ਅਨੁਸਾਰ ਪੰਜਾਬੀ ਭਾਸ਼ਾ ਅੰਗਰੇਜ਼ੀ ਦੇ ਮੁਕਾਬਲੇ ਕਿਵੇਂ ਆਵੇ? ਅਤੇ ਕੰਪਿਊਟਰ ਨੂੰ ਪੰਜਾਬੀ ਵਿਚ ਕਿਵੇਂ ਚਲਾਇਆ ਜਾ ਸਕੇ? ਜਾਂ ਪੰਜਾਬੀ ਭਾਸ਼ਾ ਕੰਪਿਊਟਰ ਦੇ ਹਾਣ ਦੀ ਕਿਵੇਂ ਬਣੇ? ਆਦਿ ਵੱਖ-ਵੱਖ ਸਵਾਲ ਪੰਜਾਬੀ ਭਾਸ਼ਾ ਦੇ ਕੰਪਿਊਟਰੀ ਵਿਕਾਸ ਵਿਚ ਚੁਣੌਤੀ ਬਣ ਕੇ ਸਾਹਮਣੇ ਆਉਂਦੇ ਹਨ। ਵਿਦਵਾਨਾਂ ਦੁਆਰਾ ਪੰਜਾਬੀ ਭਾਸ਼ਾ ਦੇ ਭਵਿਖਮੁਖੀ ਅਧਾਰਾਂ ਪ੍ਰਤੀ ਚਿੰਤਾ ਨੂੰ ਜ਼ਾਹਿਰ ਕਰਦਿਆਂ ਇਨ੍ਹਾਂ ਸਵਾਲਾਂ ਜਾਂ ਚੁਣੌਤੀਆਂ ਦੇ ਸਮਾਧਾਨ ਪ੍ਰਤੀ ਵੀ ਸੁਝਾਅ ਵੀ ਦਿੱਤੇ ਗਏ ਹਨ। ਇਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਸੁਝਾਅ ਇਹ ਦਿੱਤਾ ਗਿਆ ਹੈ ਕਿ ਜੇ ਪੰਜਾਬੀ ਭਾਸ਼ਾ ਨੂੰ ਆਪਣੀ ਹੋਂਦ ਬਚਾਈ ਰੱਖਣੀ ਹੈ ਅਤੇ ਪਛਾਣ ਨੂੰ ਬਰਕਰਾਰ ਰੱਖਣਾ ਹੈ ਤਾਂ ਇਸ ਨੂੰ ਕੰਪਿਊਟਰੀ ਯੁੱਗ ਵਿਚ ਤਕਨਾਲੋਜੀ ਦੇ ਹਾਣ ਦਾ ਹੋਣਾ ਪਵੇਗਾ। ਇਸ ਦਿਸ਼ਾ ਵਿਚ ਜਦੋਂ ਅਸੀਂ ਪੰਜਾਬੀ ਭਾਸ਼ਾ ਵਿਚ ਕੰਪਿਊਟਰੀਕਰਨ ਦੀ ਸਥਿਤੀ ਉਤੇ ਝਾਤੀ ਮਾਰਦੇ ਹਾਂ ਤਾਂ ਇਸ ਪ੍ਰਤੀ ਸਥਿਤੀ ਬਹੁਤੀ ਨਿਰਾਸ਼ਾਜਨਕ ਤਾਂ ਨਹੀਂ ਕਹੀ ਜਾ ਸਕਦੀ ਸਗੋਂ ਸੰਭਾਵਨਾਵਾਂ ਨਾਲ ਭਰਪੂਰ ਨਜ਼ਰ ਆਉਂਦੀ ਹੈ। ਪੰਜਾਬੀ ਭਾਸ਼ਾ ਵਿਚ ਹੁਣ ਤੱਕ ਵੱਖ-ਵੱਖ ਤਰ੍ਹਾਂ ਦੇ ਸਾਫ਼ਟਵੇਅਰ, ਕੀ ਬੋਰਡ ਲੇਆਊਟ, ਵੈੱਬਸਾਈਟਸ ਆਦਿ ਪੰਜਾਬੀ ਭਾਸ਼ਾ ਦੇ ਤਕਨੀਕੀ ਵਿਕਾਸ ਵਿਚ ਆਪਣਾ ਯੋਗਦਾਨ ਪਾ ਰਹੇ ਹਨ। ਇਸ ਦੇ ਫ਼ਲਸਰੂਪ ਪੰਜਾਬੀ ਭਾਸ਼ਾ ਪੂਰਬੀ ਅਤੇ ਪੱਛਮੀ ਪੰਜਾਬ ਦੀਆਂ ਹੱਦਾਂ-ਸਰਹੱਦਾਂ ਪਾਰ ਕਰਦੀ ਹੋਈ ਅੰਤਰਰਾਸ਼ਟਰੀ ਭਾਸ਼ਾ ਦਾ ਦਰਜਾ

ਹਾਸਲ ਕਰ ਚੁਕੀ ਹੈ। ਇਸ ਸੰਬੰਧੀ ਡਾ. ਗੁਰਪ੍ਰੀਤ ਸਿੰਘ ਲਹਿਲ ਦਾ ਇਹ ਕਥਨ ਕਾਫ਼ੀ ਮੁਲਵਾਨ ਨਜ਼ਰ ਆਉਂਦਾ ਹੈ;

''ਵਰਤਮਾਨ ਸਮੇਂ ਵਿਚ ਪੰਜਾਬੀ ਭਾਸ਼ਾ ਵਿਸ਼ਵ ਦੇ 150 ਤੋਂ ਵਧੇਰੇ ਦੇਸਾਂ ਵਿਚ ਬੋਲੀ ਜਾਂਦੀ ਹੈ। ਬੁਲਾਰਿਆਂ ਦੀ ਗਿਣਤੀ ਦੇ ਪੱਖ ਤੋਂ ਵਿਸ਼ਵ ਵਿਚ ਪੰਜਾਬੀ ਭਾਸ਼ਾ ਦਾ ਸਥਾਨ ਬਾਹ੍ਰਵਾਂ ਹੈ। ਵੱਖ-ਵੱਖ ਸਰੋਤਾਂ ਅਤੇ ਅਨੁਮਾਨਾਂ ਅਨੁਸਾਰ ਇਸ ਦੇ ਬੁਲਾਰਿਆਂ ਦੀ ਸੰਖਿਆ 12 ਤੋਂ 15 ਕਰੋੜ ਦੇ ਵਿਚਕਾਰ ਆਂਕੀ ਗਈ ਹੈ (ਲਹਿਲ)।''

ਹੋਰਨਾਂ ਭਾਸ਼ਾਵਾਂ ਦੇ ਮੁਕਾਬਲੇ ਪੰਜਾਬੀ ਭਾਸ਼ਾ ਦੀ ਇਹ ਵਿਲੱਖਣਤਾ ਹੈ ਕਿ ਬੋਲ ਦੇ ਪੱਧਰ 'ਤੇ ਕੋਈ ਜ਼ਿਆਦਾ ਫ਼ਰਕ ਨਾ ਹੋਣ 'ਤੇ ਵੀ ਇਹ ਲਿਖਣ ਦੇ ਪੱਧਰ 'ਤੇ ਤਿੰਨ ਲਿਪੀਆਂ (ਗੁਰਮੁਖੀ, ਸ਼ਾਹਮੁਖੀ ਅਤੇ ਰੋਮਨ) ਵਿਚ ਲਿਖੀ ਜਾਂਦੀ ਹੈ। ਭਾਰਤੀ ਪੰਜਾਬ ਅਤੇ ਵਿਸ਼ਵ ਦੇ ਹੋਰਨਾਂ ਦੇਸ਼ਾਂ ਵਿਚ ਵੱਸੇ ਪੰਜਾਬੀ ਤਾਂ ਆਪਣੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿਪੀ ਦੀ ਵਰਤੋਂ ਕਰਦੇ ਹਨ ਪਰ 1947 ਦੀ ਵੰਡ ਤੋਂ ਮਗਰੋਂ ਰਾਜਸੀ ਹੱਦਬੰਦੀਆਂ ਕਾਰਨ ਪਾਕਿਸਤਾਨ ਵਿੱਚ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਸ਼ਾਹਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ। ਅਸਲ ਵਿਚ ਦੋਹਾਂ ਦੇਸ਼ਾਂ ਵਿਚਾਲੇ ਲਿਪੀ ਦੀ ਇਹ ਦੀਵਾਰ ਭਾਈਚਾਰਕ ਸਾਂਝ ਵਿਚ ਅੜਿੱਕਾ ਬਣਦੀ ਹੈ ਜਿਸ ਨੂੰ ਵਰਤਮਾਨ ਸਮੇਂ ਵਿਚ ਭਾਸ਼ਾਈ ਤਕਨੀਕੀ ਵਿਕਾਸ ਦੁਆਰਾ ਹੱਲ ਕਰਨ ਦਾ ਯਤਨ ਕੀਤਾ ਗਿਆ ਹੈ। ਗੁਰਮੁਖੀ ਅਤੇ ਸ਼ਾਹਮੁਖੀ ਲਿਪੀ ਤੋਂ ਇਲਾਵਾ ਵਿਦੇਸ਼ਾਂ ਵਿਚ ਅਤੇ ਪੰਜਾਬ ਤੋਂ ਇਲਾਵਾ ਭਾਰਤ ਦੇ ਹੋਰਨਾਂ ਹਿਸਿਆਂ ਵਿਚਲਾ ਪੰਜਾਬੀ ਤੋਂ ਅਰਧ-ਗਿਆਤ ਵਰਗ ਰੋਮਨ ਲਿਪੀ ਰਾਹੀਂ ਸੰਚਾਰ ਕਰ ਰਿਹਾ ਹੈ ਜਿਸ ਦੀ ਪ੍ਰਮੁਖ ਉਦਾਹਰਣ ਸ਼ੋਸ਼ਲ ਮੀਡੀਆ ਰਾਹੀਂ ਸੰਚਾਰਿਤ ਪੰਜਾਬੀ ਨੂੰ ਦੇਖਿਆ ਜਾ ਸਕਦਾ ਹੈ। ਜਦੋਂ ਅਸੀਂ ਪੰਜਾਬੀ ਭਾਸ਼ਾ ਨੂੰ ਵਰਤਣ ਵਾਲੀਆਂ ਦੋਵਾਂ ਲਿਪੀਆਂ ਵਿਚ ਹੋਏ ਤਕਨੀਕੀ ਵਿਕਾਸ 'ਤੇ ਝਾਤੀ ਮਾਰਦੇ ਹਾਂ ਤਾਂ ਇਹ ਪੱਖ ਸਾਹਮਣੇ ਆਉਂਦਾ ਹੈ ਕਿ ਬੇਸ਼ੱਕ ਪੰਜਾਬੀ ਬੁਲਾਰਿਆਂ ਦੀ ਬਹੁਤਾਤ ਗਿਣਤੀ ਪੱਛਮੀ/ਪਾਕਿਸਤਾਨੀ ਪੰਜਾਬ ਵਿਚ ਹੈ, ਪਰੰਤੂ ਪੰਜਾਬੀ ਲਈ ਵਰਤੀ ਜਾਣ ਵਾਲੀ ਲਿਪੀ ਗੁਰਮੁਖੀ ਵਿਚ ਤਕਨੀਕੀ ਪ੍ਰਗਤੀ ਵਧੇਰੇ ਹੋਈ ਹੈ। ਇਸ ਪਿੱਛੇ ਪਏ ਮੂਲ ਕਾਰਨ ਨੂੰ ਡਾ. ਲਹਿਲ ਦੇ ਇਨ੍ਹਾਂ ਸ਼ਬਦਾਂ ਰਾਹੀਂ ਸਮਝਿਆ ਜਾ ਸਕਦਾ ਹੈ;

"ਜਦੋਂ ਅਸੀਂ ਪੰਜਾਬੀ ਬੁਲਾਰਿਆਂ ਨੂੰ ਗਿਣਤੀ-ਮਿਣਤੀ ਦੇ ਆਧਾਰ ਨਾਲ ਦੇਖਦੇ ਹੋਏ ਇਸ ਪ੍ਰਤੀ ਤਕਨੀਕੀ ਜਾਗਰੂਕਤਾ ਦੀ ਗੱਲ ਕਰਦੇ ਹਾਂ ਤਾਂ ਪੰਜਾਬੀ ਬੋਲਣ ਵਾਲੇ 75 ਪ੍ਰਤੀਸ਼ਤ ਲੋਕ ਪਾਕਿਸਤਾਨ ਵਿਚ ਰਹਿੰਦੇ ਹਨ ਪਰ ਪੂਰਬੀ ਪੰਜਾਬ(ਭਾਰਤ) ਦੇ ਉਲਟ ਪੱਛਮੀ

ਪੰਜਾਬ(ਪਾਕਿਸਤਾਨ) ਵਿਚ ਪੰਜਾਬੀ ਭਾਸ਼ਾ ਨੂੰ ਕੋਈ ਸਰਕਾਰੀ ਸਰਪ੍ਰਸਤੀ ਹਾਸਲ ਨਹੀਂ ਹੋ ਸਕੀ। ਇਸ ਕਾਰਨ ਪੱਛਮੀ ਪੰਜਾਬ ਵਿਚ ਸਰਕਾਰੀ ਪੱਧਰ ਉੱਪਰ ਪੰਜਾਬੀ ਭਾਸ਼ਾ ਦੀ ਸੰਭਾਲ ਅਤੇ ਵਿਕਾਸ ਲਈ ਕੋਈ ਖ਼ਾਸ ਉਪਰਾਲਾ ਕੀਤਾ ਗਿਆ ਨਜ਼ਰ ਨਹੀਂ ਆਉਂਦਾ। ਸਰਕਾਰੀ ਸਮਰਥਨ ਅਤੇ ਫੰਡਾਂ ਦੀ ਅਣਹੋਂਦ ਕਾਰਨ ਸ਼ਾਹਮੁਖੀ ਲਿਪੀ ਤਕਨੀਕੀ ਤੌਰ ’ਤੇ ਵੀ ਵਿਕਸਿਤ ਨਹੀਂ ਹੋ ਸਕੀ (ਲਹਿਲ, ਪੰਜਾਬੀ ਭਾਸ਼ਾ ਤਕਨਾਲੋਜੀ : ਦਸ਼ਾ ਅਤੇ ਦਿਸ਼ਾ)”।

ਪੱਛਮੀ ਪੰਜਾਬ ਦੇ ਮੁਕਾਬਲੇ ਪੂਰਬੀ ਪੰਜਾਬ ਭਾਸ਼ਾਈ ਚੇਤਨਾ ਪ੍ਰਤੀ ਜਾਗਰੂਕ ਹੋਣ ਦੇ ਨਾਲ-ਨਾਲ ਇਸ ਪ੍ਰਤੀ ਸਨੇਹ ਨਾਲ ਆਪਣਾ ਫਰਜ਼ ਅਦਾ ਕਰ ਰਿਹਾ ਹੈ। ਜਿਥੇ ਪੱਛਮੀ ਪੰਜਾਬ ਵਿਚ ਪੰਜਾਬੀ ਭਾਸ਼ਾ ਪ੍ਰਤੀ ਅਵੇਸਲਾਪਣ ਨਜ਼ਰ ਆਉਂਦਾ ਹੈ ਉਥੇ ਪੂਰਬੀ ਪੰਜਾਬ ਵਿਚ ਪੰਜਾਬੀ ਪ੍ਰਤੀ ਚੇਤੰਨਤਾ ਅਤੇ ਤਕਨੀਕੀ ਵਿਕਾਸ ਦੀ ਦ੍ਰਿਸ਼ਟੀ ਤੋਂ ਇਸਦੇ ਕੰਪਿਊਟੀਕਰਨ ਦੀ ਸਥਿਤੀ ਕਾਫ਼ੀ ਤਸੱਲੀਬਖ਼ਸ ਦਿਖਾਈ ਦਿੰਦੀ ਹੈ ਕਿਉਂਕਿ, ਪੂਰਬੀ ਪੰਜਾਬ ਵਿੱਚ ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ ਵਿਚ ਲਿਖੀ ਜਾਂਦੀ ਹੈ। ਇਸ ਲਈ ਇਸ ਦੇ ਤਕਨੀਕੀ ਵਿਕਾਸ ਲਈ ਕਈ ਉਪਰਾਲੇ ਹੋਏ ਮਿਲ ਜਾਂਦੇ ਹਨ ਅਤੇ ਜੋ ਲਗਾਤਾਰ ਹੋ ਵੀ ਰਹੇ ਹਨ। ਪੂਰਬੀ ਪੰਜਾਬ ਤੋਂ ਇਲਾਵਾ ਹੋਰਨਾਂ ਦੇਸ਼ਾਂ ਜਿਵੇਂ ਕਿ ਕਨੇਡਾ, ਅਮਰੀਕਾ, ਇੰਗਲੈਂਡ ਆਦਿ ਵਿਚ ਬੈਠੇ ਪੰਜਾਬੀ ਪ੍ਰੇਮੀ ਵੀ ਪੰਜਾਬੀ ਭਾਸ਼ਾ ਦੀ ਸੇਵਾ ਲਈ ਭਾਵਨਾ ਸਹਿਤ ਸਮਰਪਿਤ ਹੋ ਕੇ ਲਗਾਤਾਰ ਇਸਦੇ ਕੰਪਿਊਟਰੀ ਵਿਕਾਸ ਵੱਲ ਰੁਚਿਤ ਹਨ। ਪੂਰਬੀ ਪੰਜਾਬ ਵਿਚ ਜਿੱਥੇ ਗੁਰਮੁਖੀ ਲਿਪੀ ਦੇ ਵਿਕਾਸ ਵਿਚ ਅਨੇਕਾਂ ਸਾਰਥਿਕ ਉਪਰਾਲੇ ਹੋ ਰਹੇ ਹਨ ਉੱਥੇ ਸ਼ਾਹਮੁਖੀ ਲਿਪੀ ਦੇ ਵਿਕਾਸ ਲਈ ਵੀ ਯਤਨ ਕੀਤੇ ਜਾ ਰਹੇ ਹਨ।

ਇਸ ਤਰ੍ਹਾਂ ਭਾਰਤ ਅਤੇ ਹੋਰਨਾਂ ਦੇਸ਼ਾਂ ਵਿਚ ਲਗਾਤਾਰ ਪੰਜਾਬੀ ਦੇ ਵਿਕਾਸ ਅਤੇ ਗੁਰਮੁਖੀ ਲਿਪੀ ਦੀ ਪ੍ਰਤੀਬੱਧਤਾ ਲਈ ਤਕਨੀਕੀ ਵਿਕਾਸ ਵਿਚ ਕਈ ਤਰ੍ਹਾਂ ਦੇ ਫੌਂਟਾਂ, ਸਾਫ਼ਟਵੇਅਰਾਂ, ਸ਼ਬਦ ਸੰਸਾਧਕਾਂ, ਵਿਆਕਰਨ ਸੰਸਾਧਕਾਂ, ਫੌਂਟ ਕਨਵਰਟਰਾਂ, ਵਰਡ ਪ੍ਰੋਸੈੱਸਰਾਂ ਅਤੇ ਸਰਚ ਇੰਜਨਾਂ ਦਾ ਨਿਰਮਾਣ ਹੋ ਰਿਹਾ ਹੈ। ਇਸਦੇ ਨਾਲ ਹੀ ਵਿਹਾਰਕ ਪੱਧਰ ’ਤੇ ਵੱਖ-ਵੱਖ ਪ੍ਰਕਾਰ ਦੀਆਂ ਵੈਬਸਾਈਟਸ, ਲਾਇਬ੍ਰੇਰੀਆਂ, ਆਨਲਾਈਨ-ਆਫ਼ਲਾਈਨ ਸ਼ਬਦ ਕੋਸ਼ਾਂ ਅਤੇ ਭਾਸ਼ਾ ਸਿੱਖਣ-ਸਿਖਾਉਣ ਵਾਲੇ ਪ੍ਰੋਗਰਾਮਾਂ ਦਾ ਨਿਰਮਾਣ ਵੀ ਹੋ ਰਿਹਾ ਹੈ। ਇਹ ਸਾਰੇ ਪ੍ਰੋਗਰਾਮ ਪੰਜਾਬੀ ਭਾਸ਼ਾ ਦੇ ਕਾਰਪਸ ਨੂੰ ਵਿਕਸਿਤ ਕਰਨ ਦੇ ਨਾਲ-ਨਾਲ ਪੰਜਾਬੀ ਭਾਸ਼ਾ ਦੇ ਤਕਨੀਕੀ ਵਿਕਾਸ ਵਿਚ ਸਹਾਇਕ ਹਨ।

### III

ਪੰਜਾਬੀ ਭਾਸ਼ਾ ਦੇ ਕੰਪਿਊਟਰੀ ਵਿਕਾਸ ਲਈ ਹੋਏ ਵਿਭਿੰਨ ਅਜਿਹੇ ਕਾਰਜਾਂ ਵਿਚ ਵੱਖ-ਵੱਖ ਤਰ੍ਹਾਂ ਦੇ ਕਾਰਜ ਵਿਅਕਤੀਗਤ ਪੱਧਰ 'ਤੇ ਅਤੇ ਸੰਸਥਾਗਤ ਪੱਧਰ 'ਤੇ ਲਗਾਤਾਰਤਾ ਵਿਚ ਚਲ ਰਹੇ ਹਨ। ਇਹ ਵਿਕਾਸ ਕਾਰਜ ਨਿੱਜੀ ਕੰਪਿਊਟਰਾਂ ਦੀ ਆਮਦ ਦੇ ਨਾਲ ਹੀ ਆਰੰਭ ਹੋ ਜਾਂਦੇ ਹਨ ਅਤੇ ਕੰਪਿਊਟਰੀ ਤਕਨੀਕ ਦੇ ਨਿਰੰਤਰ ਵਿਕਸਿਤ ਰੂਪਾਂ ਦੀ ਰਫ਼ਤਾਰ ਨਾਲ ਲਗਾਤਾਰ ਜਾਰੀ ਰਹਿੰਦੇ ਹਨ। ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਦੇ ਵਿਕਾਸ ਵਿਚ ਵਿਅਕਤੀਗਤ ਯਤਨਾਂ ਸਦਕਾ ਕੀਤੇ ਜਾ ਰਹੇ ਕਾਰਜਾਂ ਵਿਚ ਡਾ. ਕੁਲਬੀਰ ਸਿੰਘ ਥਿੰਦ, ਡਾ. ਸੁਖਜਿੰਦਰ ਸਿੰਘ ਸਿੱਧੂ, ਸ. ਬਲਵੰਤ ਸਿੰਘ ਉੱਪਲ, ਜਨਮੇਜਾ ਸਿੰਘ ਜੌਹਲ, ਸ. ਕਿਰਪਾਲ ਸਿੰਘ ਪੰਨੂ, ਡਾ. ਗੁਰਚਰਨ ਸਿੰਘ, ਬਾਬਾ ਬਲਜਿੰਦਰ ਸਿੰਘ (ਰਾੜਾ ਸਾਹਿਬ ਵਾਲੇ), ਡਾ. ਮਨਦੀਪ ਸਿੰਘ, ਡਾ. ਜਗਬੀਰ ਸਿੰਘ, ਹਰਦੀਪ ਸਿੰਘ ਪੰਨੂੰ, ਕਰਮਜੀਤ ਸਿੰਘ ਗਠਵਾਲਾ, ਤਾਰਾ ਸਿੰਘ ਹੇਅਰ, ਸ. ਬਲਦੇਵ ਸਿੰਘ ਕੰਦੋਲਾ, ਡਾ. ਪਰਮਜੀਤ ਸਿੰਘ ਸਿੱਧੂ, ਡਾ. ਗੁਰਪ੍ਰੀਤ ਸਿੰਘ ਲਹਿਲ, ਅੱਬਾਸ ਮਲਿਕ, ਡਾ. ਅਮਨਦੀਪ ਵਰਮਾ, ਡਾ. ਸੀ.ਪੀ, ਕੰਬੋਜ, ਪ੍ਰੋ. ਠਾਕੁਰ ਦਾਸ, ਡਾ. ਰਾਜਵਿੰਦਰ ਸਿੰਘ, ਡਾ. ਕਮਲਦੀਪ ਗਰਗ, ਵਿਸ਼ਾਲ ਗੋਇਲ ਅਤੇ ਡਾ. ਅੰਕੁਰ ਸ਼ਰਮਾ ਆਦਿ ਨਾਮ ਮੁਖ ਤੌਰ 'ਤੇ ਸ਼ਾਮਿਲ ਹਨ। ਸੰਸਥਾਗਤ ਪੱਧਰ 'ਤੇ ਹੋਏ ਅਤੇ ਕੀਤੇ ਜਾ ਰਹੇ ਕਾਰਜਾਂ 'ਤੇ ਨਜ਼ਰ ਮਾਰੀ ਜਾਵੇ ਤਾਂ ਤਿੰਨ ਤਰ੍ਹਾਂ ਦੀਆਂ ਪਹਿਲ ਕਦਮੀਆਂ ਮਿਲਦੀਆਂ ਹਨ। ਸੂਬਾ ਪੱਧਰ 'ਤੇ ਰਾਜ ਸਰਕਾਰ ਦੀਆਂ ਸੰਸਥਾਵਾਂ ਵਲੋਂ ਕੀਤੇ ਜਾ ਰਹੇ ਕਾਰਜ, ਰਾਸ਼ਟਰੀ ਪੱਧਰ 'ਤੇ ਕੇਂਦਰ ਸਰਕਾਰ ਦੇ ਵਿਭਿੰਨ ਅਦਾਰਿਆਂ ਦੁਆਰਾ ਉਲੀਕੇ ਗਏ ਕਾਰਜ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਹੋ ਰਹੇ ਕਾਰਜ ਸ਼ਾਮਿਲ ਹਨ। ਇਨ੍ਹਾਂ ਵਿਚ ਭਾਰਤ ਸਰਕਾਰ ਦੇ ਅਦਾਰੇ ਸੂਚਨਾ ਅਤੇ ਸੰਚਾਰ ਮੰਤਰਾਲਾ, ਸੀ. ਆਈ. ਆਈ. ਐਲ. ਮੈਸੂਰ ਅਤੇ ਸੀ-ਡੈਕ; ਅੰਤਰਰਾਸ਼ਟਰੀ ਪੱਧਰ 'ਤੇ ਗੂਗਲ ਅਤੇ ਮਾਈਕਰੋਸਾਫ਼ਟ, ਸਿਖਿਆ ਅਤੇ ਸੰਚਾਰ ਸੰਸਥਾਵਾਂ ਵਜੋਂ ਇੰਟਰਨੈਸ਼ਨਲ ਇਸਟੀਚਿਊਟ ਆਫ਼ ਇਨਫ਼ਰਮੇਸ਼ਨ ਤਕਨਾਲੋਜੀ ਕਾਨਪੁਰ, ਆਈ. ਆਈ. ਆਈ. ਟੀ. ਹੈਦਰਾਬਾਦ, ਥਾਪਰ ਯੂਨੀਵਰਸਿਟੀ ਪਟਿਆਲਾ, ਪੰਜਾਬ ਸਕੂਲ ਸਿੱਖਿਆ ਬੋਰਡ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਚੈਰੀਟੇਬਲ ਸੰਸਥਾ ਵਜੋਂ ਅਕੈਡਮੀ ਆਫ਼ ਦ ਪੰਜਾਬੀ ਇਨ ਨੌਰਥ ਅਮੇਰਿਕਾ, ਪੰਜਾਬੀ ਭਾਸ਼ਾ ਦੇ ਵਿਕਾਸ ਹਿਤ ਹੋਂਦ ਵਿਚ ਆਇਆ ਪੰਜਾਬ ਸਰਕਾਰ

ਦਾ ਅਦਾਰਾ ਭਾਸ਼ਾ ਵਿਭਾਗ ਪੰਜਾਬ ਅਤੇ ਵਿਸ਼ੇਸ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਕਾਰਜ ਵੀ ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਨੂੰ ਪ੍ਰਫੁੱਲਤਾ ਪ੍ਰਦਾਨ ਕਰ ਰਹੇ ਹਨ।

ਪੰਜਾਬੀ ਕੰਪਿਊਟਰੀਕਰਨ ਦੇ ਤਕਨੀਕੀ ਵਿਕਾਸ ਦੇ ਇਤਿਹਾਸ 'ਤੇ ਨਜ਼ਰ ਮਾਰਿਆ ਪਤਾ ਲੱਗਦਾ ਹਾਂ ਕਿ ਜਦੋਂ ਸੰਨ 1984 ਈਸਵੀ ਵਿਚ ਮੈਕਿਨਟੌਸ਼ ਨਾਮੀ ਨਿੱਜੀ ਕੰਪਿਊਟਰਾਂ ਦੀ ਆਮਦ ਹੋਈ ਤਾਂ ਅੰਗਰੇਜ਼ੀ ਦੇ ਨਾਲ ਨਾਲ ਦੁਨੀਆਂ ਦੀਆਂ ਹੋਰਨਾਂ ਭਾਸ਼ਾਵਾਂ ਵਿਚ ਟਾਈਪਿੰਗ ਦੇ ਕਾਰਜਾਂ ਨੂੰ ਸੌਖਾ ਕਰਨ ਦੇ ਉਦੇਸ਼ ਹਿੱਤ ਵੱਖ-ਵੱਖ ਭਾਸ਼ਾਵਾਂ ਵਿਚ ਫੌਂਟ ਵਿਕਸਤ ਹੋਣ ਲੱਗੇ। ਪੰਜਾਬੀ ਵਿਚ ਵੀ ਗੁਰਮੁਖੀ ਲਿਪੀ ਵਿਚ ਟਾਈਪਿੰਗ ਦੀ ਸੁਵਿਧਾ ਨੂੰ ਮੁੱਖ ਰੱਖਦਿਆਂ ਹੋਇਆ ਗੁਰਮੁਖੀ ਫੌਂਟਾਂ ਦੀ ਲੋੜ ਪੈਦਾ ਹੋਈ ਅਤੇ ਇਸ ਜ਼ਰੂਰਤ ਨੂੰ ਪੂਰਾ ਕਰਨ ਲਈ ਅਮਰੀਕਾ ਨਿਵਾਸੀ ਡਾ. ਕੁਲਬੀਰ ਸਿੰਘ ਥਿੰਦ ਨੇ ਪਹਿਲਕਦਮੀ ਹੀ ਨਹੀਂ ਕੀਤੀ ਸਗੋਂ ਆਪਣਾ ਮਹਾਨ ਯੋਗਦਾਨ ਵੀ ਪਾਇਆ। ਡਾ. ਥਿੰਦ ਦੁਆਰਾ ਮੈਕਿਨਟੌਸ਼ ਕੰਪਿਊਟਰਾਂ ਦੀ ਆਮਦ ਦੇ ਨਾਲ ਹੀ ਸੰਨ 1984 ਈਸਵੀ ਵਿਚ ਪੰਜਾਬੀ ਵਿੱਚ ਟਾਈਪਿੰਗ ਦੇ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਗੁਰਮੁਖੀ ਫੌਂਟਾਂ ਦਾ ਆਵਿਸ਼ਕਾਰ ਕੀਤਾ, ਇਸੇ ਲਈ ਹੀ "ਡਾ. ਥਿੰਦ ਨੂੰ ਗੁਰਮੁਖੀ ਫੌਂਟਾਂ ਦਾ ਪਿਤਾਮਾ ਕਿਹਾ ਜਾਂਦਾ ਹੈ" (ਕੰਬੋਜ 42)। ਇਸ ਤਰ੍ਹਾਂ ਜਿਥੇ ਵਿਅਕਤੀਗਤ ਪੱਧਰ 'ਤੇ ਡਾ. ਕੁਲਬੀਰ ਸਿੰਘ ਥਿੰਦ ਹੀ ਸਭ ਤੋਂ ਪਹਿਲਾਂ ਗੁਰਮੁਖੀ ਨੂੰ ਕੰਪਿਊਟਰ ਉਪਰ ਲੈ ਕੇ ਆਉਂਦੇ ਹਨ, ਉਥੇ ਇਸ ਦੇ ਨਾਲ ਉਨ੍ਹਾਂ ਦੁਆਰਾ ਸੰਨ 2000 ਈਸਵੀ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਪੰਜਾਬੀ ਕੰਪਿਊਟਰੀਕਰਨ ਦੇ ਵਿਕਾਸ ਲਈ ਵੱਖ-ਵੱਖ ਵੈਬਸਾਈਟਸ ਵੀ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਰਾਹੀਂ ਗੁਰਬਾਣੀ ਦੇ ਮੂਲ ਪਾਠ ਅਤੇ ਸੰਦੇਸ਼ ਨੂੰ ਦੇਸ਼ਾਂ-ਵਿਦੇਸ਼ਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਇਨ੍ਹਾਂ ਵਿਚ ਗੁਰਬਾਣੀ ਦੇ ਡਿਜ਼ੀਟਲੀਕਰਨ ਦੀ ਗੱਲ ਕਰੀਏ ਤਾਂ ਸਮੁੱਚੀ ਗੁਰਬਾਣੀ ਅਤੇ ਸਿੱਖ ਸਾਹਿਤ ਨੂੰ ਵੱਖ-ਵੱਖ ਸ਼੍ਰੇਣੀਆਂ ਵਿਚ ਵਰਗੀਕ੍ਰਿਤ ਕਰਕੇ ਵੈੱਬਸਾਈਟ ਉੱਪਰ ਮਈ 2003 ਈਸਵੀ ਵਿੱਚ ਉਪਲਬਧ ਕਰਵਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਤੋਂ ਇਲਾਵਾ ਸੰਨ 2002 ਈਸਵੀ ਵਿਚ ਗੁਰਬਾਣੀ ਦਰਪਣ ਪ੍ਰੋ. ਸਾਹਿਬ ਸਿੰਘ ਅਤੇ ਮਹਾਨ ਕੋਸ਼ ਭਾਈ ਕਾਹਨ ਸਿੰਘ ਨਾਭਾ, 2006 ਈਸਵੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਡਾ. ਗੁਰਚਰਨ ਸਿੰਘ, ਕਬਿੱਤ ਤੇ ਵਾਰਾਂ ਭਾਈ ਗੁਰਦਾਸ ਜੀ ਅਤੇ ਸਮੁੱਚੀ ਬਾਣੀ ਵਿਚਲੇ ਅੱਖਰਾਂ, ਵਾਕਾਂ ਨੂੰ ਅਲੱਗ-ਅਲੱਗ ਕਰਕੇ ਯੂਨੀਕੋਡ ਪ੍ਰਣਾਲੀ ਵਿਚ ਉਪਲਬਧ ਕਰਵਾਇਆ

ਗਿਆ ਹੈ (ਥਿੰਦ)। ਉਪਰੋਕਤ ਸਰੋਤਾਂ ਤੋਂ ਇਲਾਵਾ ਗੁਰਬਾਣੀ ਨੂੰ ਸੀ.ਡੀ. ਦੇ ਰੂਪ ਵਿਚ ਲੈ ਕੇ ਆਉਣ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ[i] ਦਾ ਅਤੇ ਦਸਮ ਗ੍ਰੰਥ[ii] ਦਾ ਆਨਲਾਈਨ ਖੋਜ ਯੰਤਰ(ਸਰਚ ਇੰਜਣ) ਵੀ ਵਿਕਸਿਤ ਕੀਤਾ ਗਿਆ ਹੈ, ਜਿਸ ਵਿਚ ਗੁਰਬਾਣੀ ਦੇ ਸ਼ਬਦਾਂ ਨੂੰ ਰਾਗ ਜਾਂ ਪੰਨੇ ਅਨੁਸਾਰ ਖੋਜਣ ਤੋਂ ਇਲਾਵਾ ਸ਼ਬਦ ਦੀ ਪੰਕਤੀ ਦੇ ਪਹਿਲੇ ਅੱਖਰਾਂ ਦੇ ਆਧਾਰ ‘ਤੇ ਜਾਂ ਖਾਸ ਅੱਖਰ ਦੇ ਆਧਾਰ ‘ਤੇ ਖੋਜਣ ਦੀ ਸੁਵਿਧਾ ਉਪਲੱਬਧ ਕਰਵਾਈ ਗਈ ਹੈ। ਇਸਦੇ ਨਾਲ ਹੀ ਗੁਰਬਾਣੀ ਵਿਚਲੇ ਅੱਖਰਾਂ ਨੂੰ ਵਰਨਾਂ ਅਨੁਸਾਰ ਵੱਖ-ਵੱਖ ਕੀਤਾ ਗਿਆ ਅਤੇ ਗੁਰਬਾਣੀ ਵਿਚਲੇ ਔਖੇ ਸ਼ਬਦਾਂ ਦੇ ਅਰਥ ਲਈ ‘ਮਹਾਨ ਕੋਸ਼ ਸਰਚ ਇੰਜਨ’ ਵਿਕਸਿਤ ਕੀਤਾ ਗਿਆ ਹੈ ਜੋ ਕਿ ਇਕ ਵਿਸ਼ਾਲ ਅਤੇ ਮਹਾਨ ਸੇਵਾ ਦਾ ਕਾਰਜ ਹੈ। ਉਪਰੋਕਤ ਕਾਰਜਾਂ ਤੋਂ ਇਲਾਵਾ ਡਾ. ਥਿੰਦ ਦੀ ਵੈਬਸਾਈਟ[iii] ਉਪਰ 80 ਤੋਂ ਵਧੇਰੇ ਗੁਰਮੁਖੀ ਯੂਨੀਕੋਡ ਫੌਂਟ ਉਪਲੱਬਧ ਹਨ ਜੋ 2001 ਤੋਂ ਲੈ ਕੇ ਵੱਖ ਵੱਖ ਸਮਿਆਂ ਦੌਰਾਨ 2023 ਤੱਕ ਵਿਕਸਿਤ ਕੀਤੇ ਗਏ ਹਨ।

ਪੰਜਾਬੀ ਭਾਸ਼ਾ ਅਤੇ ਗੁਰਮੁਖੀ ਨਾਲ ਸੰਬੰਧਿਤ ਅਨੇਕਾਂ ਫੌਂਟ ਵਿਕਸਿਤ ਹੋ ਚੁਕੇ ਹਨ ਜੋ ਵੱਖ-ਵੱਖ ਕੰਪਿਊਟਰ ਪ੍ਰੇਮੀਆਂ ਅਤੇ ਸੰਸਥਾਵਾਂ ਦੁਆਰਾ ਤਿਆਰ ਕੀਤੇ ਗਏ ਹਨ ਜਿਹਨਾਂ ਵਿਚ ਵਧੇਰੇ ਰਵਾਇਤੀ ਫੌਂਟ ਹਨ ਜਿਵੇਂ ਅਨਮੋਲ, ਅੱਖਰ, ਅਸੀਸ, ਜੁਆਏ, ਸ੍ਰੀ ਅੰਗਦ, ਅਨਮੋਲ ਲਿਪੀ ਆਦਿ। ਡਾ. ਗੁਰਪ੍ਰੀਤ ਸਿੰਘ ਲਹਿਲ ਦੁਆਰਾ ਕਰਵਾਏ ਗਏ ਸਰਵੇ ਅਨੁਸਾਰ ਇਹਨਾਂ ਵਿਚੋਂ ਵਧੇਰੇ ਵਰਤੋਂ ਅਨਮੋਲ ਲਿਪੀ ਫੌਂਟ ਦੀ ਕੀਤੀ ਜਾਂਦੀ ਹੈ। ਗੁਰਮੁਖੀ ਫੌਂਟਾਂ ਦਾ ਪਹਿਲਾਂ ਦੌਰ ASCII ਅਧਾਰਿਤ ਸੀ, ਜਦਕਿ ਭਾਰਤ ਸਰਕਾਰ ਨੇ ਸੰਨ 1991 ਈਸਵੀ ਵਿਚ ਵੱਖ-ਵੱਖ ਭਾਸ਼ਾਵਾਂ ਨੂੰ ਇਕ ਸਾਂਝੇ ਪਲੇਟਫ਼ਾਰਮ ਉੱਤੇ ਇਕੱਠਾ ਕਰਨ ਲਈ ਇਕ ਯੋਜਨਾ ਤਿਆਰ ਕੀਤੀ। ਇਸ ਨੂੰ ਇੰਡੀਅਨ ਸਕਰਿਪਟ ਕੋਡ ਫ਼ਾਰ ਇਨਫਰਮੇਸ਼ਨ ਇੰਟਰਚੇਂਜ(ISCII) ਨਾਮ ਦਿੱਤਾ। ਇਸਦੇ ਅੰਤਰਗਤ ਹੀ ਪਹਿਲੀ ਵਾਰ ਕੰਪਿਊਟਰ ਉਪਰ ਯੂਨੀਕੋਡ ਪ੍ਰਣਾਲੀ ਨੂੰ ਲਿਆਂਦਾ ਗਿਆ।

‘‘ਯੂਨੀਕੋਡ ਇਕ ਅੰਤਰਰਾਸ਼ਟਰੀ ਅੱਖਰ ਸੰਕੇਤ ਪ੍ਰਣਾਲੀ ਹੈ ਇਸ ਵਿਚ ਦੁਨੀਆਂ ਦੀ ਹਰੇਕ ਪ੍ਰਮੁਖ ਭਾਸ਼ਾ ਦੇ ਅੱਖਰਾਂ, ਅੰਕਾਂ ਅਤੇ ਵਿਸ਼ੇਸ਼ ਚਿੰਨ੍ਹਾਂ ਆਦਿ ਨੂੰ ਸ਼ਾਮਿਲ ਕੀਤਾ ਗਿਆ ਹੈ। ਯੂਨੀਕੋਡ ਪ੍ਰਣਾਲੀ ਦੁਨੀਆਂ ਦੀਆਂ ਵਿਭਿੰਨ ਭਾਸ਼ਾਵਾਂ ਦੇ ਅੱਖਰਾਂ/ਅੰਕਾਂ ਆਦਿ ਨੂੰ ਇਕ ਵਿਸ਼ੇਸ਼ ਤੇ ਵਿਲੱਖਣ ਕੋਡ ਪ੍ਰਦਾਨ ਕਰਵਾਉਂਦੀ ਹੈ ਜੋ ਯੂਨੀਕੋਡ ਅਨੁਕੂਲ ਵਾਲੇ ਹਰੇਕ

ਕੰਪਿਊਟਰ ਉੱਤੇ ਸਥਿਰ ਰਹਿੰਦਾ ਹੈ। ਇਹੀ ਕਾਰਨ ਹੈ ਕਿ ਫ਼ੌਂਟਾਂ ਦੀ ਸਮੱਸਿਆ ਦਾ ਹੱਲ ਯੂਨੀਕੋਡ ਨੇ ਬਾਖ਼ੂਬੀ ਕੱਢ ਦਿੱਤਾ ਹੈ (ਕੰਬੋਜ 70)।''

ਇਸੇ ਤਰ੍ਹਾਂ ਪੰਜਾਬੀ/ਗੁਰਮੁਖੀ ਵਿਚ ਯੂਨੀਕੋਡ ਅਧਾਰਿਤ ਫੌਂਟ ਦੀ ਲੋੜ ਨੂੰ ਪੂਰਾ ਕਰਨ ਦਾ ਸਭ ਤੋਂ ਪਹਿਲਾ ਕਾਰਜ ਡਾ. ਸੁਖਜਿੰਦਰ ਸਿੰਘ ਸਿੱਧੂ ਦਾ ਹੈ, ਉਨ੍ਹਾਂ ਦੁਆਰਾ 'ਸਾਬ' ਨਾਮ ਦਾ ਪੰਜਾਬੀ ਦਾ ਯੂਨੀਕੋਡ ਫੌਂਟ ਤਿਆਰ ਕੀਤਾ ਗਿਆ ਜਿਸਨੂੰ 'ਪੰਜਾਬੀ ਕੰਪਿਊਟਰ ਰਿਸੋਰਸ ਸੈਂਟਰ' ਦੀ ਵੈਬਸਾਈਟ[iv] ਉਪਰ ਮੁਫ਼ਤ ਵਿਚ ਉਪਲੱਬਧ ਕਰਵਾਇਆ ਗਿਆ। ਇਸ ਤੋਂ ਇਲਾਵਾ ਉਨ੍ਹਾਂ ਦੁਆਰਾ ਤਿਆਰ 'ਗੁਰਮੁਖੀ ਯੂਨੀਕੋਡ ਕਨਵਰਜ਼ਨ ਐਪਲੀਕੇਸ਼ਨ' ਦੇ ਮਾਧਿਅਮ ਰਾਹੀਂ ਵੈਬਸਾਈਟ ਨੂੰ ਵੀ ਯੂਨੀਕੋਡ ਵਿਚ ਬਦਲਿਆ ਜਾ ਸਕਦਾ ਹੈ।

ਯੂਨੀਕੋਡ ਪ੍ਰਣਾਲੀ ਤੋਂ ਪਹਿਲਾਂ ਕਈ ਪ੍ਰਕਾਰ ਦੇ ਰਵਾਇਤੀ ਗੁਰਮੁਖੀ ਫੌਂਟਾਂ ਵਿਕਸਿਤ ਸਨ ਜੋ ਕੰਪਿਊਟਰ ਦੀ ਵਰਤੋਂ ਕਰਨ ਵਾਲਿਆਂ ਲਈ ਸੁਖੈਨ ਸਨ ਅਤੇ ਇਹਨਾਂ ਫੌਂਟਾਂ ਰਾਹੀਂ ਕਈ ਪ੍ਰਕਾਰ ਦੀ ਸਮੱਗਰੀ ਟਾਈਪ ਰੂਪ ਵਿਚ ਉਪਲੱਬਧ ਸੀ। ਇਹਨਾਂ ਰਵਾਇਤੀ ਫੌਂਟ ਵਰਤੋਂਕਾਰਾਂ ਦੀ ਸਮੱਗਰੀ ਅਤੇ ਹੋਰ ਗੈਰ-ਯੂਨੀਕੋਡ ਫੌਂਟ ਦੇ ਰੂਪ ਉਪਲੱਬਧ ਸਮੱਗਰੀ ਨੂੰ ਯੂਨੀਕੋਡ ਵਿਚ ਤਬਦੀਲ ਕਰਨ ਲਈ ਫੌਂਟ ਕਨਵਰਟਰ ਵਰਗੇ ਸਾਫ਼ਟਵੇਅਰ ਸਿਰਜਣ ਦੀ ਜ਼ਰੂਰਤ ਪਈ। ਇਸ ਜ਼ਰੂਰਤ ਨੂੰ ਪੰਜਾਬੀ ਸ. ਜਨਮੇਜਾ ਸਿੰਘ ਜੌਹਲ ਨੇ ਸੰਨ 1990 ਈਸਵੀ ਵਿਚ ਪੂਰਿਆਂ ਕੀਤਾ, ਜਿਨ੍ਹਾਂ ਦੁਆਰਾ ਪੰਜਾਬੀ ਦਾ ਪਹਿਲਾਂ 'ਫੌਂਟ ਕਨਵਰਟਰ' ਨਾਮੀ ਸਾਫ਼ਟਵੇਅਰ ਤਿਆਰ ਕੀਤਾ ਗਿਆ। ਇਸ ਪ੍ਰੋਗਰਾਮ ਤੋਂ ਇਲਾਵਾ ਪੰਜਾਬੀ ਰਿਸੋਰਸ ਸੈਂਟਰ ਦਾ 'ਗੁੱਕਾ' ਪ੍ਰੋਗਰਾਮ ਅਤੇ 'ਐਂਗਲੋ ਸਾਫ਼ਟ ਡਾਟ ਕਾਮ' 'ਤੇ ਉਪਲਬਧ ਪ੍ਰੋਗਰਾਮ ਫੌਂਟ ਨੂੰ ਪਲਟਾਉਣ ਲਈ ਕਾਰਗਰ ਕਾਰਜ ਹਨ। ਇਸੇ ਲੜੀ ਵਿਚ ਵਰਤਮਾਨ ਸਮੇਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਅਗਿਆਤ ਫੌਂਟ ਨੂੰ ਜਾਣਨ ਅਤੇ ਮਰਜ਼ੀ ਦੇ ਫੌਂਟ ਵਿਚ ਤਬਦੀਲ ਕਰਨ ਦੀ ਸਮਰੱਥਾ ਰੱਖਣ ਵਾਲਾ ਵਰਡ ਪ੍ਰੋਸੈੱਸਰ+ ਉਪਲਬਧ ਹੈ।

ਜਦੋਂ ਅਸੀਂ ਗੁਰਮੁਖੀ ਲਿਪੀ ਦਾ ਹੋਰਨਾਂ ਭਾਸ਼ਾਵਾਂ ਦੀਆਂ ਲਿਪੀਆਂ ਨਾਲ ਅੰਤਰ ਵਟਾਂਦਰੇ ਵਾਲੇ ਪ੍ਰੋਗਰਾਮਾਂ ਨੂੰ ਦੇਖਦੇ ਹਾਂ ਤਾਂ ਇਸ ਪਾਸੇ ਵੀ ਕਈ ਕਾਰਜ ਹੋ ਚੁਕੇ ਹਨ ਜਿਹਨਾਂ ਵਿਚ ਗੁਰਮੁਖੀ ਦਾ ਰੋਮਨ, ਦੇਵਨਾਗਰੀ ਅਤੇ ਸ਼ਾਹਮੁਖੀ ਨਾਲ ਲਿਪੀਅੰਤਰਨ ਦਾ ਕਾਰਜ ਤਸੱਲੀਬਖ਼ਸ਼ ਸ਼ੁੱਧਤਾ ਨਾਲ ਕੀਤਾ ਜਾ ਸਕਦਾ ਹੈ। ਗੁਰਮੁਖੀ ਅਤੇ ਸ਼ਾਹਮੁਖੀ ਲਿਪੀ ਵਿਚਲੀ ਅੰਤਰ ਸੰਵਾਦ ਦੀ ਦੀਵਾਰ ਨੂੰ ਤੋੜਨ ਲਈ ਅੱਬਾਸ ਮਲਿਕ ਦੁਆਰਾ 2006

ਈਸਵੀ ਵਿਚ ਸ਼ਾਹਮੁਖੀ ਤੋਂ ਪੰਜਾਬੀ ਲਿਪੀਅੰਤਰਨ ਪ੍ਰੋਗਰਾਮ ਵਿਕਸਿਤ ਕੀਤਾ ਗਿਆ (Malik 1137)। ਸੰਨ 2006 ਈਸਵੀ ਵਿਚ ਹੀ ਡਾ. ਅਮਨਦੀਪ ਵਰਮਾ ਦੁਆਰਾ ਰੋਮਨ ਤੋਂ ਗੁਰਮੁਖੀ ਲਿਪੀਅੰਤਰਨ ਪ੍ਰੋਗਰਾਮ ਵਿਕਸਿਤ ਕੀਤਾ ਗਿਆ (Verma)। ਡਾ. ਗੁਰਪ੍ਰੀਤ ਸਿੰਘ ਲਹਿਲ ਅਤੇ ਤੇਜਿੰਦਰ ਸਿੰਘ ਸੈਣੀ ਦੁਆਰਾ ਤਿਆਰ 2008 ਈਸਵੀ ਵਿਚ ਸ਼ਾਹਮੁਖੀ ਤੋਂ ਗੁਰਮੁਖੀ ਦਾ ਲਿਪੀਅੰਤਰਨ ਪ੍ਰੋਗਰਾਮ ਅੱਬਾਸ ਮਲਿਕ ਦੇ ਲਿਪੀਅੰਤਰਨ ਪ੍ਰੋਗਰਾਮ ਤੋਂ ਵਧੇਰੇ ਸ਼ੁਧਤਾ ਵਾਲਾ ਹੈ। ਜੋ ਅੱਖਰ ਪ੍ਰੋਗਰਾਮ ਵਿਚ ਵੀ ਸ਼ਾਮਿਲ ਕੀਤਾ ਗਿਆ ਹੈ। ਗੁਰਪ੍ਰੀਤ ਸਿੰਘ ਜੋਸਨ ਦੁਆਰਾ ਪੰਜਾਬੀ ਤੋਂ ਹਿੰਦੀ ਲਿਪੀਅੰਤਰਨ ਪ੍ਰੋਗਰਾਮ 2011 ਈਸਵੀ ਵਿਚ ਵਿਕਸਿਤ ਕੀਤਾ ਗਿਆ (Lehal)। ਲਿਪੀਅੰਤਰਨ ਪ੍ਰੋਗਰਾਮਾਂ ਦੀ ਇਸੇ ਲੜੀ ਅਧੀਨ ਦੀਪਤੀ ਭੱਲਾ ਅਤੇ ਨਿਸ਼ੀਤ ਜੋਸ਼ੀ ਦੁਆਰਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਲਿਪੀਅੰਤਰਨ ਪ੍ਰੋਗਰਾਮ ਸੰਨ 2013 ਈਸਵੀ ਵਿੱਚ ਵਿਕਸਿਤ ਕੀਤਾ ਗਿਆ (Bhalla)। ਇਸ ਪ੍ਰਕਾਰ ਲਿਪੀਅੰਤਰਨ ਦੇ ਵਿਕਸਿਤ ਪ੍ਰੋਗਰਾਮਾਂ ਰਾਹੀਂ ਜਿੱਥੇ ਰਾਜਸੀ ਹੱਦਬੰਦੀਆਂ ਕਾਰਨ ਉਤਪੰਨ ਹੋਈ ਗੁਰਮੁਖੀ-ਸ਼ਾਹਮੁਖੀ ਦੀ ਦੀਵਾਰ ਨੂੰ ਤੋੜਿਆ ਗਿਆ ਉਥੇ ਦੋਵਾਂ ਪੰਜਾਬਾਂ ਵਿਚ ਲਿਖੀਆਂ ਜਾਦੀਆਂ ਲਿਖਤਾਂ/ਭਾਸ਼ਾਵਾਂ ਵਿਚ ਅੰਤਰ ਸੰਵਾਦ ਦੀ ਪਰੰਪਰਾ ਨੂੰ ਅੱਗੇ ਤੋਰਿਆ ਜਾ ਸਕਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਡਾ. ਗੁਰਪ੍ਰੀਤ ਸਿੰਘ ਲਹਿਲ ਦੀ ਨਿਗਰਾਨੀ ਹੇਠ ਵਿਕਸਿਤ 'ਅੱਖਰ' ਵਰਡ ਪ੍ਰੋਸੈਸਰ ਗੁਰਮੁਖੀ, ਦੇਵਨਾਗਰੀ, ਰੋਮਨ ਅਤੇ ਸ਼ਾਹਮੁਖੀ ਲਿਪੀਆਂ ਦੇ ਆਪਸੀ ਲਿਪੀਅੰਤਰਨ ਨੂੰ ਵਧੇਰੇ ਕੁਸ਼ਲਤਾ ਸਹਿਤ ਸ਼ੁਧ ਨਤੀਜੇ ਪ੍ਰਦਾਨ ਕਰਨ ਵਾਲਾ ਪ੍ਰੋਸੈਸਰ ਹੈ।

ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਵਿੱਚ ਡਾ. ਕਿਰਪਾਲ ਸਿੰਘ ਪੰਨੂੰ ਦਾ ਯੋਗਦਾਨ ਵੀ ਗੌਲਣਯੋਗ ਹੈ, ਉਹ ਜਿੱਥੇ ਕੰਪਿਊਟਰ ਨਾਲ ਸੰਬੰਧਤ ਜਾਣਕਾਰੀ ਭਰਪੂਰ ਕਿਤਾਬਾਂ ਨੂੰ ਪੰਜਾਬੀ ਵਿਚ ਲਿਆਉਂਦੇ ਹਨ ਉੱਥੇ ਉਹ ਪੰਜਾਬੀ ਵੈਬਸਾਈਟਸ ਨੂੰ ਯੂਨੀਕੋਡ ਦੇ ਅਨੁਕੂਲ ਕਰਨ ਦੇ ਨਾਲ-ਨਾਲ ਗੁਰਮੁਖੀ ਕੀ ਬੋਰਡ ਨੂੰ ਵਿਕਸਿਤ ਕਰਨ ਲਈ ਤਤਪਰ ਨਜ਼ਰ ਆਉਂਦੇ ਹਨ। ਇਸ ਸੰਬੰਧੀ ਪੰਜਾਬੀ ਵਿਕਾਸ ਵਿਉਂਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਇਕ ਦਹਾਕਾ ਪਹਿਲਾਂ ਭਾਵ 2013 ਵਿਚ ਕਰਵਾਈ ਗਈ ਅੰਤਰਾਸ਼ਟਰੀ ਕਾਨਫਰੰਸ ਵਿਚ ਪ੍ਰਸਤੁਤ ਪਰਚੇ ਵਿਚ ਉਨ੍ਹਾਂ ਦੇ ਵਿਚਾਰ ਇਸ ਤਰ੍ਹਾਂ ਹਨ, "ਵਿਕਾਸ ਸ਼ਰਮਾ ਨੇ ਮੇਰੇ ਵਿਉਂਤੇ ਹੋਏ ਗੁਰਮੁਖੀ ਅੱਖਰਾਂ ਵਾਲੇ ਕੀਅ ਬੋਰਡ ਅਨੁਸਾਰ ਬੰਗਲੌਰ ਤੋਂ 12000 ਪੀਸ ਤਿਆਰ ਕਰਵਾਏ। ਜੋ ਵੈਨਕੂਵਰ ਅਤੇ ਟੋਰਾਂਟੋ ਵਿਚ ਵੰਡੇ ਗਏ ਅਤੇ ਵੇਚੇ

ਗਏ। ਉਹ ਕੀਅ ਬੋਰਡ ਮੈਂ ਪੰਜਾਬੀ ਯੂਨੀਵਰਸਿਟੀ ਦੇ ਪਹਿਲੇ ਵੀ.ਸੀ. ਸ੍ਰੀ ਬੋਪਾਰਾਏ, ਸ. ਜੋਧ ਸਿੰਘ, ਬਲਤੇਜ ਸਿੰਘ ਮਾਨ ਨੂੰ ਆਪ ਭੇਂਟ ਕੀਤੇ(ਪੰਨੂੰ)। ਉਪਰੋਕਤ ਤੋਂ ਇਲਾਵਾ ਡਾ. ਪੰਨੂੰ ਦੁਆਰਾ ਪੰਜਾਬੀ ਭਾਸ਼ਾ ਦੇ ਤਕਨੀਕੀ ਵਿਕਾਸ ਪ੍ਰਤੀ ਚੁਣੌਤੀਆਂ, ਸੰਭਾਵਨਾਵਾਂ ਨੂੰ ਉਜਾਗਰ ਕਰਨ ਅਤੇ ਪੰਜਾਬੀ ਦੇ ਕੰਪਿਊਟਰੀਕਰਨ ਬਾਰੇ ਆਮ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ ਕਈ ਖੋਜ ਭਰਪੂਰ ਆਰਟੀਕਲ ਲਿਖ ਕੇ ਆਪਣਾ ਯੋਗਦਾਨ ਪਾ ਰਹੇ ਹਨ।

ਪੰਜਾਬੀ ਭਾਸ਼ਾ ਦੇ ਡਿਜ਼ੀਟਲੀਕਰਨ ਵਿਚ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਕਾਰਜਾਂ ਨੂੰ ਅਣਗੌਲਿਆ ਨਹੀਂ ਜਾ ਸਕਦਾ। ਉਨ੍ਹਾਂ ਦੁਆਰਾ ਭਾਈ ਕਾਨ੍ਹ ਸਿੰਘ ਨਾਭਾ ਦੀ ਵੱਡ-ਅਕਾਰੀ ਰਚਨਾ ਮਹਾਨ ਕੋਸ਼ ਨੂੰ ਵੀਹਵੀਂ ਸਦੀ ਦੇ ਅੰਤ ਵਿਚ ਡਿਜੀਟਲ ਕਰ ਦਿੱਤਾ ਗਿਆ ਸੀ। ਇਸਤੋਂ ਇਲਾਵਾ ਜਿਥੇ ਉਨ੍ਹਾਂ ਨੇ "ਈਸ਼ਰ ਮਾਇਕਰੋਮੀਡੀਆ" ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਅਤੇ ਵਾਰਾਂ/ਕਬਿੱਤ ਭਾਈ ਗੁਰਦਾਸ ਜੀ, ਪ੍ਰਮੁਖ ਸਿੱਖ ਇਤਿਹਾਸਕ ਗ੍ਰੰਥਾਂ ਦੇ ਨਾਲ ਨਾਲ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼, ਡਾ. ਗੁਰਚਰਨ ਸਿੰਘ ਅਤੇ ਭਾਈ ਵੀਰ ਸਿੰਘ ਜੀ ਦੇ ਕੋਸ਼ਾਂ ਨੂੰ ਵੀ ਵੈਬਸਾਈਟ ਉਪਰ ਉਪਲੱਬਧ ਕਰਵਾਇਆ; ਉਥੇ ਨਾਲ ਹੀ ਵੱਖ-ਵੱਖ ਫੌਂਟਾਂ ਨੂੰ ਕਨਵਰਟ ਕਰਨ ਦਾ ਸਾਧਨ ਵੀ ਮੌਜੂਦ ਹੈ। ਡਾ. ਮਨਦੀਪ ਸਿੰਘ ਦੁਆਰਾ ਜਿਥੇ ਪਾਣਿਨੀ ਵਿਆਕਰਨ ਅਧਾਰਿਤ ਪ੍ਰਮੁਖ ਕੰਪਿਊਟਰ ਵਿਗਿਆਨੀਆਂ ਅਕਸ਼ਰ ਭਾਰਤੀ, ਵਿਨੀਤ ਚੈਤੰਨਿਆ ਅਤੇ ਰਾਜੀਵ ਸਾਂਗਲ ਦਾ ਪ੍ਰਮੁਖ ਕਾਰਜ[v] ਹੈ ਉਥੇ ਉਹ ਪੰਜਾਬੀ ਭਾਸ਼ਾ ਵਿਚ ਰੂਪ ਵਿਗਿਆਨਿਕ ਵਿਸ਼ਲੇਸ਼ਕ ਅਤੇ ਉਤਪਾਦਕ ਤਿਆਰ ਕਰਨ ਤੋਂ ਇਲਾਵਾ ਵਿਆਕਰਨ ਨਿਰੀਖਕ ਸਾਫ਼ਟਵੇਅਰ ਬਣਾਉਣ ਵਾਲਾ ਮੋਢੀ ਵਿਗਿਆਨੀ ਹੈ।

ਪੰਜਾਬੀ ਦੇ ਕੰਪਿਊਟਰੀ ਵਿਕਾਸ ਵਿਚ ਡਾ. ਗੁਰਪ੍ਰੀਤ ਸਿੰਘ ਲਹਿਲ ਅਤੇ ਉਹਨਾਂ ਦੀ ਸਮੁਚੀ ਟੀਮ ਦਾ ਬਹੁਮੁੱਲਾ ਯੋਗਦਾਨ ਹੈ। ਜਿਥੇ ਇਸ ਟੀਮ ਦੁਆਰਾ ਪੰਜਾਬੀ ਭਾਸ਼ਾ ਦੇ ਕੰਪਿਊਟਰੀ ਵਿਕਾਸ ਲਈ ਪ੍ਰੋਜੈਕਟਾਂ ਦੇ ਰੂਪ ਵਿਚ ਵੱਖ-ਵੱਖ ਪ੍ਰੋਗਰਾਮ ਤਿਆਰ ਕੀਤੇ ਜਾ ਰਹੇ ਹਨ ਉਥੇ ਤਿਆਰ ਪ੍ਰੋਗਰਾਮਾਂ ਦੀ ਵਰਤੋਂ ਦੇ ਨੇਮਾਂ ਬਾਰੇ ਸਮੇਂ-ਸਮੇਂ 'ਤੇ ਵਰਕਸ਼ਾਪਾਂ ਅਤੇ ਕਰੈਸ਼ ਕੋਰਸ ਵੀ ਚਲਾਏ ਜਾ ਰਹੇ ਹਨ, ਤਾਂ ਜੋ ਪੰਜਾਬੀ ਭਾਸ਼ਾ ਦੇ ਤਕਨੀਕੀ ਵਿਕਾਸ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਜਾਵੇ ਅਤੇ ਅਗਲੇਰੇ ਖੋਜ ਕਾਰਜਾਂ ਲਈ ਵਿਦਿਆਰਥੀਆਂ ਨੂੰ ਇਸ ਪਾਸੇ ਵੱਲ ਜੋੜਿਆ ਜਾ ਸਕੇ। ਜਿਸ ਸਦਕਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ

ਯੋਗਦਾਨ ਨੂੰ ਨਕਾਰਿਆ ਨਹੀਂ ਜਾ ਸਕਦਾ। ਡਾ. ਲਹਿਲ ਪੰਜਾਬੀ ਯੂਨੀਵਰਸਿਟੀ ਦੇ ਕੰਪਿਊਟਰ ਵਿਭਾਗ ਤੋਂ ਰਿਟਾਇਰ ਹੋਏ ਹਨ। ਉਨ੍ਹਾਂ ਦੁਆਰਾ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਪਾਏ ਯੋਗਦਾਨਾਂ ਦੀ ਸੂਚੀ ਬਹੁਤ ਲੰਬੀ ਹੈ ਉਸ ਬਾਰੇ ਅਸੀਂ ਸੰਸਥਾਗਤ ਕਾਰਜਾਂ ਅਧੀਨ ਪੰਜਾਬੀ ਯੂਨੀਵਰਸਿਟੀ ਦੇ ਕੰਮਾਂ ਵਿਚ ਵਿਚਾਰਾਂਗੇ।

ਕਰਮਜੀਤ ਸਿੰਘ ਗਠਵਾਲਾ ਪੰਜਾਬੀ ਦੇ ਕੰਪਿਊਟਰੀਕਰਨ ਵਿਚ ਸੰਸਥਾ ਵਾਂਗ ਕੰਮ ਕਰ ਰਿਹਾ ਹੈ। ਉਸ ਦੁਆਰਾ 3 ਜਨਵਰੀ 2011 ਈਸਵੀ ਤੋਂ ਪੰਜਾਬੀ ਕਵਿਤਾ[vi] ਵੈਬ ਪੇਜ਼ ਰਾਹੀਂ ਪੰਜਾਬੀ ਦੀ ਸਮੁਚੀ ਕਵਿਤਾ ਦਾ ਕਾਰਪੋਰਾ ਲਗਾਤਾਰ ਵਿਕਸਿਤ ਕੀਤਾ ਗਿਆ ਹੈ ਜਿਸ ਵਿਚ ਪੰਜਾਬੀ ਭਾਸ਼ਾ ਦੇ ਕਵੀਆਂ ਦੀਆਂ ਰਚਨਾਵਾਂ ਤੋਂ ਇਲਾਵਾ ਹਿੰਦੀ, ਉਰਦੁ ਭਾਸ਼ਾ ਦੀ ਕਵਿਤਾ ਅਤੇ ਵਿਸ਼ਵ ਸਾਹਿਤ ਦੀ ਕਲਾਸਿਕ ਕਵਿਤਾ ਦਾ ਅਨੁਵਾਦਿਤ ਰੂਪ ਉਪਲੱਬਧ ਕਰਵਾਇਆ ਗਿਆ ਹੈ। ਇਸ ਵੈਬ ਪੇਜ਼ ਰਾਹੀਂ ਕਵਿਤਾ ਤੋਂ ਇਲਾਵਾ ਪੰਜਾਬੀ ਸਾਹਿਤ ਦੀਆਂ ਹੋਰਨਾਂ ਵੰਨਗੀਆਂ ਨੂੰ ਵੀ ਵੈਬ ਉਪਰ ਉਪਲੱਬਧ ਕਰਵਾਇਆ ਜਾ ਰਿਹਾ ਹੈ।

ਵੱਖ-ਵੱਖ ਸੰਸਥਾਵਾਂ ਵੱਲੋਂ ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਦੇ ਲਈ ਕਾਫ਼ੀ ਕਾਰਜ ਹੋ ਚੁੱਕੇ ਹਨ ਤੇ ਬਹੁਤ ਸਾਰੇ ਕਾਰਜਾਂ ਦੇ ਹੋਰ ਹੋਣ ਦੀ ਗੁੰਜਾਇਸ਼ ਬਾਕੀ ਹੈ। 'ਪੰਜਾਬੀ ਸਪੈੱਲ ਚੈੱਕਰ' ਅਤੇ 'ਵਿਆਕਰਨ ਚੈੱਕਰ' ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਕੀਤਾ ਗਿਆ ਕਾਰਜ ਬਹੁਤ ਮਹੱਤਵਪੂਰਨ ਹੈ। ਪੰਜਾਬੀ ਨੂੰ ਅੰਗਰੇਜ਼ੀ ਵਿਚ ਸਿੱਖਣ ਅਤੇ ਸਿਖਾਉਣ ਲਈ ਵੀ ਕਈ ਪੱਧਰ ਦੇ ਕਾਰਜ ਹੋ ਚੁੱਕੇ ਹਨ। ਇਹਨਾਂ ਕਾਰਜਾਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਇਕ ਸਾਂਝਾ ਉੱਦਮ ਮਿਲਦਾ ਹੈ ਅਤੇ ਦੂਸਰਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਕਾਰਜ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਪੰਜਾਬੀ ਯੂਨੀਵਰਸਿਟੀ ਦੇ ਸਾਂਝੇ ਉਪਰਾਲੇ ਤਹਿਤ ਬਣੀ ਵੈੱਬਸਾਈਟ eLearnpunjabi :: An Online Platform to Learn Punjabi 'ਤੇ ਪੰਜਾਬੀ ਭਾਸ਼ਾ ਨੂੰ ਸਿਖਾਉਣ ਲਈ 20 ਵੀਡੀਓ ਉਪਲਬਧ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਤਕਨੀਕੀ ਵਿਕਾਸ ਦੇ ਖੋਜ ਕੇਂਦਰ ਦੀ ਸਥਾਪਨਾ ਫਰਵਰੀ 2004 ਵਿਚ ਹੁੰਦੀ ਹੈ। ਇਸ ਖੋਜ ਕੇਂਦਰ ਦੀ ਸਥਾਪਨਾ ਨਾਲ ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਨੂੰ ਗਤੀ ਮਿਲਦੀ ਹੈ ਅਤੇ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਵੱਖ-ਵੱਖ ਤਰ੍ਹਾਂ ਦੇ ਤਕਨੀਕੀ ਕਾਰਜ ਪ੍ਰੋਜੈਕਟਾਂ ਦੇ ਰੂਪ ਵਿਚ ਸੰਪੂਰਨ ਕੀਤੇ ਜਾਂਦੇ ਹਨ ਜਿਹਨਾਂ ਬਾਰੇ ਵੈੱਬਸਾਈਟ ACTDPL, Punjabi University, Patiala

(learnpunjabi.org) ਉੱਤੇ ਹੋ ਚੁੱਕੇ ਕਾਰਜਾਂ ਦਾ ਵੇਰਵਾ ਪ੍ਰਦਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੇ ਮਿਲਦੇ ਫੌਂਟਾਂ ਨੂੰ ਬਦਲਣ, ਸਪੈੱਲ ਚੈੱਕਰ, ਗਰਾਮਰ ਚੈੱਕਰ, ਲਿਪੀਅੰਤਰਨ ਅਤੇ ਡਿਕਸ਼ਨਰੀਆਂ ਨੂੰ ਆਨਲਾਈਨ ਮਾਧਿਅਮ ਰਾਹੀਂ ਉਪਲਬਧ ਕਰਵਾਇਆ ਗਿਆ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਆਪਣੇ ਹੀ ਪਬਲੀਕੇਸ਼ਨ ਬਿਊਰੋ ਦੁਆਰਾ ਪ੍ਰਕਾਸ਼ਿਤ ਵੱਖ-ਵੱਖ ਕੋਸ਼ਾਂ ਦੀ ਡਿਜ਼ੀਟਾਈਜੇਸ਼ਨ ਕਰ ਰਹੀ ਹੈ। ਇਸ ਰਾਹੀਂ ਇਕ ਤਾਂ ਪੰਜਾਬੀ ਪਾਠਕਾਂ ਤੱਕ ਸਮੱਗਰੀ ਦੀ ਪਹੁੰਚ ਆਸਾਨੀ ਨਾਲ ਹੋ ਰਹੀ ਹੈ ਦੂਸਰਾ ਪੰਜਾਬੀ ਦੇ ਕਾਰਪੋਰੇ ਵਿਚ ਵੀ ਵਾਧਾ ਹੋ ਰਿਹਾ ਹੈ। ਇਸ ਦੀ ਪ੍ਰਤੱਖ ਉਦਾਹਰਣ ਪੰਜਾਬੀ ਪੀਡੀਆ[vii] ਹੈ ਜਿਸਨੂੰ 26 ਫਰਵਰੀ 2014 ਵਿਚ ਪੰਜਾਬੀ ਪੀਡੀਆ ਸੈਂਟਰ ਦੀ ਸਥਾਪਨਾ ਕਰਕੇ ਵਿਕਸਿਤ ਕੀਤਾ ਗਿਆ ਜੋ ਵਰਤਮਾਨ ਸਮੇਂ ਵਿਚ ਪੰਜਾਬੀ ਦਾ ਪ੍ਰਮਾਣਿਕ ਅਤੇ ਵਿਕਸਿਤ ਡਾਟਾਬੇਸ ਦਾ ਰੂਪ ਅਖ਼ਤਿਆਰ ਕਰ ਚੁਕਾ ਹੈ। ਉਪਰੋਕਤ ਤੋਂ ਇਲਾਵਾ ਪੰਜਾਬੀ ਭਾਸ਼ਾ ਦਾ ਨਿਵੇਕਲਾ ਸਰਚ ਇੰਜਨ ਪੰਜਾਬੀ ਖੋਜ[viii] ਦੇ ਨਾਮ ਹੇਠ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਤਕਨੀਕੀ ਵਿਕਾਸ ਦੇ ਖੋਜ ਕੇਂਦਰ ਦੀ ਉਪਰੋਕਤ ਵੈੱਬਸਾਈਟ ’ਤੇ ਹੀ ਉਪਲਬਧ ਹੈ। ਪੰਜਾਬੀ ਭਾਸ਼ਾ ਨਾਲ ਇੰਟਰਨੈੱਟ ’ਤੇ ਉਪਲਬਧ ਸਮੱਗਰੀ ਨੂੰ ਇਸ ਇੰਜਨ ਰਾਹੀਂ ਖੋਜਿਆ ਜਾ ਸਕਦਾ ਹੈ। ਇਸੇ ਵਿਭਾਗ ਦੁਆਰਾ ਹੀ ਪੰਜਾਬੀ ਭਾਸ਼ਾ ਦੀਆਂ ਤਕਨੀਕੀ ਸਮੱਸਿਆਵਾਂ ਦੇ ਸੁਝਾਅ ਲਈ ਟਾਈਪਿੰਗ ਸੁਵਿਧਾ ਲਈ, ਫੌਂਟਾਂ ਦੇ ਮਸਲਿਆਂ, ਲਿਪੀਅੰਤਰਨ ਆਦਿ ਦੇ ਨਾਲ-ਨਾਲ ਸਪੈਲ ਚੈਕਰ/ਵਿਆਕਰਨ ਚੈਕਰ ਦੀਆਂ ਸੁਵਿਧਾਵਾਂ ਨਾਲ ਸ਼ੁਮਾਰ ਅੱਖਰ ਨਾਮੀ ਵਰਡ ਪ੍ਰੋਸੈਸਰ ਵੀ ਵਿਕਸਿਤ ਕੀਤਾ ਗਿਆ ਹੈ। ਜੋ 30 ਸਤੰਬਰ 2016 ਈਸਵੀ ਨੂੰ ਆਮ ਲੋਕਾਂ ਲਈ ਉਪਲੱਬਧ ਕਰਵਾਇਆ ਗਿਆ, ਜਿਸਨੂੰ ਵਿਭਾਗ ਦੀ ਵੈਬਸਾਈਟ ਤੋਂ ਲਾਹਿਆ ਜਾ ਸਕਦਾ ਹੈ। ਕੁਲ ਮਿਲਾਕੇ ਪੰਜਾਬੀ ਯੂਨੀਵਰਸਿਟੀ ਪੰਜਾਬੀ ਭਾਸ਼ਾ ਦੇ ਤਕਨੀਕੀ ਪ੍ਰੋਗਰਾਮਾਂ ਨੂੰ ਵਿਕਸਿਤ ਕਰਕੇ ਵਿਹਾਰਕ ਵਰਤੋਂ ਰਾਹੀਂ ਵੱਖ-ਵੱਖ ਕਾਰਜ ਕਰ ਰਹੀ ਹੈ, ਜਿਸ ਵਿਚ ਵਰਤਮਾਨ ਸਮੇਂ ਵਿਚ ਪਬਲੀਕੇਸ਼ਨ ਬਿਊਰੋ ਪੰਜਾਬੀ ਦੀਆਂ ਚੋਣਵੀਆਂ 100 ਕਿਤਾਬਾਂ ਦਾ ਸ਼ਾਹਮੁਖੀ ਵਿਚ ਲਿਪੀਅੰਤਰਨ ਸਾਫ਼ਟਵੇਅਰ ਰਾਹੀਂ ਕਰਕੇ ਪ੍ਰਕਾਸ਼ਿਤ ਕਰਵਾ ਰਿਹਾ ਹੈ। ਇਸ ਕੇਂਦਰ ਦੇ ਕਾਰਜਾਂ ਵਿਚ ਡਾ. ਗੁਰਪ੍ਰੀਤ ਸਿੰਘ ਲਹਿਲ ਦੀ ਸਮਰੱਥਾ ਅਤੇ ਕਾਰਗੁਜ਼ਾਰੀ ਸਲਾਹੁਣਯੋਗ ਹੈ।

ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਦੇ ਕਾਰਜਾਂ ਵਿੱਚ ਗੂਗਲ ਵੱਲੋਂ ਵੀ ਕਈ ਪ੍ਰੋਗਰਾਮ ਵਿਕਸਿਤ ਕੀਤੇ ਗਏ ਹਨ। ਗੂਗਲ ਵੱਲੋਂ ਇੰਡੀਕ ਕੀ-ਬੋਰਡ, ਅਨੁਵਾਦ, ਲਿਪੀਅੰਤਰਨ ਅਤੇ ਪੰਜਾਬੀ ਟਾਈਪਿੰਗ ਲਈ ਸੁਵਿਧਾਵਾਂ ਨੂੰ ਪ੍ਰਦਾਨ ਕੀਤਾ ਗਿਆ ਹੈ। ਗੂਗਲ ਇੰਡੀਕ ਪ੍ਰੋਗਰਾਮ ਰਾਹੀਂ ਅੰਗਰੇਜ਼ੀ ਵਿਚ ਟਾਈਪ ਅੱਖਰ ਪੰਜਾਬੀ ਵਿਚ ਸਕਰੀਨ ਉਪਰ ਆਉਂਦੇ ਹਨ ਭਾਵ ਕਿ ਰੋਮਨਾਈਜ਼ ਢੰਗ ਨਾਲ ਆਨਲਾਈਨ ਪੰਜਾਬੀ ਨੂੰ ਟਾਈਪ ਕੀਤਾ ਜਾ ਸਕਦਾ ਹੈ[ix]। ਗੂਗਲ ਦਾ ਅੰਤਰਭਾਸ਼ਾਈ ਅਨੁਵਾਦ ਪ੍ਰੋਗਰਾਮ ਬਹੁ-ਵਿਕਸਿਤ ਪ੍ਰੋਗਰਾਮ ਹੈ। ਮਸ਼ੀਨੀ ਅਨੁਵਾਦ ਲਈ ਵਰਤਮਾਨ ਸਮੇਂ ਵਿਚ ਵਧੇਰੇ ਵਰਤੋਂ ਗੂਗਲ ਅਨੁਵਾਦ ਦੀ ਹੀ ਕੀਤੀ ਜਾ ਰਹੀ ਹੈ। “ਇਹ ਆਨਲਾਈਨ ਮਾਧਿਅਮ ਦਾ ਅਨੁਵਾਦ ਪ੍ਰੋਗਰਾਮ ਵੱਖ-ਵੱਖ ਪੱਧਰਾਂ ’ਤੇ ਮਈ 2017 ਤੱਕ 100 ਤੋਂ ਵੱਧ ਭਾਸ਼ਾਵਾਂ ਦਾ ਸਮਰਥਨ ਕਰਦਾ ਹੈ, ਰੋਜ਼ਾਨਾ 500 ਮਿਲੀਅਨ ਤੋਂ ਵੱਧ ਲੋਕਾਂ ਦੀ ਸੇਵਾ ਕਰਦਾ ਹੈ” (Wikipedia ‘Google Translate)। ਗੂਗਲ ਦਾ ਅਨੁਵਾਦ ਪ੍ਰੋਗਰਾਮ ਵੈਬ ਪੰਨਿਆਂ ਨੂੰ ਹੋਰਨਾਂ ਭਾਸ਼ਾਵਾਂ ਵਿਚ ਸਵੈ-ਚਲਿਤ ਤੌਰ ’ਤੇ ਅਨੁਵਾਦ ਕਰਨ ਵਿਚ ਸਾਰਥਕ ਭੂਮਿਕਾ ਅਦਾ ਕਰ ਰਿਹਾ ਹੈ। ਇਸੇ ਪ੍ਰਕਾਰ ਹੀ ਗੂਗਲ ਦੁਆਰਾ 20 ਤੋਂ ਵੱਧ ਲਿਪੀਆਂ ਵਿਚ ਆਪਸੀ ਲਿਪੀਅੰਤਰਨ ਦੀ ਸੁਵਿਧਾ ਵੀ ਪ੍ਰਦਾਨ ਕੀਤੀ ਜਾ ਰਹੀ ਹੈ, ਜਿਸ ਵਿਚ ਗੁਰਮੁਖੀ ਲਿਪੀ ਵੀ ਸ਼ਾਮਿਲ ਹੈ[x]। ਉਪਰੋਕਤ ਤੋਂ ਇਲਾਵਾ ਗੂਗਲ ਦਾ ਸਰਚ ਇੰਜਨ ਯੂਨੀਕੋਡ ਅਧਾਰਿਤ ਪੰਜਾਬੀ ਭਾਸ਼ਾ ਦੇ ਕਾਬਿਲ ਹੈ।

“ਟੈਕਨਾਲੋਜੀ ਡਿਵੈਲਪਮੈਂਟ ਆਫ਼ ਇੰਡੀਅਨ ਲੈਗੂਏਂਜ਼” ਭਾਰਤ ਸਰਕਾਰ ਦੁਆਰਾ ਭਾਸ਼ਾਵਾਂ ਦੇ ਤਕਨੀਕੀ ਵਿਕਾਸ ਲਈ ਕੀਤੇ ਜਾਂਦੇ ਕਾਰਜਾਂ ਨਾਲ ਸੰਬੰਧਿਤ ਵੈੱਬਸਾਈਟ[xi] ਹੈ। ਪੰਜਾਬੀ ਭਾਸ਼ਾ ਨਾਲ ਸੰਬੰਧਿਤ ਯੂਨੀਕੋਡ ਫੌਂਟ, ਪੰਜਾਬੀ ਭਾਸ਼ਾ ਦਾ ਵੈੱਬ ਬ੍ਰਾਊਜ਼ਰ, ਗ੍ਰਾਫਿਕਸ, ਬੱਚਿਆਂ ਲਈ ਡਰਾਇੰਗ ਕਰਨ ਦਾ ਪ੍ਰੋਗਰਾਮ ਤੇ ਪੰਜਾਬੀ ਵਿਚ ਈਮੇਲ ਦੀ ਵਰਤੋਂ ਆਦਿ ਸਾਫ਼ਟਵੇਅਰ ਇਸ ਅਥਾਰਿਟੀ ਵੱਲੋਂ ਵਿਕਸਿਤ ਕੀਤੇ ਗਏ ਹਨ।

ਪੰਜਾਬੀ ਭਾਸ਼ਾ ਵਿਚ ਬੋਲ ਕੇ ਟਾਈਪ ਕਰਨ ਦੀ ਸੁਵਿਧਾ ਲਿਪੀਕਾਰ ਪ੍ਰੋਗਰਾਮ ਵੱਲੋਂ ਪ੍ਰਦਾਨ ਕੀਤੀ ਗਈ ਹੈ। ਲਿਪੀਕਾਰ[xii] ਭਾਰਤ ਦੀਆਂ ਵੱਖ ਵੱਖ 18 ਭਾਸ਼ਾਵਾਂ ਨੂੰ ਬੋਲ ਕੇ ਟਾਈਪ ਕਰਨ ਦੇ ਸਮਰੱਥ ਹੈ, ਜਿਸ ਵਿਚ ਪੰਜਾਬੀ ਭਾਸ਼ਾ ਵੀ ਸ਼ਾਮਿਲ ਹੈ। ਇਹ ਪ੍ਰੋਗਰਾਮ ਐਂਡਰਾਇਡ ਮੋਬਾਇਲ ਅਤੇ ਵਿਡੋਜ਼ ਕੰਪਿਊਟਰ ਉਤੇ ਬੋਲ ਕੇ ਟਾਈਪ ਕਰਨ ਵਿਚ ਸਹਾਇਕ ਹੈ।

ਜੇਕਰ ਪੰਜਾਬੀ ਦੇ ਮਸ਼ੀਨੀ ਅਨੁਵਾਦ ਦੀ ਗੱਲ ਕਰੀਏ ਤਾਂ ਇਸ ਪਾਸੇ ਕੁਝ ਕਾਰਜ ਹੋ ਚੁਕੇ ਹਨ ਅਤੇ ਬਹੁਤ ਸਾਰੇ ਕਾਰਜਾਂ ਦੀ ਸੰਭਾਵਨਾ ਬਣੀ ਰਹੇਗੀ। ਮਸ਼ੀਨੀ ਅਨੁਵਾਦ ਦੀ ਸ਼ੁਧਤਾ ਪੰਜਾਬੀ ਦੇ ਯੂਨੀਕੋਡ ਅਧਾਰਿਤ ਕਾਰਪੌਰਾ 'ਤੇ ਨਿਰਭਰ ਕਰਦੀ ਹੈ। ਜਿੰਨਾ ਪੰਜਾਬੀ ਭਾਸ਼ਾ ਦੀ ਕਾਰਪੌਰਾ ਵਿਸ਼ਾਲ ਹੋਵੇਗਾ, ਉਸੇ ਨਾਲ ਹੀ ਸਪੈਲ ਚੈਕਰ, ਗਰਾਮਰ ਚੈਕਰ ਅਤੇ ਮਸ਼ੀਨੀ ਅਨੁਵਾਦ ਵਿਚ ਸ਼ੁਧਤਾ ਆਵੇਗੀ। ਮਸ਼ੀਨੀ ਅਨੁਵਾਦ ਵਾਲੇ ਪਾਸੇ ਦੇਖਿਆ ਜਾਵੇ ਤਾਂ "ਇੰਟਰਨੈਸ਼ਨਲ ਇਸਟੀਚਿਊਟ ਆਫ਼ ਇਨਫ਼ਰਮੇਸ਼ਨ ਟੈਕਨਾਲੋਜੀ", ਕਾਨਪੁਰ ਦੇ ਡਾ. ਆਰ.ਐਸ.ਕੇ ਸਿਨਹਾ ਨੇ ਸਭ ਤੋਂ ਪਹਿਲਾਂ ਅੰਗਰੇਜ਼ੀ ਅਤੇ ਹੋਰਨਾਂ ਵਿਦੇਸ਼ੀ ਭਾਸ਼ਾਵਾਂ ਤੋਂ ਪੰਜਾਬੀ ਅਤੇ ਦੂਸਰੀਆਂ ਭਾਰਤੀ ਭਾਸ਼ਾਵਾਂ ਵਿਚ ਮਸ਼ੀਨ ਅਨੁਵਾਦ ਦੇ ਕਾਰਜ ਦੀ ਨੀਂਹ ਰੱਖੀ। ਇਸੇ ਤਰ੍ਹਾਂ ਹੀ ਸੀ-ਡੈਕ ਨੋਇਡਾ ਵਿਖੇ ਡਾ. ਕਰਨੇਸ਼ ਅਰੋੜਾ ਦੀ ਅਗਵਾਈ ਅਤੇ ਆਈ.ਆਈ.ਟੀ. ਹੈਦਰਾਬਾਦ ਵਿਖੇ ਡਾ. ਰਾਜੀਵ ਸਾਂਗਲ ਦੀ ਅਗਵਾਈ ਹੇਠ ਰਹੇ ਪੰਜਾਬੀ-ਹਿੰਦੀ ਅਨੁਵਾਦਕ ਦੇ ਕੰਮ ਦੀ ਸ਼ਲਾਘਾ ਕਰਨੀ ਬਣਦੀ ਹੈ। ਆਗਰਾ ਯੂਨੀਵਰਸਿਟੀ ਤੋਂ ਸੇਵਾ ਮੁਕਤ ਹੋਏ ਭਾਸ਼ਾ ਵਿਗਿਆਨੀ ਅਤੇ ਆਈ. ਆਈ. ਆਈ. ਟੀ ਹੈਦਰਬਾਦ ਵਿਖੇ ਕੰਮ ਕਰ ਚੁਕੇ ਡਾ. ਠਾਕੁਰ ਦਾਸ ਦੁਆਰਾ ਪੰਜਾਬੀ-ਹਿੰਦੀ ਮਸ਼ੀਨ ਅਨੁਵਾਦ ਉਪਰ ਕੰਮ ਕੀਤਾ ਗਿਆ। ਇਸੇ ਪ੍ਰਕਾਰ ਹੀ ਆਈ. ਆਈ. ਆਈ. ਟੀ ਮੁੰਬਈ ਅਤੇ ਭਾਰਤ ਤੋਂ ਬਾਹਰ ਕਨੇਡਾ ਅਤੇ ਪਾਕਿਸਤਾਨ ਵਿਚ ਵੀ ਮਸ਼ੀਨੀ ਅਨੁਵਾਦ ਉਪਰ ਕੰਮ ਹੋਇਆ ਹੈ।

ਵਰਤਮਾਨ ਸਮੇਂ ਵਿਚ ਮਸ਼ੀਨੀ ਅਨੁਵਾਦ ਵਿਚ ਬਹੁਤ ਸ਼ੁਧਤਾ ਆ ਚੁਕੀ ਹੈ ਅਤੇ ਗੂਗਲ ਟਰਾਂਸਲੇਟ ਦੀ ਵਰਤੋਂ ਦਿਨ-ਬ-ਦਿਨ ਵਧ ਰਹੀ ਹੈ। ਗੂਗਲ ਟਰਾਂਸਲੇਟ ਕੁਲ 127 ਭਾਸ਼ਾਵਾਂ ਵਿਚ ਆਪਸੀ ਮਸ਼ੀਨੀ ਅਨੁਵਾਦ ਕਰਨ ਵਿਚ ਸਮਰੱਥ ਹੈ, ਜਿਸ ਵਿਚ ਅੱਠ ਭਾਰਤੀ ਭਾਸ਼ਾਵਾਂ ਸ਼ਾਮਿਲ ਹਨ ਜਿਨ੍ਹਾਂ ਵਿਚ ਪੰਜਾਬੀ ਭਾਸ਼ਾ ਵਿਸ਼ੇਸ ਤੌਰ ਤੇ ਸ਼ਾਮਿਲ ਹੈ। ਗੂਗਲ ਅਨੁਵਾਦ ਦੀ ਸ਼ੁਧਤਾ ਬਾਰੇ ਕੈਲੀਫ਼ੋਰਨੀਆ ਯੂਨੀਵਰਸਿਟੀ ਦੁਆਰਾ 2021 ਵਿਚ ਕੀਤੇ ਗਏ ਅਧਿਐਨ ਅਨੁਸਾਰ ਪਾਇਆ ਗਿਆ ਹੈ ਕਿ ਇਹ 82.2% ਸ਼ੁਧਤਾ ਸਹਿਤ ਅਰਥ ਦਿੰਦਾ ਹੈ ਅਤੇ ਭਾਸ਼ਾਵਾਂ ਵਿਚਕਾਰ ਇਸਦੀ ਸ਼ੁਧਤਾ 55% ਤੋਂ 94% ਤੱਕ ਦੀ ਹੈ(wikipedia)। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਕਈ ਵਾਰ ਇਸਦੀ ਸ਼ੁਧਤਾ ਦੇ ਨਤੀਜੇ ਹੈਰਾਨ ਕਰਨ ਵਾਲੇ ਹੁੰਦੇ ਹਨ। ਗੂਗਲ ਟਰਾਂਸਲੇਟ ਦੁਆਰਾ ਵੈਬ ਪੰਨਿਆਂ ਨੂੰ ਅਨੁਵਾਦ ਕਰਨ ਦੀ ਸਹੂਲਤ ਬਾਕਮਾਲ ਹੈ।

**IV**

ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਵਿਚ ਲਗਾਤਾਰ ਹੋ ਰਹੇ ਕਾਰਜਾਂ ਨੂੰ ਜਦੋਂ ਅਸੀਂ ਅੰਗਰੇਜ਼ੀ ਵਿਚ ਹੋਏ ਕਾਰਜਾਂ ਦੇ ਮੁਕਾਬਲੇ ਰੱਖ ਕੇ ਦੇਖਦੇ ਹਾਂ ਤਾਂ ਇਸ ਸਪੱਸ਼ਟ ਹੁੰਦਾ ਹੈ ਕਿ ਅਸੀਂ ਅਜੇ ਇਸ ਖੇਤਰ ਵਿਚ ਕਾਫ਼ੀ ਪੱਛੜੇ ਹੋਏ ਹਾਂ। ਅੰਗਰੇਜ਼ੀ ਕੰਪਿਊਟਰ ਦੀ ਮੂਲ ਭਾਸ਼ਾ ਵਜੋਂ ਪ੍ਰਚਲਿਤ ਹੈ। ਉਥੇ ਅਸੀਂ ਜਦੋਂ ਪੰਜਾਬੀ ਭਾਸ਼ਾ ਦੀ ਗੱਲ ਕਰਦੇ ਹਾਂ ਤਾਂ ਕਈ ਪ੍ਰੇਸ਼ਾਨੀਆਂ ਆਉਂਦੀਆਂ ਹਨ। ਬੇਸ਼ੱਕ. ਪੰਜਾਬੀ ਭਾਸ਼ਾ ਦੀ ਬੁਲਾਰਿਆਂ ਦੀ ਗਿਣਤੀ ਤਾਂ ਬਹੁਤ ਹੈ ਪਰ ਤਕਨੀਕ ਦੇ ਤੌਰ ਤੇ ਇਸ ਦੀ ਵਰਤੋਂ ਤਰਸਯੋਗ ਹੈ। ਇਸ ਦਾ ਮੁਢਲਾ ਕਾਰਨ ਰੋਮਨ ਟਾਈਪਿੰਗ ਦਾ ਗੁਰਮੁਖੀ ਟਾਈਪਿੰਗ ਮੁਕਾਬਲੇ ਸੌਖਾ ਹੋਣਾ ਮੰਨਿਆ ਜਾਂਦਾ ਹੈ। ਜਿਵੇਂ ਅੰਗਰੇਜ਼ੀ ਭਾਸ਼ਾ ਵਿਚ ਵਰਨਾਂ ਨਾਲ ਲਗਾਂ-ਮਾਤਰਾਵਾਂ ਦੀ ਬਜਾਏ ਸਿਧੇ ਵਰਨਾਂ ਨਾਲ ਸਰ ਜਾਂਦਾ ਹੈ ਪਰੰਤੂ ਪੰਜਾਬੀ ਵਿਚ ਵਰਨਾਂ ਦੇ ਨਾਲ-ਨਾਲ 10 ਲਗਾਂ ਮਾਤਰਾਵਾਂ ਵੀ ਲਿਖਤ ਲਈ ਲਾਜ਼ਮੀ ਹਨ। ਜਿਸ ਕਾਰਨ ਤਕਨੀਕ ਦੇ ਤੌਰ ਵਜੋਂ ਕੰਪਿਊਟਰੀ ਸਪੈਲ ਸੋਧਕ ਆਦਿ ਪ੍ਰੋਗਰਾਮ ਬਣਾਉਣ ’ਚ ਅੰਗਰੇਜ਼ੀ ਦੇ ਮੁਕਾਬਲੇ ਵਧੇਰੇ ਮੁਸ਼ੱਕਤ ਕਰਨੀ ਪੈਂਦੀ ਹੈ। ਦੂਸਰਾ ਜਿੱਥੇ ਅੰਗਰੇਜ਼ੀ ਇਕ ਹੀ ਲਿਪੀ ਰੋਮਨ ਵਿਚ ਲਿਖੀ ਜਾਂਦੀ ਹੈ, ਉਥੇ ਪੰਜਾਬੀ ਵਰਤਮਾਨ ਸਮੇਂ ਵਿਚ ਤਿੰਨ ਲਿਪੀਆਂ ਵਿਚ ਲਿਖੀ ਜਾਣ ਲਗ ਪਈ ਹੈ। ਭਾਰਤ ਵਿਚ ਗੁਰਮੁਖੀ ਲਿਪੀ, ਪਾਕਿਸਤਾਨ ਵਿਚ ਸ਼ਾਹਮੁਖੀ ਲਿਪੀ ਵਿਚ ਲਿਖੇ ਜਾਣ ਤੋਂ ਇਲਾਵਾ ਇਹ ਵਿਦੇਸ਼ਾਂ ਵਿਚ ਰੋਮਨ ਲਿਪੀ ਵਿਚ ਲਿਖੀ ਜਾ ਰਹੀ ਹੈ। ਤੀਸਰਾ ਪੰਜਾਬੀ ਭਾਸ਼ਾ ਦਾ ਦੂਸਰੀਆਂ ਭਾਸ਼ਾਵਾਂ ਤੋਂ ਸ਼ਬਦ ਲੈ ਲੈਣਾ, ਵਧੇਰੇ ਉਪਭਾਸ਼ਾਵਾਂ ਦਾ ਹੋਣਾ ਜਿਥੇ ਅਮੀਰੀ ਗੁਣ ਹੈ ਉਥੇ ਮਸ਼ੀਨੀ ਅਨੁਵਾਦ ਵਿਚ ਇਹ ਸਮੱਸਿਆ ਦਾ ਕਾਰਨ ਬਣਦਾ ਹੈ। ਪੰਜਾਬੀ ਸ਼ਬਦ ਜੋੜਾਂ ਵਿਚ ਇਕਸਾਰਤਾ ਨਾ ਹੋਣਾ ਵੀ ਪ੍ਰੇਸ਼ਾਨੀ ਦਾ ਸਬੱਬ ਬਣਦਾ ਹੈ। ਚੌਥਾ ਪੰਜਾਬੀ ਭਾਸ਼ਾ ਵਿਚ ਅਰਧ ਸਵਰ ਵਿਅੰਜਨ, ਲਗਾਖਰ ਅਤੇ ਪੈਰੀਂ ਪੈਣ ਵਾਲੇ ਅੱਖਰ ਹਨ ਜਦਕਿ ਅੰਗਰੇਜ਼ੀ ਭਾਸ਼ਾ ਵਿਚ ਅਜਿਹਾ ਕੁਝ ਨਹੀਂ ਹੈ। ਪੰਜਾਬੀ ਦੇ ਮੁਕਾਬਲੇ ਅੰਗਰੇਜ਼ੀ ਭਾਸ਼ਾ ਦੇ ਬੁਲਾਰਿਆਂ ਅਤੇ ਕੰਪਿਊਟਰ ਦੇ ਵਰਤੋਂਕਾਰਾਂ ਦੀ ਗਿਣਤੀ ਬਹੁ ਜ਼ਿਆਦਾ ਹੈ ਅਤੇ ਅੰਗਰੇਜ਼ੀ ਭਾਸ਼ਾ ਅੰਤਰਰਾਸ਼ਟਰੀ ਪੱਧਰ ’ਤੇ ਪੰਜਾਬੀ ਨਾਲੋਂ ਵਧੇਰੇ ਵਰਤੀ ਜਾਣ ਵਾਲੀ ਭਾਸ਼ਾ ਹੈ ਖੋਜ ਦੇ ਖੇਤਰ ਵਿਚ ਅੰਗਰੇਜ਼ੀ ਭਾਸ਼ਾ ਨੂੰ ਹੀ ਪਹਿਲ ਦਿਤੀ ਜਾਂਦੀ ਹੈ ਬਲਕਿ ਪੰਜਾਬੀ ਭਾਸ਼ਾ ਇਸ ਤੋਂ ਸੇਧ ਪ੍ਰਾਪਤ ਕਰਕੇ ਕੰਪਿਊਟਰ ਦੇ ਖੇਤਰ ਵਿਚ ਆਪਣਾ ਨਾਮ ਬਣਾ ਸਕਦੀ ਹੈ

ਅਤੇ ਭਾਰਤ ਦੀਆਂ ਖੇਤਰੀ ਭਾਸ਼ਾਵਾਂ ਵਿਚ ਆਪਣਾ ਵਿਸ਼ੇਸ ਸਥਾਨ ਨਿਰਧਾਰਿਤ ਕਰ ਸਕਦੀ ਹੈ।

ਅੰਗਰੇਜ਼ੀ ਭਾਸ਼ਾ ਦਾ ਮੂਲ ਕੰਪਿਊਟਰ ਦੀ ਮੂਲ ਭਾਸ਼ਾ ਵਜੋਂ ਸਵੀਕਾਰੇ ਜਾਣ ਤੋਂ ਇਲਾਵਾ ਵਰਤਮਾਨ ਦੌਰ ਵਿਚ ਪੰਜਾਬੀ ਭਾਸ਼ਾ ਦੇ ਸਨਮੁਖ ਕਈ ਚੁਣੌਤੀਆਂ ਬਰਕਰਾਰ ਹਨ, ਜਿਨ੍ਹਾਂ ਦਾ ਸੰਚਾਰ ਤਕਨਾਲੋਜੀ ਦੀ ਵਿਕਸਿਤ ਤਕਨੀਕ ਦੇ ਨਾਲ ਹੱਲ ਕੀਤਾ ਜਾ ਰਿਹਾ ਹੈ। ਪਰ ਫਿਰ ਇਹ ਚੁਣੌਤੀਆਂ ਤਕਨਾਲੋਜੀ ਅੱਗੇ ਪ੍ਰੇਸ਼ਾਨੀ ਦਾ ਕਾਰਨ ਬਣਦੀਆਂ ਹਨ। ਜਿੱਥੇ ਪੰਜਾਬੀ ਭਾਸ਼ਾ ਦੀਆਂ ਵਿਹਾਰਕ ਗੁੰਝਲਾਂ ਜਿਵੇਂ ਬਹੁ-ਲਿਪੀਆਂ ਦਾ ਹੋਣਾ, ਪੰਜਾਬੀ ਸ਼ਬਦ-ਜੋੜਾਂ 'ਚ ਇਕਸਾਰਤਾ ਨਾ ਹੋਣਾ ਤਕਨੀਕੀ ਤੌਰ 'ਤੇ ਪ੍ਰੇਸ਼ਾਨੀਆਂ ਦਾ ਕਾਰਨ ਬਣਦੀਆਂ ਹਨ। ਉਥੇ ਤਕਨੀਕੀ ਤੌਰ 'ਤੇ ਦੇਖਿਆ ਜਾਵੇ ਤਾਂ ਪੰਜਾਬੀ ਭਾਸ਼ਾ ਦਾ ਤਕਨੀਕ ਦੇ ਤੌਰ 'ਤੇ ਵਿਕਸਿਤ ਨਾ ਹੋਣਾ, ਵਾਧੂ ਫੌਂਟਾਂ ਦਾ ਮਸਲਾ, ਕਾਰਪੋਰਾ ਦਾ ਵਿਕਾਸ ਨਾ ਹੋਣਾ, ਉਤਮ ਦਰਜੇ ਦਾ ਸ਼ਬਦ ਸੰਸਾਧਕ ਅਤੇ ਵਿਆਕਰਨ ਸੰਸਾਧਕ ਦਾ ਨਾ ਹੋਣਾ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਚੁਣੌਤੀਆਂ ਹਨ। ਦੂਸਰੇ ਪੱਧਰ ਤੇ ਦੇਖਿਆ ਜਾਵੇ ਤਾਂ ਸਰਕਾਰ ਦੀ ਇਸ ਪਾਸੇ ਕੋਈ ਸਰਪ੍ਰਸਤੀ ਦਾ ਹੋਣਾ ਸਵਾਲੀਆ ਚਿੰਨ੍ਹ ਖੜ੍ਹਾ ਕਰਦੀ ਹੈ।

ਉਪਰੋਕਤ ਚਰਚਾ ਦੇ ਆਧਾਰ 'ਤੇ ਦੇਖਿਆ ਜਾਵੇ ਤਾਂ ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਨਾਲ ਸੰਬੰਧਿਤ ਤਕਨੀਕੀ ਅਤੇ ਵਿਹਾਰਕ ਕਾਰਜ ਬਹੁਤ ਹੋ ਚੁਕੇ ਹਨ ਅਤੇ ਸਮੇਂ ਅਨੁਸਾਰ ਜਿਵੇਂ ਜਿਵੇਂ ਤਕਨੀਕ ਦਾ ਵਿਕਾਸ ਹੁੰਦਾ ਜਾ ਰਿਹਾ ਹੈ ਹੋਰ ਕਾਰਜਾਂ ਦੇ ਹੋਣ ਦੀ ਗੁਜ਼ਾਇਸ ਬਣੀ ਰਹੇਗੀ। ਵੱਡੀ ਲੋੜ ਤਾਂ ਹੈ ਹੁਣ ਤੱਕ ਹੋਏ ਕਾਰਜਾਂ ਨੂੰ ਪ੍ਰਫੁਲਤਾ ਪ੍ਰਦਾਨ ਕਰਨ ਦੀ ਅਤੇ ਨਵੇਂ ਕਾਰਜਾਂ ਪ੍ਰਤੀ ਦਿਲਚਸਪੀ ਦਿਖਾਉਣ ਦੀ। ਇਸ ਦੇ ਨਾਲ ਹੀ ਪੰਜਾਬੀ ਦਾ ਵੱਧ ਤੋਂ ਵੱਧ ਕਾਰਪੋਰਾ ਵਿਕਸਿਤ ਕਰਨ ਦੀ। ਭਾਵੇਂ ਅਸੀਂ ਕੰਪਿਊਟਰੀ ਭਾਸ਼ਾ ਭਾਵ ਅੰਗਰੇਜ਼ੀ ਭਾਸ਼ਾ ਵਿਚ ਹੋ ਰਹੇ ਕਾਰਜਾਂ ਦਾ ਮੁਕਾਬਲਾ ਤਾਂ ਨਹੀਂ ਕਰ ਸਕਦੇ ਪਰ ਉਸ ਤੋਂ ਸੇਧ ਪ੍ਰਾਪਤ ਕਰਕੇ ਹੋਰ ਕਾਰਜਾਂ/ਪ੍ਰੋਗਰਾਮਾਂ ਨੂੰ ਵਿਕਸਿਤ ਕਰ ਸਕਦੇ ਹਾਂ। ਦੇਖਿਆ ਜਾਵੇ ਤਾਂ ਵੈਬ ਉਪਰ ਕਈ ਪ੍ਰਕਾਰ ਦੇ ਪੇਜ਼ ਬਣੇ ਹਨ, ਜਿਨ੍ਹਾਂ ਉਪਰ ਅਸੀਂ ਇੰਦਰਾਜ ਪਾ ਸਕਦੇ ਹਾਂ ਜਿਵੇਂ ਵਿਕੀਪੀਡੀਆ ਉਪਰ ਪੰਜਾਬੀ ਦੇ ਪ੍ਰਮਾਣਿਕ ਇੰਦਰਾਜਾਂ ਦੀ ਕਮੀ ਹੈ। ਇੰਦਰਾਜ ਦੀ ਪ੍ਰਮਾਣਿਕਤਾ ਨੂੰ ਧਿਆਨ ਵਿਚ ਰੱਖਦੇ ਹੋਏ ਵਿਕੀਪੀਡੀਆ ਨੂੰ ਵਿਕਸਿਤ ਕਰ ਸਕਦੇ ਹਾਂ। ਇਸ ਨਾਲ ਪੰਜਾਬੀ ਦੇ ਕਾਰਪੋਰੇ ਦਾ ਵਿਕਾਸ ਹੋਵੇਗਾ। ਵਿਕੀਪੀਡੀਆ ਨੂੰ ਵਿਕਸਿਤ ਕਰਨ ਦੇ ਨਾਲ-ਨਾਲ ਬਲੌਗ ਲਿਖਣਾ ਅਤੇ ਆਨਲਾਈਨ ਮੈਗਜ਼ੀਨ ਨੂੰ ਪ੍ਰਕਾਸ਼ਿਤ ਕਰਨਾ ਆਦਿ

ਕਾਰਜ ਵੀ ਪੰਜਾਬੀ ਭਾਸ਼ਾ ਦੇ ਪ੍ਰਸਾਰ 'ਚ ਸਹਾਇਕ ਹੋ ਸਕਦੇ ਹਨ। ਅਜੇ ਵੀ ਪੰਜਾਬੀ ਭਾਸ਼ਾ ਦੀਆਂ ਕਾਫ਼ੀ ਪੁਰਾਣੀਆਂ ਤੇ ਦੁਰਲੱਭ ਪੁਸਤਕਾਂ ਹੱਥ-ਲਿਖਤ ਖਰੜਿਆਂ ਦੇ ਰੂਪ ਵਿਚ ਲਾਇਬਰੇਰੀਆਂ ਵਿਚ ਪਈਆਂ ਹਨ ਅਤੇ ਬਹੁਤ ਸਾਰੀਆਂ ਮੁੜ ਨਾ ਪ੍ਰਕਾਸ਼ਿਤ ਹੋਣ ਕਾਰਨ ਅਣ-ਉਪਲੱਬਧ ਹਨ। ਇਨ੍ਹਾਂ ਪੁਸਤਕਾਂ ਨੂੰ ਵੀ ਵੈਬ ਉਪਰ ਉਪਲੱਬਧ ਕਰਵਾਉਣ ਦੀ ਲੋੜ ਹੈ। ਅਕਾਦਮਿਕ ਖੋਜ ਦੇ ਮਿਆਰ ਨੂੰ ਧਿਆਨ ਵਿਚ ਰੱਖਦੇ ਹੋਏ ਦੇਖਿਆ ਜਾਵੇ ਤਾਂ ਹੋਰਨਾਂ ਭਾਸ਼ਾਵਾਂ ਦੀ ਬਜਾਏ ਪੰਜਾਬੀ ਭਾਸ਼ਾ ਦੀ ਬਹੁਤ ਘੱਟ ਸਮੱਗਰੀ ਆਨਲਾਈਨ ਮਾਧਿਅਮ ਰਾਹੀਂ ਪ੍ਰਾਪਤ ਹੁੰਦੀ ਹੈ। ਉਚ ਸਿੱਖਿਆ ਪ੍ਰਦਾਨ ਕਰਨ ਵਾਲੇ ਅਦਾਰੇ ਇਸ ਪਾਸੇ ਧਿਆਨ ਦਿੰਦੇ ਹੋਏ ਪੰਜਾਬੀ ਸਮੱਗਰੀ ਨੂੰ ਵੈਬ ਉਪਰ ਉਪਲੱਬਧ ਕਰਵਾ ਸਕਦੇ ਹਨ। ਉਪਰੋਕਤ ਚਰਚਾ ਨੂੰ ਸਾਰ ਰੂਪ ਵਿਚ ਦੇਖਿਆ ਜਾਵੇ ਤਾਂ ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਸੰਬੰਧੀ ਬਹੁਤ ਕਾਰਜ ਹੋ ਚੁਕੇ ਹਨ ਅਤੇ ਹੋਰ ਬਹੁਤ ਹੋ ਸਕਦੇ ਹਨ ਬਲਕਿ ਹੋਏ ਕਾਰਜਾਂ ਪ੍ਰਤੀ ਜਾਗਰੂਕਤਾ ਪੈਦਾ ਕਰਨੀ ਸਮੇਂ ਦੀ ਮੁਖ ਲੋੜ ਹੈ।

## ਹਵਾਲੇ


1. Lehal and Singh (2008) —Shahmukhi to Gurmukhi Transliteration System: A Corpus based
    a. Approach‖ proceeding of Advanced Centre for Technical Development of Punjabi
    b. Language, Literature & Culture,Punjabi University, Patiala 147 002, Punjab, India,
    c. pages:151-162.
2. Malik(2006) —Punjabi Machine Transliteration System‖: In Proceedings of the 21st
    a. International Conference on Computational Linguistics and 44th Annual Meeting of
    b. the ACL (2006) pages:1137-1144.
3. N. J. I. M. Deepti Bhalla, "Rule Based Transliteration Scheme for English to Punjabi,"
    a. International Journal on Natural Language Computing, vol. 2, no. 2, Apr. 2013.
4. Verma(2006) — A Roman-Gurmukhi Transliteration system‖ proceeding of the Department
    a. of Computer Science, Punjabi University, Patiala, 2006.

5. https://en.wikipedia.org/wiki/Google_Translate
6. Malik, Abaas. "Punjabi Machine Transliteration System." 21st international conference on computational linguistics. 2006. 1137-1144.
7. ਸਿੱਧੂ, ਪਰਮਜੀਤ ਸਿੰਘ. "ਗਲੋਬਲੀਕਰਨ ਅਤੇ ਪੰਜਾਬੀ ਭਾਸ਼ਾ ਦੀ ਸਮਾਜ-ਭਾਸ਼ਾ ਵਿਗਿਆਨਿਕ ਸਥਿਤੀ." ਪੰਜਾਬੀ ਭਾਸ਼ਾ ਸਾਹਿਤ ਅਤੇ ਸਭਿਆਚਾਰ ਗਲੋਬਲ ਪਰਿਪੇਖ (19ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ, 15-17 ਜਨਵਰੀ 2013). Ed. ਧਨਵੰਤ ਕੌਰ. ਪਟਿਆਲਾ: ਪੰਜਾਬੀ ਯੂਨੀਵਰਸਿਟੀ , 2003. 83-92.
8. ਕੰਬੋਜ, ਡਾ. ਸੀ ਪੀ. ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ. ਫਾਜ਼ਿਲਕਾ: ਕੰਪਿਊਟਰ ਵਿਗਿਆਨ ਪ੍ਰਕਾਸ਼ਨ, 2015. ਪ੍ਰਿੰਟ.
9. ਥਿੰਦ, ਡਾ. ਕੁਲਬੀਰ ਸਿੰਘ. www.punjabonline.com. ਨਵੰਬਰ 2013. 31 ਮਾਰਚ 2022.
10. ਲਹਿਲ, ਡਾ. ਗੁਰਪ੍ਰੀਤ ਸਿੰਘ. "ਪੰਜਾਬੀ ਭਾਸ਼ਾ ਤਕਨਾਲੋਜੀ : ਦਸ਼ਾ ਅਤੇ ਦਿਸ਼ਾ." ਸੰਵਾਦ-11 (2020): 29-43. ਪ੍ਰਿੰਟ.

---

[i] https://www.srigranth.org/servlet/gurbani.gurbani?S=y
[ii] https://www.sridasam.org/
[iii] https://www.punjabonline.com/unicode/index.htm
[iv] https://guca.sourceforge.net/pa/typography/fonts/saab/
[v] Bharati, Akshar & Chaitanya, Vineet & Sangal, Rajeev & Gillon, Brendan. (2002). Natural Language Processing: A Paninian Perspective.
[vi] https://www.punjabi-kavita.com/
[vii] https://punjabipedia.org/
[viii] https://punjabikhoj.learnpunjabi.org/khojp.aspx
[ix] https://www.google.com/inputtools/try/
[x] https://www.google.com/inputtools/services/features/transliteration.html
[xi] https://tdil-dc.in/
[xii] https://www.lipikaar.com/

# ਡਾ. ਜਗਤਾਰ ਦੀ ਗ਼ਜ਼ਲ ਵਿਚ ਰੂਪਗਤ ਚੇਤਨਾ



ਗੁਰਜੀਤ ਸਿੰਘ
ਖੋਜਾਰਥੀ
ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ,
ਦਿੱਲੀ
+91 8427907513

ਕਿਸੇ ਵੀ ਸਾਹਿਤਕ ਕਿਰਤ ਦੀ ਹੋਂਦ-ਵਿਧੀ ਦਾ ਆਧਾਰ ਉਸਦਾ ਰੂਪ ਅਤੇ ਵਸਤੂ ਹੀ ਬਣਦੇ ਹਨ। ਸਾਹਿਤ ਦੇ ਖੇਤਰ ਵਿਚ ਰੂਪ ਅਤੇ ਵਸਤੂ ਨੂੰ ਇਕ-ਦੂਜੇ ਤੋਂ ਅੱਡਰੀ ਹੋਂਦ ਮੰਨਣ ਦੀ ਬਜਾਇ ਅੰਤਰ-ਸੰਬੰਧਿਤ ਮੰਨਿਆ ਗਿਆ ਹੈ ਪਰ ਦੋਵਾਂ ਦੀ ਸੁਤੰਤਰ ਹੋਂਦ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ। ਹਰ ਸਾਹਿਤਕ ਰੂਪਾਕਾਰ ਦੀਆਂ ਆਪਣੀਆਂ ਕਲਾਤਮਕ ਵਿਲੱਖਣਤਾਵਾਂ ਹੁੰਦੀਆਂ ਹਨ, ਜਿਹੜੀਆਂ ਉਸਨੂੰ ਬਾਕੀ ਰੂਪਾਕਾਰਾਂ ਨਾਲੋਂ ਨਿਖੇੜਦੀਆਂ ਅਤੇ ਉਸ ਦਾ ਵੱਖਰਾ ਸਰੂਪ ਨਿਰਧਾਰਤ ਕਰਦੀਆਂ ਹਨ। ਪੂਰਬ ਅਤੇ ਪੱਛਮ ਦੇ ਸਾਹਿਤ ਸ਼ਾਸਤਰੀਆਂ ਨੇ ਸਾਹਿਤ ਨੂੰ ਕਾਵਿ ਅਤੇ ਗਦ ਰੂਪਾਕਾਰਾਂ ਵਿਚ ਵੰਡ ਕੇ ਉਸਦੀ ਹੋਂਦ-ਵਿਧੀ ਨੂੰ ਸਮਝਣ-ਸਮਝਾਉਣ ਦਾ ਯਤਨ ਕੀਤਾ ਹੈ। ਕਾਵਿ ਅਧੀਨ ਆਉਣ ਵਾਲੇ ਸਾਰੇ ਰੂਪਾਕਾਰਾਂ ਦਾ ਨੇਮ-ਵਿਧਾਨ ਇਕ ਸਾਂਝ ਵਿਚ ਬੱਝੇ ਹੋਣ ਦੇ ਬਾਵਜੂਦ ਵਿਲੱਖਣ ਸੀਮਾਵਾਂ, ਸੰਭਾਵਨਾਵਾਂ ਤੇ ਵਿਸ਼ੇਸ਼ਤਾਵਾਂ ਨੂੰ ਵੀ ਅਖ਼ਤਿਆਰ ਕਰ ਲੈਂਦਾ ਹੈ ਜਿਸ ਕਰਕੇ ਉਸ ਵਿਸ਼ੇਸ਼ ਰੂਪਾਕਾਰ ਦੀ ਹੋਂਦ ਉਸ ਵਰਗ ਦੇ ਬਾਕੀ ਰੂਪਾਕਾਰਾਂ ਨਾਲੋਂ ਭਿੰਨ ਹੋ ਜਾਂਦੀ ਹੈ। ਸਮੇਂ ਦੇ ਵਹਾਅ ਨਾਲ ਜਦੋਂ ਕੋਈ ਰੂਪਾਕਾਰ ਆਪਣੀਆਂ ਸੰਭਾਵਨਾਵਾਂ ਤੋਂ ਸੱਖਣਾ ਹੋਣ ਲੱਗਦਾ ਹੈ ਤਾਂ ਵੱਥ ਅਤੇ ਕੱਥ ਪੱਖੋਂ ਨਵੀਂ ਤਾਸੀਰ ਵਿਚ ਢਲਣ ਦਾ ਯਤਨ ਕਰਦਾ ਹੈ ਕਿਉਂਕਿ ਸਾਹਿਤ ਦਾ ਸੁਭਾਅ ਮਨੁੱਖੀ ਸੁਭਾਅ ਦੇ ਅਨੁਸਾਰੀ ਹੋਣ ਦੇ ਨਾਲ-ਨਾਲ ਸਮਕਾਲੀ ਪ੍ਰਸਥਿਤੀਆਂ ਦੇ ਅਸਰ ਤੋਂ ਵੀ ਅਭਿੱਜ ਨਹੀਂ ਹੁੰਦਾ।

ਸਮਕਾਲੀ ਪੰਜਾਬੀ ਕਵਿਤਾ ਰੂਪ ਅਤੇ ਪ੍ਰਕਾਰਜ ਦੇ ਰੂਪਾਂਤਰਨ ਦੇ ਅਮਲ ਵਿਚੋਂ ਗੁਜ਼ਰ ਰਹੀ ਹੈ। ਪ੍ਰਗਤੀਵਾਦੀ ਕਾਵਿ-ਧਾਰਾ ਦੇ ਵਿਗਠਨ ਅਤੇ ਪ੍ਰਯੋਗਸ਼ੀਲ ਲਹਿਰ ਦੇ ਉਥਾਨ ਸਮੇਂ ਪੰਜਾਬੀ ਕਵਿਤਾ ਦੇ ਰੂਪ ਅਤੇ ਪ੍ਰਕਾਰਜ ਸੰਬੰਧੀ ਕਾਫ਼ੀ ਚਰਚਾ ਹੋਈ ਕਿਉਂਕਿ ਪ੍ਰਗਤੀਵਾਦੀ ਕਵਿਤਾ ਵਿਚਾਰ ਅਤੇ ਪ੍ਰਗਟਾ ਵਿਧੀ ਦੇ ਪੱਖੋਂ ਦੁਹਰਾਅ ਦਾ ਸ਼ਿਕਾਰ ਹੋ ਰਹੀ ਸੀ। ਜਿਸ ਕਰਕੇ ਸਾਹਿਤ ਵਿਚ ਕਿਸੇ ਤਬਦੀਲੀ ਦਾ ਕਿਆਸ ਕਰਨਾ ਸੁਭਾਵਿਕ ਸੀ। ਪਿਛਲੇ ਲਗਭਗ ਵੀਹ ਸਾਲ ਦੀ ਕਵਿਤਾ ਦੀਆਂ ਪ੍ਰਗਟਾ ਵਿਧੀਆਂ ਵਿਚ ਜਿਸ ਕਿਸਮ ਦੀ ਤਬਦੀਲੀ ਹੋਈ ਹੈ ਉਹ ਹੈਰਾਨੀਜਨਕ ਤੇ ਗੌਲਣਯੋਗ ਹੈ। ਕਾਵਿ-ਭਾਸ਼ਾ ਮੈਂ-ਮੂਲਕ, ਸੰਵਾਦੀ, ਪ੍ਰਤੀਕਾਤਮਕ ਹੋਣ ਦੇ ਨਾਲ-ਨਾਲ ਵਿਚਾਰ ਨੂੰ ਚਿਹਨਕੀ ਜਾਂ ਸੂਖ਼ਮ ਰੂਪ ਵਿਚ ਪ੍ਰਗਟਾ ਰਹੀ ਹੈ। ਡਾ. ਜਗਤਾਰ ਨੇ ਪੰਜਾਬੀ ਕਾਵਿ ਰਚਨਾ ਦੇ ਖੇਤਰ 'ਚ ਲਗਭਗ ਅੱਧੀ ਸਦੀ ਸ਼ਬਦ ਸਾਧਨਾ ਕੀਤੀ। ਇਸ ਦੌਰਾਨ ਉਸ ਨੇ ਕਾਵਿ-ਭਾਸ਼ਾ ਨੂੰ ਨਾਜ਼ੁਕ ਖਿਆਲੀ ਅਤੇ

ਸ਼ਬਦਾਵਲੀ ਪੱਖੋਂ ਅਮੀਰੀ ਬਖ਼ਸ਼ੀ। ਕਵਿਤਾ ਅਤੇ ਗ਼ਜ਼ਲ ਦੋਵਾਂ ਕਾਵਿ ਰੂਪਾਕਾਰਾਂ ਵਿਚ ਡਾ. ਜਗਤਾਰ ਨੇ ਨਵੀਂ ਸ਼ਬਦਾਵਲੀ, ਸ਼ਬਦ-ਜੁੱਟਾਂ ਅਤੇ ਭਾਸ਼ਾਈ ਅੰਦਾਜ਼ ਨੂੰ ਪੰਜਾਬੀ ਮੁਹਾਵਰੇ ਦੇ ਅਨੁਕੂਲ ਢਾਲ ਕੇ ਪੰਜਾਬੀ ਕਵਿਤਾ ਦੀ ਸੰਚਾਰ ਸਮਰੱਥਾ ਵਿਚ ਇਜ਼ਾਫ਼ਾ ਕੀਤਾ। ਸਾਹਿਤ ਸਿਰਜਣਾ ਦੇ ਖੇਤਰ ਵਿਚ ਜਗਤਾਰ ਦਾ ਆਪਣਾ ਬੁਲੰਦ ਮੁਕਾਮ ਹੈ ਜਿੱਥੇ ਉਹ ਕਵਿਤਾ ਅਤੇ ਗ਼ਜ਼ਲ ਵਿਚ ਇੱਕੋ ਜਿੰਨੀ ਪ੍ਰਤਿਭਾ ਨਾਲ ਮੁਖ਼ਾਤਿਬ ਹੁੰਦਾ ਹੈ। ਉਸਦੀ ਸਾਹਿਤ ਸਿਰਜਣਾ ਦਾ ਅਮਲ ਭਾਵੇਂ ਕਹਾਣੀ ਲਿਖਣ ਨਾਲ ਸ਼ੁਰੂ ਹੁੰਦਾ ਹੈ ਪਰ ਛੇਤੀ ਹੀ ਉਹ ਕਵਿਤਾ ਵੱਲ ਮੁੜ ਆਉਂਦਾ ਹੈ। ਗ਼ਜ਼ਲ ਇਕ ਅਜਿਹਾ ਕਾਵਿ ਰੂਪਾਕਾਰ ਹੈ ਜਿਸ ਵਿਚ ਖ਼ਿਆਲ ਦੀ ਨਜ਼ਾਕਤ, ਭਾਸ਼ਾ ਦਾ ਸੰਜਮ ਤੇ ਸ਼ਿਲਪ ਦਾ ਕਰੜਾ ਵਿਧਾਨ ਨਾਲ-ਨਾਲ ਚਲਦੇ ਹਨ। ਇਸਦਾ ਜਨਮ ਅਰਬ ਵਿਚ ਪੰਜਵੀਂ-ਛੇਵੀਂ ਸਦੀ ਵਿਚ ਹੀ ਹੋ ਗਿਆ ਸੀ। ਅਰਬੀ ਤੋਂ ਫ਼ਾਰਸੀ ਅਤੇ ਫਿਰ ਪੰਜਾਬੀ ਅਤੇ ਉਰਦੂ ਵਿਚ ਗ਼ਜ਼ਲ ਨੇ ਦਸਤਕ ਦਿੱਤੀ ਅਤੇ ਲਗਾਤਾਰ ਬੁਲੰਦੀਆਂ ਪ੍ਰਾਪਤ ਕਰਦੀ ਹੋਈ ਅੱਜ ਹਰਮਨ ਪਿਆਰੇ ਰੂਪਾਕਾਰ ਵਜੋਂ ਸਥਾਪਿਤ ਹੋ ਚੁੱਕੀ ਹੈ। ਪੰਜਾਬੀ ਗ਼ਜ਼ਲ ਦੇ ਮੁੱਢਲੇ ਦੌਰ ਵਿਚ ਗ਼ਜ਼ਲ ਕਾਵਿ-ਰੂਪ ਨੂੰ ਵਿਦੇਸ਼ੀ ਸਿਨਫ਼ ਵਜੋਂ ਦੇਖਿਆ ਗਿਆ ਹੈ। ਪੰਜਾਬੀ ਕਾਵਿ ਪਰੰਪਰਾ ਲਈ ਇਸ ਨੂੰ ਜਟਿਲ ਜਾਂ ਕਰੜੇ ਪ੍ਰਬੰਧ ਵਾਲੇ ਕਾਵਿ-ਰੂਪ ਵਜੋਂ ਪਰਿਭਾਸ਼ਿਤ ਕੀਤਾ ਗਿਆ, ਜਿਸਦਾ ਨੁਕਸਾਨ ਇਹ ਹੋਇਆ ਕਿ ਇਹ ਕਾਵਿ-ਰੂਪ ਆਪਣੀਆਂ ਸਮੁੱਚੀਆਂ ਅਰਥ ਸੰਭਾਵਨਾਵਾਂ ਨੂੰ ਉਜਾਗਰ ਕਰਨ ਤੋਂ ਖੁੰਝ ਗਿਆ। ਇਸ ਦੇ ਬਾਵਜੂਦ ਗ਼ਜ਼ਲ ਨੇ ਗੌਲਣਯੋਗ ਥਾਂ ਬਣਾਈ ਹੈ।

ਡਾ. ਜਗਤਾਰ ਦੇ ਸ਼ਬਦਾਂ ਵਿਚ "ਗ਼ਜ਼ਲ ਕਾਵਿ ਸਾਹਿਤ ਦੀ ਸਫਲਤਾ ਪੰਜਾਬੀ ਗ਼ਜ਼ਲਕਾਰਾਂ ਦੀ ਲਗਨ, ਮਿਹਨਤ ਤੇ ਸਿਰੜ, ਆਲੋਚਕਾਂ ਦੇ ਹਮਦਰਦੀ ਭਰੇ ਵਤੀਰੇ ਤੇ ਸੁਹਿਰਦ ਆਲੋਚਕਾਂ ਦੇ ਨਾਲ-ਨਾਲ ਦਾਗ਼, ਮੀਰ ਤੇ ਗ਼ਾਲਿਬ ਸਕੂਲ ਦੇ ਸੰਕੀਰਣ ਦ੍ਰਿਸ਼ਟੀਕੋਣ ਦੇ ਤਿਆਗ 'ਤੇ ਹੀ ਨਿਰਭਰ ਹੈ।"[1] ਡਾ. ਜਗਤਾਰ ਪੰਜਾਬੀ ਸ਼ਾਇਰੀ ਦੀ ਨਵੀਂ ਨੁਹਾਰ ਸਿਰਜਣ ਵਾਲਾ ਸੁਹਿਰਦ ਅਤੇ ਪ੍ਰਤਿਬੱਧ ਸ਼ਾਇਰ ਹੈ। ਗ਼ਜ਼ਲ ਸਿਰਜਣਾ ਉਸ ਲਈ ਕੋਰੀ ਸ਼ਿਲਪ ਘਾੜਤ ਜਾਂ ਸਿਧਾਂਤਕ ਨਾਅਰੇਬਾਜੀ ਨਹੀਂ ਸਗੋਂ ਸੰਵੇਦਨਾ ਭਰਪੂਰ ਸੁਹਜਾਤਮਕ ਕਾਰਜ ਹੈ। ਉਸਦੀ ਆਮਦ ਨਾਲ ਪੰਜਾਬੀ ਗ਼ਜ਼ਲ ਦਾ ਮੁਹਾਵਰਾ ਵੱਥ ਅਤੇ ਕੱਥ ਦੋਵਾਂ ਪੱਖਾਂ ਤੋਂ ਬਦਲਦਾ ਹੈ ਕਿਉਂਕਿ ਨਾ ਸਿਰਫ਼ ਰੂਪ ਹੀ ਸਾਹਿਤ ਰੂਪ ਨੂੰ ਜਨਮ ਦਿੰਦਾ ਹੈ ਤੇ ਨਾ ਸਿਰਫ਼ ਵਸਤੂ ਸਗੋਂ ਦੋਵਾਂ ਦੀ ਅੰਤਰ-ਸੰਬੰਧਿਤਾ ਹੀ ਕਿਸੇ ਸਾਹਿਤ ਰੂਪ

ਦਾ ਆਧਾਰ ਬਣਦੀ ਹੈ। ਅਵਨੇਰ ਜੇਸ ਦੇ ਅਨੁਸਾਰ "ਕਲਾ ਦੀ ਹਰ ਸੱਚੀ ਰਚਨਾ ਵਿਚ ਅੰਤਰਵਸਤੂ ਅਤੇ ਰੂਪ ਦੀ ਏਕਤਾ ਪਾਈ ਜਾਂਦੀ ਹੈ ਕਿਉਂਕਿ ਕਲਾਤਮਕ ਰੂਪ ਤੋਂ ਹੀਣੀ ਅੰਤਰਵਸਤੂ ਅਤੇ ਅੰਤਰਵਸਤੂ ਤੋਂ ਖਾਲੀ ਰੂਪ, ਕਲਾ ਦੇ ਖਾਸੇ ਨਾਲ ਮੇਲ ਨਹੀਂ ਖਾਂਦਾ।"[2] ਗ਼ਜ਼ਲ ਦਾ ਸ਼ਿਲਪ ਵਿਧਾਨ ਨਿਸ਼ਚਿਤ ਕਰਨ ਸਮੇਂ ਵੀ ਰੂਪ ਅਤੇ ਵਸਤੂ ਦੇ ਦਵੰਦਾਤਮਕ ਸੰਬੰਧਾਂ ਨੂੰ ਅਣਗੌਲਿਆ ਨਹੀਂ ਕੀਤਾ ਜਾਵੇਗਾ। ਜਗਤਾਰ ਰਵਾਇਤੀ ਅਰਬੀ, ਫ਼ਾਰਸੀ ਅਤੇ ਉਰਦੂ ਪ੍ਰਤਿਮਾਨਾਂ ਅਨੁਸਾਰ ਗ਼ਜ਼ਲ ਕਹਿਣ ਦੀ ਬਜਾਇ ਪੰਜਾਬੀ ਗ਼ਜ਼ਲ ਦੇ ਨਿਵੇਕਲੇ ਵਿਸ਼ੇ ਵੱਲ ਰੁਚਿਤ ਹੁੰਦਾ ਹੈ। ਦੋ-ਤੁਕੇ ਕਾਵਿ ਰੂਪ ਦੀਆਂ ਜੜ੍ਹਾਂ ਪੰਜਾਬੀ ਕਾਵਿ ਪਰੰਪਰਾ ਵਿਚ ਹੀ ਪਈਆਂ ਹਨ। ਮਤਲਬ ਇਹ ਕਾਵਿ ਰੂਪ ਪੰਜਾਬੀ ਜਨ-ਮਾਨਸ ਲਈ ਅਸਲੋਂ ਨਵਾਂ ਨਹੀਂ ਸੀ। ਪੰਜਾਬੀ ਗ਼ਜ਼ਲ ਦੀਆਂ ਜੜ੍ਹਾਂ ਸਾਡੇ ਅਤੀਤ ਵਿਚ ਪਈਆਂ ਹੋਣ ਕਰਕੇ ਇਸ ਵਿਧਾ ਨੂੰ ਬਾਹਰੋਂ ਆਈ ਵਿਧਾ ਨਹੀ ਖਿਆਲ ਕਰਨਾ ਚਾਹੀਦਾ। ਸਗੋਂ ਇਸਦਾ ਵੱਖਰਾ ਕਾਵਿ ਸ਼ਾਸਤਰ ਤਲਾਸ਼ਣ ਵੱਲ ਰੁਚਿਤ ਹੋਣਾ ਚਾਹੀਦਾ ਹੈ। ਸੁਲੱਖਣ ਸਰਹੱਦੀ ਦਾ ਕਹਿਣਾ ਹੈ ਕਿ ਸਾਨੂੰ ਆਪਣੇ ਕਾਵਿ ਸਨਾਤਨ ਨੂੰ ਮੁੱਖ ਰੱਖ ਕੇ ਗ਼ਜ਼ਲ ਦਾ ਇਤਿਹਾਸ ਲਿਖਣਾ ਚਾਹੀਦਾ ਹੈ। ਸਾਡੇ ਲੋਕ ਗੀਤਾਂ, ਅਖਾਣਾਂ, ਸ਼ਲੋਕਾਂ ਵਿਚ ਬੜੇ ਪਹਿਲਾਂ ਤੋਂ ਦੋ ਸਤਰੀ ਸ਼ਿਅਰ ਸਿਰਜਣ ਦਾ ਇਤਿਹਾਸ ਹੈ। ਇਸ ਬਾਰੇ ਸਾਨੂੰ ਇਹ ਗੱਲ ਮੰਨਣ ਵਿਚ ਹਿਚਕਚਾਹਟ ਨਹੀਂ ਹੋਣੀ ਚਾਹੀਦੀ ਕਿ ਪੰਜਾਬੀ ਗ਼ਜ਼ਲ ਦਾ ਬਾਹਰੀ ਢਾਂਚਾ ਹੀ ਅਰਬੀ, ਫ਼ਾਰਸੀ ਦਾ ਹੈ। ਗ਼ਜ਼ਲ ਦੀ ਅੰਤਰ ਆਤਮਾ ਸਾਡੀ ਕਾਵਿ ਪਰੰਪਰਾ ਹੈ। ਇਸ ਤਰ੍ਹਾਂ ਬਾਬਾ ਫ਼ਰੀਦ ਪੰਜਾਬੀ ਗ਼ਜ਼ਲ ਦੇ ਪਿਤਾਮਾ ਹਨ।"[3]

ਡਾ. ਜਗਤਾਰ ਦੀ ਗ਼ਜ਼ਲ ਸਿਰਜਣਾ ਦਾ ਕਮਾਲ ਇਸ ਗੱਲ ਵਿਚ ਹੈ ਕਿ ਗ਼ਜ਼ਲ ਦਾ ਹਰ ਸ਼ਿਅਰ ਆਪਣੇ ਆਪ ਵਿਚ ਸੁਤੰਤਰ ਕਵਿਤਾ ਹੈ। ਇਸ ਸੁਤੰਤਰ ਕਵਿਤਾ ਦੀ ਆਪਣੀ ਸਪੇਸ ਅਤੇ ਆਪਣੀ ਚਾਲ ਹੈ। ਗ਼ਜ਼ਲ ਇਕ ਪੂਰੀ ਕਵਿਤਾ ਵੀ ਹੈ ਅਤੇ ਅਲੱਗ-ਅਲੱਗ ਸ਼ਿਅਰਾਂ ਵਜੋਂ ਅਲੱਗ-ਅਲੱਗ ਕਵਿਤਾਵਾਂ ਦਾ ਮੁਜੱਸਮਾ ਵੀ ਹੈ। ਅਰਬੀ ਅਤੇ ਫ਼ਾਰਸੀ ਗ਼ਜ਼ਲ ਵਿਚ ਜਿਨ੍ਹਾਂ ਸ਼ਬਦਾਂ ਜਿਵੇਂ ਸਾਕੀ, ਜਾਮ, ਮੈਖ਼ਾਨਾ, ਰਿੰਦ, ਪੈਮਾਨਾ ਆਦਿ ਦੀ ਵਰਤੋਂ ਵਾਰ-ਵਾਰ ਹੋਈ ਹੈ ਦਾ ਡਾ. ਜਗਤਾਰ ਸੁਚੇਤ ਰੂਪ ਵਿਚ ਨਿਖੇਧ ਕਰਕੇ ਨਵੇਂ ਸ਼ਬਦਾਂ ਦੀ ਤਲਾਸ਼ 'ਤੇ ਜ਼ੋਰ ਦਿੰਦਾ ਹੈ। ਡਾ. ਕਰਨੈਲ ਸਿੰਘ ਸ਼ਬਦਾਂ ਵਿਚ "ਜਗਤਾਰ ਨੇ ਗ਼ਜ਼ਲ ਦੀ ਸਿਨਫ਼ ਨੂੰ ਹੁਸਨ-ਇਸ਼ਕ, ਸਾਕੀ, ਜਾਮ, ਪਿਆਲਾ ਤੇ ਮੈਖ਼ਾਨਾ ਆਦਿ ਤੱਕ ਸੀਮਤ ਨਹੀਂ ਰਹਿਣ ਦਿੱਤਾ ਸਗੋਂ ਅਜੋਕੇ ਸਮਾਜ ਦੇ ਬਦਲ ਰਹੇ ਸਮਾਜਕ ਮੁੱਲਾਂ ਦਾ ਹਾਣੀ ਬਣਾਉਣ ਦੀ

ਕੋਸ਼ਿਸ਼ ਵੀ ਕੀਤੀ ਹੈ।"[4] ਕਵਿਤਾ ਦੀ ਕਾਵਿਕਤਾ ਪ੍ਰਤੀ ਡਾ. ਜਗਤਾਰ ਦੀ ਸੁਚੇਤਨਾ ਦਾ ਪ੍ਰਮਾਣ 'ਅਧੂਰਾ ਆਦਮੀ' ਕਾਵਿ-ਸੰਗ੍ਰਹਿ ਦੀ ਭੂਮਿਕਾ ਵਿਚੋਂ ਵੀ ਮਿਲ ਜਾਂਦਾ ਹੈ। ਜਦੋਂ ਉਹ ਕਾਵਿ ਦੀ ਸਮਝ ਲਈ ਬਣੇ ਬਣਾਏ ਗਣਿਤੀ ਫਾਰਮੂਲਿਆਂ ਨੂੰ ਰੱਦ ਕਰਕੇ ਰੂਹ ਦੀ ਇੰਜੀਨੀਅਰੀ ਨੂੰ ਜਾਣਨ/ਸਮਝਣ ਦੀ ਤਾਕੀਦ ਕਰਦਾ ਹੈ। ਉਸ ਦੀ ਕਾਵਿ-ਸ਼ਾਸਤਰੀ ਸਮਝ ਲਈ ਉਸ ਦਾ ਇਹ ਕਥਨ ਗੌਲ਼ਣਯੋਗ ਹੈ ਕਿ "ਅਹਿਸਾਸਾਂ ਤੇ ਭਾਵਾਂ ਦੀ ਲੋੜੀਂਦੀ ਭਾਅ ਤੋਂ ਬਿਨਾਂ ਕਵਿਤਾ, ਫਿਲਾਸਫੀ ਜਾਂ ਵਿਗਿਆਨਕ ਸਿਧਾਂਤਾਂ 'ਤੇ ਆਧਾਰਿਤ ਹੋ ਕੇ ਕਦੀ ਵੀ ਕਵਿਤਾ ਨਹੀਂ ਰਹਿ ਸਕਦੀ। ਹਿਕਮਤ ਦੀਆਂ ਛੰਦਾਬੰਦੀ ਵਿਚ ਰਚੀਆਂ ਗਈਆਂ ਪੁਸਤਕਾਂ ਕਵਿਤਾ ਨਹੀਂ ਕਹਿ ਸਕਦੀਆਂ। ਕਵਿਤਾ ਸਾਰਿਆਂ ਲਈ ਨਹੀਂ ਲਿਖੀ ਜਾਂਦੀ ਅਤੇ ਇਹ ਵੀ ਜਰੂਰੀ ਨਹੀਂ ਕਿ ਕਵਿਤਾ ਹਰ ਇਕ ਨੂੰ ਸਮਝ ਆ ਜਾਵੇ। ਨਾ ਹੀ ਕਵਿਤਾ ਅਲਜ਼ਬਰੇ ਦਾ ਫ਼ਾਰਮੂਲਾ ਹੈ ਜਿਸ ਦਾ ਪਤਾ ਲੱਗ ਜਾਣ ਉਪਰੰਤ ਕਲਾ ਦੀ ਸਮਝ ਪੈ ਜਾਂਦੀ ਹੈ। ਕਿਸੇ ਵੀ ਵਾਦ ਜਾਂ ਯੁਕਤੀ ਦੇ ਅਧੀਨ ਅਸੀਂ ਕੋਈ ਰਚਨਾ ਕਰਦੇ ਹਾਂ ਤਾਂ ਅਸੀਂ ਰਚਨਾ ਨਹੀਂ ਕਰ ਰਹੇ ਹੁੰਦੇ ਸਗੋਂ ਸਾਹਿਤ ਘੜ ਰਹੇ ਹੁੰਦੇ ਹਾਂ। ਜਿਹੜੇ ਲੋਕ ਘੋੜਿਆਂ, ਊਠਾਂ, ਰੱਥਾਂ ਅਤੇ ਗਧਿਆਂ ਦੀ ਚਾਲ ਤੋਂ ਅਖ਼ਦ ਕੀਤੇ ਗਏ ਅਰੂਜ਼ ਦੀ ਪੂਰਨਤਾ ਹੀ ਕਵਿਤਾ ਵਿਚ ਵੇਖਣ ਦੇ ਚਾਹਵਾਨ ਹਨ ਜਾਂ ਆਰੂਜ਼ੀ ਪਰਪੱਕਤਾ ਨੂੰ ਹੀ ਕਵਿਤਾ ਦਾ ਸਭ ਤੋਂ ਵੱਡਾ ਗੁਣ ਸਮਝਦੇ ਹਨ ਉਹ ਮੇਰੇ ਨਜ਼ਦੀਕ ਮੂਰਖ ਤੇ ਨਾਸਮਝ ਹਨ।"[5] ਸਾਨੂੰ ਗ਼ਜ਼ਲ ਦੇ ਅਧਿਐਨ ਲਈ ਇਸ ਦੇ ਰਵਾਇਤੀ ਕਾਵਿ-ਸ਼ਾਸਤਰ ਦੇ ਨਾਲ-ਨਾਲ ਨਵੀਆਂ ਸੁਹਜ ਦ੍ਰਿਸ਼ਟੀਆਂ ਨੂੰ ਸ਼ਾਮਿਲ ਕਰਨ ਦੀ ਲੋੜ ਵੀ ਜ਼ਰੂਰੀ ਜਾਪਦੀ ਹੈ। ਰੂਪਾਕਾਰ ਵਿਚ ਵਾਪਰਨ ਵਾਲੀ ਵੱਥ ਅਤੇ ਕੱਥ ਦੀ ਤਬਦੀਲੀ ਉਸ ਰੂਪਾਕਾਰ ਦੀਆਂ ਨਵੀਆਂ ਸੰਭਾਵਨਾਵਾਂ ਵੱਲ ਵੀ ਸੰਕੇਤ ਹੁੰਦੀ ਹੈ। ਗ਼ਜ਼ਲ ਦੇ ਸੰਦਰਭ ਵਿਚ ਇਹ ਗੱਲ ਕਾਫ਼ੀ ਮਹੱਤਵਪੂਰਨ ਹੈ ਕਿ ਬਹਿਰ ਦੀ ਤਬਦੀਲੀ ਵਿਸ਼ੇ ਦੀ ਤਬਦੀਲੀ ਦਾ ਵੀ ਅਹਿਮ ਜ਼ਰੀਆ ਹੈ ਭਾਵ ਜਦੋਂ ਗ਼ਜ਼ਲਗੋ ਗ਼ਜ਼ਲ ਸਿਰਜਣਾ ਦੌਰਾਨ ਆਪਣੀਆਂ ਪੁਰਾਣੀਆਂ ਵਰਤੀਆਂ ਜਾ ਰਹੀਆਂ ਬਹਿਰਾਂ ਵਿਚੋਂ ਬਦਲ ਕੇ ਬਹਿਰ ਲੈਂਦਾ ਹੈ ਤਾਂ ਉਸ ਗ਼ਜ਼ਲ ਦੀ ਪਹਿਲੀਆਂ ਗ਼ਜ਼ਲਾਂ ਨਾਲੋਂ ਵਿਸ਼ੈਗਤ ਰੰਗਤ ਵੱਖਰੀ ਭਾਂਤ ਦੀ ਹੁੰਦੀ ਹੈ। 1980 ਵਿਚ ਛਪੇ ਜਗਤਾਰ ਦੇ ਪਹਿਲੇ ਨਿਰੋਲ ਗ਼ਜ਼ਲ ਸੰਗ੍ਰਹਿ 'ਸ਼ੀਸ਼ੇ ਦਾ ਜੰਗਲ ਤੋਂ ਪਹਿਲਾਂ ਹੀ ਉਸ ਦੇ ਇਕ ਪੁਖ਼ਤਾ ਗ਼ਜ਼ਲਗੋ ਹੋਣ ਦੇ ਸੰਕੇਤ ਮਿਲ ਜਾਂਦੇ ਹਨ। ਮਾਰਕਸਵਾਦੀ, ਲੋਕ-ਪੱਖੀ, ਮਾਨਵਵਾਦੀ ਨਜ਼ਰੀਆਂ ਹੋਣ ਕਰਕੇ ਜਗਤਾਰ ਦੀ ਕਵਿਤਾ ਪਹਿਲਾਂ ਲੋਕ-ਵਫ਼ਾ ਦਾ ਅਹਿਦ ਪਾਲਦੀ ਹੈ ਅਤੇ ਸ਼ਾਸਤਰੀ ਬੰਧੇਜ਼ ਵਾਲਾ ਬਾਅਦ ਵਿਚ।

ਲੋਕਾਈ ਨਾਲ ਵਫ਼ਾ ਦੇ ਅਹਿਦ ਅਤੇ ਰੂਪਾਕਾਰਕ ਬੰਧੇਜ਼ 'ਤੇ ਪ੍ਰਸ਼ਨ ਚਿੰਨ੍ਹ ਵਜੋਂ ਡਾ. ਜਗਤਾਰ ਦੇ ਨਿਮਨ ਸ਼ਿਅਰ ਦੇਖੇ ਜਾ ਸਕਦੇ ਹਨ:

ਮੇਰਿਆਂ ਸ਼ਿਅਰਾਂ 'ਚ ਕਚਿਆਈ ਵੀ ਹੋ ਸਕਦੀ ਮਗਰ ਮੈਂ,
ਅੱਜ ਤਾਈਂ ਜੋ ਵੀ ਲਿਖਿਆ ਲੋਕਤਾ ਦੇ ਨਾਮ ਲਿਖਿਆ।[6]

ਸਾਨੂੰ ਕੈਦ ਨਾ ਰਖ ਸਕੀਆਂ, ਜ਼ੰਜੀਰਾਂ ਤੇ ਦੀਵਾਰਾਂ,
ਤੂੰ ਕਿੰਝ ਸਾਂਭ ਲਵੇਂਗੀ ਸਾਡੀ, ਸ਼ੀਸ਼ੇ ਵਿਚ ਤਸਵੀਰ।[7]

ਪਰਤ ਜਾਏਗਾ ਆਲੋਚਕ ਪੈਰ ਜ਼ਖਮੀ ਹੋਣ 'ਤੇ,
ਮੈਂ ਅਤੇ ਮੇਰੀ ਗ਼ਜ਼ਲ ਹਾਂ ਪੱਥਰਾਂ 'ਤੇ ਚਲ ਰਹੇ।[8]

ਕੋਈ ਰੂਪਾਕਾਰ ਜਦੋਂ ਵਿਸ਼ਾ ਤੋਂ ਨਵੀਆਂ ਸੰਭਾਵਨਾਵਾਂ ਵੱਲ ਸੰਕੇਤ ਕਰਦਾ ਹੈ ਤਾਂ ਸੰਬੰਧਿਤ ਰੂਪਾਕਾਰ ਦੇ ਕਲਾਤਮਕ ਪੱਖਾਂ ਨੂੰ ਵੀ ਨਵੇਂ ਸਾਂਚੇ ਵਿਚ ਢਾਲਦਾ ਹੈ। ਕੋਈ ਵੀ ਰੂਪਾਕਾਰ ਆਪਣਾ ਮੁਹਾਂਦਰਾ ਖ਼ੁਦ ਸਿਰਜਦਾ ਹੈ। ਕਿਸੇ ਬਣੇ ਬਣਾਏ ਚੌਖ਼ਟੇ ਵਿਚ ਢਲਣ ਵਾਲੀ ਸਾਹਿਤਕ ਕਿਰਤ ਨਵੀਆਂ ਸੰਭਾਵਨਾਵਾਂ ਤੋਂ ਮਹਿਰੂਮ ਹੁੰਦੀ ਹੈ। ਡਾ. ਜਗਤਾਰ ਆਪਣੇ ਕਾਵਿ-ਸਫ਼ਰ ਦੇ ਸ਼ੁਰੂਆਤੀ ਦੌਰ ਵਿਚ ਹੀ ਗ਼ਜ਼ਲ ਦੀਆਂ ਬੇਲੋੜੀਆਂ ਪਾਬੰਦੀਆਂ ਤਿਆਗਣ ਦਾ ਐਲਾਨ ਕਰਦਾ ਹੈ। ਡਾ. ਜਗਤਾਰ ਦਾ ਪਿਛੋਕੜ ਬਹੁ-ਭਾਸ਼ਾਈ ਹੋਣ ਕਰਕੇ ਉਸ ਕੋਲ ਸ਼ਬਦਾਂ ਦੀ ਸਹੀ ਜੜਤ ਦੀ ਚੇਤਨਤਾ ਹੈ। ਉਸ ਦੀਆਂ ਗ਼ਜ਼ਲਾਂ ਵਿਚ ਵਰਤੇ ਬਹੁਤੇ ਸ਼ਬਦ-ਜੁੱਟ ਪਹਿਲਾਂ ਰਚੀ ਜਾ ਰਹੀ ਪੰਜਾਬੀ ਗ਼ਜ਼ਲ ਵਿਚ ਬਹੁਤ ਘੱਟ ਵੇਖਣ ਨੂੰ ਮਿਲਦੇ ਹਨ। ਮਿਸਾਲ ਵਜੋਂ ਸਬਜ਼-ਜੰਗਲ, ਮਲਗਜ਼ੀ-ਘਰ, ਨੀਲਗੂੰ-ਅਸਮਾਨ, ਦਰਿਆ-ਦਿਲ, ਅਗਨ-ਸ਼ਸਤਰ, ਲਰਜ਼ਦੇ-ਅਸ਼ਕ, ਦਰਿਆ-ਬੁਰਦ, ਗਗਨ-ਚੁੰਭੀ, ਕਤਲ-ਘਰ, ਕੈਦ-ਘਰ, ਖੰਡਰ-ਘਰ, ਫਿੱਸੀਆਂ-ਕੰਧਾਂ, ਮਘੋਰੀ ਛੱਤਾਂ, ਭੁਰੇ-ਦਰਵਾਜ਼ੇ ਆਦਿ। ਡਾ. ਜਗਤਾਰ ਪੰਜਾਬੀ ਜਨ-ਜੀਵਨ ਨਾਲ ਸੰਬੰਧਿਤ ਚਿੰਨ੍ਹ, ਬਿੰਬ ਜਾਂ ਪ੍ਰਤੀਕਾਂ ਦੀ ਚੋਣ ਕਰਦਾ ਹੈ ਕਿਉਂਕਿ ਸ਼ਾਇਰ ਦੇ ਬਿੰਬਾਂ ਦੀ ਚੋਣ ਦਾ ਮੂਲ ਆਧਾਰ ਉਸਦਾ ਚੌਗਿਰਦਾ ਹੀ ਹੁੰਦਾ ਹੈ। ਡਾ. ਜਗਤਾਰ ਦੀ ਗ਼ਜ਼ਲ ਵਿਚ ਮੋਮ, ਮੋਮਬੱਤੀ, ਝਾਂਜਰ, ਤਿਤਲੀ, ਖਿਲੌਣੇ, ਛੱਤਰੀ, ਕਿੱਕਰ, ਪਤਝੜ, ਬਿਰਛ, ਛਾਵਾਂ, ਧੁੱਪਾਂ, ਬੱਤਖਾਂ, ਝੀਲ, ਸੂਰਜ, ਤਲਵਾਰ, ਬਾਰਿਸ਼, ਔੜ, ਕਿਸ਼ਤੀ, ਸੰਖ, ਸਿੱਪੀਆਂ, ਮੋਰ, ਖੰਭ, ਫ਼ਸਲ, ਸੂਰ, ਗੰਦਮ, ਸੂਲੀ, ਜੁਰਾਬਾਂ, ਗੰਗਾ,

ਬਨਾਰਸ, ਭੀਸ਼ਮ ਆਦਿ ਚਿੰਨ੍ਹ ਵਾਰ-ਵਾਰ ਵਰਤੇ ਗਏ ਹਨ। ਜਿਹੜੇ ਡਾ. ਜਗਤਾਰ ਦੀ ਵਸੀਹ ਸਮਝ ਦੇ ਜਾਮਨ ਹਨ। ਡਾ. ਜਗਤਾਰ ਦਾ ਇਕ ਸ਼ੇਅਰ ਹੈ:

ਕੌਣ ਮੇਰੇ ਬਾਅਦ ਪਾਲੇਗਾ ਹੁਨਰ, ਮੁਸ਼ਕਿਲ ਪਸੰਦ,
ਕੌਣ ਸ਼ਬਦਾਂ ਦੇ ਨਗੀਨੇ ਹਰ ਗ਼ਜ਼ਲ ਅੰਦਰ ਜੜੇਗਾ।[9]

ਭਾਵੇਂ ਅਜੋਕੀ ਗ਼ਜ਼ਲ ਵਿਚ ਅਨੇਕ ਭਵਿੱਖੀ ਸੰਭਾਵਨਾਵਾਂ ਹਨ ਪਰ ਡਾ. ਜਗਤਾਰ ਦਾ ਇਹ ਤਰਕ ਉਲਾਰ ਨਹੀਂ, ਸਗੋਂ ਇਕ ਕਾਵਿਕ-ਜੁਗਤ ਹੋਣ ਦੇ ਨਾਲ-ਨਾਲ ਉਸਦੇ ਵਸੀਹ ਸ਼ਬਦ ਭੰਡਾਰ ਦਾ ਪ੍ਰਤਿਫ਼ਲ ਵੀ ਹੈ। ਡਾ. ਜਗਤਾਰ ਦੀ ਸ਼ਬਦ ਜੜਤ ਦਾ ਅਰਥ-ਸੰਚਾਰ ਇਕ ਪਰਤੀ ਹੋਣ ਦੀ ਥਾਂ ਸਾਂਝੇ ਪੰਜਾਬ ਦੀ ਰਹਿਤਲ ਵਿਚੋਂ ਜਨਮ ਲੈਂਦਾ ਹੈ, ਨਾ ਕਿ ਵੱਢੇ-ਟੁੱਕੇ ਪੰਜਾਬ ਵਿਚੋਂ। ਇਸ ਤੋਂ ਇਲਾਵਾ ਉਸ ਦੀ ਗ਼ਜ਼ਲ ਵਿਚ ਮੁਹਾਵਰੇ ਜਾਂ ਅਖਾਉਤਾਂ ਦੀ ਵਰਤੋਂ ਗ਼ਜ਼ਲ ਸਥਾਨਕ ਰੰਗਣ ਪ੍ਰਦਾਨ ਕਰਦੀ ਹੈ। ਗ਼ਜ਼ਲ ਸੰਗ੍ਰਹਿ 'ਜੁਗਨੂੰ ਦੀਵਾ ਤੇ ਦਰਿਆ' ਵਿਚ ਸ਼ਾਮਿਲ 'ਦੁਆ' ਅਤੇ 'ਦੁਆਈਆਂ' ਸਿਰਲੇਖ ਅਧੀਨ ਗ਼ਜ਼ਲਾਂ, 'ਜਾਗੀ ਹੋਸੀ ਫ਼ਜਰ ਗਰਾਂ ਵਿਚ' ਅਤੇ 'ਸ਼ਾਮ ਗਰਾਂ ਵਿਚ ਉੱਤਰੀ ਹੋਸੀ' ਅਤੇ ਖ਼ਤਾਂ ਨਾਲ ਸੰਬੰਧਿਤ ਮੁਸੱਲਸਲ ਗ਼ਜ਼ਲਾਂ ਡਾ. ਜਗਤਾਰ ਦੀ ਗ਼ਜ਼ਲ ਦਾ ਹਾਸਿਲ ਵੀ ਕਹੀਆਂ ਜਾ ਸਕਦੀਆਂ ਹਨ। ਉਹ ਸ਼ਬਦਾਂ ਨੂੰ ਸਿਰਫ਼ ਵਰਤਦਾ ਹੀ ਨਹੀਂ, ਸਗੋਂ ਉਹਨਾਂ ਨੂੰ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਢਾਲ ਕੇ ਗ਼ਜ਼ਲ ਦੇ ਸੁਹਜ ਵਿਚ ਵਾਧਾ ਕਰਦਾ ਹੈ। ਲੋਕ-ਮੁਹਾਵਰੇ ਅਤੇ ਲੋਕਧਾਰਾਈ ਵਿਰਸੇ ਵਿਚੋਂ ਬਿੰਬਾਂ ਜਾਂ ਚਿੰਨ੍ਹਾਂ ਦੀ ਚੋਣ ਕਰਨ ਕਰਕੇ ਉਸ ਦੀ ਗ਼ਜ਼ਲ ਦੀਆਂ ਜੜ੍ਹਾਂ ਸਾਡੇ ਲੋਕਧਾਰਾਈ ਵਿਰਸੇ (ਇਤਿਹਾਸ, ਮਿਥਿਹਾਸ) ਅਤੇ ਮੁਕਾਮੀ (ਲੋਕਲ) ਅਵਚੇਤਨ ਵਿਚ ਸਥਿਤ ਹਨ। ਮਿਸਾਲ ਵਜੋਂ ਡਾ. ਜਗਤਾਰ ਦੇ ਸ਼ਿਅਰ ਦੇਖੇ ਜਾ ਸਕਦੇ ਹਨ:

ਮਨ ਦੀ ਹਾਲਤ ਤਾਂ ਕਦੇ ਬਦਲੇ ਨਾ ਰੁਤ ਬਦਲਣ ਦੇ ਨਾਲ,
ਚੇਤ ਵੀ ਲਗਦੈ ਕਈ ਵਾਰੀ ਮੁਹੱਰਮ ਦੀ ਤਰ੍ਹਾਂ।[10]
ਕੀ ਅਜੇ ਵੀ ਅੱਲ੍ਹੜਾਂ ਪਟਵਾਰੀਆਂ ਨੂੰ ਕਹਿੰਦੀਆਂ?
ਜਿੰਦ ਸਾਡੀ ਕਾਗਜਾਂ ਵਿਚ ਯਾਰ ਦੇ ਤੂੰ ਨਾਮ ਲਿਖ।[11]

ਤਿੰਨ-ਅੱਖਰੀ ਸ਼ਬਦਾਂ ਦੀ ਨਸ਼ਿਸ਼ਤ ਸੰਬੰਧੀ ਵੀ ਡਾ. ਜਗਤਾਰ ਦੀ ਗ਼ਜ਼ਲ ਦਾ ਸੁਭਾਅ ਮਕਾਨਕੀ ਕੱਟੜਤਾ ਉੱਪਰ ਟੇਕ ਰੱਖਣ ਦੀ ਬਜਾਇ ਉਚਾਰ ਪ੍ਰਮੁੱਖ ਹੈ। ਉਹ ਤਿੰਨ-ਅੱਖਰੀ ਸ਼ਬਦਾਂ, ਜਿਵੇਂ ਜ਼ਖ਼ਮ, ਕਬਰ, ਸਬਰ, ਸਮਝ ਆਦਿ ਨੂੰ ਬੰਨ੍ਹਣ ਵੇਲੇ ਖੁੱਲ੍ਹ ਲੈਂਦਾ ਹੋਇਆ ਇਹਨਾਂ ਨੂੰ ਮੁਫ਼ਾ ਅਤੇ ਫੇਲ ਦੋਵਾਂ ਵਜ਼ਨਾਂ ਨਾਲ ਬੰਨ੍ਹ ਲੈਂਦਾ ਹੈ। ਇਹ ਲਚਕੀਲਾਪਨ

ਸਮਕਾਲ ਵਿਚ ਵਿਚਰਦੀ ਗ਼ਜ਼ਲ ਲਈ ਸਕਾਰਾਤਮਕ ਹੈ। ਜਦੋਂ ਵਜ਼ਨ ਬਦਲ ਕੇ ਸ਼ਬਦ ਦੇ ਅਰਥ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਤਾਂ ਉਹ ਕਠੋਰ ਬੰਧੇਜ ਤਿਆਗ ਕੇ ਇਸ ਨੂੰ ਦੋਵਾਂ ਤਰ੍ਹਾਂ ਨਾਲ ਬੰਨ੍ਹਣਾ ਜਾਇਜ਼ ਸਮਝਦਾ ਹੈ। ਉਸਦੇ ਸ਼ਬਦਾਂ ਵਿਚ "ਜੇ ਉਰਦੂ ਦੇ ਸ਼ਾਇਰ ਮੀਰ, ਜ਼ੌਕ, ਦਾਗ਼ ਆਦਿ ਹਿੰਦੀ ਦਿਆਂ ਸ਼ਬਦਾਂ ਨੂੰ ਬ+ਰਸ ਦੀ ਥਾਂ ਬਰ+ਸ, ਤੜ+ਪ ਦੀ ਥਾਂ ਤ+ੜਪ ਅਤੇ ਤਰ+ਸ ਦੀ ਥਾਂ ਤ+ਰਸ ਬੰਨ੍ਹ ਸਕਦੇ ਹਨ ਤਾਂ ਅਸੀਂ ਜ਼ਖ਼ਮ, ਕਬਰ, ਸਬਰ ਆਦਿ ਸ਼ਬਦਾਂ ਨੂੰ ਉਚਾਰਨ ਅਨੁਸਾਰ ਕਿਉਂ ਨਹੀਂ ਬੰਨ੍ਹ ਸਕਦੇ?"[12] ਡਾ. ਜਗਤਾਰ ਦੀ ਸ਼ਾਇਰੀ ਵਿਚ ਇਸਨੂੰ ਨਿਮਨ ਸ਼ਿਅਰਾਂ ਵਿਚ ਦੇਖਿਆ ਜਾ ਸਕਦਾ ਹੈ ਜਿੱਥੇ ਉਸਨੇ 'ਸਮਝ' ਸ਼ਬਦ ਨੂੰ ਫੇਲ ਅਤੇ ਮੁਫਾ, ਦੋਵੇਂ ਤਰ੍ਹਾਂ ਦੇ ਵਜ਼ਨ ਵਿਚ ਬੰਨਿਆ ਹੈ:

ਤੂੰ ਇਹ ਨਾ ਸਮਝ (ਸਮ+ਝ) ਡਰ ਕੇ ਬਹਿ ਗਿਆਂ ਮੈਂ ਘਰ ਦੇ ਅੰਦਰ,
ਅਜੇ ਮੈਂ ਤੋੜ ਲਭਦਾ ਹਾਂ ਤਿਰੀ ਇਸ ਇੰਤਹਾ ਦਾ।[13]

ਉਹ ਨਹੀਂ ਕੋਠੇ 'ਤੇ ਆਉਂਦੀ ਹੁਣ ਕਦੇ ਲੈ ਕੇ ਕਿਤਾਬ,
ਆਪਣੇ ਕਮਰੇ 'ਚ ਸ਼ਾਇਦ ਤਜ਼ਰਬੇ (ਤਜ਼+ਰਬੇ) ਦੁਹਰਾ ਰਹੀ।[14]

ਡਾ. ਜਗਤਾਰ ਦੀ ਗ਼ਜ਼ਲ ਸੁਹਜ+ਸ਼ਾਸਤਰ ਦਾ ਤਿਆਰ ਕਰਦੀ ਹੋਈ ਆਮ ਲੋਕਾਈ ਨਾਲ ਖੜ੍ਹੀ ਨਜ਼ਰ ਆਉਂਦੀ ਹੈ। ਪ੍ਰਗਤੀਵਾਦੀ ਲਹਿਰ ਦੀ ਖੜੋਤ ਤੋਂ ਬਾਅਦ ਇੱਕੋ ਵੇਲੇ ਸਾਹਿਤ ਦੇ ਸ਼ਾਸਤਰੀ ਮਸਲਿਆਂ ਨਾਲ ਸੰਬੰਧਿਤ ਬਹਿਸਾਂ ਅਤੇ ਅੰਤਰ-ਦ੍ਰਿਸ਼ਟੀਆਂ ਸਾਹਮਣੇ ਆਉਂਦੀਆਂ ਹਨ। ਇਸ ਵੇਲੇ ਜਿੱਥੇ ਜਸਬੀਰ ਸਿੰਘ ਆਹਲੂਵਾਲੀਆ ਹੁਰਾਂ ਦੀ ਪ੍ਰਯੋਗਸ਼ੀਲ ਲਹਿਰ ਸ਼ਹਿਰੀ ਮੱਧ-ਸ਼੍ਰੇਣੀ ਦੀ ਅੰਤਰ-ਵੇਦਨਾ ਨੂੰ ਨਵੇਂ ਬਿੰਬਾਂ ਤੇ ਵਿਲੱਖਣ ਕਾਵਿ ਸ਼ੈਲੀ ਰਾਹੀਂ ਪ੍ਰਗਟਾਉਂਦੀ ਹੈ, ਉੱਥੇ ਜੁਝਾਰ ਕਵਿਤਾ ਪੰਜਾਬੀ ਕਵਿਤਾ ਦੇ ਮੁਹਾਣ ਵਿਚ ਇਕ ਵੱਡਾ ਬਦਲਾਅ ਕਰਨ ਵਿਚ ਸਫਲ ਹੋ ਜਾਂਦੀ ਹੈ। ਇਹ ਪੰਜਾਬੀ ਕਵਿਤਾ ਦੇ ਵੱਡੇ ਭਾਗ ਵਿਚ ਰਸਾਈ ਕਰਦੀ ਹੋਈ ਸਾਹਿਤ ਨੂੰ ਨਿਰੋਲ ਸੁਹਜ ਮੰਨਣ ਤੋਂ ਇਨਕਾਰੀ ਹੁੰਦੀ ਹੋਈ ਵੱਖਰੇ ਕਾਵਿ-ਸ਼ਾਸਤਰੀ ਪ੍ਰਤਿਮਾਨ ਸਿਰਜਦੀ ਹੈ, ਜਿਸ ਵਿਚੋਂ ਪ੍ਰਗਤੀ ਦਾ ਸੁਰ ਮੌਨ ਨਹੀਂ ਹੁੰਦਾ, ਸਗੋਂ ਹੋਰ ਉੱਚਾ ਹੋ ਜਾਂਦਾ ਹੈ। ਜਿਸਦਾ ਪ੍ਰਭਾਵ ਉਸ ਵੇਲੇ ਦੀ ਗ਼ਜ਼ਲ ਵਿਚ ਵੀ ਵਿਆਪਕ, ਪਰ ਸੂਖ਼ਮ ਪੱਧਰ 'ਤੇ ਦ੍ਰਿਸ਼ਟੀਗੋਚਰ ਹੁੰਦਾ ਹੈ। ਗ਼ਜ਼ਲ ਜਿਸਨੂੰ ਔਰਤ ਦੀ ਖ਼ੂਬਸੂਰਤੀ ਜਾਂ ਰਿੰਦਾਨਾ ਸੁਭਾਅ ਤੱਕ ਮਹਿਦੂਦ ਸਮਝਿਆ ਜਾਂਦਾ ਸੀ ਆਪਣਾ ਵੱਖਰਾ ਮੁਹਾਵਰਾ ਸਿਰਜਦੀ ਹੈ। ਮੋਹਨ ਸਿੰਘ, ਬਾਵਾ ਬਲਵੰਤ ਅਤੇ ਈਸ਼ਵਰ ਚਿੱਤਰਕਾਰ ਤੋਂ ਬਾਅਦ ਡਾ.

ਜਗਤਾਰ ਇਸਨੂੰ ਪੰਜਾਬੀ ਮੁਹਾਵਰੇ ਵਿਚ ਢਾਲਦਾ ਹੈ ਅਤੇ ਇਸਨੂੰ ਜ਼ਾਤ ਤੋਂ ਕਾਇਨਾਤ ਤੱਕ ਦਾ ਸਫ਼ਰ ਕਹਿ ਕੇ ਇਸ ਨੂੰ ਪਰੰਪਰਕ ਅਰਥਾਂ ਤੇ ਪ੍ਰਵਾਨਿਤ ਪ੍ਰਤਿਮਾਨਾਂ ਤੋਂ ਮੁਕਤ ਕਰਦਾ ਹੈ। ਇੱਥੇ ਗ਼ਜ਼ਲ ਦੀ ਵੱਥ ਸਿਰਫ਼ ਮਹਿਬੂਬ ਦੀ ਖ਼ੂਬਸੂਰਤੀ ਤੱਕ ਸੀਮਿਤ ਨਾ ਹੋ ਕੇ ਸਮਾਜਕ, ਆਰਥਿਕ, ਰਾਜਸੀ ਮਸਲਿਆਂ ਦੀ ਸੰਵਾਹਕ ਬਣਦੀ ਨਜ਼ਰ ਆਉਂਦੀ ਹੈ। ਦਰਬਾਰੀ ਲਹਿਜ਼ੇ, ਕੂਲ਼ੀ ਅਤੇ ਲਿਜ਼ਲਿਜੀ ਭਾਸ਼ਾ ਦਾ ਇਹ ਗ਼ਜ਼ਲ ਸੁਚੇਤ ਰੂਪ ਵਿਚ ਨਿਖੇਧ ਕਰਦੀ ਹੈ। ਗ਼ਜ਼ਲ ਜਿਹੀ ਨਾਜ਼ੁਕ ਖਿਆਲੀ ਜਾਣ ਵਾਲੀ ਸਿਨਫ਼ ਦੇ ਮਾਧਿਅਮ ਦੁਆਰਾ ਡਾ. ਜਗਤਾਰ ਮਨੁੱਖ ਦੇ ਵਿਭਿੰਨ ਮਸਲਿਆਂ ਦੀ ਸੰਜੀਦਗੀ ਨਾਲ ਪੇਸ਼ਕਾਰੀ ਕਰਕੇ ਕੁਲੀਨ ਵਰਗ ਦੇ ਸੁਹਜ ਸ਼ਾਸਤਰੀ ਪ੍ਰਤਿਮਾਨਾਂ ਨੂੰ ਵੰਗਾਰਦਾ ਹੈ:

ਅਜੇ ਤਾਈਂ ਤਾਂ ਮੇਰਾ ਸਿਰ ਕਿਤੇ ਵੀ ਖ਼ਮ ਨਹੀਂ ਹੋਇਆ।
ਤੁਹਾਡੇ ਵਿਕਣ ਦਾ ਅਫ਼ਸੋਸ ਹੈ ਪਰ ਗ਼ਮ ਨਹੀਂ ਹੋਇਆ।[15]

ਨਾ ਗ਼ਮ ਲਿਖਿਆ ਤੂੰ ਲੋਕਾਂ ਦਾ ਨਾ ਸ਼ਾਹਾਂ ਦਾ ਜ਼ਬਰ ਲਿਖਿਆ।
ਤੂੰ ਕੀ ਲਿਖਿਆ ਜੇ ਜ਼ੁਲਫ਼ਾਂ ਦਾ ਕਸੀਦਾ ਉਮਰ ਭਰ ਲਿਖਿਆ।[16]

ਫ਼ਾਰਸੀ ਤੇ ਉਰਦੂ ਦਾ ਸੰਜੀਦਾ ਪਾਠਕ ਅਤੇ ਸੁਚੇਤ ਗਿਆਤਾ ਹੋਣ ਕਰਕੇ ਉਹ ਕਈ ਹੋਰ ਖੁੱਲ੍ਹਾਂ ਦੀ ਵੀ ਤਾਕੀਦ ਕਰਦਾ ਹੈ। ਗ਼ਜ਼ਲ ਵਿਚ ਐਬ-ਏ-ਤਨਾਫ਼ਰ ਅਤੇ ਅੱਧਕ ਵਰਤੇ ਜਾਂ ਨਾ ਵਰਤੇ ਜਾਣ ਵਾਲੇ ਸ਼ਬਦਾਂ ਪ੍ਰਤੀ ਵੀ ਉਹ ਸੁਚੇਤ ਹੈ। ਗ਼ਜ਼ਲ ਦੇ ਸ਼ਿਅਰ ਵਿਚ ਕੋਈ ਵੀ ਸ਼ਬਦ ਜਿਸ ਧੁਨੀ ਨਾਲ ਖਤਮ ਹੁੰਦਾ ਹੈ ਤੇ ਅਗਲਾ ਸ਼ਬਦ ਉਸੇ ਧੁਨੀ ਨਾਲ ਸ਼ੁਰੂ ਹੁੰਦਾ ਹੈ ਤਾਂ ਸ਼ਿਅਰ ਵਿਚ ਐਬ-ਏ-ਤਨਾਫ਼ਰ ਦਾ ਦੋਸ਼ ਪੈਦਾ ਹੁੰਦਾ ਹੈ। ਕਈ ਵਾਰ ਭਾਸ਼ਾਈ ਮੁਹਾਵਰੇ ਦੀ ਬੰਦਿਸ਼ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਸ਼ਿਅਰ ਵਿਚ ਇਹ ਦੋਸ਼ ਪੈਦਾ ਹੋ ਜਾਂਦਾ ਹੈ। ਡਾ. ਜਗਤਾਰ ਇਸ ਦੋਸ਼ ਤੋਂ ਮੀਰ ਤਕੀ ਮੀਰ, ਗ਼ਾਲਿਬ ਤੇ ਜ਼ੌਕ ਵਰਗੇ ਗ਼ਜ਼ਲਗੋਆਂ ਦੀ ਗ਼ਜ਼ਲ ਨੂੰ ਵੀ ਮੁਕਤ ਨਹੀਂ ਮੰਨਦਾ। ਉਸ ਦੀ ਧਾਰਨਾ ਹੈ ਕਿ "ਐਬੇ-ਤਨਾਫ਼ਰ ਕੱਢਣ ਵੇਲੇ ਵੀ ਅਸੀਂ ਆਪਣੀ ਭਾਸ਼ਾ ਦਾ ਖਿਆਲ ਨਹੀਂ ਰੱਖਦੇ। ਉਦਾਹਰਣ ਲਈ ਜਹਾਨ ਨੂੰ ਅਸਮਾਨ ਨੂੰ, ਖਾਨ ਨੂੰ, ਰੇਤ 'ਤੇ, ਦਰਦ ਦਾ, ਗਰਦ ਦਾ, ਜ਼ਰਦ ਦਾ ਆਦਿ ਨੂੰ ਅਸੀਂ ਕਿਸੇ ਤਰ੍ਹਾਂ ਵੀ ਨਹੀਂ ਲਿਖ ਸਕਦੇ। ਜਦੋਂ ਕਿ ਉਰਦੂ ਵਿਚ ਜਹਾਨ ਕੋ, ਆਸਮਾਨ ਕੋ, ਰੇਤ ਪਰ, ਦਰਦ ਕਾ, ਗਰਦ ਕਾ ਆਦਿ ਆਉਂਦਾ ਹੈ। ਸੋ ਪੰਜਾਬੀ ਵਿਚ ਇਸ ਐਬ ਨੂੰ ਨਜ਼ਰ ਅੰਦਾਜ਼ ਹੀ ਕਰਨਾ ਪਵੇਗਾ। ਉਂਝ ਵੀ ਇਸ ਐਬ ਤੋਂ ਮੀਰ ਤਕੀ ਮੀਰ, ਗ਼ਾਲਿਬ ਤੇ ਜ਼ੌਕ ਵਰਗੇ ਕਵੀ

ਵੀ ਨਹੀਂ ਬੱਚ ਸਕੇ।"[17] ਅੱਧਕ ਨਾਲ ਲਿਖੇ ਜਾਣ ਵਾਲੇ ਸ਼ਬਦਾਂ ਦੇ ਸੰਬੰਧ ਵਿਚ ਡਾ. ਜਗਤਾਰ ਅਰਬੀ, ਫ਼ਾਰਸੀ ਅਤੇ ਉਰਦੂ ਸ਼ਾਇਰਾਂ ਦੇ ਹਵਾਲਿਆਂ ਨਾਲ ਗੱਲ ਕਰਦੇ ਹੋਏ ਆਖਦੇ ਹਨ ਕਿ "ਮੇਰੇ ਖਿਆਲ ਅਨੁਸਾਰ ਇਹਨਾਂ ਸ਼ਬਦਾਂ ਨੂੰ ਦੋਹਾਂ ਰੂਪਾਂ ਵਿਚ ਭਾਵ ਅਗ ਅੱਗ, ਅਜ ਅੱਜ, ਇਕ ਇੱਕ ਛਤ ਛੱਤ, ਵਰਤ ਲੈਣਾ ਚਾਹੀਦਾ ਹੈ। ਜੇ ਉਰਦੂ ਵਾਲੇ ਚਟਾਨ ਨੂੰ ਚੱਟਾਨ, ਦੁਕਾਨ ਨੂੰ ਦੁੱਕਾਨ ਤੇ ਦੂਕਾਨ, ਨਸ਼ਾ ਨੂੰ ਨੱਸ਼ਾ, ਨਦੀ ਨੂੰ ਨੱਦੀ, ਉਠਾ ਨੂੰ ਉੱਠਾ, ਏਕ ਨੂੰ ਇਕ ਕਰਕੇ ਦੋਹਾਂ ਰੂਪਾਂ ਵਿਚ ਵਰਤ ਸਕਦੇ ਹਨ ਤਾਂ ਸਾਨੂੰ ਇਹ ਮਨਾਹੀ ਕਿਸ ਲਈ ਹੈ।"[18] ਇਸ ਦੇ ਪੁਖ਼ਤਾ ਪ੍ਰਮਾਣ ਵਜੋਂ ਡਾ. ਜਗਤਾਰ ਦੇ ਸ਼ਿਅਰ ਦੇਖੇ ਜਾ ਸਕਦੇ ਹਨ:

ਦਰਖ਼ਤਾਂ ਤੋਂ ਜਾਂ ਇਕ ਇਕ ਕਰਕੇ ਝੜੀਆਂ ਸੱਭ ਅੱਖਾਂ,
ਰਿਹਾ ਨਾ ਡਰ ਕਿਸੇ ਵੀ ਰੁੱਖ ਨੂੰ ਅੰਨ੍ਹੀ ਹਵਾ ਦਾ।[19]

ਮੇਰੀਆਂ ਅੱਖਾਂ ਦੇ ਅੰਦਰ ਵੀ ਤੂੰ ਕੋਈ ਰੰਗ ਭਰ,
ਵੇਖ ਸੱਕਾਂ ਮੈਂ ਵੀ ਤਸਵੀਰਾਂ ਦੀਆਂ ਹੁਣ ਹਸਰਤਾਂ।[20]

ਨਾਂ ਪਤਾ ਲਿੱਖੇ ਨਾ ਲਿੱਖੇ, ਖ਼ਤ ਤਾਂ ਮੈਂ ਪਹਿਚਾਣਦਾਂ,
ਜੋ ਮੁਬਾਰਕਬਾਦ ਦਾ ਹਰ ਸਾਲ ਹੈ ਖ਼ਤ ਪਾ ਰਹੀ।[21]

ਡਾ. ਜਗਤਾਰ ਦੇ ਅਖ਼ੀਰਲੇ ਗ਼ਜ਼ਲ ਸੰਗ੍ਰਿਹ 'ਮੋਮ ਦੇ ਲੋਕ' ਵਿਚ ਸ਼ਾਮਿਲ ਦੋ 'ਸਰਾਪੇ' ਵੀ ਧਿਆਨ ਦੀ ਮੰਗ ਕਰਦੇ ਹਨ। ਡਾ. ਜਗਤਾਰ ਦੇ ਕਹਿਣ ਮੁਤਾਬਕ ਸਰਾਪੇ ਦੀ ਪਰੰਪਰਾ ਉਰਦੂ, ਫ਼ਾਰਸੀ ਸ਼ਾਇਰੀ ਵਿਚ ਪਹਿਲਾਂ ਤੋਂ ਹੀ ਮੌਜੂਦ ਸੀ। ਸਰਾਪੇ ਦੀ ਸੰਰਚਨਾ ਤਾਂ ਗ਼ਜ਼ਲ ਵਾਂਗ ਹੀ ਹੈ ਪਰ ਨਿਭਾਅ ਪੱਖੋਂ ਉਹ ਮੁਸੱਲਸਲ ਗ਼ਜ਼ਲ ਦੇ ਨੇੜੇ ਚਲਾ ਜਾਂਦਾ ਹੈ। ਡਾ. ਨਦਵੀ ਦੇ ਸ਼ਬਦਾਂ ਵਿਚ "ਵਸਫ਼ ਜਾਂ ਮੰਜ਼ਰਕਸ਼ੀ/ਦ੍ਰਿਸ਼ ਚਿਤਰਨ ਜਾਂ ਸਰਾਪਾ ਵੀ ਜ਼ਾਹਿਲੀ ਸ਼ਾਇਰੀ ਦੀਆਂ ਸਿਨਫ਼ਾਂ ਵਿਚੋਂ ਇਕ ਅਹਿਮ ਤੇ ਪ੍ਰਸਿੱਧ ਸਿਨਫ਼ ਹੈ। ਸਰਾਪਾ ਜਾਂ ਵਸਫ਼ ਦਾ ਵਿਸ਼ੇਸ਼ ਗੁਣ ਇਹ ਹੈ ਕਿ ਸ਼ਿਅਰ ਵਿਚ ਕਿਸੇ ਚੀਜ਼ ਦੀ ਅਜਿਹੀ ਹੂ-ਬ-ਹੂ ਤਸਵੀਰ ਖਿੱਚੀ ਜਾਵੇ ਜਿਵੇਂ ਕਿ ਉਹ ਬਾਹਰੀ ਤੌਰ 'ਤੇ ਦਿਖਾਈ ਦਿੰਦੀ ਹੈ ਤਾਂ ਕਿ ਉਸਦਾ ਨਕਸ਼ਾ ਸਰੋਤੇ ਦੇ ਜ਼ਿਹਨ ਵਿਚ ਇੰਨਾ ਸਪੱਸ਼ਟ ਹੋ ਜਾਵੇ ਕਿ ਉਹ ਚੀਜ਼ ਨੂੰ ਆਪਣੀਆਂ ਅੱਖਾਂ ਸਾਹਮਣੇ ਵੇਖ ਰਿਹਾ ਹੋਵੇ।"[22] ਭਾਵੇਂ ਸਰਾਪੇ ਦਾ ਸੰਬੰਧ ਵੀ ਸਨਾਤਨੀ ਗ਼ਜ਼ਲ ਪਰਿਭਾਸ਼ਾ ਵਾਂਗ ਔਰਤ ਦੀ ਖ਼ੂਬਸੂਰਤੀ ਨਾਲ ਸੰਬੰਧਿਤ ਹੈ ਪਰ ਡਾ. ਐੱਸ. ਤਰਸੇਮ ਨੇ

ਆਪਣੀ ਕਿਤਾਬ 'ਪੰਜਾਬੀ ਗ਼ਜ਼ਲ ਸ਼ਾਸਤਰ' ਵਿਚ ਊਠਾਂ ਜਾਂ ਘੋੜਿਆਂ ਨਾਲ ਸੰਬੰਧਿਤ ਸਰਾਪਿਆਂ ਦੇ ਹੋਣ ਦੀ ਗੱਲ ਵੀ ਕੀਤੀ ਹੈ। ਡਾ. ਜਗਤਾਰ ਦੇ ਲਿਖੇ ਇਹ ਦੋ ਸਰਾਪਿਆਂ ਜਿਨ੍ਹਾਂ ਵਿਚ ਔਰਤ ਦੀ ਖ਼ੂਬਸੂਰਤੀ ਦੋ ਵੱਖਰੇ-ਵੱਖਰੇ ਮੈਟਾਫ਼ਰਾਂ ਰਾਹੀਂ ਪੇਸ਼ ਹੋਈ ਹੈ ਵਿਚ ਵਿਸ਼ੇ ਦਾ ਨਿਭਾਅ ਸ਼ੁਰੂ ਕੀਤੇ ਖਿਆਲ ਤੋਂ ਥਿੜਕਦਾ ਨਹੀਂ ਸਗੋਂ ਹੋਰ ਗਹਿਰਾ ਹੁੰਦਾ ਜਾਂਦਾ ਹੈ। ਉਦਾਹਰਣ ਵਜੋਂ ਪਹਿਲਾ ਸਰਾਪਾ ਦੇਖਦੇ ਹਾਂ:

ਤਿਰਾ ਭਿੱਜਾ ਬਦਨ ਲਗਦੈ, ਗ਼ਜ਼ਲ ਦੇ ਸ਼ਿਅਰ ਦਾ ਮਿਸਰਾ।
ਤਨਾ ਹਰ ਅੰਗ ਦਾ ਹੈ ਐਨ ਟੇਢੇ ਕਾਫ਼ੀਏ ਵਰਗਾ।
ਗ਼ਜ਼ਲ ਦੇ ਕਹਿਣ ਵਰਗਾ ਹੈ ਹਿਯਾਤੀ ਦਾ ਸਫ਼ਰ ਸਾਰਾ,
ਹੈ ਮਤਹਰਿੱਕ ਕਿਤੇ ਸਾਕਨ ਕਿਤੇ ਮੁਸ਼ਕਿਲ ਰਿਦਮ ਵਰਗਾ।
ਤੇਰੇ ਨੈਣਾਂ ਦੀ ਗਹਿਰਾਈ ਹੈ 'ਗ਼ਾਲਿਬ' ਦੀ ਗ਼ਜ਼ਲ ਵਰਗੀ,
ਸਲੀਕਾ ਗੁਫ਼ਤਗੂ ਦਾ 'ਮੀਰ' ਦੇ ਸ਼ਿਅਰਾਂ ਜਿਹਾ ਲਗਦਾ।
ਬੜਾ ਹੀ ਖ਼ੂਬਸੂਰਤ ਸੀ ਤਿਰਾ ਨਗ਼ਮੇ ਜਿਹਾ ਚਿਹਰਾ,
ਮਗਰ ਵਿਛੜਨ ਸਮੇਂ ਕਿਉਂ ਜਾਪਦਾ ਹੈ ਮਰਸੀਏ ਵਰਗਾ।
ਕਿਸੇ ਨੂੰ ਮਿਲਣ ਪਿੱਛੋਂ ਧੜਕਦੀ ਹੈ ਜਿਸ ਤਰ੍ਹਾਂ ਛਾਤੀ,
ਗ਼ਜ਼ਲ ਮੇਰੀ ਦਾ ਵੀ ਉਤਰਾ-ਚੜ੍ਹਾ ਹੈ ਐਨ ਏਦਾਂ ਦਾ।[23]

ਔਰਤ ਦੀ ਖ਼ੂਬਸੂਰਤੀ ਦਾ ਜ਼ਿਕਰ ਕਰਨ ਵੇਲੇ ਇਕ ਦੀ ਪਿੱਠ-ਭੂਮੀ ਵਿਚ ਗ਼ਜ਼ਲ ਦੀ ਤਕਨੀਕ ਜਾਂ ਉਰਦੂ ਸ਼ਾਇਰਾਂ ਦੀਆਂ ਤਸ਼ਬੀਹਾਂ ਹਨ ਤੇ ਦੂਸਰੇ ਵਿਚ ਕੁਦਰਤ ਦੇ ਵੱਖਰੇ-ਵੱਖਰੇ ਰੰਗ ਹਨ। ਡਾ. ਜਗਤਾਰ ਦੀ ਸਮੁੱਚੀ ਰਚਨਾ (ਕਵਿਤਾ ਤੇ ਗ਼ਜ਼ਲ) ਵਿਚ ਹੀ ਪ੍ਰਕਿਰਤੀ ਦਾ ਮਾਨਵੀਕਰਨ ਪਰਮਾਤਮਾ ਅਤੇ ਔਰਤ ਦੇ ਰੂਪ ਵਿਚ ਹੁੰਦਾ ਹੈ। ਉਸਦੀ ਰਚਨਾ ਵਿਚ ਪ੍ਰਕਿਰਤੀ ਇਕ ਪਰਤੀ ਹੋਣ ਦੀ ਬਜਾਇ ਔਰਤ ਦੀਆਂ ਵਿਭਿੰਨ ਪਰਤਾਂ ਵਿਚ ਫ਼ੈਲ ਜਾਂਦੀ ਹੈ ਕਿਉਂਕਿ ਦੋਵਾਂ ਦਾ ਸੁਭਾਅ ਵੀ ਪ੍ਰਕਿਰਤੀ ਵਾਂਗ ਸਮਰਪਣ ਵਾਲਾ ਹੈ। ਕਦੇ ਉਹ ਸੰਧੂਰੀ ਅੰਬ ਵਰਗੀ ਜਾਪਦੀ ਹੈ ਤੇ ਕਦੇ ਅੰਬੀ ਵਰਗੀ ਡਾਢੀ ਖੱਟੀ। ਕਦੇ ਉਹ ਨਦੀ ਵਰਗੀ ਪਵਿੱਤਰ ਤੇ ਜਨਮਾਂ ਦੀ ਮੈਲ਼ ਲਾਹ ਦੇਣ ਵਾਲੀ ਦੈਵੀ ਛੋਹ ਹੈ ਤੇ ਕਦੇ ਉਹ ਥਲ ਵਾਂਗ ਇਕੱਲੀ ਤੇ ਉਦਾਸ। ਪ੍ਰਕਿਰਤੀ ਦੇ ਵਿਭਿੰਨ ਮੈਟਾਫ਼ਰਾਂ ਰਾਹੀਂ ਉਹ ਔਰਤ ਅਤੇ ਦਿੱਬਤਾ ਦੇ ਵਿਭਿੰਨ ਸੰਦਰਭਾਂ ਨੂੰ ਜ਼ੁਬਾਨ ਦਿੰਦਾ ਹੈ। ਔਰਤ ਦੀ ਖ਼ੂਬਸੂਰਤੀ ਨੂੰ ਗ਼ਜ਼ਲ ਦੀ ਤਕਨੀਕ ਨਾਲ ਤਸ਼ਬੀਹ ਦੇਣੀ ਕਵੀ ਦੇ ਸੁਹਜ ਚਿੱਤ ਹੋਣ ਦੇ ਨਾਲ-ਨਾਲ ਉਸਦਾ ਕਾਵਿ-

ਕਲਾ 'ਤੇ ਅਬੂਰ ਹਾਸਿਲ ਹੋਣ ਦਾ ਪ੍ਰਮਾਣ ਵੀ ਹੈ। ਸਰਾਪੇ ਦੇ ਅਗਲੇ ਸ਼ਿਅਰ ਵਿਚ ਨਗ਼ਮੇ ਅਤੇ ਮਰਸੀਏ ਦੇ ਚਿਹਨ ਔਰਤ ਦੀ ਹੋਂਦ ਨੂੰ ਪਰਿਭਾਸ਼ਿਤ ਕਰਦੇ ਹਨ। ਰਿਸ਼ਤਿਆਂ ਦੇ ਤਾਣੇ-ਬਾਣੇ ਵਿਚ ਔਰਤ ਦੀ ਸੰਵੇਦਨਸ਼ੀਲਤਾ ਦਾ ਅਹਿਸਾਸ ਉਸਦੀ ਹੋਂਦ ਦੇ ਉੱਸਰਨ ਜਾਂ ਤਿੜਕਣ ਦੀ ਕਹਾਣੀ ਤੋਂ ਪਤਾ ਲੱਗਦਾ ਹੈ। ਮਨੁੱਖ ਦਾ ਸੁਭਾਅ ਵੀ ਜਸਵਿੰਦਰ ਦੇ ਸ਼ਿਅਰ ਮੁਤਾਬਿਕ ਹਮੇਸ਼ਾ ਸੱਚ ਦੇ ਸਮਾਨਾਂਤਰ ਨਹੀਂ ਹੁੰਦਾ। ਉਵੇਂ ਹੀ ਔਰਤ ਕਦੇ ਤਾਂ 'ਬਿੱਛੂਆਂ ਵਿਚ ਘਿਰ ਕੇ ਲੜਨ' ਦੀ ਜੁਰੱਅਤ ਰੱਖਦੀ ਹੈ ਪਰ ਕਦੇ 'ਖਿੜਕੀ ਦੇ ਵਿਚ ਉਡੀਕ' ਬਣਕੇ ਬੱਤੀ ਵਾਂਗ ਬਲ਼ਦੀ ਵੀ ਹੈ। ਪਤੀ ਦੇ ਘਰ ਤੋਂ ਮਿਲਦੀ ਜਲਾਵਤਨੀ ਔਰਤ ਦੀ ਹੋਂਦ ਨੂੰ ਬਿਖ਼ੇਰਦੀ ਹੈ, ਜਿਸਦਾ ਸ਼ਿੱਦਤੀ ਅਹਿਸਾਸ ਡਾ. ਜਗਤਾਰ ਦੀ ਕਵਿਤਾ ਵਿਚ ਵਿਦਮਾਨ ਹੈ। ਨਗ਼ਮਾ, ਖੁਸ਼ੀ ਜਾਂ ਜਸ਼ਨ ਦਾ ਪ੍ਰਤੀਕ ਹੈ ਜਦੋਂ ਕਿ ਮਰਸੀਆ ਮੌਤ ਦਾ ਪ੍ਰਤੀਕ ਹੈ। ਆਖ਼ਰੀ ਸ਼ਿਅਰ ਵਿਚ ਉਹ ਔਰਤ ਦੇ ਵਸਲ ਦੇ ਅਹਿਸਾਸ ਨੂੰ ਗ਼ਜ਼ਲ ਦੀ ਸੰਵੇਦਨਾ ਦੇ ਉਤਰਾਅ-ਚੜਾਅ ਨਾਲ ਵੇਖਦਾ ਹੈ। ਜਿਸ ਤਰ੍ਹਾਂ ਪ੍ਰੇਮੀ ਦੇ ਮਿਲਾਪ ਪਿੱਛੋਂ ਔਰਤ ਦੇ ਭਾਵਾਂ ਨੂੰ ਕਿਸੇ ਪਰਿਭਾਸ਼ਾ ਵਿਚ ਬੰਨ੍ਹਣਾ ਮੁਸ਼ਕਿਲ ਹੈ ਉਸੇ ਤਰ੍ਹਾਂ ਗ਼ਜ਼ਲ ਦੇ ਸੰਵੇਦਨਾ ਮੂਲਕ ਭਾਵਾਂ ਨੂੰ ਕਿਸੇ ਕਾਵਿ-ਸ਼ਾਸਤਰੀ ਨੁਕਤੇ ਦੁਆਰਾ ਸਮਝਣਾ ਸਮਝਾਉਣਾ ਬਿਖ਼ਮ ਕਾਰਜ ਹੈ। ਅਗਲੇ ਸਰਾਪੇ ਵਿਚ ਔਰਤ ਦੀ ਖ਼ੂਬਸੂਰਤੀ ਦਾ ਬਿਆਨ ਕੁਦਰਤ ਨਾਲ ਸੰਬੰਧਿਤ ਚਿਹਨਾਂ ਦੀ ਪਿੱਠ-ਭੂਮੀ ਦੁਆਰਾ ਹੋਇਆ ਹੈ। ਮਿਸਾਲ ਵਜੋਂ ਦੂਜਾ ਸਰਾਪਾ ਦੇਖਦੇ ਹਾਂ:

ਸਬਜ਼ ਅੱਖਾਂ ਉਸਦੀਆਂ ਨੇ ਖ਼ੁਸ਼ਕ ਹੈ ਪਰ ਬੇਹਿਸਾਬ।
ਉਸਦਾ ਦਿਲ ਪੱਥਰ ਹੈ ਚਿਹਰਾ ਹੈ ਮਗਰ ਰੱਤਾ ਗੁਲਾਬ।
ਪਲ 'ਚ ਤੋਲਾ ਪਲ 'ਚ ਮਾਸਾ ਉਹ ਹੈ ਇਕ ਜੁਗਨੂੰ ਦੇ ਵਾਂਗ,
ਉਹ ਕਦੇ ਚੰਚਲ ਨਦੀ ਹੈ ਤੇ ਕਦੇ ਉਡਦਾ ਸਰਾਬ।
ਉਸਦੇ ਮੱਥੇ ਵਿਚ ਹਮੇਸ਼ਾ ਚਾਨਣੀ ਕਰਦੀ ਕਲੋਲ,
ਉਸਦੀਆਂ ਗੱਲ੍ਹਾਂ ਜਿਵੇਂ ਸਰਘੀ ਦੇ ਵੇਲੇ ਆਫ਼ਤਾਬ।
ਜਿਸਮ ਦੇ ਉਤਰਾ ਚੜ੍ਹਾ ਨੇ ਆਜਰੀ ਬੁੱਤਾਂ ਦੇ ਵਾਂਗ,
ਇੱਕ ਤੋਂ ਇਕ ਖ਼ੂਬਸੂਰਤ ਇੱਕ ਤੋਂ ਇਕ ਲਾਜਵਾਬ।
ਉਹ ਹੈ ਗੰਗਾ, ਉਹ ਹੈ ਮੱਕਾ, ਉਹ ਬਨਾਰਸ, ਸੋਮਨਾਥ,
ਉਹ ਹਰੀਮੰਦਰ ਹੈ ਮੇਰਾ ਉਹ ਹੈ ਮੁਤਬੱਰਿਕ ਕਿਤਾਬ।[24]

ਉਪਰੋਕਤ ਸਰਾਪੇ ਵਿਚ ਵਰਤੇ ਸਬਜ਼ ਤੇ ਖ਼ੁਸ਼ਕ, ਪੱਥਰ ਤੇ ਗੁਲਾਬ, ਤੋਲਾ ਤੇ ਮਾਸਾ, ਚਾਨਣੀ ਤੇ ਸਰਘੀ ਆਦਿ ਵਿਰੋਧਾਭਾਸੀ ਜੁੱਟ ਸਰਾਪੇ ਦੇ ਸੁਹਜ ਵਿਚ ਵਾਧਾ ਕਰਦੇ ਹਨ। ਔਰਤ ਦੇ ਸੁਭਾਅ ਅੰਦਰ ਵਾਪਰਨ ਵਾਲੀ ਤਬਦੀਲੀ ਨੂੰ ਡਾ. ਜਗਤਾਰ ਵੱਖਰੇ-ਵੱਖਰੇ ਕੋਣਾਂ ਤੋਂ ਦੇਖਦਾ ਹੈ। ਇਹ ਤਬਦੀਲੀ ਸਕਾਰਕ ਜਾਂ ਨਕਾਰਕ ਦਾ ਨਿਰਣਾ ਨਹੀਂ ਕਰਦੀ, ਸਗੋਂ ਔਰਤ ਦੇ ਸੁਭਾਅ ਦੀ ਜ਼ਾਮਨ ਬਣਦੀ ਹੈ ਜੋ ਔਰਤ ਦੀ ਖ਼ੂਬਸੂਰਤੀ ਹੀ ਹੈ। ਔਰਤ ਦੀ ਖ਼ੂਬਸੂਰਤੀ ਨੂੰ ਪ੍ਰਕਿਰਤਕ ਦ੍ਰਿਸ਼ਾਂ ਨਾਲ ਇਕਮਿਕ ਕਰਨਾ ਡਾ. ਜਗਤਾਰ ਦੀ ਗ਼ਜ਼ਲ ਦੀ ਖ਼ੂਬੀ ਰਹੀ ਹੈ। ਆਖ਼ਰੀ ਸ਼ਿਅਰ ਡਾ. ਜਗਤਾਰ ਦੀ ਕਲਾ ਦਾ ਉੱਦਾਤ ਰੂਪ ਹੈ, ਜਿੱਥੇ ਉਹ ਗੰਗਾ, ਮੱਕਾ, ਬਨਾਰਸ, ਸੋਮਨਾਥ ਅਤੇ ਹਰੀਮੰਦਰ, ਜੋ ਵੱਖਰੇ-ਵੱਖਰੇ ਸਭਿਆਚਾਰਾਂ ਵਿਚੋਂ ਆਪਣੇ ਅਰਥ ਗ੍ਰਹਿਣ ਕਰਦੇ ਹਨ ਨੂੰ ਇਕ ਔਰਤ ਦੇ ਸਮਾਨਾਂਤਰ ਰੱਖ ਦਿੰਦਾ ਹੈ। ਇੱਥੇ ਸੰਪਰਦਾਇਕ ਹੱਦ-ਬੰਦੀਆਂ ਦੇ ਨਕਾਰਨ ਤੋਂ ਵੀ ਅਹਿਮ ਪ੍ਰਵਚਨ, ਔਰਤ ਦੇ ਅਸਤਿਤਵ ਦਾ ਇਸ ਸਭ ਤੋਂ ਉੱਪਰ ਹੋਣਾ ਹੈ। ਉਹ ਔਰਤ ਨੂੰ 'ਮੁਤਬੱਰਿਕ ਕਿਤਾਬ' ਆਖ ਕੇ ਉਸਦੀ ਖ਼ੂਬਸੂਰਤੀ ਦੇ ਨਾਲ-ਨਾਲ ਉਸਨੂੰ ਜ਼ਿੰਦਗੀ ਦੀ ਰਾਹ-ਦਸੇਰਾ ਵੀ ਬਣਾ ਦਿੰਦਾ ਹੈ।

ਸਮੁੱਚੀ ਪੰਜਾਬੀ ਗ਼ਜ਼ਲ ਵਾਂਗ ਡਾ. ਜਗਤਾਰ ਵੀ ਆਪਣੀ ਗ਼ਜ਼ਲ ਸਿਰਜਣਾ ਲਈ ਜਿਸ ਨੇਮ ਵਿਧਾਨ ਨੂੰ ਅਪਣਾਉਂਦਾ ਹੈ ਉਸ ਵਿਚ ਅਰਬੀ, ਫ਼ਾਰਸੀ ਅਰੂਜ਼ ਦੀਆਂ ਬਹਿਰਾਂ ਤੇ ਭਾਰਤੀ ਪਿੰਗਲ ਦੇ ਛੰਦ ਸ਼ਾਮਿਲ ਹਨ। ਅਰਬੀ ਤੇ ਫ਼ਾਰਸੀ ਵੱਲੋਂ ਆਈ ਵਿਧਾ ਹੋਣ ਕਰਕੇ ਗ਼ਜ਼ਲ ਵਿਚ ਅਰਬੀ ਤੇ ਫ਼ਾਰਸੀ ਦੀਆਂ ਬਹਿਰਾਂ ਦੀ ਪਾਬੰਦੀ ਤੇ ਨਿਭਾਉ ਪ੍ਰਵਾਨ ਰਿਹਾ ਹੈ ਪਰ ਪਿੰਗਲ ਦੇ ਛੰਦ ਵੀ ਬਾਖ਼ੂਬੀ ਵਰਤੇ ਗਏ ਹਨ। ਇਹ ਦੋਵੇਂ ਨੇਮ ਵਿਧਾਨ ਪੰਜਾਬੀ ਗ਼ਜ਼ਲ ਵਿਚ ਅਪਣਾਏ ਗਏ ਹਨ। ਇਹ ਵੱਖਰੀ ਗੱਲ ਹੈ ਕਿ ਅਰੂਜ਼ ਦੇ ਨੇਮ ਵਿਧਾਨ ਗ਼ਜ਼ਲ ਰੂਪਾਕਾਰ ਨੂੰ ਵਿਸ਼ੇਸ਼ ਰੂਪ ਵਿਚ ਧਿਆਨ ਵਿਚ ਰੱਖ ਕੇ ਪ੍ਰਫੁੱਲਿਤ ਹੋਏ ਹਨ ਜਿਸ ਕਰਕੇ ਪੰਜਾਬੀ ਗ਼ਜ਼ਲ ਵਿਚ ਬਹਿਰਾਂ ਦੇ ਮੁਕਾਬਲੇ ਛੰਦਾਂ ਦੀ ਵਰਤੋਂ ਬਹੁਤ ਘੱਟ ਹੋਈ ਹੈ। ਡਾ. ਸ਼ਮਸ਼ੇਰ ਮੋਹੀ ਦੀ ਧਾਰਨਾ ਇਹ ਹੈ ਕਿ ਗ਼ਜ਼ਲ ਦੇ ਸੁਭਾ ਅਤੇ ਸੰਰਚਨਾ ਅਨੁਸਾਰ ਬਹਿਰ ਦੀ ਵਰਤੋਂ ਛੰਦਾਂ ਨਾਲੋਂ ਜ਼ਿਆਦਾ ਯੋਗ ਅਤੇ ਢੁੱਕਵੀਂ ਹੈ। ਡਾ. ਸ਼ਮਸ਼ੇਰ ਮੋਹੀ ਅਨੁਸਾਰ "ਭਾਵੇਂ ਬਹੁਤ ਸਾਰੇ ਵਿਦਵਾਨ ਪਿੰਗਲ ਦੇ ਸਾਰੇ ਛੰਦਾਂ ਨੂੰ ਗ਼ਜ਼ਲ ਸਿਰਜਣਾ ਲਈ ਢੁੱਕਵਾਂ ਮੰਨਦੇ ਹਨ ਪਰ ਗ਼ਜ਼ਲ ਦੇ ਵਿਸ਼ੇਸ਼ ਸੁਭਾ ਅਤੇ ਸੰਰਚਨਾ ਨੂੰ ਦੇਖਦੇ ਹੋਏ ਸਾਡੇ ਮੱਤ ਅਨੁਸਾਰ ਸਾਰੇ ਛੰਦਾਂ ਵਿਚ ਗ਼ਜ਼ਲ ਲਿਖਣੀ ਸੰਭਵ ਨਹੀਂ।"[25] ਇਸ ਗੱਲ ਨਾਲ ਪੂਰਨ ਤੌਰ 'ਤੇ ਸਹਿਮਤ ਨਹੀਂ ਹੋਇਆ ਜਾ ਸਕਦਾ ਕਿਉਂਕਿ ਸ਼ਮਸ਼ੇਰ ਮੋਹੀ ਨੇ ਇਹ ਖਿਆਲ ਨਹੀਂ ਕੀਤਾ ਕਿ ਜੇਕਰ

ਸਾਰੇ ਛੰਦਾਂ ਵਿਚ ਗ਼ਜ਼ਲ ਲਿਖਣੀ ਸੰਭਵ ਨਹੀਂ ਤਾਂ ਅਰੂਜ਼ ਦੀਆਂ ਸਾਰੀਆਂ ਬਹਿਰਾਂ ਵਿਚ ਗ਼ਜ਼ਲ ਲਿਖਣੀ ਸ਼ਾਇਦ ਸੰਭਵ ਨਾ ਹੋਵੇ ਕਿਉਂਕਿ ਪੰਜਾਬੀ ਗ਼ਜ਼ਲਕਾਰਾਂ ਨੇ ਅਰੂਜ਼ ਦੀਆਂ ਕੁਝ ਚੋਣਵੀਆਂ ਬਹਿਰਾਂ ਦਾ ਹੀ ਪ੍ਰਯੋਗ ਵਾਰ-ਵਾਰ ਕੀਤਾ ਹੈ।

ਡਾ. ਜਗਤਾਰ ਦੀਆਂ ਗ਼ਜ਼ਲਾਂ ਵਿਚਲੀ ਸ਼ਿੱਦਤ ਅਤੇ ਪਰਿਪੱਕਤਾ ਉਸ ਨੂੰ ਗ਼ਜ਼ਲਗੋਆਂ ਦੀ ਮੂਹਰਲੀ ਸਫ਼ ਵਿਚ ਲਿਆ ਕੇ ਖੜ੍ਹਾ ਕਰ ਦਿੰਦੀ ਹੈ। ਬਹਿਰ ਵਜ਼ਨ ਪੱਖੋਂ ਉਸ ਨੇ ਗ਼ਜ਼ਲ ਵਿਚ ਅਨੇਕ ਪ੍ਰਯੋਗ ਕੀਤੇ ਹਨ। ਹੋਰ ਗ਼ਜ਼ਲਗੋਆਂ ਵਾਂਗ ਉਸਨੇ ਵੀ ਛੰਦਾਂ ਦੇ ਮੁਕਾਬਲਤਨ ਅਰੂਜ਼ ਦੀਆਂ ਬਹਿਰਾਂ ਨੂੰ ਵੱਡੇ ਪੱਧਰ ’ਤੇ ਅਪਣਾਇਆ ਹੈ ਪਰ ਇਸਦੇ ਨਾਲ-ਨਾਲ ਉਸ ਨੇ ਪਿੰਗਲ ਦੇ ਛੰਦਾਂ ਅਤੇ ਪੰਜਾਬੀ ਜਨ-ਜੀਵਨ ਨਾਲ ਸੰਬੰਧਿਤ ਚਿਹਨਕਾਰੀ ਕਰਨ ਵਿਚ ਗੌਲਣਯੋਗ ਭੂਮਿਕਾ ਨਿਭਾਈ ਹੈ। ਸੁਲੱਖਣ ਸਰਹੱਦੀ ਜਦੋਂ ਡਾ. ਜਗਤਾਰ ਦੇ ਸਮੁੱਚੇ ਬਹਿਰ ਸੰਸਾਰ ਦਾ ਸਰਵੇਖਣ ਕਰਦਾ ਹੈ ਤਾਂ ਲਗਭਗ ਤਿੰਨ ਸੌ ਗ਼ਜ਼ਲਾਂ ਵਿਚੋਂ ਦੋ ਤੋਂ ਤਿੰਨ ਪ੍ਰਤੀਸ਼ਤ ਗ਼ਜ਼ਲਾਂ ਨੂੰ ਪਿੰਗਲ ਦੇ ਛੰਦਾਂ ਵਿਚ ਤਸਦੀਕ ਕਰ ਪਾਉਂਦਾ ਹੈ। ਉਸ ਦੇ ਸਰਵੇਖਣ ਵਿਚੋਂ ਇਹ ਗੱਲ ਉੱਭਰਦੀ ਹੈ ਕਿ ਹੋਰ ਪੰਜਾਬੀ ਗ਼ਜ਼ਲਕਾਰਾਂ ਵਾਂਗ ਹੀ ਡਾ. ਜਗਤਾਰ ਵੀ ਰਮਲ ਬਹਿਰ ਦਾ ਮੁਰੀਦ ਸੀ। ਇਸ ਬਹਿਰ ਵਿਚ ਉਸ ਨੇ ਲਗਭਗ 115 ਗ਼ਜ਼ਲਾਂ ਲਿਖੀਆਂ ਹਨ। ਇੱਥੇ ਇਹ ਗੱਲ ਵੀ ਵਿਚਾਰਨਯੋਗ ਹੈ ਕਿ ਬਹਿਰਾਂ ਉਹੀ ਹੁੰਦੀਆਂ ਹਨ ਪਰ ਕਵੀ ਦੀ ਸਮਰੱਥਾ ਉਹਨਾਂ ਵਿਚ ਜਾਨ ਪਾ ਦਿੰਦੀ ਹੈ। ਡਾ. ਜਗਤਾਰ ਨੇ ਸਭ ਤੋਂ ਵੱਧ ਬਹਿਰ ਰਮਲ ਅਤੇ ਬਹਿਰ ਹਜ਼ਜ਼ ਦੇ ਸਾਲਮ ਅਤੇ ਜ਼ਿਹਾਫ਼ੀ ਰੂਪਾਂ ਨੂੰ ਵਰਤਿਆ ਹੈ ਜਿਸ ਨੂੰ ਬਾਕੀ ਗ਼ਜ਼ਲਗੋ ਵੀ ਸਭ ਤੋਂ ਜ਼ਿਆਦਾ ਵਰਤਦੇ ਹਨ। ਡਾ. ਜਗਤਾਰ ਦੀ ਪੇਸ਼ਕਾਰੀ ਵਿਚ ਅਨੁਭਵ ਦੀ ਸ਼ਿੱਦਤ ਅਤੇ ਖਿਆਲ ਨੂੰ ਫੜ੍ਹਣ ਦੀ ਸੂਖ਼ਮਤਾ ਨੇ ਉਸ ਨੂੰ ਪੰਜਾਬੀ ਗ਼ਜ਼ਲ ਦਾ ਮਹਿਬੂਬ ਸ਼ਾਇਰ ਬਣਾ ਦਿੱਤਾ। ਅਗਲੇ ਹਿੱਸੇ ਵਿਚ ਡਾ. ਜਗਤਾਰ ਦੇ ਕੁਝ ਸ਼ਿਅਰਾਂ ਦੀ ਤਸਦੀਕ ਬਹਿਰ ਰਮਲ ਮੁਸੱਮਨ ਮਹਿਜ਼ੂਫ਼ ਅਤੇ ਬਹਿਰ ਹਜ਼ਜ਼ ਮੁਸੱਮਨ ਸਾਲਿਮ ਦੇ ਜਾਵੀਏ ਤੋਂ ਕਰਦੇ ਹਾਂ:

ਠੀਕ ਫੁੱਲਾਂ ਨਾਲ ਬੱਝੀ ਨਾ ਹਮੇਸ਼ਾ ਬਾਸ ਰਹਿੰਦੀ।
ਉਮਰ ਸਾਰੀ ਨਾ ਸਹੀ ਕੁਝ ਹੋਰ ਦਿਨ ਤੂੰ ਪਾਸ ਰਹਿੰਦੀ।[26]

ਕਦੇ ਇਹ ਬੇਵਸਾਹੀ ਨਾ ਨਗਰ ਵਿਚ ਨਾ ਗਰਾਂ ਵਿਚ ਸੀ।
ਨਾ ਐਸੀ ਮਾਤਮੀ ਚੁਪ-ਚਾਂ ਕਦੇ ਪਹਿਲੋਂ ਘਰਾਂ ਵਿਚ ਸੀ।[27]

ਸੋ ਸਮੁੱਚੇ ਅਧਿਐਨ ਉਪਰੰਤ ਕਿਹਾ ਜਾ ਸਕਦਾ ਹੈ ਕਿ ਡਾ. ਜਗਤਾਰ ਦੀ ਗ਼ਜ਼ਲ ਵਿਚ ਰੂਪਗਤ ਚੇਤਨਾ ਪਰੰਪਰਕ ਨਹੀਂ ਸਗੋਂ ਉਸ ਦੀ ਕਾਵਿ ਚੇਤਨਾ ਆਪਣਾ ਰੂਪ ਆਪ ਵਿਕਸਿਤ ਕਰਦੀ ਹੈ। ਰੂਪਗਤ ਚੇਤਨਾ ਦਾ ਖ਼ੂਬਸੂਰਤ ਉਦਾਹਰਨ ਉਸ ਦੀ ਖੁੱਲ੍ਹੀ ਕਵਿਤਾ ਦਾ ਵੀ ਨਿਸ਼ਚਿਤ ਬਹਿਰ ਵਿਧਾਨ ਵਿਚ ਹੋਣਾ ਹੈ। ਉਹ ਪੁਰਾਣੇ ਬਿੰਬ ਤੇ ਪ੍ਰਤੀਕਾਂ ਦਾ ਸੁਚੇਤ ਰੂਪ ਵਿਚ ਤਿਆਗ ਕਰਕੇ ਨਵੀਂ ਕਾਵਿ-ਭਾਸ਼ਾ ਦਾ ਨਿਰਮਾਣ ਕਰਦਾ ਹੈ ਕਿਉਂਕਿ ਕਾਵਿ-ਭਾਸ਼ਾ ਕਵੀ ਦੀ ਸਮਰੱਥਾ ਦਾ ਜਲੌਅ ਹੁੰਦੀ ਹੈ। ਪੁਰਾਣੇ ਖਿਆਲ ਵੀ ਕਾਵਿ-ਭਾਸ਼ਾ ਦੀ ਨਵੀਨਤਾ ਨਾਲ ਸੰਜੀਵ ਹੋ ਉਠਦੇ ਹਨ ਤੇ ਪਾਠਕ ਉੱਤੇ ਗਹਿਰਾ ਪ੍ਰਭਾਵ ਪਾਉਣ ਵਿਚ ਕਾਰਗਰ ਸਿੱਧ ਹੋ ਜਾਂਦੇ ਹਨ। ਡਾ. ਜਗਤਾਰ ਦਾ ਕਥਨ 'ਮੈਂ ਪੰਜਾਬੀ ਗ਼ਜ਼ਲ ਨੂੰ ਨਵੇਂ ਬਿੰਬ ਔਰ ਸਿੰਬਲ ਦਿੱਤੇ ਐ' ਉਸ ਦੀ ਰਚਨਾ ਪੜ੍ਹਦਿਆਂ ਉਸ ਉੱਪਰ ਸਹੀ ਢੁਕਦਾ ਪ੍ਰਤੀਤ ਹੁੰਦਾ ਹੈ। ਕਾਵਿਕਤਾ ਤੋਂ ਸੱਖਣੀ ਰਚਨਾ ਸਿਰਫ਼ ਬਹਿਰ ਦੀ ਪਾਬੰਦੀ ਕਰਕੇ ਗ਼ਜ਼ਲ ਅਖਵਾਉਣ ਦੀ ਹੱਕਦਾਰ ਨਹੀਂ। ਸੂਖ਼ਮਤਾ ਅਤੇ ਸਹਿਜਤਾ ਉਸਦੀ ਗ਼ਜ਼ਲ ਦਾ ਅਹਿਮ ਪੱਖ ਹੈ। ਡਾ. ਜਗਤਾਰ ਦਾ ਮੰਨਣਾ ਹੈ ਕਿ "ਕਵਿਤਾ ਨੂੰ ਵਾਰਤਕ ਨਾਲੋਂ ਅਲੱਗ ਕਰਨ ਵਾਲੀ ਸਿਰਫ਼ ਬਹਿਰ ਨਹੀਂ, ਸਗੋਂ ਇਸ ਵਿਚਲੀ ਕਾਵਿਕਤਾ ਹੈ। ਜਿਸ ਕਵਿਤਾ ਵਿਚ ਕਾਵਿਕਤਾ ਨਹੀਂ, ਚਾਹੇ ਉਹ ਛੰਦਾਬੰਦੀ ਵਿਚ ਜਾਂ ਖੁੱਲ੍ਹੀ, ਮੈਂ ਉਸਦਾ ਵਿਰੋਧ ਕਰਦਾ ਹਾਂ।"[28] ਉਪਰੋਕਤ ਕਥਨ ਦੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ ਡਾ. ਜਗਤਾਰ ਦੀ ਕਵਿਤਾ ਵਿਚਾਰਧਾਰਕ ਪ੍ਰਤਿਬੱਧਤਾ ਦੇ ਨਾਲ-ਨਾਲ ਰੂਪਕ ਪੱਖੋਂ ਵੀ ਪਰਿਪੱਕ ਹੈ। ਆਪਣੀ ਸਿਰਜਣਕਾਰੀ ਦੇ ਅਮਲ ਦੌਰਾਨ ਡਾ. ਜਗਤਾਰ ਕਾਵਿ ਦੀ ਹੋਂਦ-ਵਿਧੀ ਦਾ ਆਧਾਰ ਛੰਦਾਬੰਦੀ ਜਾਂ ਖੱਲ੍ਹੀ ਕਵਿਤਾ ਦੇ ਪੈਮਾਨੇ ਵਿਚੋਂ ਨਹੀਂ, ਸਗੋਂ ਕਾਵਿਕਤਾ ਦੇ ਆਧਾਰ 'ਤੇ ਕਰਦਾ ਨਜ਼ਰ ਆਉਂਦਾ ਹੈ।

## ਹਵਾਲੇ

1. ਜਗਤਾਰ (ਸੰਪਾ.), ਚੋਣਵੀਂ ਪੰਜਾਬੀ ਗ਼ਜ਼ਲ, ਨੈਸ਼ਨਲ ਬੁੱਕ ਟਰੱਸਟ ਆਫ ਇੰਡੀਆ, ਦਿੱਲੀ, 1994, ਪੰਨਾ-xiv
2. ਅਵਨੇਰ ਜੇਸ, ਮਾਰਕਸਵਾਦੀ ਸੁਹਜ ਸ਼ਾਸਤਰ ਦੀਆਂ ਬੁਨਿਆਦਾਂ, ਕੁਕਨੁਸ ਪ੍ਰਕਾਸ਼ਨ, ਜਲੰਧਰ, 2005, ਪੰਨਾ-141
3. ਸੁਲੱਖਣ ਸਰਹੱਦੀ, ਪੰਜਾਬੀ ਗ਼ਜ਼ਲ: ਰੂਪ ਵਿਧਾਨ ਅਤੇ ਅਰੂਜ਼, ਆਲੋਚਨਾ, ਗ਼ਜ਼ਲ ਵਿਸ਼ੇਸ਼ ਅੰਕ 229, ਜਨਵਰੀ-ਜੂਨ 2013, ਪੰਨਾ-46

4. ਕਰਨੈਲ ਸਿੰਘ ਥਿੰਦ, ਜਗਤਾਰ: ਜਜ਼ੀਰਿਆਂ ਵਿਚ ਘਿਰਿਆ ਇਕ ਸਮੁੰਦਰ, ਜਨਵਾਦੀ ਸਾਹਿਤ, ਡਾ. ਜਗਤਾਰ ਵਿਸ਼ੇਸ਼ ਅੰਕ 7-8, ਜਨਵਰੀ-ਜੂਨ 1996, ਪੰਨਾ-151
5. ਡਾ. ਸੁਖਦੇਵ ਸਿੰਘ, ਕਾਵਿ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ-90
6. ਜਗਤਾਰ, ਮੋਮ ਦੇ ਲੋਕ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006, ਪੰਨਾ-52
7. ਜਗਤਾਰ, ਸ਼ੀਸ਼ੇ ਦਾ ਜੰਗਲ, ਦੀਪਕ ਪਬਲਿਸ਼ਰਜ਼, ਜਲੰਧਰ, 2003, ਪੰਨਾ-89
8. ਜਗਤਾਰ, ਅੱਖਾਂ ਵਾਲੀਆਂ ਪੈੜਾਂ, ਦੀਪਕ ਪਬਲਿਸ਼ਰਜ਼, ਜਲੰਧਰ, 2003, ਪੰਨਾ-9
9. ਜਗਤਾਰ, ਜਗਨੂੰ ਦੀਵਾ ਤੇ ਦਰਿਆ, ਦੀਪਕ ਪਬਲਿਸ਼ਰਜ਼, ਜਲੰਧਰ, 2003, ਪੰਨਾ-66
10. ਜਗਤਾਰ, ਮੋਮ ਦੇ ਲੋਕ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006, ਪੰਨਾ-57
11. ਜਗਤਾਰ, ਜਜ਼ੀਰਿਆਂ ਵਿਚ ਘਿਰਿਆ ਸਮੁੰਦਰ, ਦੀਪਕ ਪਬਲਿਸ਼ਰਜ਼, ਜਲੰਧਰ, 1985, ਪੰਨਾ-118
12. ਜਗਤਾਰ, ਚੋਣਵੀਂ ਪੰਜਾਬੀ ਗ਼ਜ਼ਲ, ਨੈਸ਼ਨਲ ਬੁੱਕ ਟਰੱਸਟ ਆਫ ਇੰਡੀਆ, ਦਿੱਲੀ, 1994, ਪੰਨਾ-V
13. ਜਗਤਾਰ, ਮੋਮ ਦੇ ਲੋਕ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006, ਪੰਨਾ-33
14. ਜਗਤਾਰ, ਸ਼ੀਸ਼ੇ ਦਾ ਜੰਗਲ, ਦੀਪਕ ਪਬਲਿਸ਼ਰਜ਼, ਜਲੰਧਰ, 2003, ਪੰਨਾ-29
15. ਜਗਤਾਰ, ਮੋਮ ਦੇ ਲੋਕ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006, ਪੰਨਾ-19
16. ਉਹੀ, ਪੰਨਾ-14
17. ਜਗਤਾਰ, ਚੋਣਵੀਂ ਪੰਜਾਬੀ ਗ਼ਜ਼ਲ, ਨੈਸ਼ਨਲ ਬੁੱਕ ਟਰੱਸਟ ਆਫ ਇੰਡੀਆ, ਦਿੱਲੀ, 1994, ਪੰਨਾ-iii
18. ਉਹੀ, ਪੰਨਾ-ਉਹੀ
19. ਜਗਤਾਰ, ਮੋਮ ਦੇ ਲੋਕ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006, ਪੰਨਾ-33
20. ਉਹੀ, ਪੰਨਾ-68
21. ਜਗਤਾਰ, ਸ਼ੀਸ਼ੇ ਦਾ ਜੰਗਲ, ਦੀਪਕ ਪਬਲਿਸ਼ਰਜ਼, ਜਲੰਧਰ, 2003, ਪੰਨਾ-30
22. ਡਾ. ਐੱਸ. ਤਰਸੇਮ, ਪੰਜਾਬੀ ਗ਼ਜ਼ਲ ਸ਼ਾਸਤਰ, ਸੰਗਮ ਪਬਲੀਕੇਸ਼ਨਜ਼, ਸਮਾਣਾ, 2011,

ਪੰਨਾ-32

23. ਜਗਤਾਰ, ਮੋਮ ਦੇ ਲੋਕ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006, ਪੰਨਾ-41
24. ਉਹੀ, ਪੰਨਾ-46
25. ਡਾ. ਸ਼ਮਸ਼ੇਰ ਮੋਹੀ, ਆਲੋਚਨਾ, ਗ਼ਜ਼ਲ ਵਿਸ਼ੇਸ਼ ਅੰਕ 229, ਜਨਵਰੀ-ਜੂਨ 2013, ਪੰਨਾ-66
26. ਉਹੀ, ਪੰਨਾ-89
27. ਉਹੀ ਪੰਨਾ-105
28. ਜਗਤਾਰ, ਜਨਵਾਦੀ ਸਾਹਿਤ, ਡਾ. ਜਗਤਾਰ ਵਿਸ਼ੇਸ਼ ਅੰਕ 7-8, ਜਨਵਾਰੀ-ਜੂਨ 1996, ਪੰਨਾ-38

ISSN: 2584-0509

(Page 110 to 129)

# ਪੰਜਾਬੀ ਸਾਹਿਤਕ ਪੱਤਰਕਾਰੀ: ਨਿਕਾਸ ਤੇ ਵਿਕਾਸ



ਗੁਰਦੀਪ ਸਿੰਘ
ਖੋਜਾਰਥੀ
ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ,
ਦਿੱਲੀ।
+91 80544-56505

ਪੰਜਾਬੀ ਪੱਤਰਕਾਰੀ ਦਾ ਪੰਜਾਬੀ ਸਾਹਿਤ ਨਾਲ ਮੁੱਢ ਤੋਂ ਹੀ ਨੇੜਲਾ ਸੰਬੰਧ ਰਿਹਾ ਹੈ। ਆਧੁਨਿਕ ਪੰਜਾਬੀ ਸਾਹਿਤ ਦੇ ਨਾਲ ਤਾਂ ਇਸਦੀ ਸਾਂਝ ਹੋਰ ਵੀ ਗੂੜ੍ਹੀ ਹੈ ਕਿਉਂਕਿ ਦੋਨਾਂ ਦਾ ਆਦਿ ਬਿੰਦੂ ਲਗਭਗ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਨੂੰ ਮੰਨਿਆ ਜਾਂਦਾ ਹੈ। ਮੁੱਢਲੀ ਪੰਜਾਬੀ ਪੱਤਰਕਾਰੀ ਦਾ ਮੁੱਖ ਮੰਤਵ ਵੱਖ-ਵੱਖ ਧਰਮਾਂ ਦਾ ਪ੍ਰਚਾਰ ਕਰਨਾ ਸੀ। ਮੁੱਢਲੇ ਜਾਰੀ ਹੋਏ ਪੱਤਰਾਂ ਦੀ ਲਿੱਪੀ ਭਾਵੇਂ ਗੁਰਮੁਖੀ ਸੀ ਪਰ ਇਹਨਾਂ ਦਾ ਮੁੱਖ ਮਕਸਦ ਗੁਰਮੁਖੀ ਲਿੱਪੀ ਨੂੰ ਮਾਧਿਅਮ ਬਣਾ ਕੇ ਹਿੰਦੀ ਭਾਸ਼ਾ ਦਾ ਪ੍ਰਚਾਰ ਕਰਨਾ ਸੀ। ਬਹੁਤ ਸਾਰੇ ਵਿਦਵਾਨਾਂ ਵੱਲੋਂ ਪੰਜਾਬੀ ਦਾ ਪਹਿਲਾ ਪੱਤਰ ਮੰਨਿਆ ਜਾਂਦਾ 'ਅਖਬਾਰ ਸ੍ਰੀ ਦਰਬਾਰ ਸਾਹਿਬ' ਇਸਦੀ ਉਦਾਹਰਨ ਹੈ ਕਿਉਂਕਿ ਗੁਰਮੁਖੀ ਲਿੱਪੀ ਵਿੱਚ ਲਿਖਿਆ ਜਾਂਦਾ ਇਹ ਅਖ਼ਬਾਰ ਹਿੰਦੀ ਭਾਸ਼ਾ ਦਾ ਪ੍ਰਚਾਰ ਕਰਦਾ ਸੀ। ਧਰਮ ਪ੍ਰਚਾਰ ਦੇ ਆਸ਼ੇ ਵਜੋਂ ਹੀ ਹੋਂਦ ਵਿੱਚ ਆਈਆਂ ਆਰੀਆ ਸਮਾਜ ਅਤੇ ਸਿੰਘ ਸਭਾ ਲਹਿਰਾਂ ਨੇ ਵੱਖ-ਵੱਖ ਪੰਜਾਬੀ ਪੱਤਰਾਂ ਨੂੰ ਜਨਮ ਦਿੱਤਾ। ਸਿੰਘ ਸਭਾ ਲਹਿਰ ਦੇ ਯਤਨਾਂ ਨਾਲ ਸ਼ੁਰੂ ਹੋਏ ਪੰਜਾਬੀ ਪੱਤਰਾਂ ਤੋਂ ਹੀ ਅੱਗੇ ਪੰਜਾਬੀ ਸਾਹਿਤਕ ਪੱਤਰਕਾਰੀ ਦਾ ਮੁੱਢ ਬੱਝਦਾ ਹੈ।

## ਨਿਕਾਸ

ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਜਾਰੀ ਹੋਣ ਵਾਲੇ ਪੱਤਰਾਂ ਵਿੱਚ ਸਭ ਤੋਂ ਪਹਿਲਾ ਨਾਮ 'ਅਕਾਲ ਪ੍ਰਕਾਸ਼' ਦਾ ਆਉਂਦਾ ਹੈ, ਜੋ 1876 ਵਿੱਚ ਨਿਕਲਣਾ ਸ਼ੁਰੂ ਹੋਇਆ। ਇਸ ਪੱਤਰ ਦੇ ਹੋਂਦ ਵਿੱਚ ਆਉਣ ਨਾਲ ਨਾ ਸਿਰਫ਼ ਪੰਜਾਬੀ ਪੱਤਰਕਾਰੀ ਦਾ ਮੁੱਢ ਬੱਝਿਆ ਬਲਕਿ ਪੰਜਾਬੀ ਸਾਹਿਤਕ ਪੱਤਰਕਾਰੀ ਦਾ ਆਰੰਭ ਬਿੰਦੂ ਵੀ ਸਿੰਘ ਸਭਾ ਲਹਿਰ ਦਾ ਇਹ ਪੱਤਰ ਬਣਦਾ ਹੈ। ਇਸ ਲੜੀ ਵਿੱਚ ਅਗਲਾ ਪੱਤਰ 1880 ਵਿੱਚ ਭਾਈ ਗੁਰਮੁਖ ਸਿੰਘ ਦੁਆਰਾ ਜਾਰੀ ਕੀਤਾ ਗਿਆ 'ਗੁਰਮੁਖੀ ਅਖਬਾਰ' ਆਉਂਦਾ ਹੈ। ਇਸ ਪੱਤਰ ਦਾ ਉਦੇਸ਼ ਭਾਵੇਂ ਸਿੰਘ ਸਭਾ ਲਹਿਰ ਦੇ ਆਸ਼ਿਆਂ ਦਾ ਪ੍ਰਚਾਰ ਕਰਨਾ ਸੀ ਪਰ ਆਪਣੀ ਠੇਠ ਪੰਜਾਬੀ ਅਤੇ ਸਾਹਿਤਕ ਲੇਖਣੀ ਕਰਕੇ ਇਹ ਪੱਤਰ ਸਾਹਿਤਕ ਪੱਤਰਕਾਰੀ ਦਾ ਮੁੱਢ ਬੰਨ੍ਹਣ ਵਿੱਚ ਯੋਗਦਾਨ ਪਾਉਂਦਾ ਹੈ। 'ਗੁਰਮੁਖੀ ਅਖਬਾਰ' ਤੋਂ ਇਲਾਵਾ ਭਾਈ ਗੁਰਮੁਖ ਸਿੰਘ ਨੇ ਆਪਣਾ ਇੱਕ ਹੋਰ ਪੱਤਰ 'ਵਿਦਯਾਰਕ ਪੰਜਾਬ' ਮਾਸਿਕ ਰੂਪ ਵਿੱਚ ਜਾਰੀ ਕੀਤਾ। 'ਅਕਾਲ ਪ੍ਰਕਾਸ਼' ਅਤੇ 'ਗੁਰਮੁਖੀ ਅਖਬਾਰ' ਤੋਂ ਬਾਅਦ 'ਵਿਦਯਾਰਕ ਪੰਜਾਬ' ਪੰਜਾਬੀ ਦਾ ਉਹ ਪੱਤਰ ਹੈ ਜਿਸਦਾ ਝੁਕਾਅ ਸਾਹਿਤਕ ਰੁਚੀਆਂ ਵੱਲ ਵਧੇਰੇ ਰਿਹਾ।

ਇਸ ਪੱਤਰ ਦੀ ਸਾਹਿਤ ਪੱਖੋਂ ਦੇਣ ਸੰਬੰਧੀ ਡਾ. ਮੇਘਾ ਸਿੰਘ ਲਿਖਦੇ ਹਨ-

"ਇਹ ਪੱਤਰ ਭਾਵੇਂ ਕੁੱਝ ਮਹੀਨੇ ਹੀ ਚੱਲਿਆ ਪਰੰਤੂ ਇਸਨੇ ਪੁਸਤਕਾਂ ਦੇ ਰੀਵਿਊ ਰਾਹੀਂ ਆਲੋਚਨਾ, ਸਿੱਖ ਗੁਰੂਆਂ ਦੇ ਜੀਵਨ ਬ੍ਰਿਤਾਂਤ ਪ੍ਰਕਾਸ਼ਤ ਕਰਕੇ ਧਾਰਮਿਕ ਜੀਵਨੀ ਸਾਹਿਤ ਅਤੇ ਸਿੱਖ ਧਰਮ ਦੀਆਂ ਰੀਤੀਆਂ ਦੇ ਵਿਧਾਨ ਤੇ ਨਿਰੂਪਣ ਰਾਹੀਂ ਦਾਰਸ਼ਨਿਕ ਤੇ ਬਿਰਤਾਂਤੀ ਪੰਜਾਬੀ ਵਾਰਤਕ ਦਾ ਮੁੱਢ ਬੰਨ੍ਹਿਆ।"[1]

1885 ਵਿੱਚ ਜਾਰੀ ਹੋਏ ਦੋ ਪੱਤਰ 'ਗੁਰਮਤਿ ਪ੍ਰਕਾਸ਼ਕ' ਅਤੇ 'ਪੰਜਾਬ ਦਰਪਣ' ਪੰਜਾਬੀ ਵਾਰਤਕ ਨੂੰ ਨਿੱਖਰਵੇਂ ਰੂਪ ਵਿੱਚ ਸਾਹਮਣੇ ਲੈ ਕੇ ਆਏ। 'ਗੁਰਮਤਿ ਪ੍ਰਕਾਸ਼ਕ' ਨੇ ਗੁਰਬਾਣੀ ਦੀ ਟੀਕਾਕਾਰੀ ਦੇ ਨਾਲ-ਨਾਲ ਧਾਰਮਿਕ ਦਾਰਸ਼ਨਿਕ/ਵਾਰਤਕ ਨੂੰ ਲੋਕ ਭਾਸ਼ਾ ਵਿੱਚ ਪੇਸ਼ ਕੀਤਾ। 'ਪੰਜਾਬ ਦਰਪਣ' ਦੇ ਸੰਪਾਦਕੀ ਲੇਖਾਂ ਅਤੇ ਵਿਅੰਗਮਈ ਵਾਰਤਕ ਨੇ ਪਾਠਕਾਂ ਦਾ ਧਿਆਨ ਆਕਰਸ਼ਿਤ ਕੀਤਾ।

ਭਾਈ ਗੁਰਮੁਖ ਸਿੰਘ ਦੀ ਸੰਪਾਦਨਾ ਹੇਠ ਜਾਰੀ ਹੋਇਆ ਤੀਜਾ ਪੱਤਰ 'ਸੁਧਾਰਾਰਕ' ਨੇ ਤਰਕਮਈ ਵਾਰਤਕ ਨੂੰ ਲੋਕਾਂ ਸਾਹਮਣੇ ਲਿਆਂਦਾ। ਇਸ ਪੱਤਰ ਦੀ ਵਿਸ਼ਾ ਸਮੱਗਰੀ ਸੰਬੰਧੀ ਡਾ. ਮੇਘਾ ਸਿੰਘ ਲਿਖਦੇ ਹਨ-

"ਇਸ ਪੱਤਰ ਵਿੱਚ ਸਿੱਖ ਧਰਮ, ਦਰਸ਼ਨ, ਵਿਦਿਅਕ, ਸਮਾਜਕ, ਕੌਮੀ ਤੇ ਕੌਮਾਂਤਰੀ ਵਿਸ਼ਿਆਂ ਉੱਪਰ ਸਮਾਚਾਰ ਤੇ ਵਿਚਾਰਾਂ ਦੇ ਨਾਲ-ਨਾਲ ਉੱਚੀ ਪੱਧਰ ਦੇ ਸਾਹਿਤਕ ਲੇਖ ਵੀ ਛਪਦੇ ਸਨ। ਇਸ ਪਰਚੇ ਨੇ ਸਿੱਖ ਧਰਮ ਤੇ ਸਾਹਿਤ ਸੰਬੰਧੀ ਵਿਗਿਆਨਕ ਤੇ ਤਰਕਸ਼ੀਲ ਵਿਚਾਰਾਂ ਦਾ ਮੁੱਢ ਬੰਨਿਆ ਅਤੇ ਸਿੱਖ ਇਤਿਹਾਸ ਵਿੱਚ ਸ਼ਰਧਾ ਵੱਸ ਪਾਈਆਂ ਗਲਤੀਆਂ ਸਬੰਧੀ ਵਿਚਾਰ ਪ੍ਰਕਾਸ਼ਤ ਕੀਤੇ।"[2]

ਸਿੰਘ ਸਭਾ ਲਹਿਰ ਦੇ ਦੋ ਧੜ੍ਹਿਆਂ ਵਿੱਚ ਵੰਡੇ ਜਾਣ ਕਾਰਨ ਖਾਲਸਾ ਦੀਵਾਨ ਲਾਹੌਰ ਸਥਾਪਿਤ ਹੋ ਚੁੱਕਾ ਸੀ। ਖਾਲਸਾ ਦੀਵਾਨ ਲਾਹੌਰ ਦੁਆਰਾ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਪ੍ਰੋ. ਗੁਰਮੁਖ ਸਿੰਘ ਦੀ ਸਰਪ੍ਰਸਤੀ ਹੇਠ 'ਖਾਲਸਾ ਅਖਬਾਰ' ਸ਼ੁਰੂ ਕੀਤਾ ਗਿਆ। ਗਿਆਨੀ ਦਿੱਤ ਸਿੰਘ ਜੀ ਦਾ ਲਿਖਿਆ 'ਸਵਪਨ ਨਾਟਕ' ਇਸ ਪੱਤਰ ਵਿੱਚ ਪ੍ਰਕਾਸ਼ਤ ਹੋਇਆ। ਇਸ ਤੋਂ ਇਲਾਵਾ ਇਸ ਪੱਤਰ ਨੇ ਵਾਰਤਕ, ਕਵਿਤਾ ਅਤੇ ਪੁਸਤਕ ਰੀਵਿਊ ਛਾਪ ਕੇ ਪੰਜਾਬੀ ਸਾਹਿਤਕ ਪੱਤਰਕਾਰੀ ਦੀ ਨੀਂਹ ਨੂੰ ਮਜ਼ਬੂਤ ਕੀਤਾ।

1890 ਵਿੱਚ ਜਾਰੀ ਹੋਇਆ ਸਪਤਾਹਿਕ ਪੱਤਰ 'ਸਿੰਘ ਸਭਾ ਗਜ਼ਟ' ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ਦੇ ਵਿਕਾਸ ਲਈ ਲਗਾਤਾਰ ਸਰਗਰਮ ਰਿਹਾ ਅਤੇ ਇਸਦੇ ਨਾਲ ਹੀ

ਜੀਵਨੀ ਸਾਹਿਤ ਅਤੇ ਵਾਰਤਕ ਲੇਖਾਂ ਦੀ ਪ੍ਰਕਾਸ਼ਨਾ ਰਾਹੀਂ ਆਪਣਾ ਵਡਮੁੱਲਾ ਯੋਗਦਾਨ ਪਾਉਂਦਾ ਰਿਹਾ। 1894 ਵਿੱਚ ਜਾਰੀ ਹੋਏ ਸਪਤਾਹਿਕ ਪੱਤਰ 'ਖ਼ਾਲਸਾ ਧਰਮ ਪ੍ਰਚਾਰਕ' ਨੇ ਕਵਿਤਾ ਅਤੇ ਵਾਰਤਕ ਦੇ ਨਾਲ-ਨਾਲ ਪਹਿਲੀ ਵਾਰ ਪੰਜਾਬੀ ਨਾਵਲ ਨੂੰ ਲੜੀਵਾਰ ਰੂਪ ਵਿੱਚ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ। 'ਖ਼ਾਲਸਾ ਧਰਮ ਪ੍ਰਚਾਰਕ' ਦੁਆਰਾ ਪੰਜਾਬੀ ਪੱਤਰਕਾਰੀ ਵਿੱਚ ਇਕ ਨਵੀਂ ਸਾਹਿਤ ਵਿਧਾ ਦੇ ਵਾਧੇ ਨਾਲ ਪੰਜਾਬੀ ਸਾਹਿਤਕ ਪੱਤਰਕਾਰੀ ਵਿਕਾਸ ਦੀਆਂ ਮੰਜ਼ਿਲਾਂ ਵੱਲ ਕਦਮ ਪੁੱਟਦੀ ਹੈ।

ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿੱਚ ਪੰਜਾਬੀ ਸਾਹਿਤਕ ਪੱਤਰਕਾਰੀ ਦੀਆਂ ਜੜ੍ਹਾਂ ਡੂੰਘੀਆਂ ਕਰਨ ਵਿੱਚ ਜਿਸ ਪੱਤਰ ਨੇ ਅਹਿਮ ਰੋਲ ਅਦਾ ਕੀਤਾ, ਉਹ ਖਾਲਸਾ ਟ੍ਰੈਕਟ ਸੁਸਾਇਟੀ ਦੁਆਰਾ ਜਾਰੀ ਕੀਤਾ ਪੱਤਰ 'ਨਿਰਗੁਣਆਰਾ' ਹੈ। ਇਸ ਪੱਤਰ ਦੀ ਪੰਜਾਬੀ ਪੱਤਰਕਾਰੀ ਅਤੇ ਸਾਹਿਤ ਨੂੰ ਦੇਣ ਸੰਬੰਧੀ ਡਾ. ਨਰਿੰਦਰ ਸਿੰਘ ਕਪੂਰ ਲਿਖਦੇ ਹਨ-

"ਇਸ ਪੱਤਰ ਨੇ ਪੱਤਰਕਾਰੀ ਅਤੇ ਸਾਹਿਤ ਵਿਚਲੇ ਅੰਤਰ ਨੂੰ ਦੂਰ ਕੀਤਾ ਹੈ। ਪੰਜਾਬੀ ਸਾਹਿਤਕ ਪੱਤਰਕਾਰੀ ਦੇ ਖੇਤਰ ਵਿੱਚ ਇਹ ਪੱਤਰ ਪਹਿਲਾ ਸਫਲ ਯਤਨ ਕਿਹਾ ਜਾ ਸਕਦਾ ਹੈ। ਭਾਈ ਵੀਰ ਸਿੰਘ ਦੀ ਬਹੁਤੀ ਮੌਲਿਕ ਰਚਨਾ ਪਹਿਲਾਂ 'ਨਿਰਗੁਣਆਰਾ' ਵਿੱਚ ਹੀ ਛਪੀ ਸੀ, ਜਿਵੇਂ 'ਰਾਣਾ ਸੂਰਤ ਸਿੰਘ', 'ਬਾਬਾ ਨੌਧ ਸਿੰਘ', 'ਗੁਰੂ ਨਾਨਕ ਚਮਤਕਾਰ', 'ਕਲਗੀਧਰ ਚਮਤਕਾਰ', 'ਲਹਿਰ ਹੁਲਾਰੇ', 'ਮਟਕ ਹੁਲਾਰੇ', 'ਬਿਜਲੀਆਂ ਦੇ ਹਾਰ' ਆਦਿ।"[3]

'ਨਿਰਗੁਣਆਰਾ' ਨੇ ਸਰਲ ਤੇ ਸੌਖੀ ਬੋਲੀ ਵਿੱਚ ਨਵੀਂ ਤੇ ਸਪੱਸ਼ਟ ਸ਼ੈਲੀ ਨੂੰ ਸਾਹਮਣੇ ਲਿਆਂਦਾ। ਆਧੁਨਿਕ ਪੰਜਾਬੀ ਭਾਸ਼ਾ ਨੂੰ ਨਵਾਂ ਰੰਗ ਦੇਣ ਵਿੱਚ ਟ੍ਰੈਕਟਾਂ ਦਾ ਖਾਸ ਯੋਗਦਾਨ ਹੈ। ਇਹ ਸੌਖੀ ਭਾਸ਼ਾ ਅਤੇ ਰੌਚਕ ਸ਼ੈਲੀ ਦਾ ਹੀ ਨਤੀਜਾ ਸੀ ਕਿ ਬਹੁਤ ਵੱਡੀ ਗਿਣਤੀ ਵਿੱਚ 'ਨਿਰਗੁਣਆਰਾ' ਨੇ ਪੰਜਾਬੀ ਪਾਠਕ ਪੈਦਾ ਕੀਤੇ। ਪ੍ਰੋ. ਪੂਰਨ ਸਿੰਘ ਵਰਗੇ ਸਾਹਿਤਕਾਰ ਅੰਦਰ ਲਿਖਣ ਦੀ ਚਿਣਗ ਪੈਦਾ ਕਰਨ ਵਾਲਾ ਇਹ 'ਨਿਰਗੁਣਆਰਾ' ਪੱਤਰ ਹੀ ਸੀ ਅਤੇ ਬਾਅਦ ਵਿੱਚ ਲੇਖਕ ਦੀਆਂ ਆਪਣੀਆਂ ਰਚਨਾਵਾਂ ਇਸ ਪੱਤਰ ਦਾ ਸ਼ਿੰਗਾਰ ਬਣਦੀਆਂ ਰਹੀਆਂ। ਇਸ ਪੱਤਰ ਨੇ ਲੇਖਕਾਂ ਨੂੰ ਲਿਖਣ ਅਤੇ ਪਾਠਕਾਂ ਨੂੰ ਪੜ੍ਹਨ ਲਈ ਜੋ ਰਾਹ-ਦਿਸੇਰੇ ਦਾ ਕੰਮ ਕੀਤਾ, ਉਸਦਾ ਜ਼ਿਕਰ ਵੀ ਡਾ. ਨਰਿੰਦਰ ਸਿੰਘ ਕਪੂਰ ਨੇ ਇਸ ਤਰ੍ਹਾਂ ਕੀਤਾ ਹੈ-

"ਇਸ ਪੱਤਰ ਦੀ ਇੱਕ ਵੱਡੀ ਦੇਣ ਇਹ ਸੀ ਕਿ ਇਸ ਨੇ ਸਿੱਖ ਸਾਹਿਤ ਦੀਆਂ ਭੁੱਲੀਆਂ

ਵਿਸਰੀਆਂ ਰਚਨਾਵਾਂ ਲੱਭ ਕੇ ਉਨ੍ਹਾਂ ਦਾ ਸੰਪਾਦਨ ਕਰਵਾ ਕੇ ਜਾਂ ਅਨੁਵਾਦ ਕਰਵਾ ਕੇ ਵਿਆਖਣ ਤੇ ਪ੍ਰਕਾਸ਼ਣ ਦੀ ਲੀਹ ਪਾਈ। ਪੰਜਾਬੀਆਂ ਵਿੱਚ ਅਸ਼ਲੀਲ ਕਿੱਸੇ, ਕਹਾਣੀਆਂ ਛੁੜਵਾ ਕੇ, ਉੱਚਾ ਸਾਹਿਤ ਪੈਦਾ ਕਰਨ ਤੇ ਪੜ੍ਹਨ ਦੀ ਪਿਰਤ ਇਸੇ ਪੱਤਰ ਦੇ ਯਤਨਾਂ ਦਾ ਸਿੱਟਾ ਹੈ। ਸਿੱਖ ਸਮਾਜ ਨੂੰ ਹਲੂਣਨ, ਸਿੱਖਾਂ ਨੂੰ ਸੁਧਾਰਕ ਲਹਿਰਾਂ ਲਈ ਉਭਾਰਨ ਅਤੇ ਇਨਕਲਾਬੀ ਰੋਲ ਲਈ ਤਿਆਰ ਕਰਨ ਵਿੱਚ ਇਸ ਪੱਤਰ ਨੇ ਵਿਸ਼ੇਸ਼ ਯੋਗਦਾਨ ਦਿੱਤਾ ਹੈ।"[4]

'ਨਿਰਗੁਣਆਰਾ' ਨੇ ਪੰਜਾਬੀ ਪੱਤਰਕਾਰੀ ਦਾ ਰੁਖ਼ ਪੰਜਾਬੀ ਸਾਹਿਤਕ ਪੱਤਰਕਾਰੀ ਵੱਲ ਕਰ ਦਿੱਤਾ ਸੀ। ਇਸ ਵਿੱਚ ਆਧੁਨਿਕ ਪੰਜਾਬੀ ਸਾਹਿਤ ਦੇ ਬਹੁਤ ਸਾਰੇ ਰੂਪਾਂ ਨੂੰ ਛਾਪਿਆ ਜਾਣ ਲੱਗਿਆ। ਇਸ ਪੱਤਰ ਦੀ ਆਮਦ ਨਾਲ ਨਾ ਸਿਰਫ ਪੰਜਾਬੀ ਸਾਹਿਤਕ ਪੱਤਰਕਾਰੀ ਦਾ ਚਿਹਰਾ-ਮੋਹਰਾ ਹੀ ਬਦਲਿਆ ਬਲਕਿ ਪੰਜਾਬੀ ਸਾਹਿਤ ਰੂਪਾਂ ਨੂੰ ਨਿਖਾਰਨ ਵਿੱਚ ਵੀ ਇਸ ਦਾ ਉਸਾਰੂ ਰੋਲ ਰਿਹਾ ਹੈ। ਇਸ ਪੱਤਰ ਦੁਆਰਾ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਪਾਏ ਯੋਗਦਾਨ ਸੰਬੰਧੀ ਡਾ. ਮੇਘਾ ਸਿੰਘ ਨੇ ਲਿਖਿਆ ਹੈ-

"ਇਸ ਪੱਤਰ ਨੇ ਪੰਜਾਬੀ ਸਾਹਿਤ ਦੀ ਭਰਪੂਰ ਸੇਵਾ ਕੀਤੀ। ਆਧੁਨਿਕ ਪੰਜਾਬੀ ਸਾਹਿਤ ਦੇ ਨਵੇਂ ਰੂਪਾਂ ਕਹਾਣੀ, ਨਾਟਕ, ਜੀਵਨੀ, ਸਫਰਨਾਮਾ ਆਦਿ ਦੀ ਸ਼ੁਰੂਆਤ ਇਸੇ ਪੱਤਰ ਦੁਆਰਾ ਹੀ ਹੋਈ। ਇਸ ਪੱਤਰ ਦੇ ਸਰਬਪੱਖੀ ਅਧਿਐਨ ਤੋਂ ਇਸ ਪੱਤਰ ਦੀ ਸੰਚਾਲਕ ਸੁਸਾਇਟੀ ਨੂੰ ਪੰਜਾਬੀ ਸਾਹਿਤ ਦੀ ਇੱਕ ਉੱਚ ਸੰਸਥਾ ਕਹਿਣਾ ਹੀ ਯੋਗ ਹੈ।"[5]

'ਨਿਰਗੁਣਆਰਾ' ਤੋਂ ਬਾਅਦ ਚਰਚਾ ਵਿੱਚ ਆਉਣ ਵਾਲਾ ਅਗਲਾ ਪੱਤਰ 'ਖਾਲਸਾ ਸਮਾਚਾਰ' ਹੈ, ਜੋ ਭਾਈ ਵੀਰ ਸਿੰਘ ਦੀ ਸੰਪਾਦਨਾ ਹੇਠ 1899 ਵਿੱਚ ਜਾਰੀ ਹੋਇਆ। ਭਾਈ ਵੀਰ ਸਿੰਘ ਇਸ ਪੱਤਰ ਨਾਲ ਸ਼ੁਰੂ ਤੋਂ ਲੈ ਕੇ ਆਪਣੇ ਅੰਤਿਮ ਸਮੇਂ ਤੱਕ ਜੁੜੇ ਰਹੇ। ਉਨ੍ਹਾਂ ਦੁਆਰਾ ਰਚੀਆਂ ਗਈਆਂ ਕਾਵਿ ਰਚਨਾਵਾਂ, ਨਾਵਲ ਅਤੇ ਵਾਰਤਕ ਰਚਨਾਵਾਂ 'ਖਾਲਸਾ ਸਮਾਚਾਰ' ਵਿੱਚ ਛਪਦੀਆਂ ਰਹੀਆਂ। ਭਾਈ ਵੀਰ ਸਿੰਘ ਤੋਂ ਇਲਾਵਾ ਪ੍ਰੋ. ਪੂਰਨ ਸਿੰਘ, ਪ੍ਰਿੰਸੀਪਲ ਜੋਧ ਸਿੰਘ, ਡਾ. ਬਲਬੀਰ ਸਿੰਘ ਅਤੇ ਸਰਦਾਰ ਜੀ. ਬੀ. ਸਿੰਘ ਦੀਆਂ ਸਾਹਿਤਕ ਰਚਨਾਵਾਂ ਵੀ ਇਸ ਪੱਤਰ ਦਾ ਸ਼ਿੰਗਾਰ ਬਣਦੀਆਂ ਰਹੀਆਂ।

ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿੱਚ 'ਦੁੱਖ ਨਿਵਾਰਨ' ਵੀ ਇੱਕ ਅਜਿਹਾ ਪੱਤਰ ਹੈ, ਜਿਹੜਾ ਮਨੁੱਖੀ ਜ਼ਿੰਦਗੀ ਦੇ ਆਮ ਛੋਟੇ-ਵੱਡੇ ਮਸਲਿਆਂ ਦੇ ਨਾਲ-ਨਾਲ ਪੰਜਾਬੀ ਸਾਹਿਤ ਅਤੇ ਮਾਂ-ਬੋਲੀ ਪ੍ਰਤੀ ਵੀ ਸੁਹਿਰਦ ਰਿਹਾ। ਇਸ ਪੱਤਰ ਨੂੰ 1906 ਵਿੱਚ ਮੋਹਨ ਸਿੰਘ ਵੈਦ

ਦੁਆਰਾ ਸ਼ੁਰੂ ਕੀਤਾ ਗਿਆ। ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਸੰਬੰਧੀ ਰਚਨਾਵਾਂ ਛਾਪਣ ਕਰਕੇ ਪੰਜਾਬੀ ਸਾਹਿਤਕ ਪੱਤਰਕਾਰੀ ਦੇ ਉੱਥਾਨ ਵਿੱਚ 'ਦੁੱਖ ਨਿਵਾਰਨ' ਦਾ ਯੋਗਦਾਨ ਅਦੁੱਤੀ ਹੈ।

1914 ਦਾ ਸਾਲ ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਖਾਸ ਮਹੱਤਵ ਰੱਖਦਾ ਹੈ। 1913 ਵਿੱਚ ਸ਼ੁਰੂ ਹੋਈ 'ਗਦਰ ਲਹਿਰ' ਦੇ ਸਮਰਥਕਾਂ ਵੱਲੋਂ 1914 ਵਿੱਚ 'ਗਦਰ' ਨਾਂ ਦਾ ਪੰਜਾਬੀ ਪੱਤਰ ਜਾਰੀ ਕੀਤਾ ਗਿਆ। 'ਗਦਰ' ਦੀ ਸ਼ੁਰੂਆਤ ਭਾਵੇਂ ਗਦਰੀਆਂ ਨੇ ਆਪਸੀ ਸੰਚਾਰ ਵਜੋਂ ਕੀਤੀ ਸੀ, ਪਰ ਇਸ ਦੇ ਟ੍ਰੈਕਟ 'ਗਦਰ ਦੀ ਗੂੰਜ' ਵਿੱਚ ਛਪਦੀਆਂ ਕਵਿਤਾਵਾਂ ਨੇ ਇਸ ਪੱਤਰ ਵਿੱਚ ਪੰਜਾਬੀ ਸਾਹਿਤਕ ਪੱਤਰਕਾਰੀ ਦਾ ਰੰਗ ਭਰਿਆ।

ਪੰਜਾਬੀ ਸਾਹਿਤਕ ਪੱਤਰਕਾਰੀ ਦੀ ਨੀਂਹ ਰੱਖਣ ਵਿੱਚ ਉੱਪਰ ਵਰਣਿਤ ਪੰਜਾਬੀ ਪੱਤਰਾਂ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਪੰਜਾਬੀ ਪੱਤਰਕਾਰੀ ਦੇ ਇਤਿਹਾਸ ਨੂੰ ਵਾਚਦਿਆਂ ਇੱਕ ਗੱਲ ਸਾਹਮਣੇ ਆਉਂਦੀ ਹੈ ਕਿ ਮੁੱਢਲੀ ਪੰਜਾਬੀ ਪੱਤਰਕਾਰੀ ਦੀ ਸ਼ੁਰੂਆਤ ਵਾਰਤਕ ਅਤੇ ਕਵਿਤਾ ਸਾਹਿਤ ਰੂਪਾਂ ਨਾਲ ਹੁੰਦੀ ਹੈ। ਪੰਜਾਬੀ ਵਾਰਤਕ ਰੂਪਾਂ ਵਿੱਚੋਂ ਵੀ ਲੇਖਾਂ ਨੂੰ ਵਧੇਰੇ ਤਵੱਜੋ ਦਿੱਤੀ ਜਾਂਦੀ ਸੀ। ਜਿਉਂ-ਜਿਉਂ ਪੰਜਾਬੀ ਪੱਤਰਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਗਿਆ, ਪੰਜਾਬੀ ਸਾਹਿਤ ਦੀਆਂ ਹੋਰ ਵਿਧਾਵਾਂ ਵੀ ਇਸ ਵਿੱਚ ਆਪਣੀ ਥਾਂ ਬਣਾਉਂਦੀਆਂ ਰਹੀਆਂ। ਉੱਨੀਵੀਂ ਸਦੀ ਦੇ ਅਖੀਰ ਵਿੱਚ ਨਿਕਲੇ ਦੋ ਪੰਜਾਬੀ ਪੱਤਰਾਂ 'ਨਿਰਗੁਣਆਰਾ' ਅਤੇ 'ਖਾਲਸਾ ਸਮਾਚਾਰ' ਵਿੱਚ ਸਾਹਿਤ ਦੀਆਂ ਵੱਖ-ਵੱਖ ਵੰਨਗੀਆਂ ਨੂੰ ਵੇਖਿਆ ਜਾ ਸਕਦਾ ਹੈ। ਇਹਨਾਂ ਦੋਨਾਂ ਪੱਤਰਾਂ ਦੀ ਪੰਜਾਬੀ ਸਾਹਿਤ ਨੂੰ ਦੇਣ ਸੰਬੰਧੀ ਡਾ. ਨਰਿੰਦਰ ਸਿੰਘ ਕਪੂਰ ਲਿਖਦੇ ਹਨ-

"ਪੰਦਰ੍ਹਾ-ਰੋਜ਼ਾ 'ਨਿਰਗੁਣਆਰਾ' ਅਤੇ ਸਪਤਾਹਿਕ 'ਖਾਲਸਾ ਸਮਾਚਾਰ' ਰਾਹੀਂ ਭਾਈ ਵੀਰ ਸਿੰਘ ਨੇ ਪੁਰਾਣਾ ਸਿੱਖ ਇਤਿਹਾਸ ਪਾਠਕਾਂ ਸਾਹਮਣੇ ਰੱਖਿਆ ਅਤੇ ਸਮੁੱਚੇ ਪੰਜਾਬੀ ਜਗਤ ਨੂੰ ਪੰਜਾਬੀ ਬੋਲੀ ਵਿੱਚ ਵਿਸ਼ਾਲ ਸਾਹਿਤ ਦੇ ਦਰਸ਼ਨ ਕਰਵਾਏ।"[6]

ਉਪਰੋਕਤ ਸਾਰੀਆਂ ਗੱਲਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਸਾਹਿਤਕ ਪੱਤਰਕਾਰੀ ਦੀ ਨੀਂਹ ਵੀ ਪੰਜਾਬੀ ਪੱਤਰਕਾਰੀ ਦੇ ਨਾਲ ਹੀ ਰੱਖੀ ਗਈ ਸੀ। ਆਮ ਤੌਰ 'ਤੇ ਇਹ ਮੰਨਿਆਂ ਜਾਂਦਾ ਹੈ ਕਿ ਪੰਜਾਬ ਵਿੱਚ ਛਾਪਖਾਨੇ ਦੀ ਆਮਦ ਨਾਲ ਹੀ ਪੰਜਾਬੀ ਪੱਤਰਕਾਰੀ ਦਾ ਆਰੰਭ ਹੋ ਜਾਂਦਾ ਹੈ ਪਰ ਸਹੀ ਅਰਥਾਂ ਵਿੱਚ ਪੰਜਾਬੀ ਪੱਤਰਕਾਰੀ ਦਾ ਆਰੰਭ ਭਾਈ ਗੁਰਮੁਖ ਸਿੰਘ ਦੁਆਰਾ 10 ਨਵੰਬਰ 1880 ਨੂੰ ਜਾਰੀ ਕੀਤੇ ਸਪਤਾਹਿਕ

ਪੱਤਰ 'ਗੁਰਮੁਖੀ ਅਖ਼ਬਾਰ' ਨਾਲ ਹੋਇਆ ਹੈ। ਇਸ ਪੱਤਰ ਦੀ ਛਪਣ ਸਮੱਗਰੀ ਵਿੱਚ ਕਵਿਤਾ ਅਤੇ ਵਾਰਤਕ ਲੇਖਾਂ ਨੂੰ ਥਾਂ ਮਿਲਦੀ ਰਹੀ ਹੈ, ਜਿਸਨੇ ਪੰਜਾਬੀ ਪੱਤਰਕਾਰੀ ਦੇ ਨਾਲ ਹੀ ਪੰਜਾਬੀ ਸਾਹਿਤਕ ਪੱਤਰਕਾਰੀ ਦਾ ਮੁੱਢ ਬੰਨ੍ਹਣ ਵਿੱਚ ਭੂਮਿਕਾ ਨਿਭਾਈ ਹੈ। ਇਸ ਤੋਂ ਬਾਅਦ ਇੱਕ-ਇੱਕ ਕਰਕੇ ਜਾਰੀ ਹੋਏ 'ਵਿਦਿਯਾਰਕ ਪੰਜਾਬ', 'ਗੁਰਮਤਿ ਪ੍ਰਕਾਸ਼ਕ', 'ਪੰਜਾਬ ਦਰਪਣ', 'ਸੁਧਾਰਾਰਕ', 'ਖਾਲਸਾ ਅਖਬਾਰ', 'ਸਿੰਘ ਸਭਾ ਗਜ਼ਟ', 'ਖਾਲਸਾ ਧਰਮ ਪ੍ਰਚਾਰਕ', 'ਨਿਰਗੁਣਆਰਾ' ਅਤੇ 'ਖਾਲਸਾ ਸਮਾਚਾਰ' ਆਦਿ ਪੱਤਰਾਂ ਨੇ ਪੰਜਾਬੀ ਪੱਤਰਕਾਰੀ ਅਤੇ ਸਾਹਿਤਕ ਪੱਤਰਕਾਰੀ ਦੀਆਂ ਨੀਹਾਂ ਮਜ਼ਬੂਤ ਕਰਨ ਵਿੱਚ ਆਪਣਾ ਅਦੁੱਤੀ ਯੋਗਦਾਨ ਪਾਇਆ।

**ਵਿਕਾਸ**

ਪੰਜਾਬੀ ਸਾਹਿਤਕ ਪੱਤਰਕਾਰੀ ਦਾ ਵਿਕਾਸ ਪੜਾਅ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਸ਼ੁਰੂ ਹੁੰਦਾ ਹੈ। ਇਸ ਦਹਾਕੇ ਨੂੰ ਵਿਕਾਸ ਪੜਾਅ ਇਸ ਕਰਕੇ ਮੰਨਦੇ ਹਾਂ ਕਿਉਂਕਿ ਇਸ ਸਮੇਂ ਪੰਜਾਬੀ ਵਿੱਚ ਨਿਰੋਲ ਸਾਹਿਤਕ ਰਸਾਲਿਆਂ ਦੀ ਸ਼ੁਰੂਆਤ ਹੁੰਦੀ ਹੈ। ਇਸ ਤੋਂ ਪਹਿਲਾਂ ਜਾਰੀ ਹੋਏ ਪੱਤਰ ਸਾਹਿਤ ਨੂੰ ਦੁਜੈਲੇ ਸਥਾਨ 'ਤੇ ਰੱਖਦੇ ਸਨ ਅਤੇ ਸੂਚਨਾ ਸੰਚਾਰ ਇਹਨਾਂ ਦਾ ਮੁੱਖ ਮਕਸਦ ਹੁੰਦਾ ਸੀ। ਇਸ ਤੋਂ ਇਲਾਵਾ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਰਾਜਸੀ ਸਰੋਕਾਰਾਂ ਨੂੰ ਇਹਨਾਂ ਪੱਤਰਾਂ ਵਿੱਚ ਪੇਸ਼ ਕੀਤਾ ਜਾਂਦਾ ਸੀ। 1923 ਵਿੱਚ ਨਾਰੰਗ ਭਰਾਵਾਂ ਵੱਲੋਂ ਜਾਰੀ ਸਾਹਿਤਕ ਰਸਾਲੇ 'ਪ੍ਰੀਤਮ' ਦੀ ਆਮਦ ਨਾਲ ਸਾਹਿਤਕ ਪੱਤਰਕਾਰੀ ਵਿਕਾਸ ਵੱਲ ਕਦਮ ਪੁੱਟਦੀ ਹੈ ਅਤੇ ਪੰਜਾਬੀ ਵਿੱਚ ਲਗਾਤਾਰ ਲਗਭਗ ਹਰ ਸਾਲ ਕੋਈ ਨਾ ਕੋਈ ਰਸਾਲਾ ਜਨਮ ਲੈਂਦਾ ਰਹਿੰਦਾ ਹੈ। 1924 ਵਿੱਚ 'ਫੁਲਵਾੜੀ' ਰਸਾਲੇ ਨੂੰ ਗਿਆਨੀ ਹੀਰਾ ਸਿੰਘ ਦਰਦ ਦੁਆਰਾ ਜਾਰੀ ਕੀਤਾ ਗਿਆ। ਪੰਜਾਬੀ ਸਾਹਿਤਕ ਰਸਾਲਿਆਂ ਦੇ ਵਿਸ਼ੇਸ ਅੰਕ ਛਾਪਣ ਦੀ ਪਹਿਲ 'ਫੁਲਵਾੜੀ' ਦੁਆਰਾ ਕੀਤੀ ਗਈ। ਸੁਤੰਤਰਤਾ ਉਪਰੰਤ ਇਸ ਰਸਾਲੇ ਨੇ ਆਪਣਾ ਝੁਕਾਅ ਸਮਾਜਵਾਦੀ ਰਚਨਾਵਾਂ ਛਾਪਣ ਵੱਲ ਕਰ ਲਿਆ। 1926 ਵਿੱਚ ਜਾਰੀ ਹੋਏ ਸਾਹਿਤਕ ਪੱਤਰ 'ਮੌਜੀ' ਨੇ ਪੰਜਾਬੀ ਸਾਹਿਤਕ ਪੱਤਰਕਾਰੀ ਵਿੱਚ ਹਾਸਰਸੀ ਸਾਹਿਤਕ ਪੱਤਰਕਾਰੀ ਦੀ ਨੀਂਹ ਰੱਖੀ। ਇਸ ਪੱਤਰ ਤੋਂ ਪ੍ਰੇਰਿਤ ਹੋ ਕੇ ਪੰਜਾਬੀ ਦੇ ਬਹੁਤ ਸਾਰੇ ਲੇਖਕਾਂ ਨੇ ਹਾਸਰਸੀ ਰਚਨਾਵਾਂ ਲਿਖਣੀਆਂ ਸ਼ੁਰੂ ਕੀਤੀਆਂ। ਕਿਰਤੀ ਅਤੇ ਮਿਹਨਤੀ ਲੋਕਾਂ ਦੀ ਆਵਾਜ਼ ਬਣਨ ਵਾਲਾ ਸਾਹਿਤਕ ਰਸਾਲਾ 'ਕਿਰਤੀ' ਮਾਸਿਕ ਰੂਪ ਵਿੱਚ ਅੰਮ੍ਰਿਤਸਰ ਤੋਂ 1926 ਵਿੱਚ

ਜਾਰੀ ਹੋਇਆ, ਜਿਸਨੇ ਦੱਬੇ-ਕੁਚਲੇ ਲੋਕਾਂ ਲਈ ਹੱਕ-ਸੱਚ ਦਾ ਪਹਿਰਾ ਦਿੱਤਾ। ਇਸ ਰਸਾਲੇ ਵਿੱਚ ਅਗਾਂਹਵਧੂ ਵਿਚਾਰਧਾਰਾ ਵਾਲੇ ਲੇਖ ਅਤੇ ਕਵਿਤਾਵਾਂ ਛਪਦੀਆਂ ਸਨ। ਮੁਨਸ਼ਾ ਸਿੰਘ ਦੁਖੀ ਦੀ ਸੰਪਾਦਨਾ ਹੇਠ 1927 ਵਿੱਚ ਜਾਰੀ ਹੋਇਆ 'ਕਵੀ' ਪਹਿਲਾ ਸਾਹਤਿਕ ਰਸਾਲਾ ਹੈ, ਜੋ ਪੰਜਾਬ ਦੀ ਧਰਤੀ ਤੋਂ ਬਾਹਰ ਸ਼ੁਰੂ ਹੋਇਆ। ਇਸ ਰਸਾਲੇ ਨਾਲ ਪੰਜਾਬੀ ਸਾਹਿਤਕ ਪੱਤਰਕਾਰੀ ਵਿੱਚ ਸਿਰਜਣਾਤਮਕ ਸਾਹਿਤ ਦੇ ਨਾਲ-ਨਾਲ ਸਾਹਿਤ ਸਮੀਖਿਆ ਨੂੰ ਵੀ ਸ਼ਾਮਿਲ ਕੀਤਾ ਜਾਣਾ ਸ਼ੁਰੂ ਹੁੰਦਾ ਹੈ। ਕਾਵਿਕ ਵਿਸ਼ਿਆਂ ਦੀਆਂ ਬਹਿਸਾਂ ਅਤੇ ਕਵੀ ਦਰਬਾਰ 'ਕਵੀ' ਰਸਾਲੇ ਦਾ ਹਿੱਸਾ ਹੋਇਆ ਕਰਦੇ ਸਨ। ਵੀਹਵੀਂ ਸਦੀ ਦਾ ਚੌਥਾ ਦਹਾਕਾ ਪੰਜਾਬੀ ਸਾਹਿਤਕ ਪੱਤਰਕਾਰੀ ਲਈ ਵਿਸ਼ੇਸ਼ ਮਹੱਤਤਾ ਰੱਖਦਾ ਹੈ ਕਿਉਂਕਿ ਇਸ ਦੌਰਾਨ ਪੰਜਾਬੀ ਵਿੱਚ 'ਪ੍ਰੀਤਲੜੀ', 'ਲਿਖਾਰੀ', 'ਪੰਜ ਦਰਿਆ' ਰਸਾਲਿਆਂ ਦੀ ਆਮਦ ਹੁੰਦੀ ਹੈ। ਇਹਨਾਂ ਵਿੱਚੋਂ 'ਪ੍ਰੀਤਲੜੀ' ਅਤੇ 'ਪੰਜ ਦਰਿਆ' ਉਹ ਸਾਹਿਤਕ ਰਸਾਲੇ ਹਨ, ਜਿਨ੍ਹਾਂ ਨੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਲੰਮਾਂ ਸਮਾਂ ਆਪਣੀ ਪਛਾਣ ਬਣਾਈ ਰੱਖੀ। ਇਹ ਦੋਹੇਂ ਰਸਾਲੇ ਭਾਵੇਂ ਅੱਜ ਵੀ ਜਾਰੀ ਹਨ ਪਰ ਪੰਜਾਬੀ ਸਾਹਿਤ ਪ੍ਰੇਮੀਆਂ ਵਿੱਚ ਇਹ ਆਪਣਾ ਪੁਰਾਣਾ ਰੁਤਬਾ ਬਰਕਰਾਰ ਨਹੀਂ ਰੱਖ ਸਕੇ। 'ਪ੍ਰੀਤਲੜੀ' ਨੂੰ ਇੱਕ ਵੱਖਰੇ ਤਰੀਕੇ ਨਾਲ ਪੰਜਾਬੀ ਸਾਹਿਤਕ ਪੱਤਰਕਾਰੀ ਵਿੱਚ ਲਿਆ ਕੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਆਪਣੀ ਲਿਖਣ ਕਲਾ ਦਾ ਜੋ ਜਾਦੂ ਚਲਾਇਆ, ਉਸਨੂੰ ਸੂਬਾ ਸਿੰਘ ਨੇ ਆਪਣੇ ਇਹਨਾਂ ਸ਼ਬਦਾਂ ਰਾਹੀਂ ਬਿਆਨ ਕੀਤਾ ਹੈ-

"ਪ੍ਰੀਤਲੜੀ ਇਕ ਅਜਿਹਾ ਤਾਰਾ ਡਲਕਾਂ ਮਾਰਦਾ ਚੜ੍ਹਿਆ, ਜਿਸਨੇ ਪੰਜਾਬੀ ਪੱਤਰਕਾਰੀ ਦੀਆਂ ਰਾਹਾਂ ਨੂੰ ਚਾਨਣ ਕਰ ਦਿੱਤਾ।.... ਇਸ ਦੇ ਖਿਆਲ ਅਨੋਖੇ ਸਨ, ਸੱਜਰੇ ਤੇ ਮਹਿਕਾਂ ਖਿਲਾਰਨ ਵਾਲੇ। ਕਲਮ ਵਿੱਚ ਰਵਾਨੀ ਸੀ। ਇਕ ਅਜਿਹੀ ਨਿਰਾਲੀ ਪ੍ਰਤਿਭਾ, ਮਟਕ ਤੇ ਸ਼ਾਨ ਸੀ ਉਨ੍ਹਾਂ ਦੀ ਲੇਖਣੀ ਵਿੱਚ ਕਿ ਲੋਕ ਕੀਲੇ ਗਏ। ਇਕ ਕਿਸਮ ਦੀ ਜਾਦੂ ਬਿਆਨੀ ਸੀ, ਜੋ ਪੰਜਾਬੀ ਜਗਤ ਨੂੰ ਪਹਿਲੀ ਨਜ਼ਰੇ ਕੀਲ ਗਈ।"[7]

'ਪ੍ਰੀਤਲੜੀ' ਰਸਾਲੇ ਨੇ ਪਹਿਲੀ ਵਾਰ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਜੀਵਨ ਦੀਆਂ ਸਮੱਸਿਆਵਾਂ ਨੂੰ ਪਾਠਕਾਂ ਸਾਹਮਣੇ ਰੱਖਿਆ ਅਤੇ ਉਨ੍ਹਾਂ ਦੇ ਹੱਲ ਸੁਝਾਉਣ ਵੱਲ ਸੰਕੇਤ ਕੀਤਾ। ਇਸ ਰਸਾਲੇ ਦੀ ਆਮਦ ਨਾਲ ਪੰਜਾਬੀ ਸਾਹਿਤਕ ਪੱਤਰਕਾਰੀ ਵਿੱਚ ਨਵੀਨ ਵਿਸ਼ਿਆਂ ਦੇ ਨਾਲ-ਨਾਲ ਰੌਚਕ ਸ਼ੈਲੀ ਦੇ ਦਰਸ਼ਨ ਵੀ ਹੋਏ। 'ਪ੍ਰੀਤਲੜੀ' ਤੋਂ ਬਾਅਦ 1934 ਵਿੱਚ ਸੁਰਮੁਖ ਸਿੰਘ ਅਮੋਲ ਦੀ ਸੰਪਾਦਨਾ ਹੇਠ ਅੰਮ੍ਰਿਤਸਰ ਤੋਂ ਤ੍ਰੈਮਾਸਿਕ

ਰਸਾਲਾ 'ਲਿਖਾਰੀ' ਹੋਂਦ ਵਿੱਚ ਆਇਆ। ਇਹ ਰਸਾਲਾ ਕੁੱਝ ਸਮਾਂ ਮਾਸਿਕ ਅਤੇ ਸਪਤਾਹਿਕ ਰੂਪ ਵਿੱਚ ਵੀ ਛਪਦਾ ਰਿਹਾ। 'ਕਵੀ' ਰਸਾਲੇ ਤੋਂ ਬਾਅਦ ਪੰਜਾਬੀ ਵਿੱਚ ਸਾਹਿਤ ਸਮੀਖਿਆ ਨੂੰ ਥਾਂ ਦੇਣ ਵਾਲਾ ਇਹ ਦੂਜਾ ਸਾਹਿਤਕ ਪੱਤਰ ਹੈ। ਪੰਜਾਬੀ ਸਾਹਿਤਕਾਰਾਂ ਸੰਬੰਧੀ ਵਿਸ਼ੇਸ਼ ਅੰਕ ਛਾਪ ਕੇ ਬਹੁਪੱਖੀ ਜਾਣਕਾਰੀ ਮੁਹੱਈਆ ਕਰਾਉਣ ਵਿੱਚ ਇਸ ਰਸਾਲੇ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿੱਚ ਆਪਣੀਆਂ ਅਮਿੱਟ ਪੈੜਾਂ ਛੱਡਣ ਵਾਲਾ ਸਾਹਿਤਕ ਮਾਸਿਕ ਪੱਤਰ 'ਪੰਜ ਦਰਿਆ' ਮੋਹਨ ਸਿੰਘ ਦੁਆਰਾ ਜਾਰੀ ਕੀਤਾ ਗਿਆ ਸੀ। ਇਸ ਸਾਹਿਤਕ ਪੱਤਰ ਦੇ ਪੰਜਾਬੀ ਪੱਤਰਕਾਰੀ ਉੱਪਰ ਪਏ ਪ੍ਰਭਾਵ ਸੰਬੰਧੀ ਡਾ. ਨਰਿੰਦਰ ਸਿੰਘ ਕਪੂਰ ਲਿਖਦੇ ਹਨ-

"ਪੰਜ ਦਰਿਆ ਨੇ ਪੰਜਾਬੀ ਪੱਤਰਕਾਰੀ ਵਿੱਚ ਹੀ ਨਹੀਂ, ਸਗੋਂ ਪੰਜਾਬੀ ਸਾਹਿਤ ਵਿੱਚ ਇਕ ਨਵੀਂ ਲਹਿਰ ਨੂੰ ਜਨਮ ਦਿੱਤਾ ਅਤੇ ਪੰਜਾਬੀ ਸਾਹਿਤਕਾਰਾਂ ਨੂੰ ਨਵੇਂ ਰਾਹ ਤੇ ਨਵੇਂ ਨਿਸ਼ਾਨੇ ਦੱਸੇ।"[8]

ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਲਈ 'ਪੰਜ ਦਰਿਆ' ਸਾਹਿਤਕ ਰਸਾਲੇ ਦੀ ਦੇਣ ਮਹੱਤਵਪੂਰਨ ਹੈ। ਇਸਦੀਆਂ ਬਹੁਤ ਸਾਰੀਆਂ ਸੰਪਾਦਕੀਆਂ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਵਿਕਾਸ ਲਈ ਲਿਖੀਆਂ ਗਈਆਂ ਸਨ। ਰਾਜਨੀਤਕ ਲੇਖਾਂ ਦੇ ਨਾਲ-ਨਾਲ ਪੰਜਾਬੀ ਸਾਹਿਤ ਦੇ ਵਿਦਿਆਰਥੀਆਂ ਦੀ ਅਕਾਦਮਿਕ ਪੜ੍ਹਾਈ ਨਾਲ ਸੰਬੰਧਿਤ ਬਹੁਤ ਸਾਰੇ ਲੇਖਾਂ ਨੂੰ ਇਸ ਰਸਾਲੇ ਵਿੱਚ ਥਾਂ ਦਿੱਤੀ ਜਾਂਦੀ ਸੀ। ਪੰਜਾਬੀ ਲੇਖਕਾਂ ਨੂੰ ਉਤਸ਼ਾਹਿਤ ਕਰਨ ਵਿੱਚ ਇਸ ਪੱਤਰ ਦਾ ਖਾਸ ਯੋਗਦਾਨ ਹੈ।

1947 ਦੀ ਵੰਡ ਤੋਂ ਬਾਅਦ ਪੰਜਾਬੀ ਸਾਹਿਤਕ ਪੱਤਰਕਾਰੀ ਦੇ ਨਾ ਸਿਰਫ ਕੇਂਦਰ ਬਦਲੇ ਸਗੋਂ ਸਰੋਕਾਰ ਵੀ ਬਦਲ ਗਏ। ਵੰਡ ਤੋਂ ਪਹਿਲਾਂ ਅੰਮ੍ਰਿਤਸਰ ਅਤੇ ਲਾਹੌਰ ਤੋਂ ਹੀ ਬਹੁਤ ਸਾਰੇ ਪਰਚੇ ਨਿਕਲਦੇ ਸਨ। ਵੰਡ ਤੋਂ ਬਾਅਦ ਲਾਹੌਰ ਪਾਕਿਸਤਾਨ ਦਾ ਹਿੱਸਾ ਬਣ ਜਾਂਦਾ ਹੈ ਅਤੇ ਪੂਰਬੀ ਪੰਜਾਬ ਵਿੱਚ ਅੰਮ੍ਰਿਤਸਰ ਦੇ ਨਾਲ-ਨਾਲ ਜਲੰਧਰ, ਪਟਿਆਲਾ, ਲੁਧਿਆਣਾ ਅਤੇ ਦਿੱਲੀ ਪੰਜਾਬੀ ਸਾਹਿਤਕ ਪੱਤਰਕਾਰੀ ਦੇ ਮੁੱਖ ਕੇਂਦਰ ਬਣ ਗਏ। 1950 ਵਿੱਚ ਭਾਸ਼ਾ ਵਿਭਾਗ, ਪਟਿਆਲਾ ਵੱਲੋਂ ਪੰਜਾਬੀ ਸਾਹਿਤ ਦਾ ਚਰਚਿਤ ਰਸਾਲਾ 'ਪੰਜਾਬੀ ਦੁਨੀਆਂ' ਜਾਰੀ ਕੀਤਾ ਗਿਆ। ਇਸ ਵਿੱਚ ਪਹਿਲਾਂ-ਪਹਿਲ ਸਿਰਜਣਾਤਮਕ ਸਾਹਿਤ ਛਾਪਿਆ ਜਾਂਦਾ ਸੀ ਪਰ ਬਾਅਦ ਵਿੱਚ 'ਪੰਜਾਬੀ ਦੁਨੀਆਂ' ਨੇ ਆਪਣਾ ਰੁਖ਼

ਸਾਹਿਤ ਸਮੀਖਿਆ ਵੱਲ ਕਰ ਲਿਆ। ਪੰਜਾਬੀ ਸਮੀਖਿਆ ਦੇ ਖੇਤਰ ਵਿੱਚ 'ਪੰਜਾਬੀ ਦੁਨੀਆਂ' ਰਸਾਲੇ ਨੇ ਆਪਣਾ ਝੰਡਾ ਬੁਲੰਦ ਕੀਤਾ ਅਤੇ ਆਧੁਨਿਕ ਸਮੀਖਿਆ ਦੀ ਸ਼ੁਰੂਆਤ ਭਾਸ਼ਾ ਵਿਭਾਗ ਦੇ ਇਸ ਰਸਾਲੇ ਤੋਂ ਹੀ ਮੰਨੀ ਜਾਂਦੀ ਹੈ। 1951 ਵਿੱਚ 'ਸਾਹਿਤ ਸਮਾਚਾਰ' ਹੋਂਦ ਵਿੱਚ ਆਉਂਦਾ ਹੈ। ਇਸ ਰਸਾਲੇ ਦੀ ਕਹਾਣੀ ਵੀ 'ਪੰਜਾਬੀ ਦੁਨੀਆਂ' ਵਾਂਗ ਹੈ। ਇਹ ਵੀ ਸਾਹਿਤ ਸਿਰਜਣਾ ਤੋਂ ਸਾਹਿਤ ਆਲੋਚਨਾ ਵੱਲ ਗਿਆ। 1955 ਵਿੱਚ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਵੱਲੋਂ 'ਆਲੋਚਨਾ' ਨਾਮ ਦਾ ਰਸਾਲਾ ਜਾਰੀ ਕੀਤਾ ਜਾਂਦਾ ਹੈ ਜੋ ਅੱਜ ਵੀ ਜਾਰੀ ਹੈ। ਇਸ ਰਸਾਲੇ ਦਾ ਨਾਮ ਹੀ ਇਸਦੇ ਉਦੇਸ਼ ਵੱਲ ਇਸ਼ਾਰਾ ਕਰਦਾ ਹੈ। ਪੰਜਾਬੀ ਸਾਹਿਤ ਸਮੀਖਿਆ ਨਾਲ ਸੰਬੰਧਿਤ ਇਸ ਰਸਾਲੇ ਵਿੱਚ ਪੰਜਾਬੀ ਦੇ ਨਾਮਵਰ ਲੇਖਕਾਂ ਅਤੇ ਆਲੋਚਕਾਂ ਦੇ ਲੇਖਾਂ ਨੂੰ ਸ਼ਾਮਿਲ ਕੀਤਾ ਜਾਂਦਾ ਸੀ। ਆਲੋਚਨਾ ਦੇ ਅਪ੍ਰੈਲ-ਜੂਨ 1985 ਦੇ ਅੰਕ ਵਿੱਚ ਜੂਨ 1955 ਤੋਂ ਲੈ ਕੇ ਮਾਰਚ 1985 ਤੱਕ ਛਪੇ ਆਲੋਚਨਾ ਲੇਖਾਂ ਨੂੰ ਉਨ੍ਹਾਂ ਦੇ ਅੱਖਰ-ਕ੍ਰਮ ਅਨੁਸਾਰ ਸ਼ਾਮਿਲ ਕੀਤਾ ਗਿਆ ਹੈ। ਇਹ ਅੰਕ ਖੋਜ ਵਿਦਿਆਰਥੀਆਂ ਅਤੇ ਖੋਜ ਨਾਲ ਜੁੜੇ ਵਿਦਵਾਨਾਂ ਨੂੰ ਵਿਸ਼ੇ ਨਾਲ ਸੰਬੰਧਿਤ ਸਮੱਗਰੀ ਮੁਹੱਈਆ ਕਰਾਉਣ ਵਿੱਚ ਮੱਦਦਗਾਰ ਸਾਬਿਤ ਹੋ ਸਕਦਾ ਹੈ। 1957 ਵਿੱਚ ਭਾਪਾ ਪ੍ਰੀਤਮ ਸਿੰਘ ਵੱਲੋਂ 'ਆਰਸੀ' ਜਾਰੀ ਕੀਤਾ ਗਿਆ। ਇਸ ਰਸਾਲੇ ਦਾ ਉਦੇਸ਼ ਨਵਯੁਗ ਪਬਲਿਸ਼ਰਜ਼ ਦੇ ਲੇਖਕਾਂ ਦੀਆਂ ਰਚਨਾਵਾਂ ਦਾ ਪ੍ਰਚਾਰ ਕਰਨਾ ਸੀ। ਪੰਜਾਬੀ ਸਾਹਿਤਕ ਪੱਤਰਕਾਰੀ ਵਿੱਚ 'ਆਰਸੀ' ਨੂੰ ਉੱਚੇ ਮਿਆਰ ਵਾਲਾ ਰਸਾਲਾ ਮੰਨਿਆ ਜਾਂਦਾ ਸੀ ਅਤੇ ਇਸ ਵਿੱਚ ਛਪਣਾ ਲੇਖਕ ਲਈ ਮਾਣ ਵਾਲੀ ਗੱਲ ਹੁੰਦੀ ਸੀ। 1961 ਵਿੱਚ ਭਾਸ਼ਾ ਵਿਭਾਗ ਪੰਜਾਬ ਦੁਆਰਾ ਇੱਕ ਹੋਰ ਸਾਹਿਤਕ ਰਸਾਲਾ 'ਜਨ ਸਾਹਿਤ' ਜਾਰੀ ਕੀਤਾ ਗਿਆ। ਲੇਖਕਾਂ ਨੂੰ ਰਚਨਾਵਾਂ ਦੇ ਬਦਲੇ ਸੇਵਾ ਫਲ ਦੇ ਕੇ ਇਹ ਰਸਾਲਾ ਸਾਹਿਤ ਸਿਰਜਣਾ ਲਈ ਪ੍ਰੇਰਿਤ ਵੀ ਕਰਦਾ ਰਿਹਾ ਹੈ। ਨਵੇਂ ਸਾਹਿਤਕਾਰਾਂ ਨੂੰ ਉਤਸ਼ਾਹਿਤ ਕਰਨ ਵਿੱਚ ਇਸ ਰਸਾਲੇ ਦਾ ਮੁੱਖ ਰੋਲ ਰਿਹਾ ਹੈ। ਭਾਸ਼ਾ ਵਿਭਾਗ ਦੁਆਰਾ ਜਾਰੀ ਕੀਤੇ ਗਏ 'ਪੰਜਾਬੀ ਦੁਨੀਆਂ' ਅਤੇ 'ਜਨ ਸਾਹਿਤ' ਰਸਾਲੇ ਭਾਵੇਂ ਅੱਜ ਵੀ ਜਾਰੀ ਹਨ ਪਰ ਅਜੋਕੀ ਪੰਜਾਬੀ ਸਾਹਿਤਕ ਪੱਤਰਕਾਰੀ ਵਿੱਚ ਇਹਨਾਂ ਦਾ ਮਿਆਰ ਪਹਿਲਾਂ ਵਾਲਾ ਨਹੀਂ ਰਿਹਾ ਹੈ। ਜੁਲਾਈ-ਸਤੰਬਰ 1965 ਦੇ ਪਲੇਠੇ ਅੰਕ ਨਾਲ ਸਾਹਿਤਕ ਰਸਾਲੇ 'ਸਿਰਜਣਾ' ਦੀ ਆਮਦ ਹੁੰਦੀ ਹੈ। 'ਸਿਰਜਣਾ' ਨੇ ਪੰਜਾਬੀ ਸਾਹਿਤਕ ਪੱਤਰਕਾਰੀ ਦੇ ਖੇਤਰ ਵਿੱਚ ਆਪਣਾ ਇਤਿਹਾਸ ਸਿਰਜਿਆ ਹੈ। ਪ੍ਰਗਤੀਵਾਦੀ ਲਹਿਰ ਨੂੰ ਮੁੜ

ਸਰਗਰਮ ਕਰਨ ਵਿੱਚ ਇਸ ਪੱਤਰ ਦਾ ਵਿਸ਼ੇਸ ਰੋਲ ਰਿਹਾ ਹੈ ਅਤੇ ਇਸਦੀਆਂ ਬਹੁਤ ਸਾਰੀਆਂ ਸੰਪਾਦਕੀਆਂ ਪ੍ਰਗਤੀਵਾਦੀ ਸਾਹਿਤ ਧਾਰਾ ਨੂੰ ਕੇਂਦਰ ਵਿੱਚ ਰੱਖ ਕੇ ਲਿਖੀਆਂ ਗਈਆਂ ਹਨ। 'ਸਿਰਜਣਾ' ਦੀ ਮਹੱਤਤਾ ਇਸ ਗੱਲ ਵਿੱਚ ਹੈ ਕਿ ਜਿਸ ਵਿਚਾਰਧਾਰਾ ਨੂੰ ਲੈ ਕੇ ਇਸ ਰਸਾਲੇ ਨੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਪ੍ਰਵੇਸ਼ ਕੀਤਾ ਸੀ, ਸੱਠ ਸਾਲ ਬੀਤ ਜਾਣ ਤੋਂ ਬਾਅਦ ਵੀ ਇਹ ਆਪਣੀ ਉਸ ਵਿਚਾਰਧਾਰਾ ਉੱਪਰ ਪਹਿਰਾ ਦੇ ਰਿਹਾ ਹੈ। 'ਸਿਰਜਣਾ' ਤੋਂ ਬਾਅਦ ਪੰਜਾਬੀ ਸਾਹਿਤਕ ਪੱਤਰਕਾਰੀ ਦੇ ਵਿਕਾਸ ਵਿੱਚ ਮਹੱਤਵਪੂਰਨ ਰੋਲ ਅਦਾ ਕਰਨ ਵਾਲਾ ਸਾਹਿਤਕ ਪੱਤਰ 'ਨਾਗਮਣੀ' ਹੈ, ਜਿਸਨੂੰ ਅੰਮ੍ਰਿਤਾ ਪ੍ਰੀਤਮ ਦੁਆਰਾ 1966 ਵਿੱਚ ਜਾਰੀ ਕੀਤਾ ਗਿਆ। 'ਪ੍ਰੀਤਲੜੀ' ਵਾਂਗ 'ਨਾਗਮਣੀ' ਦਾ ਨਾਮ ਵੀ ਅੰਮ੍ਰਿਤਾ ਨਾਲ ਹਮੇਸ਼ਾ ਲਈ ਜੁੜ ਗਿਆ। ਨਾਗਮਣੀ ਵਿੱਚ ਹੋਰਨਾ ਭਾਸ਼ਾਵਾਂ ਦੇ ਛਪਦੇ ਅਨੁਵਾਦਿਤ ਸਾਹਿਤ ਨੇ ਪੰਜਾਬੀ ਸਾਹਿਤ ਦੇ ਘੇਰੇ ਨੂੰ ਵਿਸ਼ਾਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਇਸ ਵਿੱਚ ਇਮਰੋਜ਼ ਦੁਆਰਾ ਕੀਤੀ ਜਾਂਦੀ ਚਿੱਤਰਕਾਰੀ ਇਸਦੀ ਦਿੱਖ ਨੂੰ ਚਾਰ ਚੰਨ ਲਾਉਂਦੀ ਸੀ। ਨਾਗਮਣੀ ਦੀ ਇਸ ਮਹੱਤਤਾ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਕਿ ਇਸ ਨੇ ਬਹੁਤ ਸਾਰੇ ਨਵੇਂ ਸਾਹਿਤ ਰੂਪਾਂ ਅਤੇ ਨਵੇਂ ਲੇਖਕਾਂ ਨੂੰ ਪਾਠਕਾਂ ਸਾਹਮਣੇ ਲਿਆਦਾਂ।

1967-68 ਵਿੱਚ ਨਕਸਲਬਾੜੀ ਲਹਿਰ ਦੇ ਹੋਂਦ ਵਿੱਚ ਆਉਣ ਨਾਲ ਪੰਜਾਬੀ ਸਾਹਿਤਕ ਪੱਤਰਕਾਰੀ ਵਿੱਚ ਮਿੰਨ੍ਹੀ ਸਾਹਿਤ ਪੱਤਰਾਂ ਦੀ ਆਮਦ ਹੁੰਦੀ ਹੈ। ਇਸ ਸਮੇਂ ਵੱਡੀ ਗਿਣਤੀ ਵਿੱਚ ਮਿੰਨੀ ਪੱਤਰ ਜਾਰੀ ਹੋਏ ਅਤੇ ਲਗਭਗ ਰੋਜ਼ਾਨਾ ਹੀ ਕੋਈ ਨਾ ਕੋਈ ਨਵਾਂ ਪੱਤਰ ਜਾਰੀ ਹੁੰਦਾ ਸੀ। ਇਹਨਾਂ ਪੱਤਰਾਂ ਵਿੱਚ ਛਪਦੀਆਂ ਰਚਨਾਵਾਂ ਦੇ ਕਲਾਤਮਕ ਪੱਖ ਵੱਲ ਭਾਵੇਂ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ ਸੀ ਪਰ ਪੰਜਾਬੀ ਸਾਹਿਤਕ ਪੱਤਰਕਾਰੀ ਦੇ ਵਿਕਾਸ ਵਿੱਚ ਪੰਜਾਬੀ ਮਿੰਨ੍ਹੀ ਪੱਤਰਾਂ ਦੇ ਯੋਗਦਾਨ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਖੁੰਬਾਂ ਵਾਂਗ ਨਿਕਲ ਰਹੇ ਇਹਨਾਂ ਪੱਤਰਾਂ ਦੀ ਉਮਰ ਕੋਈ ਜ਼ਿਆਦਾ ਨਹੀਂ ਸੀ ਅਤੇ ਛੇਤੀ ਹੀ ਇਹ ਆਪਣਾ ਦਮ ਤੋੜ ਜਾਂਦੇ ਸਨ। 'ਅਣੂ' ਹੀ ਇੱਕੋ-ਇੱਕ ਅਜਿਹਾ ਮਿੰਨੀ ਪੱਤਰ ਹੈ ਜੋ ਅੱਜ ਵੀ ਜਾਰੀ ਹੈ। ਭਾਵੇਂ ਇਹਨਾਂ ਪੱਤਰਾਂ ਨੇ ਪੰਜਾਬੀ ਪੱਤਰਕਾਰੀ ਨੂੰ ਥੋੜ੍ਹੇ ਸਮੇਂ ਲਈ ਪ੍ਰਭਾਵਿਤ ਵੀ ਕੀਤਾ ਪਰ ਇਹਨਾਂ ਨੇ ਪੰਜਾਬੀ ਵਿੱਚ ਨਵੀਂਆਂ ਕਲਮਾਂ ਨੂੰ ਉਭਾਰਨ ਵਿੱਚ ਵਿਸ਼ੇਸ ਰੋਲ ਅਦਾ ਕੀਤਾ। ਇਸ ਤੋਂ ਇਲਾਵਾ ਇਹਨਾਂ ਪੱਤਰਾਂ ਦੀ ਜੋ ਖਾਸ ਦੇਣ ਹੈ ਕਿ ਇਹ ਪੰਜਾਬੀ ਪੱਤਰਕਾਰੀ ਨੂੰ ਵੱਡੇ ਸ਼ਹਿਰਾਂ ਤੋਂ ਪਿੰਡਾਂ ਵਿੱਚ ਲੈ ਗਏ। ਇਸ ਤੋਂ

ਪਹਿਲਾਂ ਪੰਜਾਬੀ ਦੇ ਲਗਭਗ ਸਾਰੇ ਰਸਾਲੇ ਵੱਡੇ ਸ਼ਹਿਰਾਂ ਤੋਂ ਹੀ ਨਿਕਲਦੇ ਸਨ ਪਰ ਬਹੁ ਗਿਣਤੀ ਮਿੰਨੀ ਪੱਤਰ ਪਿੰਡਾਂ ਜਾਂ ਛੋਟੇ ਸ਼ਹਿਰਾਂ ਵਿੱਚੋਂ ਹੀ ਨਿਕਲਣੇ ਸ਼ੁਰੂ ਹੋਏ।

ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੀ ਸੰਪਾਦਨਾ ਹੇਠ 1970 ਵਿੱਚ ਸਾਹਿਤਕ ਰਸਾਲਾ 'ਲਕੀਰ' ਜਾਰੀ ਹੋਇਆ। ਵੱਖ-ਵੱਖ ਸੰਪਾਦਕਾਂ ਦੀ ਰਹਿਨੁਮਾਈ ਹੇਠ ਇਹ ਰਸਾਲਾ ਲੰਮਾਂ ਸਮਾਂ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਸਰਗਰਮ ਰਿਹਾ। ਕਵਿਤਾ, ਕਹਾਣੀ ਅਤੇ ਨਿਬੰਧ ਆਦਿ ਸਾਹਿਤ ਰੂਪਾਂ ਤੋਂ ਇਲਾਵਾ ਕੁੱਝ ਵਿਸ਼ੇਸ਼ ਕਾਲਮ ਇਸ ਪੱਤਰ ਵਿੱਚ ਛਪਦੇ ਰਹੇ ਹਨ। ਇਸ ਰਸਾਲੇ ਵਿੱਚ ਜ਼ਿਆਦਾਤਰ ਮਾਰਕਸਵਾਦੀ ਵਿਚਾਰਧਾਰਾ ਨਾਲ ਸੰਬੰਧਿਤ ਸਾਹਿਤ ਅਤੇ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਛਾਪਿਆ ਜਾਂਦਾ ਸੀ। 1972 ਵਿੱਚ ਜਾਰੀ ਹੋਇਆ 'ਦ੍ਰਿਸ਼ਟੀ' ਭਾਵੇਂ ਛੇ ਸਾਲ ਬਾਅਦ ਬੰਦ ਹੋ ਗਿਆ ਪਰ ਇਹਨਾਂ ਸਾਲਾਂ ਦੌਰਾਨ ਪੰਜਾਬੀ ਸਾਹਿਤਕ ਪੱਤਰਕਾਰੀ ਦੇ ਇਤਿਹਾਸ ਵਿੱਚ ਆਪਣੀ ਮਿਸਾਲ ਕਾਇਮ ਕਰ ਗਿਆ। ਸਾਹਿਤਕ ਰਸਾਲੇ 'ਦ੍ਰਿਸ਼ਟੀ' ਨੇ ਪੂਰਾ ਨਾਵਲ ਛਾਪਣ ਦੀ ਪਿਰਤ ਪਾਈ। ਇਸ ਵਿੱਚ ਪੰਜਾਬੀ ਭਾਸ਼ਾ ਦੇ ਨਾਲ-ਨਾਲ ਹੋਰਨਾਂ ਭਾਸ਼ਾਵਾਂ ਤੋਂ ਅਨੁਵਾਦਿਤ ਨਾਵਲਾਂ ਨੂੰ ਵੀ ਛਾਪਿਆ ਜਾਂਦਾ ਸੀ। ਪੰਜਾਬੀ ਸਾਹਿਤਕ ਪੱਤਰਕਾਰੀ ਦੇ ਇਤਿਹਾਸ ਵਿੱਚ ਪ੍ਰਗਤੀਵਾਦੀ ਜਾਂ ਮਾਰਕਸਵਾਦੀ ਸਾਹਿਤਧਾਰਾ ਨਾਲ ਸੰਬੰਧਿਤ ਬਹੁਤ ਸਾਰੇ ਰਸਾਲੇ ਮਿਲਦੇ ਹਨ ਪਰ ਪ੍ਰਗਤੀਵਾਦ ਨਾਲ ਪ੍ਰਤੀਰੋਧ ਸਿਰਜਣ ਵਾਲੀ ਸੰਰਚਨਾਤਮਕ ਆਲੋਚਨਾ ਪ੍ਰਣਾਲੀ ਨਾਲ ਸੰਬੰਧਿਤ ਇਕ ਰਸਾਲਾ 'ਇਕੱਤੀ ਫਰਵਰੀ' ਪ੍ਰਾਪਤ ਹੁੰਦਾ ਹੈ, ਜਿਸਨੂੰ ਡਾ. ਸੁਤਿੰਦਰ ਸਿੰਘ ਨੂਰ ਨੇ 1973 ਵਿੱਚ ਜਾਰੀ ਕੀਤਾ। ਪੱਛਮ ਦੀਆਂ ਆਲੋਚਨਾ ਪ੍ਰਣਾਲੀਆਂ ਤੋਂ ਪ੍ਰਭਾਵਿਤ ਇਸ ਰਸਾਲੇ ਨਾਲ ਪੰਜਾਬੀ ਵਿੱਚ ਇੱਕ ਨਵੀਂ ਤਰ੍ਹਾਂ ਦੀ ਆਲੋਚਨਾ ਦਾ ਆਰੰਭ ਹੁੰਦਾ ਹੈ। ਇਸ ਦਾ 'ਸ਼ੈਲੀ ਤੇ ਸ਼ੈਲੀ ਵਿਗਿਆਨ' ਵਿਸ਼ੇਸ਼ ਅੰਕ ਇਸ ਤਰ੍ਹਾਂ ਦੇ ਯਤਨਾਂ ਵਿੱਚੋ ਇੱਕ ਹੈ। ਇਹ ਰਸਾਲਾ ਭਾਵੇਂ ਥੋੜ੍ਹਾ ਸਮਾਂ ਹੀ ਟਿਕ ਸਕਿਆ ਪਰ ਸਾਹਿਤਕ ਖੇਤਰ ਵਿੱਚ ਚੰਗੀ ਨਾਮਣਾ ਖੱਟ ਕੇ ਗਿਆ। ਪੰਜਾਬੀ ਸਾਹਿਤ ਦੇ ਖੇਤਰ ਵਿੱਚ ਸਰਗਰਮ ਜੋੜੀ ਨਰਿੰਦਰਪਾਲ ਸਿੰਘ ਅਤੇ ਪ੍ਰਭਜੋਤ ਕੌਰ ਵੱਲੋਂ ਨਵੀਂ ਦਿੱਲੀ ਤੋਂ ਸਾਹਿਤਕ ਰਸਾਲਾ 'ਵਿਕੇਂਦ੍ਰਿਤ' ਜਾਰੀ ਕੀਤਾ ਗਿਆ। ਇਸ ਰਸਾਲੇ ਵਿੱਚ ਪਾਠਕਾਂ ਨੂੰ ਸਮਾਜਿਕ, ਆਰਥਿਕ, ਰਾਜਨੀਤਕ, ਸਾਹਿਤਕ ਅਤੇ ਵਿਗਿਆਨਕ ਵਿਸ਼ਿਆਂ ਨਾਲ ਸੰਬੰਧਿਤ ਲੇਖ ਛਪੇ ਮਿਲਦੇ ਸਨ। ਇਹ ਕਿਸੇ ਵਿਸ਼ੇਸ਼ ਵਾਦ ਨਾਲ ਨਹੀਂ ਜੁੜਿਆ ਹੋਇਆ ਸੀ, ਬਲਕਿ ਕਿਸੇ ਵੀ ਵਿਚਾਰਧਾਰਾ ਨਾਲ ਸੰਬੰਧਿਤ ਛਪਣਯੋਗ ਰਚਨਾ ਨੂੰ ਇਸ ਵਿੱਚ ਛਾਪਿਆ

ਜਾਂਦਾ ਸੀ। 1978 ਵਿੱਚ ਅਮਰੀਕ ਸਿੰਘ ਅਮਨ ਅਤੇ ਪ੍ਰਮਿੰਦਰਜੀਤ ਦੁਆਰਾ ਸ਼ੁਰੂ ਕੀਤੇ ਗਏ ਸਾਹਿਤਕ ਪੱਤਰ 'ਲੋਅ' ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਪੰਜਾਬੀ ਦੇ ਲਗਭਗ ਸਾਰੇ ਸਾਹਿਤ ਰੂਪ ਇਸ ਸਾਹਿਤਕ ਰਸਾਲੇ ਵਿੱਚ ਛਪੇ ਮਿਲਦੇ ਹਨ। ਮੌਲਿਕ ਪੰਜਾਬੀ ਸਾਹਿਤ ਦੇ ਨਾਲ-ਨਾਲ ਅਨੁਵਾਦਿਤ ਸਾਹਿਤ ਰਚਨਾਵਾਂ ਵੀ ਇਸ ਰਸਾਲੇ ਦਾ ਹਿੱਸਾ ਬਣਦੀਆਂ ਰਹੀਆਂ। ਇਹ ਰਸਾਲਾ ਲੰਮਾ ਸਮਾਂ ਪੰਜਾਬੀ ਸਾਹਿਤ ਖੇਤਰ ਵਿੱਚ ਸਰਗਰਮ ਰਿਹਾ। ਪੰਜਾਬੀ ਅਕਾਦਮੀ ਦਿੱਲੀ ਵੱਲੋਂ 1985 ਵਿੱਚ ਤ੍ਰੈਮਾਸਿਕ ਪੰਜਾਬੀ ਸਾਹਿਤਕ ਰਸਾਲਾ 'ਸਮਦਰਸ਼ੀ' ਜਾਰੀ ਕੀਤਾ ਗਿਆ। ਇਹ ਰਸਾਲਾ ਪੰਜਾਬੀ ਦੀ ਸਿਰਮੌਰ ਲੇਖਿਕਾ ਅੰਮ੍ਰਿਤਾ ਪ੍ਰੀਤਮ ਅਤੇ ਪ੍ਰਸਿੱਧ ਆਲੋਚਕ ਡਾ. ਸਤਿੰਦਰ ਸਿੰਘ ਨੂਰ ਦੀ ਸੰਪਾਦਨਾ ਹੇਠ ਨਿਕਲਦਾ ਰਿਹਾ ਹੈ। ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਇਸ ਰਸਾਲੇ ਦੀ ਵਰਤਮਾਨ ਸਮੇਂ ਤੋਰ ਮੱਠੀ ਪੈ ਗਈ ਹੈ। ਇਹ ਰਸਾਲਾ ਅੱਜ ਵੀ ਜਾਰੀ ਹੈ ਪਰੰਤੂ ਪਾਠਕਾਂ ਵਿੱਚ ਇਹ ਆਪਣਾ ਪਹਿਲਾਂ ਵਾਲਾ ਪ੍ਰਭਾਵ ਗੁਆ ਚੁੱਕਾ ਹੈ। ਡਾ. ਆਤਮਜੀਤ ਅਤੇ ਡਾ. ਸਤੀਸ਼ ਕੁਮਾਰ ਵਰਮਾ ਵੱਲੋਂ 1987 ਵਿੱਚ ਰੰਗਮੰਚ ਅਤੇ ਨਾਟਕ ਨੂੰ ਸਮਰਪਿਤ ਰਸਾਲਾ 'ਮੰਚਣ' ਮੁਹਾਲੀ ਤੋਂ ਜਾਰੀ ਕੀਤਾ ਗਿਆ। ਰੰਗਮੰਚ ਅਤੇ ਨਾਟਕ ਵਿਧਾ ਸੰਬੰਧੀ ਜਾਣਕਾਰੀ ਮੁਹੱਈਆ ਕਰਨ ਵਿੱਚ ਇਸ ਰਸਾਲੇ ਨੇ ਮੋਹਰੀ ਰੋਲ ਅਦਾ ਕੀਤਾ। ਪੰਜਾਬੀ ਅਤੇ ਹੋਰ ਭਾਸ਼ਾਵਾਂ ਦੇ ਨਾਟਕ ਅਤੇ ਨਾਟਕਕਾਰਾਂ ਸੰਬੰਧੀ ਇਸ ਰਸਾਲੇ ਨੇ ਬਹੁਤ ਸਾਰੀ ਸਮੱਗਰੀ ਮੁਹੱਈਆ ਕਰਾਈ। ਇਸ ਤੋਂ ਇਲਾਵਾ ਰੰਗਮੰਚ ਦੇ ਇਤਿਹਾਸ ਅਤੇ ਇਸਦੀਆਂ ਸਮੱਸਿਆਵਾਂ ਸੰਬੰਧੀ ਲੇਖਾਂ ਨੂੰ ਤਵੱਜੋਂ ਦਿੱਤੀ ਜਾਂਦੀ ਰਹੀ। ਨਾਟਕਾਂ ਦੀਆਂ ਪੇਸ਼ਕਾਰੀਆਂ, ਸੈਮੀਨਾਰਾਂ ਦੀਆਂ ਰਿਪੋਰਟਾਂ ਅਤੇ ਮੰਚ ਪੇਸ਼ਕਾਰੀਆਂ ਦੀਆਂ ਰਿਪੋਰਟਾਂ ਵੀ ਇਸਦਾ ਹਿੱਸਾ ਬਣਦੀਆਂ ਰਹੀਆਂ। 'ਚਿਰਾਗ' ਪ੍ਰਗਤੀਵਾਦੀ ਧਾਰਾ ਨਾਲ ਜੁੜਿਆ ਹੋਇਆ ਸਾਹਿਤਕ ਪੱਤਰ ਹੈ ਜਿਹੜਾ 1992 ਤੋਂ ਸ਼ੁਰੂ ਹੋ ਕੇ ਵਰਤਮਾਨ ਸਮੇਂ ਵੀ ਡਾ. ਕਰਮਜੀਤ ਸਿੰਘ ਦੀ ਸੰਪਾਦਨਾ ਹੇਠ ਨਿਕਲ ਰਿਹਾ ਹੈ। ਇਹ ਸਾਹਿਤਕ ਰਸਾਲਾ ਵੱਖ-ਵੱਖ ਕਾਲਮਾਂ ਹੇਠ ਸਾਹਿਤ ਦੇ ਬਹੁਤ ਸਾਰੇ ਰੂਪਾਂ ਨੂੰ ਛਾਪ ਰਿਹਾ ਹੈ। ਵਰਤਮਾਨ ਸਮੇਂ ਇਸ ਵਿੱਚ ਰਾਜਨੀਤੀ ਨਾਲ ਸੰਬੰਧਿਤ ਬਹੁਤ ਸਾਰੇ ਲੇਖਾਂ ਨੂੰ ਥਾਂ ਮਿਲਣ ਲੱਗੀ ਹੈ ਅਤੇ ਇਸਦੀ ਮੌਜੂਦਾ ਸੁਰ ਰਾਜਨੀਤਕ ਰੂਪ ਅਖ਼ਤਿਆਰ ਕਰ ਗਈ ਹੈ। ਸਾਹਿਤ ਵਿਧਾ ਕਹਾਣੀ ਨੂੰ ਸਮਰਪਿਤ ਸਾਹਿਤਕ ਰਸਾਲਾ 'ਕਹਾਣੀ ਪੰਜਾਬ' 1993 ਵਿੱਚ ਪ੍ਰਸਿੱਧ ਪੰਜਾਬੀ ਲੇਖਕ ਰਾਮ ਸਰੂਪ ਅਣਖੀ ਦੁਆਰਾ ਸ਼ੁਰੂ ਕੀਤਾ ਗਿਆ।

ਵਰਤਮਾਨ ਸਮੇਂ ਇਹ ਡਾ. ਕਰਾਂਤੀਪਾਲ ਦੀ ਸੰਪਾਦਨਾ ਹੇਠ ਨਿਕਲ ਰਿਹਾ ਹੈ। ਇਸਦੀ ਸ਼ੁਰੂਆਤ ਭਾਵੇਂ ਨਿਰੋਲ ਕਹਾਣੀ ਵਿਧਾ ਤੋਂ ਹੋਈ ਸੀ ਪਰ ਬਾਅਦ ਵਿੱਚ ਹੋਰ ਸਾਹਿਤ ਰੂਪਾਂ ਨੂੰ ਵੀ ਇਸ ਵਿੱਚ ਸ਼ਾਮਿਲ ਕੀਤਾ ਜਾਣ ਲੱਗਿਆ। ਦਸੰਬਰ 2018 ਵਿੱਚ 'ਕਹਾਣੀ ਪੰਜਾਬ' ਦਾ ਸੌਵਾਂ ਅੰਕ ਲੋਕ ਅਰਪਣ ਕਰਕੇ ਸੰਪਾਦਕ ਨੇ ਰਾਮ ਸਰੂਪ ਅਣਖੀ ਦੇ ਪੰਜਾਬੀ ਪਾਠਕਾਂ ਨਾਲ ਕੀਤੇ ਵਾਅਦੇ ਨੂੰ ਨਿਭਾਇਆ ਹੈ। 1993 ਵਿੱਚ ਹੀ ਸਾਹਿਤਕ ਰਸਾਲਾ 'ਕਲਾਕਾਰ ਸਾਹਿਤਕ' ਕੰਵਰਜੀਤ ਭੱਠਲ ਦੀ ਸੰਪਾਦਨਾਂ ਹੇਠ ਜਾਰੀ ਹੋਇਆ ਅਤੇ ਅੱਜ ਵੀ ਸਾਹਿਤਕ ਪੱਤਰਕਾਰੀ ਵਿੱਚ ਆਪਣੀ ਭੂਮਿਕਾ ਨਿਭਾ ਰਿਹਾ ਹੈ। ਪੰਜਾਬੀ ਦੀਆਂ ਲਗਭਗ ਸਾਰੀਆਂ ਸਾਹਿਤ ਵਿਧਾਵਾਂ ਛਾਪਣ ਦੇ ਬਾਵਜੂਦ ਇਹ ਰਸਾਲਾ ਸਾਹਿਤਕ ਪੱਤਰਕਾਰੀ ਦੇ ਖੇਤਰ ਵਿੱਚ ਪਾਠਕਾਂ ਵੱਲੋਂ ਅਣਗੌਲਿਆ ਹੀ ਰਿਹਾ। ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਨੇ 1995 ਵਿੱਚ 'ਸਮਕਾਲੀ ਸਾਹਿਤ' ਰਸਾਲਾ ਜਾਰੀ ਕੀਤਾ। ਦਿੱਲੀ ਦੇ ਨਾਮਵਰ ਸਾਹਿਤਕਾਰ ਕਰਤਾਰ ਸਿੰਘ ਦੁੱਗਲ, ਅਜੀਤ ਕੌਰ, ਸੁਤਿੰਦਰ ਸਿੰਘ ਨੂਰ ਅਤੇ ਕਰਨਜੀਤ ਸਿੰਘ ਇਸਦੇ ਸੰਪਾਦਕੀ ਬੋਰਡ ਵਿੱਚ ਸਨ। ਕੁੱਝ ਸਮਾਂ ਬਲਬੀਰ ਮਾਧੋਪੁਰੀ ਇਸਦੇ ਸੰਪਾਦਕ ਰਹੇ ਅਤੇ ਵਰਤਮਾਨ ਸਮੇਂ ਇਹ ਰਸਾਲਾ ਗਲਪਕਾਰ ਕੇਸਰਾ ਰਾਮ ਦੀ ਸੰਪਾਦਨਾ ਹੇਠ ਨਿਕਲ ਰਿਹਾ ਹੈ। ਇਸ ਰਸਾਲੇ ਨੇ ਅੱਜ ਵੀ ਸਾਹਿਤਕ ਪੱਤਰਕਾਰੀ ਵਿੱਚ ਆਪਣਾ ਮਿਆਰ ਕਾਇਮ ਰੱਖਿਆ ਹੋਇਆ ਹੈ। ਲਗਭਗ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਇਸਦੀ ਵਸਤੂ ਸਮੱਗਰੀ ਬਣਦੀਆਂ ਹਨ। ਇਸ ਵਿੱਚ ਹੋਰਨਾਂ ਭਾਸ਼ਾਵਾਂ ਦੇ ਛਪਦੇ ਅਨੁਵਾਦ ਸਾਹਿਤ ਅਤੇ ਜੰਗ ਬਹਾਦਰ ਗੋਇਲ ਦੁਆਰਾ ਅਨੁਵਾਦਿਤ ਨਾਵਲ ਅੰਸ਼ਾਂ ਨੇ ਰਸਾਲੇ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪਹਿਚਾਣ ਦਵਾਈ ਹੈ। ਸਾਲ 2000 ਵਿੱਚ ਪੰਜਾਬੀ ਦੇ ਦੋ ਮਿਆਰੀ ਸਾਹਿਤਕ ਰਸਾਲੇ 'ਤ੍ਰਿਸ਼ੰਕੂ' ਅਤੇ 'ਪ੍ਰਵਚਨ' ਹੋਂਦ ਵਿੱਚ ਆਏ। 'ਤ੍ਰਿਸ਼ੰਕੂ' ਡਾ. ਗੁਰਇਕਬਾਲ ਸਿੰਘ ਦੀ ਸੰਪਾਦਨਾ ਹੇਠ ਲੁਧਿਆਣੇ ਤੋਂ ਜਾਰੀ ਹੋਇਆ। ਇਸ ਰਸਾਲੇ ਵਿੱਚ ਕਵਿਤਾ, ਵਾਰਤਕ ਅਤੇ ਕਹਾਣੀ ਸਾਹਿਤ ਰੂਪਾਂ ਦੇ ਨਾਲ-ਨਾਲ ਮਿਆਰੀ ਆਲੋਚਨਾ ਵੀ ਛਪਦੀ ਰਹੀ ਹੈ। 'ਪ੍ਰਵਚਨ' ਨੂੰ ਪਰਵਾਸੀ ਪੰਜਾਬੀ ਲੇਖਕ ਸਵਰਨ ਚੰਦਨ ਨੇ ਆਪਣੀ ਸੰਪਾਦਨਾ ਹੇਠ ਜਾਰੀ ਕੀਤਾ ਅਤੇ ਬਾਅਦ ਵਿੱਚ ਇਸ ਰਸਾਲੇ ਦੇ ਸੰਪਾਦਕ ਡਾ. ਰਜਨੀਸ਼ ਬਹਾਦਰ ਬਣੇ। ਅੱਜ ਕੱਲ੍ਹ ਇਹ ਰਸਾਲਾ ਡਾ. ਕੁਲਵੰਤ ਸਿੰਘ ਅਤੇ ਡਾ. ਰਮਿੰਦਰ ਕੌਰ ਦੀ ਸੰਪਾਦਨਾ ਹੇਠ ਨਿਕਲ ਰਿਹਾ ਹੈ। 'ਪ੍ਰਵਚਨ' ਕਹਾਣੀ ਸਾਹਿਤ ਨੂੰ ਸਮਰਪਿਤ ਰਸਾਲਾ ਹੈ ਅਤੇ ਇਸਦੇ ਪ੍ਰਬੰਧਕਾਂ ਦੁਆਰਾ ਕਰਾਈਆਂ

ਗਈਆਂ ਕਹਾਣੀ ਗੋਸ਼ਟੀਆਂ ਨੂੰ 'ਪ੍ਰਵਚਨ' ਵਿੱਚ ਛਾਪਿਆ ਜਾਂਦਾ ਰਿਹਾ ਹੈ। ਇਸ ਵਿੱਚ ਕਹਾਣੀ ਅਤੇ ਨਾਵਲ ਨਾਲ ਸੰਬੰਧਿਤ ਮਿਆਰੀ ਆਲੋਚਨਾ ਲੇਖਾਂ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ। 'ਪ੍ਰਵਚਨ' ਵੀ ਪ੍ਰਗਤੀਵਾਦੀ ਸਾਹਿਤਧਾਰਾ ਨਾਲ ਸੰਬੰਧਿਤ ਰਸਾਲਾ ਹੈ। ਸਾਲ 2001 ਵਿੱਚ 'ਆਬਰੂ' ਰਸਾਲਾ ਕਹਾਣੀਕਾਰ ਬਲਜੀਤ ਸਿੰਘ ਰੈਨਾ ਦੀ ਸੰਪਾਦਨਾ ਹੇਠ ਜੰਮੂ ਤੋਂ ਸ਼ੁਰੂ ਹੋਇਆ ਅਤੇ ਅੱਜ ਵੀ ਜਾਰੀ ਹੈ। ਇਸ ਰਸਾਲੇ ਵਿੱਚ ਲੰਮਾ ਸਮਾਂ ਸਿਰਜਣਾਤਮਕ ਸਾਹਿਤ ਨੂੰ ਛਾਪਿਆ ਜਾਂਦਾ ਰਿਹਾ ਪਰੰਤੂ ਯੂ.ਜੀ.ਸੀ. ਤੋਂ ਅਪਰੂਵ ਹੋਣ ਤੋਂ ਬਾਅਦ ਇਸਨੇ ਆਪਣਾ ਝੁਕਾਅ ਖੋਜਾਰਥੀਆਂ ਦੇ ਆਲੋਚਨਾ ਲੇਖਾਂ ਵੱਲ ਕਰ ਲਿਆ ਹੈ। ਇਸ ਰਸਾਲੇ ਵਿੱਚ ਛਪਦੇ ਲੋੜ ਤੋਂ ਵੱਧ ਆਲੋਚਨਾ ਲੇਖਾਂ ਨੇ ਇਸਨੂੰ ਵਪਾਰਕ ਰੁਖ ਪ੍ਰਦਾਨ ਕੀਤਾ ਹੈ, ਜਿਸ ਕਾਰਨ ਇਹ ਆਲੋਚਕਾਂ ਦੀਆਂ ਤਿੱਖੀਆਂ ਟਿੱਪਣੀਆਂ ਦਾ ਸ਼ਿਕਾਰ ਵੀ ਹੋਇਆ ਹੈ। ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ 2001 ਵਿੱਚ 'ਸ਼ਬਦ ਬੂੰਦ' ਨਾਮੀ ਰਸਾਲਾ ਜਾਰੀ ਕੀਤਾ ਗਿਆ ਜੋ ਅੱਜ ਵੀ ਜਾਰੀ ਹੈ। ਇਸ ਵਿੱਚ ਵਾਰਤਕ ਲੇਖਾਂ ਅਤੇ ਸਾਹਿਤ ਆਲੋਚਨਾ ਨੂੰ ਵਧੇਰੇ ਪਹਿਲ ਦਿੱਤੀ ਜਾਂਦੀ ਹੈ। ਹਰਿਆਣਾ ਖੇਤਰ ਵਿੱਚ ਵਸਦੇ ਪੰਜਾਬੀ ਲੇਖਕਾਂ ਨੂੰ ਸਾਹਮਣੇ ਲਿਆਉਣ ਵਿੱਚ 'ਸ਼ਬਦ ਬੂੰਦ' ਮਹੱਤਵਪੂਰਨ ਰੋਲ ਅਦਾ ਕਰ ਰਿਹਾ ਹੈ।

ਸਾਲ 2005 ਵਿੱਚ ਪੰਜਾਬੀ ਸਾਹਿਤਕ ਪੱਤਰਕਾਰੀ ਵਿੱਚ ਇਕ ਨਵੀਂ ਦਿੱਖ ਵਾਲੇ ਰਸਾਲੇ 'ਹੁਣ' ਦੀ ਆਮਦ ਹੁੰਦੀ ਹੈ। ਇਹ ਰਸਾਲਾ ਸਮੱਗਰੀ ਪੱਖੋਂ ਸਾਹਿਤਕ ਪੱਤਰਕਾਰੀ ਵਿੱਚ ਨਵੇਂ ਪ੍ਰਯੋਗ ਕਰਨ ਦੇ ਨਾਲ-ਨਾਲ ਆਪਣੇ ਬਾਹਰੀ ਰੂਪ ਪੱਖੋਂ ਵੀ ਪਾਠਕਾਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਰਸਾਲੇ ਨੂੰ ਅਵਤਾਰ ਜੰਡਿਆਲਵੀ ਦੁਆਰਾ ਸ਼ੁਰੂ ਕੀਤਾ ਗਿਆ ਸੀ ਅਤੇ ਵਰਤਮਾਨ ਸਮੇਂ ਸੁਸ਼ੀਲ ਦੁਸਾਂਝ ਇਸਦੇ ਸੰਪਾਦਕ ਹਨ। ਪੁਸਤਕ ਰੂਪੀ ਇਸ ਰਸਾਲੇ ਵਿੱਚ ਬਹੁਤ ਸਾਰੀ ਸਮੱਗਰੀ ਅਲੱਗ-ਅਲੱਗ ਕਾਲਮਾਂ ਹੇਠ ਪ੍ਰਕਾਸ਼ਿਤ ਕੀਤੀ ਗਈ ਹੁੰਦੀ ਹੈ। ਇਸਦੇ ਸੰਪਾਦਕੀ ਲੇਖਾਂ ਨੂੰ ਵਾਚਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਸਨੇ ਸਾਹਿਤਕ ਸਰੋਕਾਰਾਂ ਨੂੰ ਤਿੱਖੀ ਸੁਰ ਵਿੱਚ ਪਾਠਕਾਂ ਸਾਹਮਣੇ ਰੱਖਿਆ ਹੈ ਅਤੇ ਪਿਛਲੇ ਕੁੱਝ ਸਮੇਂ ਤੋਂ ਸਾਹਿਤਕ ਸਰੋਕਾਰਾਂ ਦੇ ਨਾਲ-ਨਾਲ ਰਾਜਨੀਤਕ ਸਰੋਕਾਰਾਂ ਦੀ ਪੇਸ਼ਕਾਰੀ ਵੀ ਇਸ ਵਿੱਚ ਕੀਤੀ ਮਿਲਦੀ ਹੈ। ਪੰਜਾਬੀ ਸਾਹਿਤਕ ਪੱਤਰਕਾਰੀ ਵਿੱਚ ਆਪਣੇ ਤੋਂ ਬਾਅਦ ਜਾਰੀ ਹੋਣ ਵਾਲੇ ਬਹੁਤ ਸਾਰੇ ਰਸਾਲਿਆਂ ਨੂੰ 'ਹੁਣ' ਨੇ ਕਿਸੇ ਨਾ ਕਿਸੇ ਰੂਪ ਵਿੱਚ ਜਰੂਰ ਪ੍ਰਭਾਵਿਤ ਕੀਤਾ ਹੈ। ਇਸਦੇ ਪ੍ਰਭਾਵ ਵਾਲੇ ਰਸਾਲਿਆਂ ਵਿੱਚ 'ਵਾਹਗਾ', 'ਰਾਗ',

'ਪ੍ਰੀ-ਪੋਇਟਕ', 'ਤਾਸਮਾਨ', 'ਮੰਤਵ' ਅਤੇ 'ਸੁਰਤਿ' ਆਦਿ ਦਾ ਨਾਮ ਲਿਆ ਜਾ ਸਕਦਾ ਹੈ। ਇਹਨਾਂ ਚਰਚਿਤ ਰਸਾਲਿਆਂ ਨੇ ਵਰਤਮਾਨ ਸਮੇਂ ਪੰਜਾਬੀ ਸਾਹਿਤਕ ਪੱਤਰਕਾਰੀ ਵਿੱਚ ਆਪਣਾ ਨਾਮ ਬਣਾਇਆ ਹੋਇਆ ਹੈ। 'ਵਾਹਗਾ' ਚਰਨਜੀਤ ਸੋਹਲ ਦੀ ਸੰਪਾਦਨਾ ਹੇਠ ਅੰਮ੍ਰਿਤਸਰ ਤੋਂ ਨਿਕਲ ਰਿਹਾ ਹੈ। 2015 ਵਿੱਚ ਇਸਦਾ ਪਹਿਲਾ ਅੰਕ ਛਪ ਕੇ ਪਾਠਕਾਂ ਸਾਹਮਣੇ ਆਉਂਦਾ ਹੈ। ਕਵਿਤਾਵਾਂ ਅਤੇ ਕਹਾਣੀਆਂ ਤੋਂ ਇਲਾਵਾ ਸਾਹਿਤ ਸਮੀਖਿਆ ਇਸ ਰਸਾਲੇ ਦੀ ਛਪਣ ਸਮੱਗਰੀ ਬਣਦੀ ਹੈ। 'ਦਿੱਲੀ ਪਬਲਿਕ ਲਾਇਬ੍ਰੇਰੀ' ਵੱਲੋਂ ਫਰਵਰੀ 2019 ਵਿੱਚ ਇਸ ਰਸਾਲੇ ਨੂੰ ਇੱਕ ਲੱਖ ਰੁਪਏ ਦੀ ਧਨ ਰਾਸ਼ੀ ਨਾਲ ਸਨਮਾਨਿਤ ਵੀ ਕੀਤਾ ਗਿਆ ਹੈ। 'ਰਾਗ' ਸਾਹਿਤਕ ਰਸਾਲਾ ਨਿਊਯਾਰਕ ਵਾਸੀ ਇੰਦਰਜੀਤ ਪੁਰੇਵਾਲ ਦੀ ਸੰਪਾਦਨਾ ਹੇਠ 2017 ਤੋਂ ਚੌਮਾਸਿਕ ਰੂਪ ਵਿੱਚ ਨਿਕਲ ਰਿਹਾ ਹੈ। ਇਸ ਰਸਾਲੇ ਦੀ ਛਪਣ ਸਮੱਗਰੀ ਵਿੱਚ ਕਵਿਤਾ, ਕਹਾਣੀ, ਵਾਰਤਕ, ਆਲੋਚਨਾ, ਸੰਗੀਤ, ਰੰਗ-ਮੰਚ, ਸਿਨੇਮਾ ਅਤੇ ਅਨੁਵਾਦ ਸਾਹਿਤ ਰਚਨਾਵਾਂ ਹੁੰਦੀਆਂ ਹਨ। ਇਸ ਰਸਾਲੇ ਨੇ ਥੋੜ੍ਹੇ ਸਮੇਂ ਵਿੱਚ ਹੀ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਚੰਗਾ ਨਾਮ ਬਣਾਇਆ ਹੈ। 'ਰਾਗ ਕਾਫਲੇ' ਦੁਆਰਾ ਇਸ ਰਸਾਲੇ ਦੇ ਸੰਬੰਧ ਵਿੱਚ ਕਰਵਾਏ ਜਾਂਦੇ ਪ੍ਰੋਗਰਾਮਾਂ ਵਿੱਚ ਪੰਜਾਬੀ ਦੇ ਕਿਸੇ ਇੱਕ ਵਾਰਤਕ ਲੇਖਕ ਅਤੇ ਇੱਕ ਕਹਾਣੀ ਲੇਖਕ ਨੂੰ 'ਰਾਗ ਵਾਰਤਕ ਪੁਰਸਕਾਰ' ਅਤੇ 'ਰਾਗ ਕਥਾ ਪੁਰਸਕਾਰ' ਵੀ ਦਿੱਤੇ ਜਾਂਦੇ ਹਨ। 'ਪ੍ਰੀ-ਪੋਇਟਕ' ਦਾ ਆਗਾਜ਼ ਪੰਜਾਬੀ ਸਾਹਿਤਕ ਪੱਤਰਕਾਰੀ ਦੇ ਖੇਤਰ ਵਿੱਚ ਜਨਵਰੀ-ਅਪ੍ਰੈਲ 2021 ਦੇ ਪਹਿਲੇ ਅੰਕ ਨਾਲ ਹੁੰਦਾ ਹੈ। ਇਹ ਸਾਹਿਤਕ ਰਸਾਲਾ ਸ਼ਿਵਦੀਪ ਅਤੇ ਤਨਵੀਰ ਦੀ ਸੰਪਾਦਨਾ ਹੇਠ ਜਲੰਧਰ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸਦਾ ਤੀਜਾ ਅੰਕ ਵਿਸ਼ਵ ਕਵਿਤਾ ਨੂੰ ਸਮਰਪਿਤ ਹੈ, ਜਿਸ ਵਿੱਚ ਪੰਜਾਬੀ ਕਵੀਆਂ ਦੇ ਨਾਲ-ਨਾਲ ਵਿਸ਼ਵ ਦੇ ਕਵੀਆਂ ਨੂੰ ਵੀ ਸ਼ਾਮਿਲ ਕਰ ਕੇ ਸੰਵਾਦ ਦੀ ਇਕ ਨਵੀਂ ਪਿਰਤ ਨੂੰ ਸਿਰਜਿਆ ਗਿਆ। ਅਜੋਕੀ ਪੰਜਾਬੀ ਸਾਹਿਤਕ ਪੱਤਰਕਾਰੀ ਵਿੱਚ 'ਤਾਸਮਨ' ਨੇ ਚਾਰ ਕੁ ਸਾਲਾਂ ਦੇ ਸਫਰ ਦੌਰਾਨ ਹੀ ਆਪਣੇ ਨਾਲ ਵੱਡੇ ਪਾਠਕ ਵਰਗ ਨੂੰ ਜੋੜ ਲਿਆ ਹੈ। ਇਸ ਰਸਾਲੇ ਦਾ ਪਹਿਲਾ ਅੰਕ ਅਪ੍ਰੈਲ-ਜੂਨ 2021 ਵਿੱਚ ਪਟਿਆਲਾ ਤੋਂ ਜਾਰੀ ਹੁੰਦਾ ਹੈ। ਹਰਮਨਦੀਪ ਗਿੱਲ ਇਸਦੇ ਮੁੱਖ ਸੰਪਾਦਕ ਅਤੇ ਸਤਪਾਲ ਭੀਖੀ ਸੰਪਾਦਕ ਵਜੋਂ ਭੂਮਿਕਾ ਨਿਭਾ ਰਹੇ ਹਨ। ਪੰਜਾਬੀ ਸਾਹਿਤ ਦੀ ਲਗਭਗ ਹਰ ਵਿਧਾ ਨੂੰ ਇਸ ਰਸਾਲੇ ਨੇ ਅਪਣਾਇਆ ਹੈ। ਇਸ ਰਸਾਲੇ ਦੀ ਛਪਣ ਸਮੱਗਰੀ ਦੇ ਨਾਲ-ਨਾਲ ਬਾਹਰੀ ਦਿੱਖ ਵੀ ਪਾਠਕਾਂ ਨੂੰ ਪ੍ਰਭਾਵਿਤ ਕਰਦੀ ਹੈ। ਸਾਹਿਤ

ਨਾਲ ਜੁੜੇ ਸਰੋਕਾਰਾਂ ਨੂੰ ਇਹ ਰਸਾਲਾ ਆਪਣੀਆਂ ਸੰਪਾਦਕੀਆਂ ਰਾਹੀਂ ਪਾਠਕਾਂ ਸਨਮੁੱਖ ਰੱਖ ਰਿਹਾ ਹੈ। ਡਾ. ਆਤਮ ਸਿੰਘ ਰੰਧਾਵਾ ਦੀ ਸਰਪ੍ਰਸਤੀ ਹੇਠ ਸਾਹਿਤਕ ਰਸਾਲੇ 'ਸੁਰਤਿ' ਦੇ ਪਹਿਲੇ ਅੰਕ ਦਾ ਆਗਾਜ਼ ਅੰਮ੍ਰਿਤਸਰ ਤੋਂ ਹੁੰਦਾ ਹੈ। ਇਸ ਅੰਕ ਨੂੰ 'ਬਸੰਤ ਰੁੱਤ' 2024 ਦਾ ਨਾਮ ਦਿੱਤਾ ਗਿਆ ਹੈ। 'ਸੁਰਤਿ' ਦਾ ਦੂਜਾ ਅੰਕ 'ਵਰਖਾ ਅੰਕ' ਵਜੋਂ ਜਾਰੀ ਹੋਇਆ। ਇਸ ਰਸਾਲੇ ਦੇ ਸੰਪਾਦਕ ਗੁਰਬੀਰ ਸਿੰਘ ਬਰਾੜ ਹੈ। ਇਸ ਵਿਚਲੇ ਕਹਾਣੀਆਂ ਦੇ ਸ਼ੈਕਸਨ ਵਿੱਚ 'ਪਰਵਾਸੀ ਕਹਾਣੀ' ਅਤੇ 'ਕਹਾਣੀ ਲਹਿੰਦੇ ਪੰਜਾਬ ਤੋਂ' ਵੱਖਰੇ ਸਿਰਲੇਖ ਹੇਠ ਪਰਵਾਸੀ ਕਹਾਣੀਆਂ ਅਤੇ ਪਾਕਿਸਤਾਨੀ ਪੰਜਾਬੀ ਕਹਾਣੀਆਂ ਨੂੰ ਛਾਪਿਆ ਜਾਂਦਾ ਹੈ। ਇਸ ਵਿੱਚ ਪੰਜਾਬੀ ਦੇ ਲਗਭਗ ਸਾਰੇ ਸਾਹਿਤ ਰੂਪਾਂ ਨੂੰ ਛਾਪਿਆ ਜਾਂਦਾ ਹੈ। ਇਸ ਰਸਾਲੇ ਦਾ ਤਤਕਰਾ ਪਾਠਕਾਂ ਵਿੱਚ ਵੱਖਰੀ ਤਰ੍ਹਾਂ ਦੀ ਖਿੱਚ ਪੈਦਾ ਕਰਦਾ ਹੈ। ਸਾਲ 2025 ਵਿੱਚ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਇੱਕ ਨਵਾਂ ਰਸਾਲਾ 'ਮੰਤਵ' ਪ੍ਰਵੇਸ਼ ਕਰਦਾ ਹੈ। ਇਸਦਾ ਪਹਿਲਾ ਅੰਕ ਮਈ-ਅਗਸਤ 2025 ਵਿੱਚ ਸਾਹਮਣੇ ਆਉਂਦਾ ਹੈ। ਪੰਜਾਬੀ ਲੇਖਕ ਵਿਸ਼ਾਲ ਇਸ ਰਸਾਲੇ ਦੇ ਮੁੱਖ ਸੰਪਾਦਕ ਹੈ ਅਤੇ ਕੰਵਲਜੀਤ ਭੁੱਲਰ ਸੰਪਾਦਕ ਵਜੋਂ ਸੇਵਾਵਾਂ ਨਿਭਾ ਰਿਹਾ ਹੈ। ਇਸ ਰਸਾਲੇ ਵਿੱਚ ਮੁਲਾਕਾਤ, ਕਵਿਤਾਵਾਂ, ਅਨੁਵਾਦ ਸਾਹਿਤ, ਨਿਬੰਧ, ਕਹਾਣੀਆਂ ਅਤੇ ਸਾਹਿਤ ਸਮੀਖਿਆ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਸਾਹਿਤ ਸਮੀਖਿਆ ਨਾਲ ਸੰਬੰਧਿਤ ਰਸਾਲਿਆਂ ਦੀ ਗੱਲ ਕਰੀਏ ਤਾਂ ਵੱਖ-ਵੱਖ ਯੂਨੀਵਰਸਿਟੀਆਂ ਵੱਲੋਂ ਨਿਕਲਦੇ ਖੋਜ-ਜਨਰਲ 'ਖੋਜ ਪੱਤ੍ਰਿਕਾ', 'ਪਰਖ', ਅਤੇ 'ਖੋਜ ਦਰਪਣ' ਦੀ ਥਾਂ 'ਸੰਵਾਦ' ਅਤੇ 'ਕਾਵਿ ਸ਼ਾਸਤਰ' ਵਰਗੇ ਸਮੀਖਿਅਕ ਰਸਾਲਿਆਂ ਨੇ ਲੈ ਲਈ ਹੈ। ਤ੍ਰੈਮਾਸਿਕ ਖੋਜ ਰਸਾਲਾ 'ਕਾਵਿ ਸ਼ਾਸਤਰ' ਅਗਸਤ 2014 ਵਿੱਚ ਡਾ. ਅਮਰਜੀਤ ਸਿੰਘ ਦੀ ਸੰਪਾਦਨਾ ਹੇਠ ਫਗਵਾੜੇ ਤੋਂ ਜਾਰੀ ਹੋਇਆ। ਇਹ ਖੋਜ ਰਸਾਲਾ 'ਉੱਤਰ-ਆਧੁਨਿਕਤਾ', 'ਭੂਤਵਾੜਾ', 'ਪੰਜਾਬੀਅਤ', 'ਗੁਰੂ ਨਾਨਕ ਵਿਸ਼ੇਸ਼ ਅੰਕ', 'ਸਬਾਲਟਰਨ ਸਟੱਡੀਜ਼', 'ਹਰਿਭਜਨ ਸਿੰਘ', 'ਕਿਸਾਨੀ ਸੰਘਰਸ਼' ਅਤੇ 'ਪਰਵਾਸ ਤੇ ਪਰਵਾਸੀ ਸਾਹਿਤ' ਨਾਲ ਸੰਬੰਧਿਤ ਵਿਸ਼ੇਸ਼ ਅੰਕ ਵੀ ਕੱਢ ਚੁੱਕਾ ਹੈ। ਪੰਜਾਬੀ ਦਾ ਖੋਜ ਰਸਾਲਾ 'ਸੰਵਾਦ' ਜਨਵਰੀ 2015 ਵਿੱਚ ਅੰਮ੍ਰਿਤਸਰ ਤੋਂ ਛਿਮਾਹੀ ਰੂਪ ਵਿੱਚ ਸ਼ੁਰੂ ਹੋਇਆ। ਡਾ. ਆਤਮ ਸਿੰਘ ਰੰਧਾਵਾ ਇਸਦੇ ਮੁੱਖ ਸੰਪਾਦਕ ਹਨ। ਪੰਜਾਬੀ ਸਾਹਿਤਕ ਪੱਤਰਕਾਰੀ ਵਿੱਚ 'ਸੰਵਾਦ' ਦੇ ਪ੍ਰਵੇਸ਼ ਨੇ ਪੰਜਾਬੀ ਆਲੋਚਨਾ ਨੂੰ ਮਿਆਰੀ ਰੂਪ ਪ੍ਰਦਾਨ ਕੀਤਾ ਹੈ। ਇਸ ਵਿੱਚ ਆਧੁਨਿਕ ਸਾਹਿਤ ਰੂਪਾਂ ਦੀ ਸਮੀਖਿਆ ਦੇ ਨਾਲ-ਨਾਲ ਮੱਧਕਾਲੀ

ਸਾਹਿਤ ਆਧਾਰਿਤ ਸਮੀਖਿਆ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ। ਇਸ ਵਿੱਚ ਦੋ ਤੋਂ ਤਿੰਨ ਅਜਿਹੇ ਆਲੋਚਨਾ ਲੇਖ ਵੀ ਸ਼ਾਮਿਲ ਕੀਤੇ ਜਾਂਦੇ ਹਨ, ਜਿਹੜੇ ਪੰਜਾਬ ਦੀ ਭੂਗੋਲਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਸਥਿਤੀ ਦਾ ਵਰਨਣ ਕਰਦੇ ਹਨ। 'ਸੰਵਾਦ' ਦਾ ਤਾਜ਼ਾ ਵਿਸ਼ੇਸ਼ ਅੰਕ 'ਸਾਹਿਤਕ ਟੈਕਸਟ ਨੂੰ ਕਿਵੇਂ ਸਮਝੀਏ' ਦਾ ਪਹਿਲਾ ਭਾਗ ਸਾਹਮਣੇ ਆਇਆ ਹੈ, ਜਿਸ ਵਿੱਚ ਟੈਕਸਟ ਨੂੰ ਵੱਖਰੇ-ਵੱਖਰੇ ਪੱਖਾਂ ਤੋਂ ਸਮਝਣ ਲਈ ਵੱਖ-ਵੱਖ ਵਿਦਵਾਨਾਂ ਦੇ ਆਲੋਚਨਾ ਲੇਖਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਹਨਾਂ ਖੋਜ ਜਰਨਲ ਤੋਂ ਪਹਿਲਾਂ ਗੁਰਬਚਨ ਦੁਆਰਾ ਜਾਰੀ ਕੀਤਾ ਗਿਆ 'ਫ਼ਿਲਹਾਲ' ਵੀ ਸਾਹਿਤ ਸਮੀਖਿਆ ਨਾਲ ਸੰਬੰਧਿਤ ਚਰਚਿਤ ਰਸਾਲਾ ਸੀ ਜਿਸਨੇ ਲਗਭਗ ਇੱਕ ਦਹਾਕਾ ਪੰਜਾਬੀ ਸਾਹਿਤ ਖੇਤਰ ਵਿੱਚ ਆਪਣਾ ਰੁਤਬਾ ਕਾਇਮ ਰੱਖਿਆ। ਵਰਤਮਾਨ ਸਮੇਂ ਜਾਰੀ ਪੱਤਰਾਂ ਵਿੱਚ 'ਏਕਮ' ਅਤੇ 'ਕਹਾਣੀ ਧਾਰਾ' ਵੀ ਪਾਠਕਾਂ ਲਈ ਸਾਹਿਤ ਪੂਰਤੀ ਵਿੱਚ ਬਣਦਾ ਯੋਗਦਾਨ ਪਾ ਰਹੇ ਹਨ। 'ਕਹਾਣੀ ਧਾਰਾ' ਕਹਾਣੀ ਸਾਹਿਤ ਨੂੰ ਸਮਰਪਿਤ ਰਸਾਲਾ ਹੈ, ਜਿਸਨੂੰ ਪੰਜਾਬੀ ਦਾ ਪ੍ਰਸਿੱਧ ਕਹਾਣੀਕਾਰ ਭਗਵੰਤ ਰਸੂਲਪੁਰੀ ਕੱਢ ਰਿਹਾ ਹੈ। ਸਾਹਿਤਕ ਰਸਾਲੇ 'ਪ੍ਰਵਚਨ' ਦੀ ਤਰ੍ਹਾਂ ਇਹ ਰਸਾਲਾ ਵੀ ਪਿਛਲੇ ਕੁੱਝ ਸਾਲਾਂ ਤੋਂ ਕਹਾਣੀ ਗੋਸ਼ਟੀ ਕਰਵਾਉਂਦਾ ਆ ਰਿਹਾ ਹੈ ਅਤੇ ਗੋਸ਼ਟੀ ਸਮੇਂ ਵੱਖ-ਵੱਖ ਵਿਦਵਾਨਾਂ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਨੂੰ ਰਸਾਲੇ ਦਾ ਹਿੱਸਾ ਬਣਾਇਆ ਜਾ ਰਿਹਾ ਹੈ। ਕਹਾਣੀ ਸਮੀਖਿਆ ਵੀ ਇਸ ਰਸਾਲੇ ਦੀ ਛਪਣ ਸਮੱਗਰੀ ਹੈ।

ਪੰਜਾਬੀ ਸਾਹਿਤਕ ਪੱਤਰਕਾਰੀ ਹੁਣ ਪ੍ਰਿੰਟ ਰੂਪ ਤੱਕ ਹੀ ਸੀਮਿਤ ਨਹੀਂ ਰਹੀ, ਇਸਨੇ ਆਪਣੇ ਆਪ ਨੂੰ ਡਿਜ਼ੀਟਲ ਰੂਪ ਵਿੱਚ ਵੀ ਢਾਲ ਲਿਆ ਹੈ। ਇਸਦੀ ਮਿਸਾਲ ਪੰਜਾਬੀ ਵਿੱਚ ਬਹੁਤ ਸਾਰੇ ਨਿਕਲ ਰਹੇ ਆਨਲਾਈਨ ਰਸਾਲੇ ਹਨ। ਅਜਿਹੇ ਰਸਾਲਿਆਂ ਵਿੱਚ 'ਆਪਣੀ ਆਵਾਜ਼', 'ਕਾਵਿ ਲੋਕ', 'ਸ਼ਮ੍ਹਾਦਾਨ', 'ਪੰਜਾਬੀ ਰਸਾਲਾ', 'ਖੋਜਨਾਮਾ' ਅਤੇ 'ਅਨਹਦ' ਆਦਿ ਨੂੰ ਰੱਖਿਆ ਜਾ ਸਕਦਾ ਹੈ। 'ਖੋਜਨਾਮਾ' ਅਤੇ 'ਅਨਹਦ' ਨੇ ਆਨਲਾਈਨ ਪੰਜਾਬੀ ਪੱਤਰਕਾਰੀ ਵਿੱਚ ਚੰਗਾ ਮਿਆਰ ਕਾਇਮ ਕੀਤਾ ਹੈ। 'ਖੋਜਨਾਮਾ' ਦਾ ਪਹਿਲਾ ਅੰਕ ਮਈ-ਅਗਸਤ 2023 ਵਿੱਚ ਪਾਠਕਾਂ ਸਾਹਮਣੇ ਆਉਂਦਾ ਹੈ। ਇਹ ਸਾਹਿਤਕ ਅਤੇ ਖੋਜ ਜਰਨਲ ਡਾ. ਜਸਵਿੰਦਰ ਸਿੰਘ ਬਰਾੜ ਦੀ ਸੰਪਾਦਨਾ ਹੇਠ ਨਿਕਲ ਰਿਹਾ ਹੈ। ਇਸਦੇ ਪਹਿਲੇ ਅੰਕ ਦੀ ਸੰਪਾਦਕੀ ਨੂੰ ਪੜ੍ਹਦਿਆਂ ਪਤਾ ਚੱਲਦਾ ਹੈ ਕਿ ਇਸ ਵਿੱਚ ਖੋਜ ਪੱਤਰਾਂ ਦੇ ਨਾਲ-ਨਾਲ ਕਵਿਤਾ, ਕਹਾਣੀ, ਵਾਰਤਕ ਆਦਿ ਸਾਹਿਤ ਰੂਪਾਂ ਨੂੰ

ਵੀ ਸ਼ਾਮਿਲ ਕੀਤਾ ਜਾਇਆ ਕਰੇਗਾ। 'ਅਨਹਦ' ਵੀ ਨਿਰੋਲ ਆਲੋਚਨਾ ਦਾ ਰਸਾਲਾ ਹੈ ਜਿਹੜਾ ਆਨਲਾਈਨ ਰੂਪ ਵਿੱਚ ਨਿਕਲ ਰਿਹਾ ਹੈ। ਇਸਨੂੰ ਡਾ. ਪਰਮਿੰਦਰ ਸਿੰਘ ਸ਼ੌਕੀ ਵੱਲੋਂ 2018 ਵਿੱਚ ਜਾਰੀ ਕੀਤਾ ਗਿਆ। ਕੁੱਝ ਸਮਾਂ ਬੰਦ ਰਹਿਣ ਮਗਰੋਂ ਇਹ ਰਸਾਲਾ ਮੁੜ ਤੋਂ ਫਿਰ ਸ਼ੁਰੂ ਕੀਤਾ ਗਿਆ ਹੈ। ਇਸਦਾ ਜਨਵਰੀ-ਅਪ੍ਰੈਲ 2019 ਦਾ 'ਗੁਰੂ ਨਾਨਕ ਅਤੇ ਗੁਰੂ ਗ੍ਰੰਥ ਸਾਹਿਬ' ਵਿਸ਼ੇਸ਼ ਅੰਕ ਕੱਢਿਆ ਗਿਆ।

ਪੰਜਾਬੀ ਦੀ ਬਾਲ ਸਾਹਿਤ ਪੱਤਰਕਾਰੀ ਨੇ ਵੀ ਪੰਜਾਬੀ ਸਾਹਿਤਕ ਪੱਤਰਕਾਰੀ ਦੇ ਵਿਕਾਸ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਬਾਲ ਸਾਹਿਤ ਦੀ ਪੱਤਰਕਾਰੀ ਦਾ ਆਰੰਭ 1930 ਵਿੱਚ ਜਾਰੀ ਹੋਏ 'ਮੋਤੀਆ' ਰਸਾਲੇ ਨਾਲ ਹੁੰਦਾ ਹੈ ਅਤੇ ਇਸ ਤੋਂ ਬਾਅਦ 'ਚੰਨ', 'ਵਿਦਿਆਰਥੀ', 'ਬਾਲਕ', 'ਬਾਲ ਸੰਦੇਸ਼', 'ਬਾਲ ਸੰਸਾਰ', 'ਬਾਲ ਦਰਬਾਰ', 'ਜੀਵਨ ਪ੍ਰਭਾਤ', 'ਛਣਕਣਾ', 'ਬੀਬਾ ਰਾਣਾ', 'ਪੰਖੜੀਆਂ', 'ਪ੍ਰਾਇਮਰੀ ਸਿੱਖਿਆ', 'ਅੱਲੜ੍ਹ ਬੱਲੜ੍ਹ', 'ਬਾਲ ਮਿਲਣੀ' ਅਤੇ 'ਨਿੱਕੀਆਂ ਕਰੂੰਬਲਾਂ' ਆਦਿ ਬਾਲ ਸਾਹਿਤ ਪੱਤਰ ਨਿਕਲਣੇ ਸ਼ੁਰੂ ਹੋਏ। ਵਰਤਮਾਨ ਸਮੇਂ ਇਹਨਾਂ ਵਿੱਚੋਂ 'ਪੰਖੜੀਆਂ', 'ਪ੍ਰਾਇਮਰੀ ਸਿੱਖਿਆ' ਅਤੇ 'ਨਿੱਕੀਆਂ ਕਰੂੰਬਲਾਂ' ਜਾਰੀ ਹਨ। 'ਪ੍ਰਾਇਮਰੀ ਸਿੱਖਿਆ' ਅਤੇ 'ਪੰਖੜੀਆਂ' ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਪਿਛਲੇ ਲੰਮੇ ਸਮੇਂ ਤੋਂ ਪ੍ਰਕਾਸ਼ਿਤ ਕਰਦਾ ਆ ਰਿਹਾ ਹੈ। ਇਹਨਾਂ ਬਾਲ ਸਾਹਿਤ ਰਸਾਲਿਆਂ ਵਿੱਚ ਬੱਚਿਆਂ ਵਿੱਚ ਨਿਰੋਈਆਂ ਭਾਵਨਾਵਾਂ ਉਜਾਗਰ ਕਰਨ ਅਤੇ ਪੜ੍ਹਨ ਦੀ ਚੇਟਕ ਲਾਉਣ ਨਾਲ ਸੰਬੰਧਿਤ ਕਹਾਣੀਆਂ ਅਤੇ ਲੇਖ ਛਪਦੇ ਹਨ। ਕਵਿਤਾਵਾਂ ਵੀ ਇਹਨਾਂ ਬਾਲ ਸਾਹਿਤ ਰਸਾਲਿਆਂ ਦਾ ਹਿੱਸਾ ਬਣਦੀਆਂ ਹਨ। 'ਨਿੱਕੀਆਂ ਕਰੂੰਬਲਾਂ' ਬਾਲ ਸਾਹਿਤ ਰਸਾਲਾ ਸੁਰ ਸੰਗਮ ਵਿਦਿਅਕ ਟਰੱਸਟ ਮਾਹਿਲਪੁਰ ਵੱਲੋਂ 1995 ਵਿੱਚ ਜਾਰੀ ਕੀਤਾ ਗਿਆ। ਇਸਦੇ ਮੁੱਖ ਸੰਪਾਦਕ ਬਲਜਿੰਦਰ ਮਾਨ ਹਨ। ਇਸਦੇ ਨਿਰੰਤਰ ਪ੍ਰਕਾਸ਼ਨ ਅਤੇ ਸੰਪਾਦਨ ਕਰਕੇ ਰਸਾਲੇ ਦਾ ਨਾਮ 'ਇੰਡੀਆ ਬੁੱਕ ਆਫ ਰਿਕਾਰਡਸ' ਵਿੱਚ ਦਰਜ ਕੀਤਾ ਗਿਆ ਹੈ।

ਉਪਰੋਕਤ ਸਾਰੀ ਵਿਚਾਰ ਚਰਚਾ ਤੋਂ ਬਾਅਦ ਇਸ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਪੰਜਾਬੀ ਸਾਹਿਤਕ ਪੱਤਰਕਾਰੀ ਦਾ ਨਿਕਾਸ ਉੱਨੀਵੀਂ ਸਦੀ ਦੇ ਅਖੀਰ ਵਿੱਚ ਹੋ ਗਿਆ ਸੀ ਪਰ ਇਸਦਾ ਵਿਕਾਸ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਉਸ ਸਮੇਂ ਸ਼ੁਰੂ ਹੁੰਦਾ ਹੈ, ਜਦੋਂ ਪੰਜਾਬੀ ਵਿੱਚ ਨਿਰੋਲ ਸਾਹਿਤਕ ਰਸਾਲਿਆਂ ਦਾ ਆਰੰਭ ਹੁੰਦਾ ਹੈ। ਇੱਕ ਸਦੀ ਦੇ ਆਪਣੇ ਇਸ ਵਿਕਾਸ ਪੜਾਅ ਦੌਰਾਨ ਪੰਜਾਬੀ ਸਾਹਿਤਕ ਪੱਤਰਕਾਰੀ ਨੇ ਜੋ

ਮੁਕਾਮ ਹਾਸਿਲ ਕੀਤਾ ਹੈ, ਉਹ ਪ੍ਰਸੰਸਾਯੋਗ ਹੈ। ਵਾਰਤਕ ਅਤੇ ਕਵਿਤਾ ਤੋਂ ਸ਼ੁਰੂ ਹੋਈ ਪੰਜਾਬੀ ਸਾਹਿਤਕ ਪੱਤਰਕਾਰੀ ਨੇ ਪੰਜਾਬੀ ਦੀਆਂ ਲਗਭਗ ਸਾਰੀਆਂ ਸਾਹਿਤ ਵਿਧਾਵਾਂ ਦੇ ਵਿਕਾਸ ਵਿੱਚ ਬਣਦਾ ਯੋਗਦਾਨ ਪਾਇਆ ਹੈ। ਪੰਜਾਬੀ ਸਾਹਿਤਕ ਪੱਤਰਕਾਰੀ ਸਿਰਫ਼ ਸਾਹਿਤ ਰੂਪਾਂ ਤੱਕ ਸੀਮਿਤ ਨਹੀਂ ਰਹੀ, ਇਸਨੇ ਅੱਗੇ ਸਾਹਿਤ ਰੂਪਾਂ ਨੂੰ ਅਲੱਗ-ਅਲੱਗ ਕਾਲਮਾਂ ਵਿੱਚ ਵੰਡ ਕੇ ਰੂਪਾਕਾਰਾਂ ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਜੇਕਰ ਗੱਲ ਵਾਰਤਕ ਦੀ ਕਰੀਏ ਤਾਂ ਵਾਰਤਕ ਦੇ ਬਹੁਤ ਸਾਰੇ ਕਾਲਮ ਸ਼ਬਦ ਚਿੱਤਰ, ਮੁਲਾਕਤ, ਸਫਰਨਾਮਾ, ਲੇਖ, ਨਿਬੰਧ, ਯਾਦਾਂ, ਸੰਸਮਰਣ, ਸਵੈ-ਜੀਵਨੀ ਅੰਸ਼ ਆਦਿ ਅਲੱਗ-ਅਲੱਗ ਰੂਪਾਕਾਰਾਂ ਵਜੋਂ ਸਾਹਮਣੇ ਆਉਂਦੇ ਹਨ। ਵੱਖ-ਵੱਖ ਕਾਲਮਾਂ ਵਿੱਚ ਵੰਡ ਕੇ ਬਣਾਇਆ ਜਾਂਦਾ ਤਤਕਰਾ ਪਾਠਕਾਂ ਵਿੱਚ ਰਸਾਲੇ ਪ੍ਰਤੀ ਖਿੱਚ ਪੈਦਾ ਕਰਦਾ ਹੈ ਅਤੇ ਪਾਠਕ ਦੇ ਮਨ ਵਿੱਚ ਰਚਨਾਵਾਂ ਨੂੰ ਪੜ੍ਹਨ ਦੀ ਜਗਿਆਸਾ ਪੈਦਾ ਹੁੰਦੀ ਹੈ। ਇਹੀ ਕਾਰਨ ਹੈ ਕਿ ਕਿਸੇ ਇੱਕ ਸਾਹਿਤ ਵਿਧਾ ਨਾਲ ਸੰਬੰਧਿਤ ਰਸਾਲਿਆਂ ਦੀ ਥਾਂ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਨਾਲ ਸੰਬੰਧਿਤ ਰਸਾਲਿਆਂ ਨੂੰ ਪਾਠਕ ਵਰਗ ਵਧੇਰੇ ਚਾਹੁੰਦਾ ਹੈ। ਸਾਹਿਤਕ ਪੱਤਰਕਾਰੀ ਦੇ ਖੇਤਰ ਵਿੱਚ ਇੱਕ ਤਬਦੀਲੀ ਇਹ ਵੀ ਦੇਖਣ ਨੂੰ ਮਿਲੀ ਹੈ ਕਿ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨਾਲ ਸੰਬੰਧਿਤ ਸੰਸਥਾਵਾਂ ਵੱਲੋਂ ਕੱਢੇ ਜਾਂਦੇ ਰਸਾਲਿਆਂ ਜਾ ਜਨਰਲਾਂ ਦਾ ਪਾਠਕਾਂ ਵਿੱਚ ਬੜਾ ਪ੍ਰਭਾਵ ਹੁੰਦਾ ਸੀ, ਜਿਹੜਾ ਪਿਛਲੇ ਕਈ ਸਾਲਾਂ ਤੋਂ ਨਜ਼ਰ ਨਹੀਂ ਆ ਰਿਹਾ। ਵਰਤਮਾਨ ਸਮੇਂ ਖਾਲਸਾ ਕਾਲਜ ਅੰਮ੍ਰਿਤਸਰ ਦੇ ਪੰਜਾਬੀ ਅਧਿਐਨ ਵਿਭਾਗ ਦਾ ਇੱਕੋ-ਇੱਕ ਖੋਜ ਰਸਾਲਾ 'ਸੰਵਾਦ' ਹੈ, ਜਿਸਦੀ ਪਾਠਕਾਂ ਵਿੱਚ ਵਧੇਰੇ ਮੰਗ ਹੈ। ਬਾਕੀ ਖੋਜ ਪੱਤ੍ਰਕਾਵਾਂ ਅਤੇ ਸਾਹਿਤ ਰਸਾਲਿਆਂ ਜਿਵੇਂ ਪਰਖ, ਖੋਜ ਪੱਤ੍ਰਿਕਾ, ਖੋਜ ਦਰਪਣ, ਆਲੋਚਨਾ, ਪੰਜਾਬੀ ਦੁਨੀਆਂ, ਸਮਦਰਸ਼ੀ ਅਤੇ ਜਨ ਸਾਹਿਤ ਆਦਿ ਨੂੰ ਅਜੋਕੇ ਸਮੇਂ ਪਾਠਕਾਂ ਵੱਲੋਂ ਚੰਗਾ ਹੁੰਗਾਰਾ ਨਹੀਂ ਮਿਲ ਰਿਹਾ। ਅਜੋਕੇ ਸਮੇਂ ਵਿਅਕਤੀ ਵਿਸ਼ੇਸ਼ ਵੱਲੋਂ ਕੱਢੇ ਜਾਂਦੇ ਸਾਹਿਤ ਅਤੇ ਖੋਜ ਰਸਾਲੇ ਪਾਠਕਾਂ ਦੀ ਵਧੇਰੇ ਪਸੰਦ ਬਣੇ ਹੋਏ ਹਨ। ਵਰਤਮਾਨ ਸਮੇਂ 50 ਦੇ ਕਰੀਬ ਸਾਹਿਤ ਸਿਰਜਣਾ ਅਤੇ ਖੋਜ ਨਾਲ ਸੰਬੰਧਿਤ ਰਸਾਲਿਆਂ ਨੇ ਪੰਜਾਬੀ ਸਾਹਿਤਕ ਪੱਤਰਕਾਰੀ ਦਾ ਪਿੜ ਮੱਲਿਆ ਹੋਇਆ ਹੈ। ਆਪੋ-ਆਪਣੀ ਸਮਰੱਥਾ ਮੁਤਾਬਕ ਇਹ ਰਸਾਲੇ ਪਾਠਕਾਂ ਦੀ ਲੋੜ ਨੂੰ ਪੂਰਾ ਕਰ ਰਹੇ ਹਨ। ਉਮੀਦ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਇਹ ਰਸਾਲੇ ਪੰਜਾਬੀ ਸਾਹਿਤ ਪ੍ਰੇਮੀਆਂ ਨੂੰ ਲੋੜ ਅਨੁਸਾਰ ਸਮੱਗਰੀ ਮੁਹੱਈਆ ਕਰਾ ਕੇ ਪੰਜਾਬੀ ਸਾਹਿਤ ਰੂਪਾਂ ਦੇ ਵਿਕਾਸ ਵਿੱਚ

ਉਸਾਰੂ ਰੋਲ ਅਦਾ ਕਰਦੇ ਰਹਿਣਗੇ।

**ਹਵਾਲੇ**


1. ਮੇਘਾ ਸਿੰਘ, ਪੰਜਾਬੀ ਪੱਤਰਕਾਰੀ ਦਾ ਇਤਿਹਾਸ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2001, ਪੰਨਾ- 54
2. ਉਹੀ, ਪੰਨਾ-57
3. ਨਰਿੰਦਰ ਸਿੰਘ ਕਪੂਰ, ਪੰਜਾਬੀ ਪੱਤਰਕਾਰੀ ਦਾ ਵਿਕਾਸ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012, ਪੰਨਾ-78
4. ਉਹੀ, ਪੰਨਾ-79
5. ਮੇਘਾ ਸਿੰਘ, ਉਹੀ, ਪੰਨਾ-64
6. ਨਰਿੰਦਰ ਸਿੰਘ ਕਪੂਰ, ਉਹੀ, ਪੰਨਾ-84
7. ਸੂਬਾ ਸਿੰਘ, ਪੰਜਾਬੀ ਪੱਤਰਕਾਰੀ ਦਾ ਇਤਿਹਾਸ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1974, ਪੰਨਾ-133
8. ਨਰਿੰਦਰ ਸਿੰਘ ਕਪੂਰ, ਉਹੀ, ਪੰਨਾ-191

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਸ਼ਾਸਤ੍ਰਾਰਥ ਰੂਪੀ ਸੰਵਾਦ: ਮਹਾਂਕੰਬਣੀ



ਹਰਵਿੰਦਰ ਸਿੰਘ
ਖੋਜਾਰਥੀ,
ਪੰਜਾਬੀ ਅਧਿਐਨ ਸਕੂਲ
ਗੁਰੂ ਨਾਨਕ ਦੇਵ
ਯੂਨੀਵਰਸਿਟੀ
ਅੰਮ੍ਰਿਤਸਰ।
+91 94646-21117

ਦਰਸ਼ਨ ਬੁੱਟਰ ਜੀਵਨ ਦੇ ਅਤਿ ਸੂਖਮ ਅਹਿਸਾਸਾਂ ਅਤੇ ਪਹਿਲੂਆਂ ਨੂੰ ਸੰਖੇਪ ਅਤੇ ਸਪੱਸ਼ਟ ਸ਼ਬਦਾਵਲੀ ਵਿਚ ਪੇਸ਼ ਕਰਨ ਵਾਲਾ ਸਮਕਾਲੀ ਪੰਜਾਬੀ ਕਵਿਤਾ ਦਾ ਇੱਕ ਸਥਾਪਿਤ ਕਵੀ ਹੈ। ਉਹ ਖੁੱਲੀ ਕਵਿਤਾ ਦਾ ਸੰਵੇਦਨੀਲ ਸ਼ਾਇਰ ਹੈ। ਉਸ ਦੀਆਂ ਜਿਆਦਾਤਰ ਕਵਿਤਾਵਾਂ ਵਿਚ ਮੈਂ ਦਾ ਤੂੰ ਨਾਲ ਸੰਵਾਦ ਮਿਲਦਾ ਹੈ। ਭਾਵੇਂ ਉਸ ਦੀਆਂ ਕੁੱਝ ਕਵਿਤਾਵਾਂ ਵਿਚ ਸਮੂਹਿਕ ਮਾਨਵੀ ਦਰਦ ਨੂੰ ਪੇਸ਼ ਕੀਤਾ ਗਿਆ ਹੈ ਪਰ ਅਸਲ ਵਿਚ ਉਹ ਆਧੁਨਿਕ ਮਨੁੱਖ ਦੇ ਅਸਤਿੱਤਵੀ ਪ੍ਰਸ਼ਨਾਂ ਨੂੰ ਪੇਸ਼ ਕਰਨ ਵਾਲਾ ਸ਼ਾਇਰ ਹੈ।[1] ਉਸ ਨੇ ਔੜ ਦੇ ਬੱਦਲ, ਸਲ੍ਹਾਬੀ ਹਵਾ, ਸ਼ਬਦ ਸ਼ਹਿਰ ਤੇ ਹਵਾ, ਖੜਾਵਾਂ, ਦਰਦ ਮਜੀਠੀ, ਮਹਾਂਕੰਬਣੀ ਅਤੇ ਅੱਕ ਦੀ ਕਵਿਤਾ ਆਦਿ ਕਾਵਿ-ਸੰਗ੍ਰਿਹਾਂ ਦੀ ਰਚਨਾ ਕੀਤੀ ਹੈ। ਉਸ ਦੁਆਰਾ ਰਚਿਤ ਕਾਵਿ-ਸੰਗ੍ਰਹਿ **ਮਹਾਂਕੰਬਣੀ** (2006) ਨੂੰ 2013 ਵਿਚ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਆ ਗਿਆ ਹੈ। ਹਥਲੇ ਪਰਚੇ ਵਿਚ ਉਸ ਦੇ ਇਸੇ ਕਾਵਿ-ਸੰਗ੍ਰਿਹ ਨੂੰ ਅਧਿਐਨ ਵਸਤੂ ਵਜੋਂ ਲਿਆ ਗਿਆ ਹੈ। ਇਸ ਕਾਵਿ-ਸੰਗ੍ਰਹਿ ਦਾ ਸਿਰਲੇਖ 'ਮਹਾਂਕੰਬਣੀ' ਹੀ ਆਪਣੇ-ਆਪ ਵਿਚ ਜਗਿਆਸਾ ਅਤੇ ਗੁਰੂਦੇਵ ਦੇ ਸ਼ਾਸਤ੍ਰਾਰਥ ਰੂਪੀ ਸੰਵਾਦ ਦੀ ਸਵਾਲ-ਜਵਾਬ ਦੀ ਜੁਗਤ ਨੂੰ ਰੂਪਮਾਨ ਕਰਦਾ ਪ੍ਰਤੀਤ ਹੁੰਦਾ ਹੈ, ਜਿਸ ਵਿਚ ਕਵੀ 'ਅਸਲ' ਦੀ ਤਲਾਸ਼ ਵਿਚ ਲੱਗੀ ਜਗਿਆਸਾ ਦੇ ਪ੍ਰਸ਼ਨਾਂ ਨੂੰ ਬੌਧਿਕ ਕਾਵਿਧਾਰਾ ਰਾਹੀਂ ਬਿਆਨ ਕਰਦਾ ਹੋਇਆ, ਗੁਰੂਦੇਵ ਵੱਲੋਂ ਸਵਾਲਾਂ ਦੇ ਜਵਾਬ ਵੀ ਬੌਧਿਕ ਯਥਾਰਥ ਰਾਹੀਂ ਦਿਵਾਉਣ ਦਾ ਯਤਨ ਕਰਦਾ ਹੈ। ਇਸ ਸੰਵਾਦ ਵਿਧੀ ਰਾਹੀਂ ਲੇਖਕ ਨੇ ਦਾਰਸ਼ਨਿਕ ਵਿਚਾਰਾਂ ਦੀ ਪ੍ਰਸਤੁਤੀ ਕਰਕੇ ਗੁਰੂਦੇਵ ਵੱਲੋਂ ਜਗਿਆਸਾ ਨੂੰ ਸੰਤੁਸ਼ਟ ਕਰਦਿਆਂ, ਉਸ ਦੇ ਹਰ ਸਵਾਲ ਦਾ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਹੈ। ਦਰਸ਼ਨ ਬੁੱਟਰ ਇੱਕ ਨਿਵੇਕਲੀ ਸੁਰ ਵਾਲਾ ਸ਼ਾਇਰ ਹੈ, ਜਿਸਨੇ **ਮਹਾਂਕੰਬਣੀ** ਕਾਵਿ-ਸੰਗ੍ਰਹਿ ਰਾਹੀਂ ਪਾਠਕਾਂ ਤੇ ਚਿੰਤਕਾਂ ਦੇ ਮਨਾਂ ਅੰਦਰ ਵੀ ਇੱਕ ਕੰਬਣੀ ਛੇੜ ਦਿੱਤੀ ਹੈ। ਇਸ ਕਾਵਿ-ਸੰਗ੍ਰਿਹ ਵਿਚ ਤ੍ਰਿਪਤੀ ਤੋਂ ਅਤ੍ਰਿਪਤੀ, ਨਿਰਾਸ਼ਾ ਤੋਂ ਆਸ਼ਾ ਤਕ ਦਾ ਸਫ਼ਰ, ਅੰਤਰੀਵੀ ਤੇ ਬਾਹਰੀ ਯਥਾਰਥ, ਅਵਿਸ਼ਵਾਸ ਤੇ ਵਿਸ਼ਵਾਸ, ਚਿੰਤਾ ਤੇ ਚਿੰਤਨ, ਪਰੰਪਰਾ ਦਾ ਗਲਬਾ, ਨਾਰੀ ਸਬੰਧੀ ਸਮਾਜ ਦਾ ਰਵੱਈਆ ਆਦਿ ਪੱਖ ਮੁੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਅਜੋਕੇ ਪੂੰਜੀਵਾਦੀ ਅਤੇ ਆਧੁਨਿਕ ਯੁੱਗ ਵਿਚ ਮਨੁੱਖੀ ਜਿੰਦਗੀ ਨਾਲ ਸੰਬੰਧਿਤ ਵਰਤਾਰਿਆਂ ਵਿਚ ਵਾਪਰੀ ਤਬਦੀਲੀ ਕਾਰਨ ਹੋਈ ਟੁੱਟ-ਭੱਜ ਨੇ ਨਵੀਆਂ ਸਮੱਸਿਆਵਾਂ ਨੂੰ ਜਨਮ ਦਿੱਤਾ ਹੈ, ਜਿਸ ਕਾਰਨ ਮਨੁੱਖ ਦੇ

ਜੀਵਨ ਨਾਲ ਸੰਬੰਧਿਤ ਮਸਲੇ ਬਹੁਤ ਹੀ ਪੇਚੀਦਾ ਤੇ ਗੁੰਝਲਦਾਰ ਹੁੰਦੇ ਜਾ ਰਹੇ ਹਨ। ਤੇਜ਼ ਰਫ਼ਤਾਰ ਜ਼ਿੰਦਗੀ ਕਾਰਨ ਅਜੋਕਾ ਮਨੁੱਖ ਸਮਾਜਿਕ-ਸਭਿਆਚਾਰਕ ਕੀਮਤਾਂ ਨਾਲੋਂ ਟੁੱਟ ਕੇ ਮਸ਼ੀਨ ਦਾ ਰੂਪ ਧਾਰਨ ਕਰਦਾ ਜਾਂਦਾ ਹੈ। ਪੈਸਾ ਕਮਾਉਣ ਦੀ ਲਾਲਸਾ ਅਤੇ ਪਦਾਰਥਕ ਦੌੜ ਵਿਚ ਜਕੜਿਆ ਹੋਇਆ ਉਹ ਆਪੇ ਤੋਂ ਟੁੱਟਿਆ ਰਹਿੰਦਾ ਹੈ। ਜ਼ਿੰਦਗੀ ਦੀ ਇਸ ਦੌੜ ਅਤੇ ਰੁਝੇਵਿਆਂ ਕਾਰਨ ਮਨੁੱਖ ਕਈ ਪ੍ਰਕਾਰ ਦੀਆਂ ਮਾਨਸਿਕ ਚਿੰਤਾਵਾਂ ਦਾ ਸ਼ਿਕਾਰ ਹੋ ਰਿਹਾ ਹੈ। ਇਸ ਚੱਕਰਵਿਊ ਵਿਚ ਪਏ ਮਨੁੱਖ ਨੂੰ ਆਪਣੇ ਆਪ ਨੂੰ ਜਾਣਨ ਤੇ ਅਸਲ ਸੱਚ (ਪਰਮਾਤਮਾ) ਨੂੰ ਯਾਦ ਕਰਨ ਦੀ ਵਿਹਲ ਨਹੀਂ ਹੁੰਦੀ। **ਮਹਾਂਕੰਬਣੀ** ਕਾਵਿ-ਸੰਗ੍ਰਹਿ ਵਿਚ ਰੁਝੇਵਿਆਂ ਅਤੇ ਸਮਾਜਿਕ ਬੰਧਨਾਂ ਵਿਚ ਉਲਝੀ ਹੋਈ ਮਨੁੱਖ ਦੀ ਜਗਿਆਸਾ ਇਹਨਾਂ ਬੰਧਨਾਂ ਤੋਂ ਮੁਕਤ ਹੋਣ ਅਤੇ ਅਸਲ ਨੂੰ ਖੋਜਣ ਦਾ ਹੀਆ ਕਰਦੀ ਪ੍ਰਤੀਤ ਹੁੰਦੀ ਹੈ। ਜਗਿਆਸਾ ਦੇ ਬਹੁਤ ਸਾਰੇ ਸ਼ੰਕੇ ਹਨ, ਜਿਹਨਾਂ ਦੀ ਸਪੱਸ਼ਟਤਾ ਉਹ ਗੁਰੂਦੇਵ ਕੋਲੋਂ ਮੰਗਦੀ ਹੈ ਕਿਉਂਕਿ ਉਸ ਨੇ ਧਾਰਮਿਕ ਸਥਾਨਾਂ ਉੱਪਰ ਜਾ-ਜਾ ਕੇ ਵੇਖ ਲਿਆ, ਧਾਰਮਿਕ ਆਗੂਆਂ ਕੋਲ ਵੀ ਆਪਣੇ ਸ਼ੰਕੇ ਜ਼ਾਹਿਰ ਕਰ ਲਏ ਪਰੰਤੂ ਉਲਝਣ ਤੋਂ ਇਲਾਵਾ ਉਸ ਨੂੰ ਕੁਝ ਨਹੀਂ ਮਿਲਿਆ। ਸੰਸਾਰ ਵਿਚਲੇ ਧਾਰਮਿਕ ਪਾਖੰਡੀਆਂ ਨੇ ਭਗਵਾਨ ਨੂੰ ਵੀ ਧਰਮਾਂ ਅਨੁਸਾਰ ਵੰਡ ਲਿਆ ਹੈ ਪਰ ਜਗਿਆਸਾ 'ਅਸਲ ਸੱਚ' ਨੂੰ ਲੱਭਣ ਲਈ ਯਤਨਸ਼ੀਲ ਹੁੰਦੀ ਹੋਈ ਗੁਰੂਦੇਵ ਨੂੰ ਸਵਾਲ ਕਰਦੀ ਹੈ:

ਘਰੋਂ ਤੁਰ ਪਈ ਆਰਤੀ ਦਾ ਥਾਲ ਲੈ ਕੇ
ਚੌਰਸਤੇ 'ਚ ਖੜੇ ਕਿੰਨੇ ਹੀ ਭਗਵਾਨ
ਕਿਸ ਕਿਸ ਦੀ ਆਰਤੀ ਉਤਾਰਾਂ
ਜਾਂ ਫਿਰ ਹਵਾ 'ਚ ਉਛਾਲ ਦੇਵਾਂ
ਆਰਤੀ ਦਾ ਥਾਲ।[2]

ਜਗਿਆਸਾ ਮਨੁੱਖੀ ਮਨ ਨੂੰ ਸੰਸਾਰਿਕ ਮੋਹ ਮਾਇਆ ਦੀ ਭਟਕਣ ਵਿਚ ਫਸਿਆ ਪ੍ਰਤੀਤ ਕਰਦੀ ਹੈ। ਜਿਸ ਕਾਰਨ ਉਹ ਇਸ ਭਰਮ ਵਿਚ ਉਲਝਿਆ ਹੋਇਆ ਹਮੇਸ਼ਾਂ ਚਿੰਤਾ ਦਾ ਸ਼ਿਕਾਰ ਰਹਿੰਦਾ ਹੈ। ਇਸ ਸਬੰਧੀ ਗੁਰੂਦੇਵ ਜਵਾਬ ਵਿਚ 'ਮਨ ਦੀ ਭਟਕਣ' ਨੂੰ 'ਮਨ ਦੀ ਲਗਨ' ਵਿਚ ਬਦਲਣ ਦੀ ਸਲਾਹ ਦਿੰਦੇ ਹਨ। ਜੇ ਮਨ ਵਿਚ ਇੱਕ ਵਾਰ ਕਿਸੇ ਨੂੰ ਪਾਉਣ ਦੀ ਲਗਨ ਲੱਗ ਜਾਵੇ ਤਾਂ ਕੋਈ ਵੀ ਰਾਹ ਵਿਚ ਨਹੀਂ ਆ ਸਕੇਗਾ ਕਿਉਂਕਿ ਦੁਬਿਧਾ ਚੌਰਸਤਿਆਂ ਵਿਚ ਨਹੀਂ ਮਨਾਂ ਵਿਚ ਹੁੰਦੀ ਹੈ। ਗੁਰੂਦੇਵ ਫਰਮਾਉਂਦੇ ਹਨ:

ਦੁਬਿਦਾ ਚੌਰਸਤਿਆਂ 'ਚ ਨਹੀਂ
ਮਨਾਂ ਵਿਚ ਹੁੰਦੀ
ਲਗਨ ਉਤੇ ਸੂਝ ਦੀ ਪਿਉਂਦ ਚੜ੍ਹੀ ਹੋਵੇ
ਤਾਂ ਨਵੇ ਰਸਤੇ ਪੁੰਗਰ ਆਉਂਦੇ
ਚੌਰਸਤੇ ਦੀ ਹਿੱਕ ਵਿਚੋਂ।[3]

ਕਵਿਤਾ ਵਿਚਲੀ ਜਗਿਆਸਾ ਦੇ ਅੰਦਰ ਆਪਣੀਆਂ ਅਤ੍ਰਿਪਤ ਇੱਛਾਵਾਂ ਦੀ ਚੇਤਨਾ ਹੈ ਅਤੇ ਉਹ ਬਾਹਰੀ ਸੰਸਾਰ ਤੋਂ ਅੰਦਰੂਨੀ ਸੰਸਾਰ ਦਾ ਸਫ਼ਰ ਤੈਅ ਕਰਨ ਸਬੰਧੀ ਗੁਰੂਦੇਵ ਨੂੰ ਉਸਨੂੰ ਕੋਈ ਚਾਨਣ ਦੀ ਚਿਣਗ ਦੇਣ ਲਈ ਅਰਜ਼ ਕਰਦੀ ਹੈ, ਜਿਸ ਨਾਲ ਉਹ ਊੜੇ ਤੋਂ ੜਾੜ੍ਹੇ ਤਕ ਦਾ ਸਫ਼ਰ ਤੈਅ ਕਰ ਸਕੇ। ਗੁਰੂਦੇਵ ਅਤ੍ਰਿਪਤੀਆਂ ਲਈ ਜਗਿਆਸਾ ਨੂੰ ਵਧਾਈ ਦੀ ਪਾਤਰ ਸਮਝਦਾ ਹੈ ਕਿਉਂਕਿ ਮਨੁੱਖ ਦੇ ਜਿਉਂਦੇ ਹੋਣ ਦਾ ਸਬੂਤ ਹੀ ਉਸ ਦੀਆਂ ਅਤ੍ਰਿਪਤੀਆਂ ਹਨ, ਜਿਹਨਾਂ ਦੀ ਥਾਹ ਪਾਉਣ ਲਈ ਇਨਸਾਨ ਨਿਰੰਤਰ ਚੱਲਦਾ ਰਹਿੰਦਾ ਹੈ, ਉਸਦੇ ਜੀਵਨ ਵਿਚ ਖੜੋਤ ਨਹੀਂ ਆਉਂਦੀ:

ਹੇ ਸਖੀ
ਅਤ੍ਰਿਪਤੀਆਂ ਹੀ ਜਾਮਨ ਹੁੰਦੀਆਂ
ਰਗਾਂ 'ਚ ਦੌੜਦੇ ਲਹੂ ਦੀਆਂ
ਪਿਆਸ ਮਿਟ ਜਾਵੇ
ਤਲਾਸ਼ ਦਾ ਸਿਲਸਿਲਾ ਹੀ ਰੁਕ ਜਾਂਦਾ।[4]

ਸ੍ਰਿਸ਼ਟੀ ਦੇ ਕਣ-ਕਣ ਵਿਚ ਉਸ 'ਅਸਲ ਸੱਚ' ਦਾ ਨਿਵਾਸ ਹੈ। ਉਹ ਹੀ ਇਸ ਨੂੰ ਚਲਾ ਰਿਹਾ ਹੈ ਪਰੰਤੂ ਉਸ ਸੱਚ ਤਕ ਪਹੁੰਚਣ ਲਈ ਪਹਿਲਾਂ ਮਨ ਦੀ ਪਕਿਆਈ ਦੀ ਜ਼ਰੂਰਤ ਹੈ। ਮਨ ਦੇ ਟਿਕਾਓ ਨਾਲ ਹੀ ਅੰਦਰ ਨੂੰ ਜਾਇਆ ਜਾ ਸਕਦਾ ਹੈ। ਕਵਿਤਾ ਵਿਚਲੀ ਜਗਿਆਸਾ ਦਿਸ਼ਾਹੀਣ ਹੋਣ ਕਾਰਨ ਗੁਰੂਦੇਵ ਨੂੰ ਦਿਸ਼ਾ ਦਿਖਾਉਣ ਦੀ ਅਰਜ਼ ਕਰਦੀ ਹੈ, ਜਿਸਦੇ ਜਵਾਬ ਵਿਚ ਗੁਰੂਦੇਵ ਦਾ ਉੱਤਰ ਹੈ ਕਿ ਰੱਬ ਤਾਂ ਮਨੁੱਖ ਦੇ ਹਿਰਦੇ ਅੰਦਰ ਨਿਵਾਸ ਕਰਦਾ ਹੈ, ਜੇ ਉਸਨੂੰ ਲੱਭਣਾ ਹੈ ਤਾਂ ਮਨ ਦਾ ਸਾਫ ਹੋਣਾ ਬਹੁਤ ਜਰੂਰੀ ਹੈ। ਇਸ ਸੰਸਾਰ ਦੇ ਸ਼ੋਰ ਤੋਂ ਪਰ੍ਹੇ ਅੰਦਰਲੀ ਗੁਫ਼ਾ ਵਿਚੋਂ ਵਿਸਮਾਦੀ ਰਾਗ ਮਹਿਸੂਸ ਕਰੋਂ ਤਾਂ ਦਿਸ਼ਾਵਾਂ ਆਪ ਪੈਰਾਂ ਹੇਠ ਵਿਛ ਜਾਂਦੀਆਂ ਹਨ, ਸ਼ਰਤ ਇਹ ਹੈ ਕਿ ਲਗਨ ਘੱਟ ਨਾ ਹੋਵੇ:

ਵਿਸ਼ੇਸ਼ਣਾਂ ਤੋਂ ਬੇਪਰਵਾਹ ਸਹਿਜ ਵਿਚਰੀਏ

ਤਾਂ ਹਰ ਹਨੇਰੀ ਗੁਫ਼ਾ 'ਚੋਂ ਪਾਰ ਹੋ ਜਾਈਦਾ
ਮੱਥੇ ਵਿਚਲਾ ਭਾਂਬੜ
ਸਹਿਜ ਹੋ ਮਸ਼ਾਲ ਬਣਦਾ
ਤਾਂ ਦਿਸ਼ਾਵਾਂ ਪੈਰਾਂ ਹੇਠ ਵਿਛ ਜਾਂਦੀਆਂ
ਹੇ ਸਖੀ!
ਤੂੰ ਆਪਣੇ ਅੰਦਰਲੇ ਸਚਿਆਰ ਨੂੰ
ਪਰਤੱਖ ਹੋਣ ਤੋਂ ਨਾਂ ਰੋਕੀਂ........।[5]

ਕਵੀ ਨੇ ਆਸ਼ਾ ਤੇ ਨਿਰਾਸ਼ਾ ਦੇ ਸੰਵਾਦ ਰਾਹੀਂ ਮਨੁੱਖੀ ਸਰੀਰ ਦੇ ਮਿੱਟੀ ਦੀ ਢੇਰੀ ਹੋਣ ਵੱਲ ਸੰਕੇਤ ਕੀਤਾ ਹੈ, ਜਿਸਨੇ ਅੰਤ ਮਿੱਟੀ ਵਿਚ 'ਚ ਹੀ ਰਲ ਜਾਣਾ ਹੈ। ਜਿਸ ਲਈ ਮਨ ਵੱਲੋਂ ਗੁਆਚੀ ਕਾਇਆ ਨੂੰ ਤਲਾਸ਼ਣ ਦਾ ਯਤਨ ਕਰਨਾ ਹੀ ਅਸਲ ਸੱਚ ਨੂੰ ਤਲਾਸ਼ਣ ਦਾ ਰਾਹ ਹੈ ਅਤੇ ਇਸ ਤਲਾਸ਼ ਵਿਚ ਹਮੇਸ਼ਾ ਆਸ਼ਾਵਾਦੀ ਨਜ਼ਰੀਆ ਰੱਖਣਾ ਚਾਹੀਦਾ ਹੈ। ਮਨ ਦੀਆਂ ਉਲਝਣਾਂ ਵਿਚ ਉਲਝਿਆ ਮਨੁੱਖ ਜੀਵਨ ਰਹੱਸ ਤੋਂ ਅਣਜਾਣ ਬੈਠਾ ਹੈ। ਕਵੀ ਜ਼ਿੰਦਗੀ ਦਾ ਰਹੱਸ ਸਾਡੇ ਜਾਗਦੇ, ਚੇਤੰਨ ਹੋਣ, ਹਉਮੈਂ ਦੇ ਖ਼ਤਮ ਹੋ ਜਾਣ ਅਤੇ ਮਨੁੱਖ ਦੀ ਹਿਰਸ ਦੇ ਮਿਟ ਜਾਣ ਨੂੰ ਦੱਸਦਾ ਹੈ। ਜਗਿਆਸਾ ਨੂੰ ਅਹਿਸਾਸ ਹੈ ਕਿ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਪੰਜ ਵਿਕਾਰ ਮਨੁੱਖ ਦੇ ਵੈਰੀ ਹਨ ਪਰ ਫੇਰ ਵੀ ਉਹ ਉਹਨਾਂ ਦੀ ਪਕੜ ਵਿਚ ਫਸਿਆ ਹੈ। ਹਉਮੈ ਆਪਣੇ ਆਪ ਨੂੰ ਗਿੱਠ-ਗਿੱਠ ਉੱਚੀ ਸਮਝਦੀ ਹੈ, ਲਾਲਸਾ ਤੇ ਹਵਸ ਵੀ ਅੰਬਰ ਨੂੰ ਛੂੰਹਦੀ ਹੋਈ ਧੂੜ ਉਡਾਉਂਦੀ ਜਾਂਦੀ ਹੈ, ਸੱਤਾ ਦੇ ਹੰਕਾਰੀ ਨੂੰ ਵੀ ਹੁਕਮ ਚਲਾਉਣ ਦੀ ਜਲਦੀ ਹੈ ਪਰ ਕਰੁਣਾ ਦਾ ਇੱਕ ਉਹ ਚਿਹਰਾ ਵੀ ਹੈ, ਜੋ ਪਛਤਾਵਾ ਵੀ ਕਰਦਾ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਪਾਖੰਡ ਰੂਪੀ ਦਰਪਣ ਦੇ ਟੁੱਟਣ ਕਾਰਨ ਲੁਕਿਆ ਚਿਹਰਾ ਪ੍ਰਤੱਖ ਹੋ ਗਿਆ ਹੈ ਤੇ ਉਹ ਸੱਚ ਨੂੰ ਜਾਣਨ ਲਈ ਬੇਤਾਬ ਹੋ ਰਿਹਾ ਹੈ। ਗੁਰੂਦੇਵ ਜ਼ਮੀਰ ਦੇ ਦਰਪਣ ਰਾਹੀਂ ਅਸਲ ਸੱਚ ਤਕ ਪਹੁੰਚਣ ਦਾ ਰਾਹ ਦੱਸਦਾ ਹੈ ਕਿਉਂਕਿ ਉਹ ਜ਼ਮੀਰ ਹੀ ਮਨੁੱਖ ਨੂੰ ਉਸ ਦੀਆਂ ਗਲਤੀਆਂ ਦਾ ਅਹਿਸਾਸ ਕਰਵਾ ਸਕਦਾ ਹੈ ਤੇ ਜਦੋਂ ਅਹਿਸਾਸ ਹੋ ਜਾਵੇ ਤਾਂ ਮਨ ਨਿਰਮਲ ਤੇ ਚਿਹਰਾ ਮਾਸੂਮ ਹੋ ਜਾਂਦਾ ਹੈ:

ਹਰ ਚਿਹਰੇ ਦੀ ਲੁਕੀ ਹੋਈ ਦਿੱਖ ਹੁੰਦੀ
ਹਰ ਸ਼ੀਸ਼ੇ ਦਾ ਅਪਣਾ ਸੱਚ
ਕਿਸੇ ਵਿਲੱਖਣ ਪਲ ਹੀ ਅਸੀਂ

ਮੌਲਿਕ ਸੱਚ ਦੇ ਰੂ-ਬ-ਰੂ ਹੁੰਦੀ।[6]

ਕਵੀ ਕਹਿੰਦਾ ਹੈ ਸੱਚ ਦੀ ਕਵਿਤਾ ਲਈ ਹਮੇਸ਼ਾ ਸੰਵੇਦਨਸ਼ੀਲਤਾ ਦੀ ਜ਼ਰੂਰਤ ਹੁੰਦੀ ਹੈ। ਉਹ ਕਵਿਤਾ ਨੂੰ ਅੰਦਰਲੇ ਦਰਦ ਦੀ ਹੂਕ ਦਾ ਨਾਮ ਦਿੰਦਾ ਹੋਇਆ, ਉਸ ਨੂੰ ਦੀਵੇ ਨਾਲ ਸੂਰਜ ਬਾਲਣ ਵਾਲੀ ਸ਼ਕਤੀ ਸਪੱਸ਼ਟ ਕਰਦਾ ਹੈ। ਉਹ ਸੱਚ ਦੀ ਪ੍ਰਾਪਤੀ ਲਈ ਦਰਦ ਨੂੰ ਜ਼ਰੂਰੀ ਅੰਗ ਸਮਝਦਾ ਹੈ। ਜੇ ਮਨ ਵਿਚ ਦਰਦ ਭਰਪੂਰ ਵੇਦਨਾ ਹੋਵੇਗੀ ਤਾਂ ਹੀ ਸੱਚ ਤਕ ਪਹੁੰਚਿਆ ਜਾ ਸਕਦਾ ਹੈ:

ਸਾਡੀ ਤੜਫ ਹੀ ਭਰਦੀ
ਹਰਫ਼ਾਂ ਤੇ ਅਰਥਾਂ ਵਿਚਲੀ ਵਿੱਥ ਨੂੰ
ਕੰਬਣੀਆਂ ਦੇ ਗਜ਼ ਹੀ ਮਿਣਦੇ
ਜ਼ਖ਼ਮਾਂ ਦੀ ਗਹਿਰਾਈ
ਮੁਸ਼ਕਿਲ ਨਹੀਂ ਕੋਈ ਵੀ ਕਵਿਤਾ
ਬਸ ਤੂੰ ਆਪਣੇ ਜ਼ਖ਼ਮਾਂ ਨੂੰ ਹਰੇ ਰਹਿਣ ਦੇ......।[7]

ਕਵਿਤਾ ਵਿਚਲੀ ਜਗਿਆਸਾ ਨੂੰ ਉਸ ਨਜ਼ਮ ਦੀ ਤਲਾਸ਼ ਹੈ ਜੋ ਉਦਾਸ ਪਏ ਪਲਾਂ ਨੂੰ ਤਾਜ਼ਗੀ ਦੀ ਰੌਂਅ ਨਾਲ ਭਰ ਦੇਵੇ। ਇਸਦੇ ਜਵਾਬ ਵਿਚ ਗੁਰੂਦੇਵ ਕਹਿੰਦੇ ਹਨ ਕਿ ਤੈਨੂੰ ਨਜ਼ਮ ਨੂੰ ਲੱਭਣ ਦੀ ਲੋੜ ਨਹੀਂ, ਤੂੰ ਆਪਣੇ ਆਪ ਨੂੰ ਸੱਚ ਰੂਪੀ ਨਜ਼ਮ ਦੇ ਹਾਣ ਦਾ ਬਣਾ ਉਹ ਤੈਨੂੰ ਖ਼ੁਦ ਹੀ ਤਲਾਸ਼ ਲਵੇਗੀ ਪਰੰਤੂ ਮਨੁੱਖ ਦੁਨੀਆਂ ਦੀ ਭਟਕਣ ਤੇ ਪਰੇਸ਼ਾਨੀਆਂ ਵਿਚ ਉਲਝਿਆ ਹੋਇਆ ਹੈ। ਇਹ ਉਲਝਣਾਂ ਹੀ ਉਸ ਦੀ ਪਰਮਾਤਮਾ ਤੋਂ ਦੂਰੀ ਦਾ ਕਾਰਨ ਬਣਦੀਆਂ ਹਨ। ਉਸਦੇ ਤਨ ਦੀ ਮੈਲ ਵੀ ਵਿਕਾਰਾਂ ਨਾਲ ਭਾਰੀ ਹੁੰਦੀ ਰਹਿੰਦੀ ਹੈ ਪਰ ਇਹ ਸੰਸਾਰਿਕ ਮੋਹ ਮਾਇਆ ਨਾਸ਼ਮਾਨ ਹੋਣ ਕਰਕੇ ਇਹ ਸਦੀਵੀ ਨਹੀਂ ਹੈ। ਮਨੁੱਖ ਨੂੰ ਅਡੋਲ ਆਪਣੇ ਸਫਰ ਉੱਤੇ ਚੱਲਦੇ ਰਹਿਣਾ ਚਾਹੀਦਾ ਹੈ:

ਜੇ ਕਿਸੇ ਸਫ਼ਰ ਵਿਚ
ਕੋਈ ਛਲੇਡਾ ਰੰਗ ਭਰਮਾਵੇ
ਤਾਂ ਤੂੰ ਅਡੋਲ ਰਹੀਂ ਘੜੀ ਪਲ ਰੁਕਣਾ ਪਵੇ
ਤਾਂ ਚੀਰ ਕੇ ਵੇਖੀਂ ਸੂਹੀ ਕਿਰਨ
ਸਤਰੰਗੇ ਅਨਾਰ ਫੁੱਟ ਪੈਣਗੇ ਤੇਰੀ ਰੂਹ 'ਚੋਂ।[8]

ਕਵਿਤਾ ਵਿਚਲੀ ਜਗਿਆਸਾ ਸਵਾਲ ਕਰਦੀ ਹੈ ਕਿ ਉਸਦਾ ਕਿੰਨਾ ਕੁ ਸਮਾਂ ਇਸ ਦੁਨੀਆਂ ਵਿਚੋਂ ਲੰਘ ਗਿਆ ਹੈ ਤੇ ਕਿੰਨਾ ਕੁ ਅਜੇ ਬਾਕੀ ਹੈ। ਗੁਰੂਦੇਵ ਜਵਾਬ ਵਿਚ ਕਹਿੰਦੇ ਹਨ ਕਿ ਲੰਘੇ ਸਮੇਂ ਦਾ ਹਿਸਾਬ ਤਾਂ ਹੋਣਾ ਚਾਹੀਦਾ ਹੈ ਪਰ ਇਸਨੂੰ ਆਪਣੇ ਨਾਲ ਹੀ ਵਹਾ ਕੇ ਅਗੇਰੇ ਕਦਮ ਪੁੱਟਣੇ ਚਾਹੀਦੇ ਹਨ ਕਿਉਂਕਿ ਜੋ ਬੀਤ ਗਿਆ ਉਸ ’ਤੇ ਪਛਤਾ ਕੇ ਵਰਤਮਾਨ ਵੀ ਖ਼ਰਾਬ ਹੋ ਸਕਦਾ ਹੈ। ਸੋ ਸੱਚ ਦਾ ਰਾਹ ਬਹੁਤ ਦੂਰ ਹੈ ਤੇ ਜੀਵ ਆਤਮਾ ਨੂੰ ਉਸ ਤਕ ਪਹੁੰਚਣ ਲਈ ਸੱਚੇ ਮਾਰਗ ’ਤੇ ਤੁਰ ਪੈਣਾ ਚਾਹੀਦਾ ਹੈ। ਜਦੋਂ ਮਿਲਾਪ ਅਰਥਾਤ ਵਸਲ ਦੀ ਅਵਸਥਾ ਆਉਂਦੀ ਹੈ ਤਾਂ ਹੋਂਦ ਨਿਰਹੋਂਦ ਦੇ ਝਗੜੇ ਖ਼ਤਮ ਹੋ ਜਾਂਦੇ ਹਨ ਤੇ ‘ਏਕ ਜੋਤ’ ਦਾ ਪਸਾਰਾ ਹੀ ਚਾਰੇ ਪਾਸੇ ਫੈਲਿਆ ਦਿਸਦਾ ਹੈ। ਜਿਵੇਂ:

ਹੇ ਸਖੀ!
ਵਸਲ ਦੇ ਅਨੰਦ ਵਿਚ
ਹੋਂਦ ਨਿਰਹੋਂਦ ਦੇ ਝਗੜੇ ਮਿਟ ਜਾਂਦੇ
ਇੰਤਜ਼ਾਰ ਦੀ ਇੰਤਹਾਂ ਹੀ ਬਣਦੀ
ਜ਼ਿੰਦਗੀ ਦਾ ਸਿਰਨਾਵਾਂ ਤਫ਼ਸੀਲ ਦੀ ਜ਼ਰੂਰਤ ਨਹੀਂ
ਮੋਹ ਭਿੱਜੇ ਖ਼ਤਾਂ ਨੂੰ ਵਰਕੇ ‘ਤੇ ਕਿਰਿਆ ਇੱਕ ਅੱਥਰੂ
ਬਿਆਨ ਕਰ ਦਿੰਦਾ ਰੂਹ ਦੀ ਵਿਆਕੁਲਤਾ।[9]

ਮੰਜ਼ਿਲ ਦਾ ਰਹੱਸ ਔਕੜਾਂ ਵਿਚੋਂ ਹੀ ਪ੍ਰਾਪਤ ਹੁੰਦਾ ਹੈ ਤੇ ਜਦੋਂ ਰਹੱਸ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਦੁਨੀਆਂ ਦੀਆਂ ਤੰਗਦਿਲੀਆਂ ਤੋਂ ਉੱਪਰ ਦੀ ਅਵਸਥਾ ਦਾ ਅਹਿਸਾਸ ਹੁੰਦਾ ਹੈ। ਕਵੀ ਅਨੁਸਾਰ ਜਿਸ ਮਨੁੱਖ ਨੂੰ ਵਰਤਮਾਨ ਵਿਚ ਜਿਊਣਾ ਆ ਜਾਂਦਾ ਹੈ, ਉਹ ਸੱਚ ਤਕ ਪਹੁੰਚਣ ਦਾ ਰਾਹ ਸੁਖਾਲਾ ਕਰ ਲੈਂਦਾ ਹੈ ਪਰ ਮਨੁੱਖ ਅਤੀਤ ਦੇ ਬੋਝ ਅਤੇ ਭਵਿੱਖ ਦੀ ਚਿੰਤਾ ਵਿਚ ਫਸਿਆ ਵਰਤਮਾਨ ਨੂੰ ਵੀ ਗੁਆ ਲੈਂਦਾ ਹੈ। ਵਰਤਮਾਨ ਦੀ ਉਮਰ ਤਾਂ ਪਲ-ਛਿਣ ਦੀ ਹੁੰਦੀ ਹੈ, ਜੋ ਪਲਕ ਝਪਕਣ ਨਾਲ ਬੀਤ ਜਾਂਦਾ ਹੈ। ਇਨਸਾਨ ਇਹਨਾਂ ਪਲਾਂ ਨੂੰ ਮਾਣਨ ਦੀ ਬਜਾਇ ਬੇਲੋੜੇ ਬੋਝਾਂ ਕਾਰਨ ਨਸ਼ਟ ਕਰਦਾ ਰਹਿੰਦਾ ਹੈ। ਕਵੀ ਆਸ਼ਾ ਕਰਦਾ ਹੈ ਕਿ ਕਾਸ਼ ਸਾਡੀ ਸੋਚ ਇੰਨੀ ਬੁਲੰਦ ਹੋ ਜਾਵੇ ਕਿ ਅਸੀਂ ਵਰਤਮਾਨ ਬਿੰਦੂ ਤੇ ਖਲੋ ਕੇ ਉਸਨੂੰ ਮਾਣ ਸਕੀਏ:

ਵਰਤਮਾਨ ਵਿਚ ਜਿਉਣਾ ਆ ਜਾਵੇ
ਤਾਂ ਇਕੋ ਪਲ ਉਮਰ ਹੋ ਨਿਬੜਦਾ

ਪਰ ਅਸੀਂ ਤਾਂ ਅਤੀਤ ਦੇ ਸ਼ੀਸ਼ੇ ਨੂੰ
ਲਿਸ਼ਕਾਉਣ ਵਿਚ ਮਸ਼ਰੂਫ਼ ਰਹਿੰਦੇ।[10]

ਮਨੁੱਖ ਆਪਣੀ ਜਿੰਦਗੀ ਵਿਚ ਅਨੇਕਾਂ ਹੀ ਸੁਪਨੇ ਅਤੇ ਇੱਛਾਵਾਂ ਰੱਖਦਾ ਹੈ। ਆਸ਼ਾ ਭਰਪੂਰ ਸੁਫ਼ਨੇ ਮਨੁੱਖ ਦੇ ਜ਼ਿੰਦਾ ਹੋਣ ਦੇ ਪਰਮਾਣ ਹਨ ਇਸੇ ਤਰ੍ਹਾਂ ਕਵੀ ਲਿਖਦਾ ਹੈ ਕਿ ਸੁਫ਼ਨੇ ਲੈਂਦਿਆਂ ਹੀ ਰੂਹ ਦੇ ਸ਼ੀਸ਼ੇ ਵਿਚੋਂ ਆਪਣੇ ਅਸਲੀ ਅਕਸ ਦੇ ਦਰਸ਼ਨ ਹੁੰਦੇ ਹਨ, ਜਿਸਨੂੰ ਵੇਖ ਕੇ ਕਈ ਵਾਰ ਅਸੀਂ ਡਰ ਜਾਂਦੇ ਹਾਂ:

ਖ਼ਿਆਲ ਰਹੇ ਸੁਫ਼ਨੇ ਲੈਣ ਲਈ ਜ਼ਰੂਰੀ ਨਹੀਂ
ਨੀਂਦ ਦੀ ਗ੍ਰਿਫ਼ਤ ਵਿਚ ਹੋਣਾ
ਨੀਂਦ ਵਿਚ ਜਾਗਣਾ ਵੀ ਅਤਿ ਜ਼ਰੂਰੀ।[11]

ਘਰ, ਰਿਸ਼ਤੇ ਨਾਤਿਆਂ ਵਿਚ ਨਿਘਾਰ ਅੱਜ ਤੋਂ ਪਹਿਲਾਂ ਦੇ ਸਮੇਂ ਦੀ ਵੀ ਸਮੱਸਿਆ ਰਹੇ ਹਨ ਪਰ ਮੌਜੂਦਾ ਸਮੇਂ ਵਿਚ ਇਹਨਾਂ ਸਰੋਕਾਰਾਂ ਨੇ ਵਿਕਰਾਲ ਰੂਪ ਧਾਰਨ ਕਰ ਲਿਆ ਹੈ। ਮੌਜੂਦਾ ਸਮੇਂ ਵਿਚ ਮਨੁੱਖ, ਉਸ ਦਾ ਘਰ ਅਤੇ ਰਿਸ਼ਤੇ ਨਾਤੇ ਸਭ ਮਕਾਨਕੀ ਹੁੰਦੇ ਜਾਂਦੇ ਹਨ। ਇਹਨਾਂ ਵਰਤਾਰਿਆਂ ਦੇ ਸਭਿਆਚਾਰਕ ਮੁੱਲਾਂ ਨਾਲੋਂ ਟੁੱਟਣ ਕਾਰਨ ਹੀ ਮਨੁੱਖ ਇਕੱਲਾ ਮਹਿਸੂਸ ਕਰਦਾ ਹੈ। "ਘਰ-ਪਰਿਵਾਰ ਵਿਚਲੇ ਰਿਸ਼ਤਿਆਂ ਦੇ ਮੋਹ-ਪਰਕ ਆਧਾਰ ਮੋਕਲੇ ਹੋ ਰਹੇ ਹਨ। ਉਹਨਾਂ ਵਿਚ ਵਸਤੂਵਾਦੀ ਸਪੇਸ ਵੱਧਦੀ ਜਾ ਰਹੀ ਹੈ। ਅਜੋਕੀ ਸਭਿਅਤਾ ਨੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤਿਆਂ ਵਿਚਾਲੇ ਜਿਹੜੀ ਸਪੇਸ ਸਿਰਜੀ ਹੈ, ਉਹ ਸਪੇਸ ਮੰਡੀ ਕੇਂਦਰਿਤ ਪ੍ਰਵਚਨਾਂ ਅਤੇ ਵਸਤਾਂ ਦੇ ਆਗਮਨ ਕਾਰਨ ਵਿਸਤ੍ਰਤ ਹੁੰਦੀ ਜਾ ਰਹੀ ਹੈ। ਇਸ ਤਰ੍ਹਾਂ ਮੰਡੀ ਸਭਿਅਤਾ ਨੇ ਘਰ ਦੇ ਅਹਿਸਾਸ ਦਾ ਹੀ ਵਸਤੂਕਰਨ ਕਰ ਦਿੱਤਾ ਹੈ। ਅਜਿਹੇ ਵਸਤੂ-ਕੇਂਦਰਿਤ ਘਰ ਵਿਚ ਪਰਿਵਾਰ ਸਮੇਤ ਰਿਸ਼ਤੇ ਵੀ ਪਥਰਾਅ ਗਏ ਹਨ।"[12] ਗੁਰੂਦੇਵ ਘਰਾਂ ਬਾਰੇ ਕਹਿੰਦੇ ਹਨ ਘਰ ਮਹਿਜ਼ ਠਹਿਰਨ ਦੀ ਥਾਂ ਹੈ। ਸੰਸਾਰਿਕ ਵਸਤਾਂ ਨਾਲ ਮੋਹ ਵਿਅਰਥ ਹੈ। ਮਨੁੱਖ ਨੂੰ ਇੱਕ ਐਸੇ ਘਰ ਦੀ ਲੋੜ ਹੈ, ਜਿੱਥੇ ਰੂਹ ਤੇ ਕਲਬੂਤ ਵਿਚਲਾ ਫ਼ਰਕ ਮਿਟ ਜਾਵੇ। ਕਵਿਤਾ ਵਿਚਲੀ ਜਗਿਆਸਾ ਪੁੱਛਦੀ ਹੈ ਕਿ ਮਨ ਦੀਆਂ ਛੱਲਾਂ ਨੂੰ ਸ਼ਾਂਤ ਕਿਵੇਂ ਕੀਤਾ ਜਾਵੇ? ਦਰਦ ਨੂੰ ਦਾਰੂ, ਹਵਾ ਨੂੰ ਸਾਹ ਅਤੇ ਤੜਫ਼ ਨੂੰ ਰਾਹ ਬਣਾਉਣ ਦਾ ਢੰਗ ਕੀ ਹੈ? ਗੁਰੂਦੇਵ ਦਾ ਜਵਾਬ ਹੈ ਕਿ ਮਨੁੱਖ ਦੇ ਆਲੇ ਦੁਆਲੇ ਜਿੰਨਾਂ ਵੀ ਸੰਗੀਤ ਹੈ, ਉਹ ਮਹਾਂਕੰਬਣੀ ਵਿਚੋਂ ਹੀ ਪੈਦਾ ਹੋਇਆ ਹੈ ਤੇ ਚੁੱਪ ਉਸ

ਅਲਾਪ ਤੇ ਵਿਸਮਾਦ ਵਿਚਲੀ ਵਿੱਥ ਹੈ। ਚਿੰਤਾ ਨੂੰ ਛੱਡ ਕੇ ਚਿੰਤਨ ਤਕ ਦਾ ਸਫ਼ਰ ਹੀ ਮਨ ਦੀਆਂ ਛੱਲਾਂ ਨੂੰ ਸ਼ਾਂਤ ਕਰ ਸਕਦਾ ਹੈ।

ਕਵੀ ਸਮਾਜ ਵਿਚ ਨਾਰੀ ਦੀ ਦੋਹਰੀ ਸਥਿਤੀ ਬਾਰੇ ਵਿਚਾਰ ਵਿਅਕਤ ਕਰਦਾ ਹੈ। ਇਕੋ ਵੇਲੇ ਨਾਰੀ ਸਿਰਜਕ ਵੀ ਹੈ ਤੇ ਦੁਰਗਾ ਵੀ ਪਰ ਸਮਾਜ ਦੀਆਂ ਰੋਕਾਂ ਅਤੇ ਔਰਤ ਪ੍ਰਤੀ ਨਜ਼ਰੀਆ ਉਸ ਨੂੰ ਦੁਰਗਾ ਬਣਨ ਲਈ ਮਜਬੂਰ ਕਰਦਾ ਹੈ। ਉਸਨੂੰ ਮਰਿਆਦਾ ਦੇ ਆਰਿਆਂ ਵਿਚ ਚੀਰਿਆ ਜਾਂਦਾ ਹੈ। ਮਿਥਿਹਾਸ ਵਿਚ ਦਰੋਪਤੀ ਬੇਇੱਜ਼ਤ ਹੋਈ, ਸੀਤਾ ਨੂੰ ਅਗਨੀ ਪ੍ਰੀਖਿਆ ਦੇਣੀ ਪਈ ਤੇ ਅੱਜ ਵੀ ਔਰਤ ਬੇਤਹਾਸ਼ਾ ਜ਼ੁਲਮਾਂ ਦੀ ਸ਼ਿਕਾਰ ਹੈ ਪਰ ਅੱਜ ਦੇ ਕਲਯੁਗੀ ਸਮਾਜ ਵਿਚ ਕੋਈ ਵੀ ਨਗਨ ਦਰੋਪਤੀਆਂ ਦੀ ਪੁਕਾਰ ਨਹੀਂ ਸੁਣਦਾ ਤੇ ਨਾ ਹੀ ਸੀਤਾਵਾਂ ਨੂੰ ਸਮਾਉਣ ਲਈ ਧਰਤੀ ਪਾਟਦੀ ਹੈ:

ਹੁਣ ਤਾਂ ਹਵਾ ਵੀ ਨਹੀਂ ਸੁਣਦੀ
ਨਗਨ ਦਰੋਪਤੀਆਂ ਦਾ ਰੁਦਨ
ਹੁਣ ਤਾਂ ਧਰਤ ਵੀ ਨਾ ਪਾਟਦੀ
ਨਿਰਦੋਸ਼ ਸੀਤਾਵਾਂ ਨੂੰ ਸਮਾਉਣ ਲਈ।[13]

ਮਨੁੱਖ ਅੱਜ ਦੇ ਸਮੇਂ ਵਿਚ ਵੀ ਕਈ ਕਰਮ-ਕਾਂਡੀ ਵਿਹਾਰਾਂ ਵਿਚ ਫਸਿਆ ਹੋਇਆ ਹੈ। ਇਹ ਕਰਮ-ਕਾਂਡ ਸਮਾਜਿਕ ਵੀ ਹਨ ਅਤੇ ਧਾਰਮਿਕ ਵੀ। ਪਿਤਰਾਂ, ਬੁੱਤਾਂ ਨੂੰ ਪੂਜਣਾ ਤੇ ਉਹਨਾਂ ਦੀਆਂ ਘਸੀਆਂ-ਪਿਟੀਆਂ ਰਵਾਇਤਾਂ ਅੱਜ ਵੀ ਸਾਡੇ ਜੀਵਨ ਦਾ ਅਹਿਮ ਅੰਗ ਬਣੀਆਂ ਹੋਈਆਂ ਹਨ ਅਤੇ ਇਹਨਾਂ ਦੀ ਪਰਿਕਰਮਾ ਕਰਦਿਆਂ ਹੀ ਮਨੁੱਖ ਆਪਣਾ ਸਾਰਾ ਜੀਵਨ ਲੰਘਾ ਦਿੰਦਾ ਹੈ। ਉਹ ਇਹਨਾਂ ਸੰਸਕਾਰਾਂ ਵਿਚ ਘੁੱਟ-ਘੁੱਟ ਕੇ ਜਿਉਣ ਨੂੰ ਹੀ ਜੀਵਨ ਮੰਨੀ ਬੈਠਾ ਹੈ:

ਅਸੀਂ ਰਵਾਇਤਾਂ ਦੀ ਗੁਲਾਮੀ ਦੇ ਜਸ਼ਨ ਮਨਾਉਂਦੇ
ਅੱਖਾਂ 'ਤੇ ਪੱਟੀ ਬੰਨ ਕੇ ਮੇਲਾ ਵੇਖਦੇ
ਖੰਭਾਂ ਨੂੰ ਗਹਿਣੇ ਧਰ ਕੇ ਉੱਡਦੇ
ਤਿਲ ਤਿਲ ਮਰਨ ਨੂੰ ਜ਼ਿੰਦਗੀ ਆਖਦੇ।[14]

ਜਗਿਆਸਾ ਦੇ ਮਨ ਵਿਚ ਇਹ ਖ਼ਿਆਲ ਉਗਮਦਾ ਹੈ ਕਿ ਜੇਕਰ ਮਨੁੱਖ ਭਟਕਣ ਖ਼ਤਮ ਹੋ ਜਾਵੇ ਤਾਂ ਉਹ ਸੰਪੂਰਨ ਹੋ ਜਾਵੇ। ਇਸ ਨਾਲ ਉਸਦੀ ਸੁੱਚੇ ਮੋਤੀਆਂ ਦੀ ਉਡੀਕ ਖ਼ਤਮ ਹੋ ਜਾਵੇਗੀ ਪਰੰਤੂ ਇਸ ਸੰਪੂਰਨਤਾ ਤੋਂ ਬਾਅਦ ਵੀ ਤਾਂ ਮਨੁੱਖ ਆਪਣੇ ਮਾਰਗ ਤੋਂ ਥਿੜਕ

ਸਕਦਾ ਹੈ। ਜਿਵੇਂ ਰਿਸ਼ੀ ਮੁਨੀ ਤੇ ਦੇਵਤੇ ਵੀ ਤਾਂ ਮੁਕੰਮਲ ਹੁੰਦੇ ਹੋਏ ਵੀ ਕਿਸੇ ਅਪਸਰਾ ਦਾ ਰੂਪ ਦੇਖ ਕੇ ਡਗਮਗਾ ਜਾਂਦੇ ਸਨ। ਉੱਤਰ ਵਿਚ ਗੁਰੂਦੇਵ ਕਹਿੰਦੇ ਹਨ ਕਿ ਜੇ ਮਨੁੱਖ ਨਿੱਕੀਆਂ-ਨਿੱਕੀਆਂ ਨਾਸ਼ਵਾਨ ਚੀਜ਼ਾਂ ਨੂੰ ਵੇਖ ਕੇ ਭਟਕ ਜਾਵੇਗਾ ਤਾਂ ਉਸਦੀ ਸੱਚ ਤਕ ਪਹੁੰਚਣ ਦੀ ਯਾਤਰਾ ਵਿਚ ਖ਼ਲਲ ਜ਼ਰੂਰ ਪਵੇਗਾ ਪਰ ਜੇ ਮਨ ਵਿਚ ਮਿਲਾਪ ਦੀ ਤਾਂਘ ਹੋਵੇਗੀ ਤਾ ਪੈਰਾਂ ਨੂੰ ਆਪ ਹੀ ਰਾਹ ਮਿਲ ਪੈਂਦੇ ਹਨ। ਅਸਲ ਸੱਚ ਲਈ ਅੰਤਰ ਧਿਆਨ ਹੋਣ ਦੇ ਰਾਹ ਵਿਚ ਮਨੁੱਖ ਦੀਆਂ ਸੋਚਾਂ ਵਿਚ ਦੁਨੀਆ ਦੇ ਵਰਤਾਰੇ ਦੁੱਖ-ਸੁੱਖ ਤੇ ਕਈ ਹੋਰ ਲਾਲਸਾਵਾਂ ਕੰਧਾਂ ਬਣ ਕੇ ਰੁਕਾਵਟ ਪਾਉਣ ਦੀ ਕੋਸ਼ਿਸ਼ ਕਰਦੀਆਂ ਹਨ ਪਰੰਤੂ ਤੀਜਾ ਨੇਤਰ ਸਾਡੀ ਦ੍ਰਿਸ਼ਟੀ, ਸਾਡੀ ਅੰਤਰ ਆਤਮਾ ਵਿਚੋਂ ਹੀ ਖੁੱਲਦਾ ਹੈ ਅਤੇ ਲੋੜ ਹੈ ਸਿਰਫ਼ ਬਾਹਰੀ ਪਸਾਰੇ ਵਿਚ ਵਿਚਰਦੇ ਹੋਏ ਅੰਦਰਲੀ ਦੁਨੀਆ ਵੱਲ ਨੂੰ ਸਫ਼ਰ ਕਰਨ ਦੀ। ਇਹ ਸਫ਼ਰ ਉਦੋਂ ਹੀ ਸਫ਼ਲਤਾ ਪੂਰਵਕ ਆਰੰਭ ਹੋ ਸਕਦਾ ਹੈ, ਜਦੋਂ ਅਸੀਂ ਵਰਤਮਾਨ ਬਿੰਦੂ 'ਤੇ ਰਹਿ ਕੇ ਉਸਨੂੰ ਜੀਣ ਦੇ ਕਾਬਿਲ ਹੋਵਾਂਗੇ। ਦੁਨੀਆ ਦੀ ਫੁਲਵਾੜੀ ਵਿਚ ਜ਼ਿੰਦਗੀ ਰੂਪੀ ਫੁੱਲ ਤਾਂ ਹੀ ਖਿੜ ਸਕੇਗਾ:

ਗਮਲੇ 'ਚ ਖਿੜੇ ਗੁਲਾਬ ਤੋਂ ਵੀ ਪਿਆਰਾ
ਇੱਕ ਫੁੱਲ ਜੋ ਤੇਰੇ ਸੀਨੇ 'ਚ ਖਿੜਿਆ
ਹੁਣ ਦੇ ਪਲ
ਤੂੰ ਇਸਦੀ ਮਹਿਕ ਸੰਭਾਲ ਕੇ ਰੱਖੀਂ।[15]

ਮਨੁੱਖ ਦੀ ਭਟਕਣ ਉਸਦੀ ਪਦਾਰਥਵਾਦੀ ਰੁਚੀ ਕਾਰਨ ਵੱਧਦੀ ਜਾਂਦੀ ਹੈ। ਉਹ ਕੁਦਰਤ ਵੱਲੋਂ ਮੂੰਹ ਮੋੜ ਕੇ ਭਰਮ ਪੈਦਾ ਕਰਨ ਵਾਲੀ ਚਕਾਚੌਂਧ ਪਿੱਛੇ ਫਿਰਦਾ ਰਹਿੰਦਾ ਹੈ। ਵਸਤਾਂ ਵਿਚੋਂ ਸੁੱਖ ਲੱਭਦਾ-ਲੱਭਦਾ ਉਹ ਅਸਲ ਸੁੱਖ ਨੂੰ ਪਾਉਣ ਵਾਲੀਆਂ ਰਾਹਵਾਂ ਨੂੰ ਪਿੱਛੇ ਛੱਡ ਜਾਂਦਾ ਹੈ, ਜੋ ਉਸਦੀ ਦਿਸ਼ਾਹੀਣਤਾ ਦਾ ਕਾਰਨ ਬਣਦਾ ਹੈ:

ਹੱਟੀਆਂ ਤੋਂ
ਸੁੱਖਾਂ ਦੀ ਪਰਿਭਾਸ਼ਾ ਖਰੀਦਦੇ
ਖ਼ੁਦ ਨੂੰ ਵੇਚ ਆਉਂਦੇ ਹਾਂ।[16]

ਮੁਨਾਫਾ ਕੇਂਦਰਿਤ ਅਜੋਕੇ ਯੁੱਗ ਵਿਚ ਸਮਾਜਕ ਕਦਰਾਂ-ਕੀਮਤਾਂ ਨੂੰ ਢਾਹ ਲੱਗੀ ਹੈ। ਮਨੁੱਖ ਵਿਚ ਮਾਨਵੀ ਗੁਣ ਦਿਨੋਂ-ਦਿਨ ਘੱਟ ਰਹੇ ਹਨ। ਗਰਜ ਆਧਾਰਿਤ ਰਿਸ਼ਤਿਆਂ ਵਿਚ ਦਿਖਾਵੇ ਦੀ ਪ੍ਰਧਾਨਤਾ ਵੱਧ ਰਹੀ ਹੈ, ਜਿਸ ਦੇ ਸਿਟੇ ਵਜੋਂ ਮਨੁੱਖ ਦੂਹਰੇ ਚਿਹਰਿਆਂ ਵਿਚ

ਵਿਚਰ ਰਹੇ ਹਨ। ਰਿਸ਼ਤਿਆਂ ਵਿਚਲੀ ਸਦਭਾਵਨਾ ਖਤਮ ਹੋਣ ਨਾਲ ਦੁੱਖ-ਦਰਦ ਵੰਡਾਉਣ ਵਾਲੀਆਂ ਸਾਂਝਾਂ ਵੀ ਵਿਸਰ ਗਈਆਂ ਹਨ। ਦੂਹਰੇ ਚਿਹਰੇ ਵਾਲਿਆਂ ਦੀ ਇਹ ਭੀੜ ਇੰਨੀ ਸੰਘਣੀ ਹੈ ਕਿ ਇੱਕ ਪੈਰ ਤੋਂ ਦੂਜੇ ਪੈਰ ਦਾ ਫਾਸਲਾ ਬਹੁਤ ਘੱਟ ਹੈ ਪਰ ਦਿਲਾਂ ਵਿਚ ਇੰਨੀ ਦੂਰੀ ਹੈ ਕਿ ਕੋਲ ਬੈਠਿਆਂ ਵੀ ਨੇੜਤਾ ਨਹੀਂ:

ਭੀੜ ਵਿਚ
ਸਿਰਾਂ ਤੋਂ ਸਿਰਾਂ ਤਕ ਦੂਰੀ ਨਾ ਮਾਤਰ
ਦਿਲਾਂ ਤੋਂ ਦਿਲਾਂ ਵਿਚਲਾ ਕੋਹਾਂ ਦਾ ਫਾਸਲਾ
ਇੱਕ ਦੂਜੇ ਨੂੰ ਮਿੱਧਣ ਦੀ ਕਾਹਲ ‘ਚ
ਵਿਹਲ ਨਹੀਂ ਮਰਨ ਦੀ ਵੀ।[17]

ਬੰਦੇ ਕੋਲ ਰੁਝੇਵਾਂ ਇਸ ਲਈ ਇੰਨਾਂ ਜ਼ਿਆਦਾ ਹੈ ਕਿਉਂਕਿ ਭੁੱਖ ਅਸੀਮ ਹੈ। ਉਹ ਭੁੱਖ ਨੂੰ ਤ੍ਰਿਪਤ ਕਰਨ ਲਈ ਹੀ ਦੌੜਿਆ ਫਿਰਦਾ ਹੈ ਪਰੰਤੂ ਕਿਸੇ ਇੱਕ ਚੀਜ਼ ਜਾਂ ਆਸ਼ੇ ਦੀ ਤ੍ਰਿਪਤੀ ਤੋਂ ਬਾਅਦ ਅਗਲੇ ਦੀ ਆਸ ਲਾ ਲੈਂਦਾ ਹੈ ਤੇ ਇਹ ਸਿਲਸਿਲਾ ਖ਼ਤਮ ਹੀ ਨਹੀਂ ਹੁੰਦਾ ਕਿਉਂਕਿ ਜੇ ਮਨੁੱਖ ਆਪਣੀਆਂ ਲੋੜਾਂ ਦੀ ਪੂਰਤੀ ਲਈ ਹੀ ਯਤਨ ਕਰੇ ਤਾਂ ਉਸਨੂੰ ਇੰਨੇ ਸੰਘਰਸ਼ ਦੀ ਲੋੜ ਨਹੀਂ ਪਰੰਤੂ ਲੋੜ ਤ੍ਰਿਸ਼ਨਾ ਵਿਚ ਬਦਲਦੀ ਹੈ ਤਾਂ ਭੁੱਖ ਅਸੀਮਤ ਹੋ ਜਾਂਦੀ ਹੈ।

ਸਾਰੇ ਕਾਵਿ-ਸੰਗ੍ਰਹਿ ਵਿਚ ਮਨੁੱਖ ਦੀ ਭਟਕਣ ਵਿਦਮਾਨ ਰਹਿੰਦੀ ਹੈ। ਆਪਣੀ ਹੋਂਦ ਨੂੰ ਪਛਾਣਨ ਉੱਪਰ ਬਲ ਦਿੰਦਿਆਂ ਕਵੀ ਅਸਲ ਸੱਚ ਦੀ ਤਲਾਸ਼ ਕਰਨ ਲਈ ਆਪਣੇ ਅੰਦਰ ਝਾਤ ਮਾਰਨ ’ਤੇ ਜ਼ੋਰ ਦਿੰਦਾ ਹੈ ਪਰ ਸਮਾਜਿਕ ਬੇੜੀਆਂ ਬੰਦੇ ਨੂੰ ਅਜਿਹਾ ਕਰਨ ਤੋਂ ਰੋਕਦੀਆਂ ਹਨ, ਜਿਸ ਕਾਰਨ ਮਨੁੱਖ ਬਾਹਰੀ ਦਿਖਾਵਿਆਂ ਵਿਚ ਹੀ ਉਲਝਿਆ ਰਹਿੰਦਾ ਹੈ। ਜਦੋਂ ਬਣੀਆਂ ਬਣਾਈਆ ਰਾਹਵਾਂ ਨੂੰ ਪਾਸੇ ਕਰਕੇ ਆਪਣਾ ਰਾਹ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਤਾਂ ਵਿਰੋਧ ਦਾ ਸਾਹਮਣਾ ਕਰਨਾ ਹੀ ਪਵੇਗਾ:

ਤੈਅਸ਼ੁਦਾਂ ਰਾਹਾਂ ਨੂੰ ਤਿਆਗਣ ਵੇਲੇ
ਬਹੁਤ ਕੁਝ ਛਟਪਟਾਏਗਾ ਸਾਡੇ ਅੰਦਰ
ਪਰ ਧੜਕਦੇ ਭੂਚਾਲਾਂ ਦੇ ਸੀਨੇ ਅੰਦਰ ਹੀ
ਨਵੀਂ ਸਿਰਜਣਾ ਦੇ ਬੀਜ ਹੁੰਦੇ।[18]

ਜਗਿਆਸਾ ਨੂੰ ਸੰਵਾਦ ਵਿਚੋਂ ਜਦੋਂ ਅਸਲ ਸੱਚ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਸਾਰੇ ਸ਼ੰਕੇ ਮਿਟ ਜਾਂਦੇ ਹਨ। ਭਟਕਣ ਨੂੰ ਵੀ ਜਿਉਣ ਦਾ ਤਰੀਕਾ ਆ ਜਾਂਦਾ ਹੈ। ਅੰਦਰਲੇ ਵਿਸਮਾਦ ਵਿਚੋਂ ਬੰਦ ਦਰਵਾਜ਼ਿਆਂ ਦੇ ਜਿੰਦਰੇ ਅਤੇ ਬੇਤਰਤੀਬ ਉਲਝਣਾਂ ਰੂਪੀ ਗੰਢਾਂ ਵੀ ਖੁੱਲ ਜਾਂਦੀਆਂ ਹਨ। ਅਸਲ ਸੱਚ ਦਾ ਕੋਈ ਸਥੂਲ ਅਕਾਰ ਜਾਂ ਰੂਪ ਨਹੀਂ ਹੈ, ਉਹ ਨਿਰਾਕਾਰ, ਜੋ ਘਟ-ਘਟ ਵਿਚ ਸਮਾਇਆ ਹੋਇਆ ਹੈ, ਭਟਕਣ ਅਤੇ ਸੰਵਾਦ ਵਿਚੋਂ ਹੀ ਪ੍ਰਾਪਤ ਹੋਵੇਗਾ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਦਰਸ਼ਨ ਬੁੱਟਰ ਦਾ ਕਾਵਿ-ਸੰਗ੍ਰਹਿ **ਮਹਾਂਕੰਬਣੀ** ਸੱਚਮੁੱਚ ਹੀ ਕੰਬਣੀ ਛੇੜਦਾ ਹੈ, ਜਿਸ ਵਿਚ ਸ਼ਾਸਤ੍ਰਾਰਥ ਰੂਪੀ ਸੰਵਾਦ ਰਾਗ ਰਾਹੀਂ ਨਿਰਹੋਂਦ ਤੋਂ ਹੋਂਦ, ਚਿੰਤਾ ਤੋਂ ਚੇਤਨਾ, ਅੰਤਰੀ ਤੇ ਬਾਹਰੀ ਯਥਾਰਥ, ਦਾਰਸ਼ਨਿਕ ਵਿਚਾਰ, ਕਾਦਰ ਤੇ ਕੁਦਰਤ ਦਾ ਮਹੱਤਵ ਆਦਿ ਸੰਵੇਦਨਸ਼ੀਲ ਵਿਚਾਰ ਦ੍ਰਿਸ਼ਟੀਗੋਚਰ ਹੁੰਦੇ ਹਨ।

## ਹਵਾਲੇ ਟਿੱਪਣੀਆਂ

1. ਰਾਜਿੰਦਰ ਪਾਲ ਸਿੰਘ ਬਰਾੜ, **ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ,** ਪੰਜਾਬੀ ਅਕਾਦਮੀ, ਦਿੱਲੀ, 2018, ਪੰਨਾ-229
2. ਦਰਸ਼ਨ ਬੁੱਟਰ, **ਮਹਾਂਕੰਬਣੀ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009 ਪੰਨਾ-52
3. **ਉਹੀ**, ਪੰਨਾ-53
4. **ਉਹੀ**, ਪੰਨਾ-9
5. **ਉਹੀ**, ਪੰਨਾ-13
6. **ਉਹੀ**, ਪੰਨਾ-21
7. **ਉਹੀ**, ਪੰਨਾ-23
8. **ਉਹੀ**, ਪੰਨਾ-27
9. **ਉਹੀ**, ਪੰਨਾ-37
10. **ਉਹੀ**, ਪੰਨਾ-45
11. **ਉਹੀ**, ਪੰਨਾ-47
12. ਦਵਿੰਦਰ ਸਿੰਘ, **ਇੱਕੀਵੀ ਸਦੀ ਦੇ ਪਹਿਲੇ ਦਹਾਕੇ ਦੀ ਪੰਜਾਬੀ ਕਵਿਤਾ: ਉਤਰ-ਸੰਰਚਨਾਵਾਦੀ ਅਧਿਐਨ (ਮਨਮੋਹਨ, ਜਸਵੰਤ**

**ਦੀਦ, ਦਰਸ਼ਨ ਬੁੱਟਰ, ਜਸਵੰਤ ਜ਼ਫ਼ਰ ਅਤੇ ਦੇਵਨੀਤ ਦੇ ਸੰਦਰਭ ਵਿਚ)**, (ਅਣਪ੍ਰਕਾਸ਼ਿਤ ਖੋਜ-ਪ੍ਰਬੰਧ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2024, ਪੰਨਾ-446

13. ਦਰਸ਼ਨ ਬੁੱਟਰ, **ਮਹਾਂਕੰਬਣੀ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨਾ-59
14. **ਉਹੀ**, ਪੰਨਾ-63
15. **ਉਹੀ**, ਪੰਨਾ-73
16. **ਉਹੀ**, ਪੰਨਾ-75
17. **ਉਹੀ**, ਪੰਨਾ-84
18. **ਉਹੀ**, ਪੰਨਾ-89

# ਸਾਹਿਤ

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509

**ਪੰਜਾਬੀ ਗ਼ਜ਼ਲ ਦਾ ਸਿਪਾਹਸਾਲਾਰ: ਤਜੱਮਲ ਕਲੀਮ** (Page 142 to 146)

# ਪੰਜਾਬੀ ਗ਼ਜ਼ਲ ਦਾ ਸਿਪਾਹਸਾਲਾਰ: ਤਜੱਮਲ ਕਲੀਮ



ਜਸਪਾਲ ਘਈ

+91 99150-99926

ਤਜੱਮਲ ਕਲੀਮ ਲਹਿੰਦੇ ਪੰਜਾਬ ਦਾ ਅਜਿਹਾ ਨਾਮਵਰ ਸ਼ਾਇਰ ਹੋਇਆ ਹੈ, ਜਿਸ ਦੀ ਮਕਬੂਲੀਅਤ ਭੂਗੋਲਿਕ ਹੱਦਾਂ-ਬੰਨੇ ਟੱਪ ਕੇ ਲਹਿੰਦੇ, ਚੜ੍ਹਦੇ ਪੰਜਾਬ ਤੋਂ ਇਲਾਵਾ ਵਿਦੇਸ਼ੀਂ ਵਸਦੇ ਤੀਜੇ ਪੰਜਾਬ ਤਕ ਫੈਲ ਗਈ ਸੀ। ਅੱਜ ਵੀ ਉਹ ਪੰਜਾਬੀ ਅਦਬ ਓ ਸਕਾਫ਼ਤ ਨੂੰ ਪਿਆਰ ਕਰਨ ਵਾਲੇ ਹਰ ਪੰਜਾਬੀਆਂ ਦੇ ਦਿਲਾਂ ਵਿਚ ਵਸਦਾ ਹੈ ਅਤੇ ਉਸ ਦੇ ਸ਼ਿਅਰ ਮਾਂ ਬੋਲੀ ਪੰਜਾਬੀ ਦੀ ਸਾਹਿਤਕ ਸਮਰਥਾ ਦਾ ਪਰਚਮ ਲਹਿਰਾਉਂਦੇ ਹੋਏ ਐਲਾਨ ਕਰਦੇ ਹਨ ਕਿ ਪੰਜਾਬੀ ਗ਼ਜ਼ਲ ਕਿਸੇ ਵੀ ਹੋਰ ਜ਼ਬਾਨ ਦੀ ਗ਼ਜ਼ਲ ਨਾਲੋਂ ਪਿੱਛੇ ਨਹੀਂ। ਉਸ ਦੇ ਕਲਾਮ ਵਿਚ ਸ਼ੋਖ਼ੀ ਵੀ ਹੈ, ਸਾਦਗੀ ਵੀ ਹੈ। ਉਸ ਦੀ ਕਾਵਿ ਭਾਸ਼ਾ ਕਲਾਤਮਿਕ ਬਰੀਕੀਆਂ ਅਤੇ ਕਾਵਿ-ਸੁਹਜ ਦੇ ਨਗੀਨਿਆਂ ਨਾਲ ਜੜੀ ਹੋਣ ਦੇ ਬਾਵਜੂਦ ਵੱਡੀ ਤੋਂ ਵੱਡੀ ਅਤੇ ਗੁੰਝਲਦਾਰ ਤੋਂ ਗੁੰਝਲਦਾਰ ਗੱਲ ਨੂੰ ਵੀ ਬੜੀ ਸਹਿਜਤਾ ਨਾਲ ਆਖਣ ਦੇ ਸਮਰੱਥ ਹੈ। ਉਸ ਦੀ ਸ਼ਾਇਰੀ ਗ਼ਮ-ਏ-ਹਿਜਰਾਂ ਤੋਂ ਗ਼ਮ-ਏ-ਦੌਰਾਂ ਤਕ ਦੀ ਸ਼ਾਇਰੀ ਹੈ ਜੋ ਸਵੈ ਤੋਂ ਸਰਬ ਤਕ ਦਾ ਸਫ਼ਰ ਕਰਦੀ ਹੋਈ ਨਿੱਜ-ਪੀੜਾ ਤੇ ਲੋਕ-ਪੀੜਾ ਨੂੰ ਇੰਞ ਆਪਣੇ ਕਲਾਵੇ ਵਿਚ ਲੈਂਦੀ ਹੈ ਕਿ ਦੋਵੇਂ ਪੀੜਾਂ ਇਕਮਿਕ ਹੋ ਜਾਂਦੀਆਂ ਹਨ।

ਤਜੱਮਲ ਕਲੀਮ ਦਾ ਜਨਮ 26 ਮਾਰਚ 1960 ਨੂੰ ਚੂਨ੍ਹੀਆਂ ਜ਼ਿਲ੍ਹਾ ਕਸੂਰ ਵਿਚ ਮੁਹੰਮਦ ਸ਼ਫ਼ੀ ਦੇ ਘਰ ਹੋਇਆ। ਨਿੱਕੀ ਉਮਰੇ ਯਤੀਮਤ ਹੰਢਾਉਣੀ ਪਈ। ਹਾਲਾਤ ਨੇ ਉਸ ਨੂੰ ਬਚਪਨ ਵਿਚ ਹੀ ਜਵਾਨ ਕਰ ਦਿੱਤਾ। ਘਰ ਦਾ ਤੋਰਾ ਤੋਰਨ ਲਈ ਮਿਹਨਤ ਮਜ਼ਦੂਰੀ ਕਰਨੀ ਪਈ, ਪਰ ਆਪਣੀ ਪੜ੍ਹਾਈ ਜਾਰੀ ਰੱਖੀ। ਬਾਰਾਂ ਜਮਾਤਾਂ ਪੜ੍ਹ ਕੇ ਮਹਿਕਮਾ ਤਾਲੀਮ ਦੇ ਨਾਨ-ਟੀਚਿੰਗ ਅਮਲੇ ਵਿਚ ਇਕ ਕਲਰਕ ਵਜੋਂ ਨੌਕਰੀ ਕਰ ਲਈ। ਤਜੱਮਲ ਕਲੀਮ ਦੇ ਗੂੜ੍ਹੇ ਮਿੱਤਰ ਅਤੇ ਪੰਜਾਬੀ ਸ਼ਾਇਰ ਹਰਮੀਤ ਵਿਦਿਆਰਥੀ ਦੇ ਸ਼ਬਦਾਂ ਵਿਚ "ਜ਼ਿੰਦਗੀ ਦੀਆਂ ਤਲਖ਼ੀਆਂ ਅਤੇ ਸਖ਼ਤੀਆਂ ਨੇ ਤਜੱਮਲ ਨੂੰ ਅੱਖਰਾਂ ਨਾਲ ਮੁਹੱਬਤ ਕਰਨੀ ਸਿਖਾ ਦਿੱਤੀ। ਉਹ ਉਰਦੂ ਵਿਚ ਗ਼ਜ਼ਲ ਕਹਿਣ ਲੱਗ ਪਿਆ। 1990 ਵਿਚ ਮੁਨੀਰ ਨਿਆਜ਼ੀ ਨੇ ਇਕ ਇੰਟਰਵਿਊ ਵਿਚ ਜਦ ਇਹ ਕਿਹਾ ਕਿ ਪੰਜਾਬੀ ਗ਼ਜ਼ਲ ਦੀ ਜ਼ਬਾਨ ਨਹੀਂ ਹੈ ਤਾਂ ਤਜੱਮਲ ਪੰਜਾਬੀ ਵੱਲ ਮੁੜ ਆਇਆ। ਮੁਨੀਰ ਨਿਆਜ਼ੀ ਦੇ ਮਿਹਣੇ ਦਾ ਜਵਾਬ ਤਜੱਮਲ ਨੇ ਆਪਣੀ ਕਲਮ ਨਾਲ ਦਿੱਤਾ।"

ਤਜੱਮਲ ਕਲੀਮ ਨੇ ਉਰਦੂ ਦੇ ਇਸ ਸ਼ਾਇਰ ਦੇ ਇਸ ਬਿਆਨ ਨੂੰ ਇਕ ਚੁਣੌਤੀ ਦੇ ਰੂਪ ਵਿਚ ਸਵੀਕਾਰਿਆ। ਉਸ ਨੇ ਉਰਦੂ ਵਿਚ ਗ਼ਜ਼ਲ ਲਿਖਣੀ ਬੰਦ ਕਰ ਦਿੱਤੀ ਅਤੇ ਆਪਣਾ

ਸਾਰਾ ਧਿਆਨ ਪੰਜਾਬੀ ਗ਼ਜ਼ਲ ਉੱਪਰ ਕੇਂਦਰਿਤ ਕੀਤਾ। ਉਸ ਨੇ ਸਾਰੀ ਹਯਾਤੀ ਸਿਰਫ਼ ਪੰਜਾਬੀ ਗ਼ਜ਼ਲ ਹੀ ਲਿਖੀ। ਉਸ ਦੇ ਪਹਿਲੇ ਗ਼ਜ਼ਲ ਪਰਾਗੇ 'ਬਰਫ਼ਾਂ ਹੇਠ ਤੰਦੂਰ' ਨੂੰ ਹੀ ਪੰਜਾਬੀ ਪਿਆਰਿਆਂ ਦਾ ਐਨਾ ਹੁੰਗਾਰਾ ਮਿਲਿਆ ਕਿ ਉਸ ਨੂੰ ਉਸਤਾਦ ਗ਼ਜ਼ਲਕਾਰਾਂ ਵਿਚ ਸ਼ੁਮਾਰ ਕੀਤਾ ਜਾਣ ਲੱਗਾ ਅਤੇ ਉਸ ਨੂੰ ਆਲਮੀ ਪੱਧਰ ਦੀ ਮਕਬੂਲੀਅਤ ਮਿਲਣੀ ਸ਼ੁਰੂ ਹੋ ਗਈ।

ਇਸ ਤੋਂ ਬਾਅਦ ਉਸ ਦੇ ਉਸ ਦੇ ਗ਼ਜ਼ਲ ਪਰਾਗੇ ਲਗਾਤਾਰ ਛਪਦੇ ਗਏ, ਜਿਨ੍ਹਾ ਦੀ ਬਦੌਲਤ ਤਜੱਮਲ ਕਲੀਮ ਦਾ, ਪੰਜਾਬੀ ਗ਼ਜ਼ਲ ਦਾ ਅਤੇ ਮਾਂ ਬੋਲੀ ਪੰਜਾਬੀ ਦਾ ਕੱਦ ਲਗਾਤਾਰ ਬੁਲੰਦ ਹੁੰਦਾ ਗਿਆ। ਸੋਸ਼ਲ ਮੀਡੀਆ ਨੇ ਉਸ ਨੂੰ ਉਸ ਦੇ ਪਾਠਕਾਂ ਦੇ ਹੋਰ ਨੇੜੇ ਕੀਤਾ ਅਤੇ ਹਿੰਦੋਸਤਾਨ ਤੇ ਆਸਟ੍ਰੇਲੀਆ ਵਿਚਲੇ ਮੁਸ਼ਾਇਰਿਆਂ ਵਿਚ ਸ਼ਿਰਕਤ ਕਰ ਕੇ ਉਸ ਨੇ ਖ਼ੂਬ ਦਾਦ ਵਸੂਲੀ ਅਤੇ ਉਸ ਦੇ ਪ੍ਰਸ਼ੰਸਕਾਂ ਦਾ ਦਾਇਰਾ ਵਸੀਹ ਦਰ ਵਸੀਹ ਹੁੰਦਾ ਗਿਆ।

ਤਜੱਮਲ ਕਲੀਮ ਦੀਆਂ ਛੇ ਕਿਤਾਬਾਂ : ਬਰਫ਼ਾਂ ਹੇਠ ਤੰਦੂਰ, ਹਾਣ ਦੀ ਸੂਲੀ, ਵਿਹੜੇ ਦਾ ਰੁੱਖ, ਚੀਕਦਾ ਮੰਜ਼ਰ, ਲੈ ਦੱਸ ਅਤੇ ਲਫ਼ਜ਼ਾਂ ਦੇ ਦੰਦ ਲਹਿੰਦੇ ਪੰਜਾਬ ਵਿਚ ਛਪੀਆਂ। ਚੜ੍ਹਦੇ ਪੰਜਾਬ ਵਿਚ ਉਸ ਦੀਆਂ ਤਿੰਨ ਕਿਤਾਬਾਂ : ਕਮਾਲ ਕਰਦੇ ਓ ਬਾਦਸ਼ਾਹੋ, ਗ਼ਜ਼ਲ ਧਮਾਲਾਂ ਪਾਵੇ ਅਤੇ ਯਾਰ ਕਲੀਮਾ ਗੁਰਮੁਖੀ ਲਿੱਪੀ ਵਿਚ ਛਪੀਆਂ ਹਨ। 'ਯਾਰ ਕਲੀਮਾ' ਵਿਚ ਉਸ ਦਾ ਸਮੁੱਚਾ ਕਲਾਮ ਹੈ। ਇਸ ਕਿਤਾਬ ਵਿਚ ਉਸ ਦੀਆਂ ਗ਼ਜ਼ਲਾਂ ਤੋਂ ਇਲਾਵਾ ਚੌਮਿਸਰੇ ਅਤੇ ਬੋਲੀਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ।

ਵਧੀਆ ਸ਼ਾਇਰੀ ਦੀਆਂ ਦੋ ਨਿਸ਼ਾਨੀਆਂ ਮੰਨੀਆਂ ਗਈਆਂ ਹਨ : ਪਹਿਲੀ ਇਹ ਕਿ ਪੜ੍ਹਨ/ਸੁਣਨ ਵਾਲੇ ਨੂੰ ਇਉਂ ਲੱਗਣ ਲੱਗ ਪਵੇ ਕਿ ਸ਼ਾਇਰ ਆਪਣੀ ਗੱਲ ਨਹੀਂ ਕਰ ਰਿਹਾ ਸਗੋਂ ਉਸ ਦੀ ਗੱਲ ਕਰ ਰਿਹਾ ਹੈ। ਤੇ ਦੂਜੀ ਇਹ ਕਿ ਉਸ ਨੂੰ ਸ਼ਿੱਦਤ ਨਾਲ ਮਹਿਸੂਸ ਹੋਵੇ ਕਿ ਆਪਣੀ ਗੱਲ ਉਹ ਐਨੀ ਵਧੀਆ ਤਰ੍ਹਾਂ ਨਾਲ ਬਿਆਨ ਨਹੀਂ ਸੀ ਕਰ ਸਕਦਾ, ਜਿੰਨੀ ਵਧੀਆ ਤਰ੍ਹਾਂ ਨਾਲ ਸ਼ਾਇਰ ਨੇ ਉਸ ਦੀ ਗੱਲ ਨੂੰ ਬਿਆਨ ਕਰ ਦਿੱਤਾ ਹੈ। ਅਜਿਹੀ ਸ਼ਾਇਰੀ ਹੀ ਲੋਕਾਂ 'ਚ ਮਕਬੂਲ ਹੁੰਦੀ ਹੈ ਅਤੇ ਅਜਿਹਾ ਸ਼ਾਇਰ ਹੀ ਲੋਕਾਂ ਦਾ ਮਹਿਬੂਬ ਸ਼ਾਇਰ ਬਣਦਾ ਹੈ। ਤਜੱਮਲ ਕਲੀਮ ਦੀ ਸ਼ਾਇਰੀ ਵਿਚ ਇਹ ਦੋਵੇਂ ਨਿਸ਼ਾਨੀਆਂ ਮਿਲਦੀਆਂ ਹਨ। ਇਸੇ ਕਰਕੇ ਉਸ ਦੀ ਸ਼ਾਇਰੀ ਮਨ ਨੂੰ ਟੁੰਬਦੀ, ਰੂਹ ਨੂੰ ਝੰਜੋੜਦੀ ਅਤੇ ਬੰਦੇ ਨੂੰ 'ਵਾਹ' ਕਹਿਣ 'ਤੇ ਮਜਬੂਰ ਕਰ ਦਿੰਦੀ ਹੈ। ਪੰਜਾਬੀ ਸ਼ਾਇਰ ਗੁਰਤੇਜ ਕੋਹਾਰਵਾਲਾ ਤਜੱਮਲ ਦੀ

ਸ਼ਾਇਰੀ ਬਾਰੇ ਲਿਖਦਾ ਹੈ ਕਿ "ਤਜੱਮਲ ਕਲੀਮ ਸੌਖੀ ਜ਼ਬਾਨ ਦਾ ਸ਼ਾਇਰ ਹੈ, ਪਰ ਉਸ ਦੀ ਸ਼ਾਇਰੀ ਸੌਖੀ ਨਹੀਂ। ਇਹ ਜ਼ਿੰਦਗੀ ਦੀਆਂ ਔਖਾਂ ਦਾ ਭਾਰ ਚੁੱਕੀ ਫਿਰਦੀ ਹੈ। ਇਸ ਵਿਚ ਤਲਖ਼ੀਆਂ ਤੇ ਮਹਿਰੂਮੀਆਂ ਉਦਾਸੀ ਦੇ ਕੋਲ ਗਾਉਂਦੀਆਂ ਹਨ। ਇਹ ਸ਼ਾਇਰੀ ਨੰਗੇ ਪੈਰਾਂ 'ਚ ਚੁਭਦੀਆਂ ਸੂਲਾਂ ਅਤੇ ਪੱਥਰ ਘੜਦਿਆਂ ਜ਼ਖ਼ਮੀ ਹੋਏ ਪੋਟਿਆਂ ਦਾ ਲਹੂ ਲਿਖਦੀ ਹੈ। ਛੋਟੇ ਛੋਟੇ ਮਿਸਰੇ ਤਜੱਮਲ ਕਲੀਮ ਦੀ ਖ਼ਾਸੀਅਤ ਹਨ, ਜੋ ਉਸ ਦੇ ਸ਼ਿਅਰਾਂ ਨੂੰ ਲੋਕ ਮੁਹਾਵਰੇ ਦੇ ਨੇੜੇ ਰੱਖਦੇ ਹਨ।"

ਲਹਿੰਦੇ ਪੰਜਾਬ ਦੇ ਇਕ ਅਦੀਬ ਖ਼ਾਲਿਦ ਅਰਮਾਨ ਅਨੁਸਾਰ 'ਤਜੱਮਲ ਕਲੀਮ ਆਪਣੀ ਤਖ਼ਲੀਕੀ ਜ਼ਬਾਨ ਦਾ ਅਜਿਹਾ ਹੁਕਮਰਾਨ ਹੈ ਜਿਸ ਦੇ ਲਈ ਸ਼ਿਅਰ-ਗੋਈ ਸ਼ਿਅਰ-ਤਲਬੀ ਏ। ਉਹ ਸ਼ਾਇਰੀ ਦੀ ਦੁਨੀਆ ਦੇ ਵੱਡੇ ਵੱਡੇ ਸ਼ਾਹ-ਸਵਾਰਾਂ ਦੀ ਟੱਕਰ ਦਾ ਸ਼ਾਇਰ ਏ।' ਲਹਿੰਦੇ ਪੰਜਾਬ ਦੇ ਇਕ ਹੋਰ ਅਦੀਬ ਅਨਵਰ ਮਸਊਦ ਦੇ ਵਿਚਾਰ ਅਨੁਸਾਰ 'ਕਲੀਮ ਦੀ ਹੁਨਰਮੰਦੀ ਤੇ ਮਜ਼ਮੂਨ ਆਫ਼ਰੀ ਉਸ ਦਾ ਕਮਾਲ ਏ। ਅਜੋਕੇ ਸਮੇਂ ਵਿਚ ਕਲੀਮ ਦੀ ਗ਼ਜ਼ਲ ਆਪਣੇ ਸੱਜਰੇਪਣ ਤੇ ਅਨੋਖੇਪਣ ਦੇ ਲਿਹਾਜ਼ ਨਾਲ ਵੱਖਰੀ ਤੇ ਗੁੱਝੀ ਨਾ ਰਹਿਣ ਵਾਲੀ ਗ਼ਜ਼ਲ ਏ।'

ਅਸਲ ਵਿਚ ਤਜੱਮਲ ਕਲੀਮ ਅਜਿਹਾ ਸ਼ਾਇਰ ਸੀ ਜਿਸ ਨੇ ਪੰਜਾਬੀ ਗ਼ਜ਼ਲ ਨੂੰ ਇਕ ਪਾਸੇ ਤਕਨੀਕੀ ਬਰੀਕੀਆਂ ਸਦਕਾ ਰਵਾਇਤੀ ਗ਼ਜ਼ਲ ਨਾਲ ਜੋੜੀ ਰੱਖਿਆ, ਦੂਜੇ ਪਾਸੇ ਮਜ਼ਮੂਨ ਪੱਖੋਂ ਜਦੀਦੀਅਤ ਦੇ ਰੰਗ 'ਚ ਰੰਗ ਕੇ ਇਸ ਦੇ ਦਾਇਰੇ ਨੂੰ ਵਸੀਹ ਵੀ ਕੀਤਾ। ਰਵਾਇਤ ਤੇ ਜਦੀਦੀਅਤ ਦਾ ਗੱਠਜੋੜ ਹੀ ਉਹ ਨੁਕਤਾ ਹੈ, ਜਿਸ ਨੂੰ ਮਰਕਜ਼ ਵਿਚ ਰੱਖ ਕੇ ਉਸ ਦੀ ਗ਼ਜ਼ਲ ਦਾ ਸਹੀ ਮੁਤਾਲਾ ਵੀ ਕੀਤਾ ਜਾ ਸਕਦਾ ਹੈ ਅਤੇ ਇਸ ਦਾ ਬਣਦਾ ਮੁੱਲ ਵੀ ਪਾਇਆ ਜਾ ਸਕਦਾ ਹੈ। ਇੰਝ ਕਲੀਮ ਦੀ ਸ਼ਾਇਰੀ ਰਵਾਇਤ ਅਤੇ ਜਦੀਦੀਅਤ ਵਿਚਕਾਰ ਉਹ ਪੁਲ ਹੈ ਜਿੱਥੋਂ ਉਸ ਦੀ ਗ਼ਜ਼ਲ ਸ਼ਿਅਰਕਾਰੀ ਦੇ ਨਵੇਂ ਅੰਬਰਾਂ ਵੱਲ ਉਡਾਣ ਭਰਦੀ ਨਜ਼ਰ ਆਉਂਦੀ ਹੈ।

ਤਜੱਮਲ ਕਲੀਮ ਦੇ ਮਜ਼ਾਮੀਨ ਨੂੰ ਮੋਟੇ ਰੂਪ ਵਿਚ ਦੋ ਹਿੱਸਿਆਂ ਵਿਚ ਤਕਸੀਮ ਕੀਤਾ ਜਾ ਸਕਦਾ ਹੈ: ਸ਼ਖ਼ਸੀ ਅਤੇ ਮੁਆਸ਼ਰਾਤੀ। ਮੁਹੱਬਤ ਅਜਿਹਾ ਮਜ਼ਮੂਨ ਏ, ਜਿਸ ਨੂੰ ਸ਼ਾਇਰੀ ਦਾ ਕਦੀਮੀ ਤੇ ਸਦਾਬਹਾਰ ਮਜ਼ਮੂਨ ਆਖਿਆ ਜਾ ਸਕਦਾ ਹੈ। ਕਲੀਮ ਦੀ ਸ਼ਾਇਰੀ ਦੇ ਬਹੁਤ ਵੱਡੇ ਹਿੱਸੇ 'ਤੇ ਇਹ ਮਜ਼ਮੂਨ ਫੈਲਿਆ ਹੋਇਆ ਹੈ। ਪਰ ਉਹ ਇਸ ਨੂੰ ਨਵੇਂ ਮੁਹਾਵਰੇ ਅਤੇ ਨਵੀਂ ਸੋਚ ਵਿਚ ਰੰਗ ਕੇ ਪੇਸ਼ ਕਰਦਾ ਹੈ। ਇਹੋ ਉਸ ਦੀ ਸ਼ਾਇਰੀ ਦਾ ਨਿਵੇਕਲਾਪਣ

ਹੈ। ਉਸ ਦੀ ਸ਼ਾਇਰੀ ਵਿਚਲਾ ਇਸ਼ਕ ਔਰਤ-ਮਰਦ ਦੀ ਜਿਸਮਾਨੀ ਤੇ ਰੂਹਾਨੀ ਕਸ਼ਿਸ਼ ਤੋਂ ਪਾਰ ਜ਼ਿੰਦਗੀ ਦੇ ਦੂਜੇ ਦਾਇਰਿਆਂ ਤਕ ਜਾ ਅੱਪੜਦਾ ਹੈ। ਏਥੇ ਉਸ ਦੀ ਮੁਹੱਬਤ ਜ਼ਿੰਦਗੀ ਅਤੇ ਲੋਕਾਈ ਦੀ ਮੁਹੱਬਤ ਨਾਲ ਸਾਂਝ ਪਾਉਂਦੀ ਹੈ। ਉਸ ਨੂੰ ਤਮਾਮ ਧਰਤੀ ਆਪਣੇ ਰੱਬ ਦਾ ਵਿਹੜਾ ਜਾਪਦੀ ਹੈ ਅਤੇ ਇਸ ਉੱਪਰ ਵਸਣ ਵਾਲੇ ਸਾਰੇ ਲੋਕ ਆਪਣੇ ਸੰਗੀ-ਸਾਥੀ। ਇਨ੍ਹਾ ਸੰਗੀਆਂ-ਸਾਥੀਆਂ ਦੇ ਦੁੱਖਾਂ 'ਚ ਉਹ ਬਿਹਬਲ ਹੁੰਦਾ ਹੈ ਅਤੇ ਬਿਹਤਰ ਜ਼ਿੰਦਗੀ ਲਈ ਲੜਾਈ ਉਸ ਦੇ ਇਸ਼ਕ ਦੀ ਮੰਜ਼ਿਲ ਬਣ ਜਾਂਦੀ ਹੈ। ਏਥੇ ਉਸ ਦਾ ਸ਼ਖ਼ਸੀ ਪਿਆਰ ਲੋਕ-ਪਿਆਰ 'ਚ ਤਬਦੀਲ ਹੁੰਦਾ ਨਜ਼ਰ ਆਉਂਦਾ ਹੈ ਅਤੇ ਇਹੋ ਉਸ ਦੀ ਸ਼ਾਇਰੀ ਦੀ ਵੱਡੀ ਖੱਟਤ ਹੈ।

ਕਲੀਮ ਦੀ ਸ਼ਾਇਰੀ ਤੁਅੱਸਬੀ ਦਾਇਰਿਆਂ ਚੋਂ ਨਿਕਲ ਕੇ ਆਲਮੀ ਬਰਾਦਰੀ ਦੇ ਵੱਡੇ ਦਾਇਰਿਆਂ ਵਿਚ ਦਾਖ਼ਲ ਹੁੰਦੀ ਹੈ। ਸਾਰੀ ਲੋਕਾਈ ਦੇ ਦੁੱਖਾਂ ਦੇ ਦਾਰੂ ਦੀ ਤਲਾਸ਼ ਉਸ ਦੀ ਸ਼ਾਇਰੀ ਦੀ ਤਲਾਸ਼ ਬਣ ਗਈ ਅਤੇ ਇਕ ਸੁਖੀ ਵਸਦੇ ਜਹਾਨ ਦਾ ਖ਼ਾਬ ਉਸ ਦੀ ਸ਼ਾਇਰੀ ਦਾ ਖ਼ਾਬ ਬਣ ਗਿਆ। ਉਹ ਆਪਣੇ ਦੁੱਖਾਂ-ਦਰਦਾਂ ਨੂੰ ਇਕ ਆਮ ਆਦਮੀ ਦੇ ਦੁੱਖਾਂ-ਦਰਦਾਂ ਇੰਝ ਰਲਾ ਕੇ ਪੇਸ਼ ਕਰਨ ਲੱਗ ਪਿਆ ਕਿ ਉਸ ਦੀ ਗ਼ਜ਼ਲ ਆਮ ਆਦਮੀ ਦੇ ਗੂੰਗੇ ਦੁੱਖਾਂ-ਦਰਦਾਂ ਦੀ ਜ਼ਬਾਨ ਬਣ ਗਈ।

ਉਸ ਦੀ ਗ਼ਜ਼ਲ ਵਿਚ ਕਮਾਲ ਦੀਆਂ ਤਕਨੀਕੀ ਬਰੀਕੀਆਂ ਹਨ, ਜੋ ਉਸ ਨੂੰ ਇਕ ਵੱਡਾ ਫ਼ਨਕਾਰ ਅਤੇ ਸ਼ਿਅਰਕਾਰ ਸਾਬਿਤ ਕਰਦੀਆਂ ਹਨ। ਉਸ ਦੀ ਗ਼ਜ਼ਲ ਆਮ ਬੋਲ-ਚਾਲ ਦੀ ਬੋਲੀ ਦੇ ਬਹੁਤ ਨੇੜੇ ਹੈ। ਪਰ ਇਸ ਸਾਦਗੀ ਵਿਚ ਤਰ੍ਹਾਂ-ਤਰ੍ਹਾਂ ਦੇ ਨਖਰੇ ਵੀ ਹਨ, ਜੋ ਉਸ ਦੀ ਗ਼ਜ਼ਲ ਨੂੰ ਫ਼ਨੀ ਪੱਧਰ 'ਤੇ ਅਮੀਰ ਬਣਾਉਂਦੇ ਹਨ। ਮੁਹਾਵਰਾਬੰਦੀ, ਲਫ਼ਜ਼ੀ-ਤਕਰਾਰ, ਮੁਬਾਲਿਗਾ, ਤਲਮੀਹ, ਤਨਜ਼, ਕਨਾਇਆ, ਰਮਜ਼ ਵਗ਼ੈਰਾ ਦੀ ਵਰਤੋਂ ਵਿਚ ਉਸ ਨੂੰ ਮੁਹਾਰਤ ਹਾਸਿਲ ਸੀ। ਉਸ ਦੀ ਗ਼ਜ਼ਲ ਵਿਚ ਕਮਾਲ ਦੀ ਗਿਰ੍ਹਾਬੰਦੀ ਵੇਖਣ ਨੂੰ ਮਿਲਦੀ ਹੈ। ਉਸ ਨੇ ਵਧੇਰੇ ਕਰਕੇ ਫ਼ੇਲੁਨੀ ਬਹਿਰਾਂ ਵਰਤੀਆਂ ਪਰ ਬਹੁਤ ਸਾਰੀਆਂ ਮੁਸ਼ਕਿਲ ਬਹਿਰਾਂ ਨੂੰ ਵੀ ਉਸਤਾਦਾਨਾ ਅੰਦਾਜ਼ ਵਿਚ ਨਿਭਾਇਆ। ਬੈਂਤ ਅਤੇ ਬੈਂਤ-ਖ਼ੁਰਦ ਛੰਦਾਂ ਨੂੰ ਉਸ ਨੇ ਕਮਾਲ ਦੀ ਖ਼ੂਬਸੂਰਤੀ ਨਾਲ ਵਰਤਿਆ।

ਇਹ ਅਜ਼ੀਮ ਸ਼ਾਇਰ ਕਾਫ਼ੀ ਲੰਮਾ ਅਰਸਾ ਬੀਮਾਰ ਰਹਿਣ ਤੋਂ ਬਾਅਦ ਆਖ਼ਿਰ 23 ਮਈ, 2025 ਨੂੰ ਵਫ਼ਾਤ ਪਾ ਗਿਆ। ਉਸ ਨੂੰ ਮਰਨ ਉਪਰੰਤ ਪਾਕਿਸਤਾਨ ਸਰਕਾਰ ਵੱਲੋਂ 'ਪ੍ਰਾਈਡ ਆਫ਼ ਪਰਫਾਰਮੈਂਸ' ਐਵਾਰਡ ਦੇਣ ਦਾ ਐਲਾਨ ਕੀਤਾ ਗਿਆ। ਪਰ ਉਸ ਦਾ

ਅਸਲ ਸਨਮਾਨ ਤਾਂ ਉਸ ਦੇ ਪਾਠਕਾਂ, ਪ੍ਰਸ਼ੰਸਕਾਂ ਦੇ ਮਨਾਂ ਵਿਚ ਉਸ ਦੀ ਸ਼ਾਇਰੀ ਪ੍ਰਤੀ ਪਿਆਰ ਹੈ ਜੋ ਉਸ ਨੂੰ ਜਿਉਂਦੇ ਜੀਅ ਹੀ ਰੱਜਵਾਂ ਹਾਸਿਲ ਹੋਇਆ ਅਤੇ ਅੱਜ ਵੀ ਮੌਜੂਦ ਹੈ।

ISSN: 2584-0509

# ਜਦੋਂ ਮੈਂ ਗੀਤ ਜੋੜੇ


ਜਸਪਾਲ ਮਾਨਖੇੜਾ
+91 97800-42156

ਸੰਨ ਉੱਨੀ ਸੌ ਚੁਹੱਤਰ ਦੀ ਗੱਲ ਐ, ਅਜੇ ਮੇਰਾ ਪ੍ਰੈੱਪ ਦਾ ਰਿਜ਼ਲਟ ਆਇਆ ਨਹੀਂ ਸੀ ਕਿ ਘਰਦਿਆਂ ਨੇ ਪੜ੍ਹਨੋਂ ਹਟਾ ਲਿਆ। ਪ੍ਰੈੱਪ ਉਦੋਂ ਦਸਵੀ ਤੋਂ ਅਗਲੀ ਗਿਆਰਵੀਂ ਜਮਾਤ ਨੂੰ ਕਹਿੰਦੇ ਸਨ। ਜੋ ਇੱਕ ਸਾਲ ਦੀ ਹੁੰਦੀ ਸੀ ਤੇ ਕਾਲਜ ਦੀ ਪਹਿਲੀ ਕਲਾਸ ਹੁੰਦੀ ਸੀ। ਪ੍ਰੈੱਪ ਦੀ ਥਾਂ ਹੁਣ ਪਲੱਸ ਵੱਨ ਅਤੇ ਪਲੱਸ ਟੂ ਦੋ ਸਾਲ ਦੀਆਂ ਦੋ ਜਮਾਤਾਂ ਹੋ ਗਈਆਂ। ਹੁਣ ਇਹ ਜਮਾਤਾਂ ਕਾਲਜਾਂ ਦੀ ਥਾਂ ਸਕੂਲਾਂ ਵਿੱਚ ਆ ਗਈਆਂ। ਪ੍ਰੈੱਪ ਤੋਂ ਵੀ ਪਹਿਲਾਂ ਕਦੇ ਹਾਇਰ ਸੈਕੰਡਰੀ ਹੁੰਦੀ ਸੀ।

ਕਾਲਜ 'ਚੋਂ ਹਟਾ ਲੈਣ ਕਰਕੇ ਮੇਰੀ ਦਸਵੀਂ ਫਸਟ ਡਵੀਜ਼ਨ ਅਤੇ ਸਕੂਲ ਚੋਂ ਫਸਟ ਪੁਜੀਜ਼ਨ ਖੇਤਾਂ ਦੇ ਮਿੱਟੀ ਘੱਟੇ ਵਿੱਚ ਰੁਲ ਗਈ। ਅਕਾਦਮਿਕ ਪੜ੍ਹਾਈ ਦੇ ਨਾਲ ਹੀ ਮੈਂ ਹੋਰ ਪੁਸਤਕਾਂ ਤੋਂ ਵੀ ਵਾਂਝਾ ਹੋ ਗਿਆ। ਸਕੂਲ/ਕਾਲਜ ਦੀ 'ਟੁੱਟੀ-ਭੱਜੀ' ਲਾਇਬ੍ਰੇਰੀ ਚੋਂ ਕਿਤਾਬ ਕਢਾ ਕੇ ਪੜ੍ਹ ਲੈਣ ਦੀ ਸਹੂਲਤ ਵੀ ਖ਼ਤਮ ਹੋ ਗਈ। ਸਾਹਿਤਕ ਕਿਤਾਬਾਂ ਪੜ੍ਹਨ ਦੀ ਚੇਟਕ ਮੈਨੂੰ ਥੋੜ੍ਹੀ- ਥੋੜ੍ਹੀ ਘਰ ਤੋਂ ਤੇ ਵੱਧ ਸਰਦੂਲਗੜ੍ਹ ਵਾਲੇ ਹਾਈ ਸਕੂਲ ਤੋਂ ਹੀ ਲੱਗ ਗਈ ਸੀ। ਪਹਿਲੀ ਕਿਤਾਬ ਮੈਨੂੰ ਮੇਰੇ ਅਧਿਆਪਕ ਗੁਰਦਿਆਲ ਸਿੰਘ ਡੀ ਪੀ ਨੇ ਮੈਨੂੰ ਜਸਵੰਤ ਸਿੰਘ ਕੰਵਲ ਦਾ ਨਾਵਲ 'ਰਾਤ ਬਾਕੀ ਹੈ' ਪੜ੍ਹਨ ਲਈ ਦਿੱਤੀ ਸੀ, ਜਿਸਨੇ ਮੈਨੂੰ ਕਿਤਾਬਾਂ ਪੜ੍ਹਨ ਦੇ ਰਾਹ ਤੋਰ ਦਿੱਤਾ ਸੀ। ਨਹਿਰੂ ਕਾਲਜ ਮਾਨਸਾ ਦੀ ਇੱਕ ਸਾਲ ਦੀ ਪੜ੍ਹਾਈ ਨੇ ਮੈਨੂੰ ਪੰਜਾਬ ਸਟੂਡੈਂਟਸ ਯੂਨੀਅਨ ਨਾਲ ਜੋੜ ਕੇ ਸਾਹਿਤ ਦੇ ਨਾਲ ਸਿਧਾਂਤ ਵੀ ਪੜ੍ਹਨ ਲਾ ਦਿੱਤਾ ਸੀ...।

ਪਰ ਪਿੰਡ ਆ ਖੇਤੀ ਦੀ ਖਲਜਗਣ ਵਿੱਚ ਫਸ ਇਸ ਸ਼ੌਕ ਅਤੇ ਰੁਚੀ ਨੂੰ ਬਰੇਕ ਵੱਜ ਗਏ। ਪੜ੍ਹਨ ਦੀ ਬਹੁਤ ਲਲਕ ਤੇ ਤਾਂਘ-ਤਮੰਨਾ ਸੀ ਪਰ ਪੜ੍ਹਨ ਨੂੰ ਕੁਝ ਵੀ ਨਹੀਂ ਮਿਲਦਾ ਸੀ। ਖੇਤੀ ਵਿੱਚੋਂ ਵਿਹਲ ਨਹੀਂ ਸੀ ਮਿਲਦੀ। ਪਿੰਡ ਵਿਚੋਂ ਕਿਸੇ ਕੋਲੋਂ ਵੀ ਕੋਈ ਕਿਤਾਬ ਰਸਾਲਾ ਪੜ੍ਹਨ ਨੂੰ ਨਹੀ ਮਿਲਦਾ ਸੀ। ਕੋਲ ਪੈਸੇ ਨਹੀ ਸਨ ਕਿ ਕਿਤਾਬ ਖਰੀਦ ਲਵਾਂ। ਘਰੋਂ ਤਾਂ ਹਜਾਮਤ ਕਰਾਉਣ ਨੂੰ ਪੈਸੇ ਨਹੀ ਸੀ ਮਿਲਦੇ। ਬਾਪੂ ਨੂੰ ਅਖ਼ਬਾਰ ਪੜ੍ਹਨ, ਦਾ ਸ਼ੌਂਕ ਸੀ ਪਰ ਉਹ ਵੀ ਜਦੋਂ ਕਦੇ ਸ਼ਹਿਰ ਜਾਂਦਾ ਤਾਂ ਉਦੋਂ ਹੀ ਅਖਬਾਰ ਲਿਆਉਂਦਾ। ਕਦੇ ਕਦੇ ਮਿਲਿਆ ਅਖਬਾਰ ਜਾਂ ਵਰ੍ਹੇ ਛਿਮਾਹੀ ਬਾਅਦ ਮਿਲਿਆ ਰਸਾਲਾ ਜਾਂ ਕਿਤਾਬ ਮੈਂ ਕਈ-ਕਈ ਵਾਰ ਪੜ੍ਹ ਦਿੰਦਾ। ਪੜ੍ਹਾਈ ਅੱਧ-ਵਿਚਾਲੇ ਰਹਿ ਜਾਣ ਕਰਕੇ ਹੁਣ ਮੈਂ ਪਿੰਡ ਖੇਤੀ ਕਰਨ ਜਾ ਲੱਗ ਗਿਆ ਸਾਂ। ਮੈਂ ਅਤੇ ਮੇਰਾ ਛੋਟਾ ਭਰਾ ਦਰਸ਼ਨ ਖੇਤੀ ਦਾ ਕੰਮ ਕਰਦੇ, ਨਾਲ ਸਾਡਾ ਸੀਰੀ

ਬਾਬਾ ਰੋਸ਼ਨ ਹੁੰਦਾ। ਸਾਹਿਤ ਸਿਰਜਣਾ ਦੇ ਜੀਨਜ਼ ਸ਼ਾਇਦ ਉਦੋਂ ਹੀ ਕਿਤੇ ਮੇਰੇ ਅੰਦਰ ਪਏ ਹੋਣਗੇ। ਇਹ ਜੀਨਜ਼ ਥੋੜ੍ਹੇ ਬਹੁਤੇ ਕਿਧਰੇ ਸਾਡੇ ਦਰਸ਼ਨ ਵਿੱਚ ਵੀ ਹੋਣਗੇ। ਪਿੰਡ ਵਿੱਚ ਜੇ ਕੋਈ ਘਟਨਾ ਵਾਪਰ ਜਾਂਦੀ ਤਾਂ ਅਸੀਂ ਗੀਤ ਜੋੜ ਦਿੰਦੇ। ਇਹ ਗੱਲ ਉਨੀਂ ਸੌ ਛਿਹੱਤਰ ਤੋਂ ਅਠਹੱਤਰ ਤੱਕ ਦੇ ਕਿਸੇ ਸਾਲ ਦੀ ਹੋਣੀ ਹੈ। ਅਸੀਂ ਤਾਂ ਆਵਦੇ ਬਾਪੂ ਦਾ ਵੀ ਗੀਤ ਜੋੜ ਦਿੱਤਾ ਸੀ।

... ਬਾਪੂ ਖੇਤ ਗਿਆ ਮਾਰਨ ਗੇੜਾ,
ਗੇੜਾ ਮਾਰਨਾ ਸੀ ਕਿਹੜਾ ,
ਲੱਭਿਆ ਜੈਲਦਾਰ ਦਾ ਵਿਹੜਾ,
ਆਖਦਾ ਪੁਕਾਰ ਜੀ,
ਆਜਾ ਆਪਾਂ ਦਾਰੂ ਪੀਈਏ ਜੈਲਦਾਰ ਜੀ।

ਗਾਲ੍ਹਾਂ ਤਾਂ ਬਾਪੂ ਤੋਂ ਵੀ ਮਿਲੀਆ ਪਰ ਜਿਹੜੀ ਕੁੱਤੇਖਾਣੀ ਇੱਕ ਹੋਰ ਗੀਤ ਜੋੜਨ ਵੇਲੇ ਹੋਈ, ਉਹ ਵਾਕਿਆਤ ਸਣਾਉਣ ਤੋਂ ਪਹਿਲਾਂ ਇਕ ਕਵਿਸ਼ਰੀ ਵਰਗੀ ਕਵਿਤਾ ਲਿਖਣ ਵੇਲੇ ਮੱਚਿਆ ਹੰਗਾਮਾ ਦੱਸਦਾ ਹਾਂ। ਇਹ ਗੱਲ ਵੀ 1976 ਤੋਂ 1978 ਦੇ ਵਿਚਕਾਰਲੇ ਸਮੇਂ ਦੀ ਹੀ ਹੈ। ਮੇਰੀ ਚੇਤਨਤਾ ਜਵਾਨ ਹੋ ਗਈ ਸੀ। ਅੱਖਾਂ ਸਾਹਮਣੇ ਵਾਪਰਦੇ ਜਾਂ ਸੁਣੇ-ਪੜ੍ਹੇ, ਵਰਤਾਰਿਆਂ ਨੂੰ ਸਮਝਣ ਲੱਗ ਪਿਆ ਸਾਂ। ਉਦੋਂ ਸੋਚ ਦਾ ਪੰਛੀ ਪਿੰਡ ਦੀਆਂ ਸਮੱਸਿਆਵਾਂ ਦੇ ਦਰਖਤਾਂ 'ਤੇ ਹੀ ਬੈਠਣ ਜੋਗਾ ਸੀ। ਇਹ ਤਾਂ ਪਤਾ ਨਹੀ ਕਿਵੇਂ? ਪਰ ਮੇਰੀ ਸੋਚ ਦਾ ਪੰਛੀ ਪਿੰਡ ਦੀਆਂ ਨਿੱਕੀਆਂ ਨਿੱਕੀਆਂ ਘਾਟਾਂ ਦਾ ਚੋਗਾ ਚੁਗਣ ਲੱਗਾ। ਮੈਂ ਕਵਿਸ਼ਰੀ ਵਰਗੀ ਕਵਿਤਾ ਲਿਖ ਦਿੱਤੀ। ਇਹ ਕਵਿਤਾ ਨੁਮਾ ਕਵਿਸ਼ਰੀ ਸਿੱਧਾ-ਸਿੱਧਾ ਸਾਡੇ ਪਿੰਡ ਦੀ ਹੋਣੀ ਨੂੰ ਬਿਆਨਦੀ ਸੀ। ਪਹਿਲਾਂ ਕਵਿਤਾ ਪੜ੍ਹੋ ਫਿਰ ਇਸ ਨਾਲ ਜੁੜੀ ਤੇ ਹੋਈ ਦੁਰਗਤੀ ਦੱਸਾਂਗਾ...।

ਸਾਡੇ ਪਿੰਡ ਦੀ ਸੁਣੋ ਕਹਾਣੀ,
ਮੁੱਕ ਗਿਆ ਟੋਭੇ ਵਿੱਚੋਂ ਪਾਣੀ,
ਜਾ ਕੇ ਵੇਖੋ ਅੱਖਾਂ ਥਾਣੀ,
ਡੰਗਰ ਮਰਨ ਤਿਹਾਏ ਜੀ,
ਅਲਗਰਜਾਂ ਦੀ ਪੰਚਾਇਤ ਨਾ ਕੋਈ ਪਾਣੀ ਪਾਏ ਜੀ।

ਬੱਚੇ ਪੜ੍ਹਨ ਸਕੂਲੇ ਤਿਹਾਏ,
ਮਹਿਰਾ ਲੰਗੇ ਡੰਗ ਖਾਣੀ ਪਾਏ
ਮੈਂਬਰ ਕਈ ਵਾਰ ਸਮਝਾਏ,
ਉਹ ਕੋਈ ਬਣਤ ਬਣਾਉਂਦੇ ਨਾ,
ਕੋਲੇ ਵਾਟਰ ਵਰਕਸ ਸਕੂਲੇ ਟੂਟੀ ਲਾਉਂਦੇ ਨਾ।

ਪਿੰਡ ਵਿੱਚ ਹੈਨ੍ਹੀ ਕੋਈ ਹਥਾਈ ,
ਜਦੋਂ ਜੰਨ ਕਿਸੇ ਦੀ ਆਈ,
ਉਹ ਲਿਜਾ ਸਕੂਲ ਬਠਾਈ,
ਬੱਚੇ ਛੁੱਟੀ ਮਨਾਉਂਦੇ ਨੇ,
ਕੈਦ ਹੁੰਦੇ ਨੇ ਮਾਸਟਰ ਜਾਨੀ ਖੌਰੂ ਪਾਉਂਦੇ ਨੇ ।

ਪਿੰਡੋਂ ਬਾਹਰ ਸੀ ਕੁਟੀਆ ਪਾਈ,
ਕੀਤਾ ਰੰਗ ਰੋਗਨ ਸਜਾਈ,
ਵਾਹਵਾ ਕੀਤੀ ਟੀਪ ਟਪਾਈ,
ਕਹਿੰਦੇ ਲਾਇਬਰੇਰੀ ਪਾਤੀ ਜੀ,
ਧਰੀਆਂ ਨਹੀਂ ਕਿਤਾਬਾਂ ਲਿਆਕੇ ਨਰਸ ਬਹਾਤੀ ਜੀ।

ਦਿੰਦਾ ਨਹੀਂ ਸੀ ਕੋਈ ਪਰਵਾਨਾ,
ਹੋਈ ਕਾਰਵਾਈ ਮਹਿਕਮਾਨਾ,
ਬਦਲਿਆ ਚੰਦ ਕੋਲੋਂ ਡਾਕਖਾਨਾ,
ਕਹਿੰਦੇ ਰੋਵੇ ਡਾਕਟਰ ਜੀ,
ਪੂਰਨ ਸਿੰਘ ਜੀ ਮਾਸਟਰ ਬਣਗੇ ਪੋਸਟ ਮਾਸਟਰ ਸੀ।

ਸ਼ਾਮੀ ਹੈਲੀਕੈਪਟਰ' ਆਵੇ,
ਡੇਰੇ ਟਿੱਬੇ ਉੱਤੇ ਲਾਵੇ
ਰੂੜੀ ਮਾਰਕਾ ਖੂਬ ਲਿਆਵੇ,

ਖੂਬ ਬਲੈਕਾਂ ਕਰਦੇ ਨੇ,
ਜਮਾਂ ਪੁਲਸ ਨਾ ਕੁਸਕੇ, ਪਤਾ ਨਈਂ ਮਹੀਨਾ ਭਰਦੇ ਨੇ

ਸ਼ਾਮੀਂ' ਹੋ ਕੇ ਲੋਕ ਸ਼ਰਾਬੀ
ਕਰਦੇ ਰਹਿੰਦੇ ਬਹੁਤ ਖਰਾਬੀ
ਤਨ ਤੇ ਧਨ ਦੀ ਕਰਨ ਬਰਬਾਦੀ,
ਉਹ ਨੇ ਕਰਦੇ ਕਾਰੇ ਜੀ,
ਜੜ ਝਗੜੇ ਦੀ ਦਾਰੂ
ਇਹਨੇ ਚੰਦ ਕਈ ਚਾਹੜੇ ਜੀ।

ਇਹ ਤਾਂ ਲੰਬੇ ਹਨਗੇ ਝੇੜ੍ਹੇ,
ਗਿਣ ਕੇ ਦੱਸਾਂ ਕਿਹੜੇ ਕਿਹੜੇ,
ਹੋਣੇ ਹੈਨੀ ਏਹੇ ਨਿਬੇੜੇ,
ਦੱਸਾਂ ਕਿਹੜਾ ਕਿਹੜਾ ਜੀ,
ਏਸ ਹਾਲ ਵਿੱਚ ਵਸਦਾ ਸਾਡਾ ਪਿੰਡ ਮਾਨਖੇੜਾ ਜੀ ।

ਅਸੀਂ ਇਹ ਕਵਿਤਾ ਮੱਖਣ ਨੂੰ ਸਿਖਾ ਦਿੱਤੀ। ਉਸਨੇ ਸਕੂਲ 'ਚ ਸੁਣਾ ਦਿੱਤੀ। ਕੀ ਮਾਸਟਰ, ਕੀ ਮੁੰਡੇ, ਕੀ ਬੰਦੇ ਕੀ, ਬੁੜੀਆਂ ... ਮੱਖਣ ਨੂੰ ਘੇਰ-ਘੇਰ ਕੇ ਸੁਣਦੇ। ਦੋ ਪਿੰਡਾਂ ਸੰਘੇ ਤੇ ਮਨਖੇੜੇ ‘ਚ ਕਵਿਤਾ ਮਸ਼ਹੂਰ ਹੋ ਗਈ। ਕਈਆਂ ਦੇ ਮਿਰਚਾਂ ਲੜਾ ਗਈ। ਸਰਪੰਚ, ਮੈਂਬਰ ਔਖੇ। ਚੰਦ ਡਾਕਟਰ ਖੂੰਡੀ ਘੁੰਮਾਵੇ... ਮੈਨੂੰ ਟੱਕਰਨਦੇ ਜਗਿੰਦਰ ਦੇ ਛੋਹਰ। ਸਕੂਲ 'ਚ ਪਾਣੀ ਵਾਲਾ ਮਹਿਰਾ ਅੱਡ ਔਖਾ, ਅਖੇ... ਮੈਨੂੰ ਊਂਈ ਰਗੜਤਾ। ਸ਼ਰਾਬ ਵੇਚਣ ਵਾਲੇ ਵੱਖ ਔਖੇ। ਪਿੰਡ 'ਚ ਗਸ਼ਤ 'ਤੇ ਆਏ ਐੱਸ. ਐਚ. ਓ, ਤੇ ਪੰਜ ਸੱਤ ਸਿਪਾਹੀਆਂ ਅੱਗੇ ਬਾਪੂ ਨੇ ਮੱਖਣ ਦੀ ਸੁੱਚ ਦੱਬ ਦਿੱਤੀ। ਠਾਣੇਦਾਰ ਤੇ ਸਿਪਾਹੀ ਨਾਲੇ ਹੱਸਣ ਨਾਲੇ ਆਖੀ ਜਾਣ....ਇਹ ਕਿਹੜਾ ਮਾਨ ਮਰਾੜਾਂ ਵਾਲਾ ਜੰਮ ਪਿਆ ਸੋਡੇ ਪਿੰਡ!
ਮੱਖਣ ਤੋਂ ਇਹ ਕਵਿਤਾ ਉਸਦੇ ਇੱਕ ਦੋ ਆੜੀਆਂ ਨੇ ਵੀ ਸਿੱਖ ਲਈ। ਜਿੱਥੇ ਦਾਅ ਲੱਗਦਾ ਉਹ ਵੀ ਸੁਣਾ ਦਿੰਦੇ।

ਇੱਕ ਵਾਰ ਇੱਕ ਘਰੇ ਕੁੜੀ ਦਾ ਵਿਆਹ ਸੀ। ਸਰਦਾ ਪੁੱਜਦਾ ਜਿੰਮੀਦਾਰਾਂ ਦਾ ਘਰ ਸੀ। ਬਰਾਤ ਵੀ ਖਾਂਦੇ ਪੀਂਦੇ ਘਰੋਂ ਆਈ ਸੀ ਤੇ ਸੀ ਵੀ ਵੱਡੀ ਗਿਣਤੀ ਦੀ, ਵੇਲਾ ਕੁੜੀ ਦੇ ਆਨੰਦ ਕਾਰਜਾਂ ਦਾ ਸੀ। ਉਦੋਂ ਨਾ ਵਿਆਹ ਮੈਰਿਜ ਪੈਲਸਾਂ ਵਿੱਚ ਹੁੰਦੇ ਸਨ ਅਤੇ ਨਾ ਹੀ ਆਨੰਦ ਕਾਰਜ, ਲਾਵਾਂ ਗੁਰਦੁਆਰਿਆਂ ਵਿੱਚ ਹੁੰਦੇ ਸਨ। ਸਗੋਂ ਘਰਾਂ ਵਿੱਚ ਟੈਂਟ ਲਾ ਕੇ ਗੁਰੂ ਗਰੰਥ ਦੀ ਹਜ਼ੂਰੀ 'ਚ ਇਹ ਸ਼ੁਭ ਕਾਰਜ ਹੁੰਦਾ। ਉਸ ਵਿਅਹ ਵਾਲੀ ਕੁੜੀ ਦਾ ਛੋਟਾ ਭਰਾ, ਜਿਹੜਾ ਮੱਖਣ ਨਾਲ ਸੰਘੇ ਪੜ੍ਹਦਾ ਸੀ ਕਹਿੰਦਾ 'ਮੈਂ ਸਿੱਖਿਆ ਪੜ੍ਹੂੰਗਾਂ।"

ਬਾਬੇ ਨੇ ਮਾਈਕ ਮੁੰਡੇ ਨੂੰ ਦੇ ਦਿੱਤਾ ਤੇ ਉਸਨੇ ਹੇਕ ਚੁੱਕ ਦਿੱਤੀ।

ਸਾਡੇ ਪਿੰਡ ਦੀ ਸੁਣੋ ਕਹਾਣੀ ਮੁੱਕ ਗਿਆ ਟੋਭੇ ਵਿੱਚੋਂ ਪਾਣੀ ---

ਮੁੰਡਾ ਲਗਾਤਾਰ ਪੜ੍ਹ ਰਿਹਾ ਸੀ। ਪੰਡਾਲ ਵਿੱਚ ਘੁਸਰ-ਮੁਸਰ ਹੋਣ ਲੱਗ ਗਈ। ਸਰਪੰਚ ਤੇ ਕੁਛ ਹੋਰ ਮੋਹਤਬਰ ਔਖੇ ਭਾਰੇ ਹੋਏ ਬੈਠੇ ਸਨ। ਬਥੇਰਾ ਗੁਰੂਘਰ ਵਾਲੇ ਬਾਬੇ ਨੇ ਮੁੰਡੇ ਨੂੰ ਹਟਾਇਆ ਵੀ ... ਪਰ ਉਹ ਕਵਿਤਾ ਸਿਰੇ ਲਾ ਕੇ ਹਟਿਆ। ਸਰਪੰਚ ਤੇ ਹੋਰ ਆਗੂ ਬੰਦਿਆਂ ਨੇ ਬਾਪੂ ਨੂੰ ਉਲਾਂਭਾ ਦਿੱਤਾ---।

"ਜਗਿੰਦਰ ਸਿਆਂ ਮੁੰਡੇ ਨੂੰ ਸਮਝਾ ਯਾਰ ਕਿਹੜੇ ਪੁੱਠੇ ਕੰਮਾਂ 'ਤੇ ਤੋ ਗਿਆ। ਬਗਾਨੇ ਪਿੰਡ ਦੇ ਜਾਨੀਆਂ ਅੱਗੇ ਪਿੰਡ ਦੀ ਬੇਜਤੀ ਹੋਗੀ।"

'ਸਿੱਖਿਆ ਸੁਣਾਉਣ ਵਾਲੇ ਮੁੰਡੇ ਦੇ ਪਿਓ ਨੇ ਜੰਨ ਤੁਰਨ ਤੋਂ ਬਾਅਦ ਮੁੰਡੇ ਦੀ ਛਿਤਰੌਲ ਹੀ ਕਰ ਦਿੱਤੀ। ਨਾਲੇ ਕਹੀ ਜਾਵੇ "ਖੜ੍ਹ ਜਾ....ਖੜ੍ਹ ਤੈਨੂੰ ਮੈਂ ਬਣਾਉਨਾਂ ਵੱਡਾ ਮਾਣਕ ... । '

ਉਦੋਂ ਅਸੀਂ ਆਪ ਵੀ ਗੀਤ ਲਿਖ ਲੈਂਦੇ ਸੀ ਤੇ ਪ੍ਰਚਲਿਤ ਰਿਕਾਰਡ ਗੀਤਾਂ ਦੀ ਤਰਜ਼, ਬੋਲ, ਲਾਈਨਾਂ ਆਪਣੇ ਜੋੜੇ ਗੀਤਾਂ ਵਿੱਚ ਵੀ ਜੜ ਲੈਂਦੇ ਸੀ। ਇਉਂ ਹੀ ਹੋਇਆ...

ਉਨ੍ਹੀਂ ਦਿਨੀਂ ਬਾਬੂ ਸਿੰਘ ਮਾਨ ਮਰਾੜਾਂ ਵਾਲੇ ਦਾ ਲਿਖਿਆ ਅਤੇ ਮੁਹੰਮਦ ਸਦੀਕ-ਰਣਜੀਤ ਕੌਰ ਦਾ ਗਾਇਆ ਇੱਕ ਗੀਤ ਬਹੁਤ ਮਸ਼ਹੂਰ ਹੋਇਆ ਸੀ। ਗੀਤ ਦੇ ਮੂਹਰੇ ਸ਼ਿਅਰ ਸੀ।

ਗਹਿਣਾ ਗੱਟਾ ਧੀ ਦਾ ਲਿਆ ਵੇਚ ਕੇ ਖਾ,
ਵੇਖ ਜਵਾਈ ਸੱਸ ਨੇ ਲਈ ਤਿਉੜੀ ਪਾ।
ਅੱਗੇ ਬੋਲ ਸਨ...
ਨਾ ਟੂੰਮ ਵੇ ਨਾ ਕੋਈ ਟੱਲਾ,
ਨਾ ਛਾਪ ਨਾ ਕੋਈ ਛੱਲਾ,

ਆ ਗਿਆ ਪ੍ਰਹੁਣਿਆ ਕੱਲਾ,
ਛਿੱਲੇ ਕਾਂ ਵਰਗਾ ਬਣਕੇ,
ਛਲਣ ਆ ਗਿਆ ਬਾਰਾਂਤਾਲੀ ਮਾਂ ਵਰਗਾ ਬਣਕੇ।

ਉਨ੍ਹਾਂ ਦਿਨਾਂ ਵਿੱਚ ਹੀ ਸਾਡੇ ਪਿੰਡ ਇੱਕ ਘਟਨਾ ਹੋਈ। ਗੱਲ ਇੰਜ ਸੀ...! ਪਿੰਡ ਵਿੱਚ ਇੱਕ ਬੁੜ੍ਹੀ ਸੀ ਕਰਤਾਰੋ। ਘਰਾਂ ਚੋਂ ਉਸਦਾ ਦਿਓਰ ਲੱਗਦਾ ਬੰਦਾ ਸੀ,ਕਾਕਾ। ਕਾਕਾ ਥੋੜ੍ਹੀ ਅੱਖ ਮੀਚਦਾ ਸੀ। ਪਿੱਠ ਪਿੱਛੇ ਲੋਕ ਉਸਨੂੰ ਕਾਣਾ ਵੀ ਕਹਿ ਦਿੰਦੇ ਸਨ। ਮੂੰਹ 'ਤੇ ਕਿਸੇ ਦੀ ਕਹਿਣ ਦੀ ਜੁਰਅਤ ਨਹੀਂ ਸੀ। ਉਨ੍ਹਾਂ ਦਾ ਦੁੱਲੇ ਕਾ ਲਾਣਾ ਵੱਜਦਾ ਸੀ। ਕਾਕਾ ਖ਼ਰਚੀਲਾ ਬੰਦਾ ਸੀ। ਉਹ ਚੱਕਵੇਂ ਕੰਮ ਕਰਦਾ। ਜ਼ਮੀਨ ਗਹਿਣੇ ਧਰੀ ਜਾਂਦਾ ਸੀ। ਉਸਦੇ ਪੈਸੇ ਮੁੱਕੇ ਰਹਿੰਦੇ, ਕਰਜ਼ਾ ਚੁੱਕੀ ਜਾਂਦਾ।

ਕਰਤਾਰੋ ਦਾ ਮੁੰਡਾ ਫੌਜ ਵਿੱਚ ਅਫਸਰ ਸੀ। ਬੁੜ੍ਹੀ ਪੈਸੇ ਚ ਸੀ। ਲੋਕਾਂ ਨੂੰ ਵਿਆਜੂ ਪੈਸੇ ਦਿੰਦੀ। ਲੋੜਵੰਦ ਕਾਕੇ ਨੇ ਵੀ ਕਰਤਾਰੋ ਤੋਂ ਵਿਆਜੂ ਪੈਸਿਆਂ ਦਾ ਪਰਨੋਟ ਭਰਾਇਆ ਹੋਇਆ ਸੀ।ਪਰਨੋਟ ਦਾ ਵਿਧੀ ਵਿਧਾਨ ਇਹ ਹੈ ਕਿ ਤਿੰਨ ਸਾਲਾਂ ਬਾਅਦ ਰੀਨੀਊ ਕਰਨਾ ਪੈਂਦਾ ਹੈ। ਕਾਕੇ ਤੋਂ ਭਰਾਏ ਪਰਨੋਟ ਨੂੰ ਜਦੋਂ ਤਿੰਨ ਸਾਲ ਹੋ ਗਏ ਤਾਂ ਕਰਤਾਰੋ ਨੇ ਨਵਾਂ ਪਰਨੋਟ ਭਰਾ ਲਿਆ।

ਪਿੰਡਾਂ ਵਿੱਚ ਸ਼ਰਾਰਤੀ ਬੰਦੇ ਤਾਂ ਹੁੰਦੇ ਹੀ ਨੇ... ਕਿਸੇ ਘਤਿਤੀ ਨੇ ਕਾਕੇ ਨੂੰ ਉਂਗਲ ਜਾ ਲਾਈ।

"ਕਾਕਾ ਸਿਆਂ ਨਵਾਂ ਪਰਨੋਟ ਭਰਾ ਕੇ ਪੁਰਾਣਾ ਲੈ ਲਿਆ ਸੀ?"

"ਨਹੀਂ ਯਾਰ... ਕਿਉਂ ਕੀ ਗੱਲ?"

"ਓਏ ਜਾਹ ਪਰ੍ਹੇ... ਰਿਹਾ ਨਾ ਬੂਝੜ ਈ। ਓਹ ਤੈਥੋਂ ਦੋ ਵਾਰੀ ਪੈਸੇ ਲਊਗੀ।"

"ਐਂ ਕਿਮੇਂ ਲੈਲੂਗੀ , ਵੱਡੀ ਨਾਢੂ ਖਾਂ।"

"ਓਹ ਤਾਂ ਵੇਖਾਂਗੇ...!" ਕਾਕੇ ਨੂੰ ਫ਼ਿਕਰਾਂ ਚ ਪਾ ਕੇ ਘਤਿਤੀ ਤੁਰ ਗਿਆ।ਕਾਕੇ ਦੀ ਸੂਈ ਲਾਲ ਚ ਚਲੀ ਗਈ। ਉਹ ਪੁਰਾਣਾ ਪਰਨੋਟ ਮੰਗਣ ਗਿਆ, ਬੁੜ੍ਹੀ ਨਾਲ ਲੜ ਪਿਆ। ਕਰਤਾਰੋ ਨੇ 'ਕੱਠ ਕਰ ਲਿਆ। ਪੰਚਾਇਤ ਸੱਦ ਲਈ। ਪੰਚਾਇਤ ਨੇ ਫੈਸਲਾ ਕਰ, ਪੁਰਾਣਾ ਪਰਨੋਟ ਲੈ ਕੇ ਪਾੜ ਦਿੱਤਾ। ਕਾਕੇ ਨੇ ਕਾਗਜ਼ ਦੇ ਟੁਕੜੇ ਇਕੱਠੇ ਕਰ ਲਏ ਤੇ ਘਰੇ ਲਿਜਾ ਕੇ ਚੁੱਲ੍ਹੇ ਵਿੱਚ ਸਾੜ ਦਿੱਤੇ।

ਪਿੰਡ ਵਿੱਚ ਚਵਾ ਚਵੀ, ਚਰਚਾ ਹੋ ਗਈ।

ਗੱਲ ਅਸੀਂ ਸੁਣੀ ਤਾਂ ਗੀਤ ਜੋੜ ਦਿੱਤਾ...। ਰਿਕਾਰਡ ਗੀਤ ਵਾਂਗੂੰ ਅੱਗੇ ਸ਼ਿਅਰ ਵੀ ਪਾਇਆ।

ਪੈਸੇ ਨਵੇਂ ਪਰਨੋਟ ਤੇ ਲਏ ਸੀ ਜਦੋਂ ਲਿਖਾਂ,
ਪਰਨੋਟ ਕਾਕੇ ਨੇ ਮੰਗਿਆ ਤਾਂ ਲਈ ਤਿਉੜੀ ਪਾ
ਅੱਗੇ ਬੋਲ ਸਨ...।
ਕਹੇ ਕਰਤਾਰੋ ਨੂੰ ਕਾਕਾ ਕਾਣਾ,
ਮੈਨੂੰ ਦੇਹ ਪਰਨੋਟ ਪੁਰਾਣਾ,
ਮੈਂ ਤਾਂ ਅੱਗ ਦੇ ਵਿਚ ਮਚਾਣਾ
ਜਿਹੜਾ ਹੋ ਗਿਆ ਰੱਦੀ ਨੀਂ,
ਦੇਣਾ ਹੈ ਤਾਂ ਦੇਦੇ ਨਹੀਂ ਗੱਲ ਹੋਜੂ ਵੱਡੀ ਨੀਂ।
ਬੁੜ੍ਹੀ ਦੇ ਬੋਲ ਸਨ...।
ਵੇ ਹੱਥ ਮਾਰ ਅਕਲ ਨੂੰ ਕਾਕਾ,
ਵੱਡਾ ਬਣਿਆ ਫਿਰੇਂ ਲੜਾਕਾ,
ਤੈਨੂੰ ਏਸ ਤਰ੍ਹਾਂ ਦਾ ਡਾਕਾ,
ਵੇ ਕੌਣ ਮਾਰਨ ਦੇਦੂਗਾ,
ਐਂ ਪਰਨੋਟ ਪੁਰਾਣਾ ਵੇ ਕੌਣ ਪਾੜਨ ਦੇਦੂਗਾ।
ਗੀਤ ਅੱਗੇ ਤੁਰਦਾ ਹੈ,ਕਾਕਾ ਕਹਿੰਦਾ ਹੈ...!
ਨੀਂ ਮੈਂ ਭੋਇ ਕਰ ਬੈਠਾ ਗਹਿਣੇ,
ਹੁਣ ਮੈਂ ਗਿਣ ਗਿਣ ਬਦਲੇ ਲੈਣੇ,
ਮੰਨਜਾ ਅਜੇ ਵੀ ਲੱਗ ਜਾ ਕਹਿਣੇ
ਦੇਅ ਪਰਨੋਟ ਪੁਰਾਣਾ ਨੀਂ,
ਬੜਾ ਸੁਭਾਅ ਦਾ ਭੈੜਾ ਮੈਂ ਜੱਟ ਕਾਕਾ ਕਾਣਾ ਨੀਂ।
ਕਰਤਾਰੋ ਗੁੱਸਾ ਕਰਦੀ ਐ , ਗੁੱਸੇ ਵਿਚ ਬੋਲਦੀ ਹੈ...!
ਵੇ ਐਵੇਂ ਬੋਲ ਨਾ ਮੰਦਾ ਚੰਗਾ,
ਮੇਰੇ ਨਾਲ ਨਾ ਲੈਲੀਂ ਪੰਗਾ,
ਕਿਤੇ ਹੋਰ ਕਰਾ ਲੇਂ ਕੰਘਾ,

ਵੇ ਮੈਂ ਚਿੱਠੀ ਪਾਦੂੰਗੀ,

ਸੂਬੇਦਾਰ ਪੁੱਤ ਮੇਰਾ ਤੇਰੇ ਵੱਟ ਕਢਾਦੂੰਗੀ।

**ਕਾਕੇ ਨੂੰ ਗੁੱਸਾ ਚੜ੍ਹ ਜਾਂਦਾ ਹੈ।**

ਓਹ ਤਾਂ ਕਦੋਂ ਫੌਜ ਚੋਂ ਆਉਂਦਾ,

ਮੈਂ ਤੈਨੂੰ ਹੁਣੇ ਨਿਓਂਦਾ ਪਾਉਂਦਾ,

ਵੇਖੂੰ ਆ ਕੇ ਕੌਣ ਛਡਾਉਂਦਾ,

ਜਾਨ ਤਲ਼ੀ ਤੇ ਧਰ ਕੇ ਨੀਂ,

ਬੀਹੀ ਵਿਚ ਘੜੀਸੀ ਜਦ ਗੁਤਨੀ ਤੋਂ ਫੜ ਕੇ ਨੀਂ।

ਬੁੜ੍ਹੀ ਡਰ ਜਾਂਦੀ ਐ...!

ਰੱਬਾ ਜਾਨ ਬਚਾ ਲੈ ਐਥੋਂ,

ਦੋਵੇਂ ਹੱਥ ਬਨ੍ਹਾ ਲੈ ਮੈਥੋਂ,

ਵੇ ਮੈਂ ਨਾਬਰ ਤਾਂ ਨ੍ਹੀਂ ਤੈਥੋਂ,

ਫੜ ਪਰਨੋਟ ਪੁਰਾਣਾ ਵੇ,

ਜੜ੍ਹ ਝਗੜੇ ਦੀ ਜਿਹੜਾ ਹੈ ਖ਼ਸਮਾਂ ਨੂੰ ਖਾਣਾ ਵੇ।

**ਕਾਕਾ ਜਿੱਤ ਦੇ ਬੋਲ ਬੋਲਦਾ ਹੈ।**

ਪਲ ਵਿਚ ਲੈ ਕੇ ਦੱਖੂਦਾਣੇ,

ਹੁਣ ਕਿਉਂ ਆਗੀ ਮੱਤ ਟਿਕਾਣੇ,

ਮੈਨੂੰ ਸਾਰਾ ਹੀ ਪਿੰਡ ਜਾਣੇ,

ਮੈਂ ਜੱਟ ਬੜਾ ਲੜਾਕਾ ਨੀਂ,

ਬੜਾ ਅੜੀ ਦਾ ਪੱਕਾ ਮੈਂ ਦੁੱਲੇ ਕਾ ਕਾਕਾ ਨੀਂ।

**ਅੰਤ ਚ...!**

ਫੇਰ ਪਰਨੋਟ ਮੱਖਣ ਨੇ ਫੜ ਕੇ,

ਓਥੇ ਸਿੱਟਤਾ ਟੁਕੜੇ ਕਰਕੇ,

ਕਾਕਾ ਲੈ ਗਿਆ ਝੋਲ਼ੀ ਭਰਕੇ,

ਉਨ੍ਹਾਂ ਟੋਟਿਆਂ ਤਾਈ ਜੀ,

ਗੱਲ ਸੱਚੀ ਹੈ ਬਿਲਕੁਲ ਨਹੀਂ ਮਨਘੜਤ ਕਹਾਣੀ ਜੀ।

ਗੀਤ ਜੋੜ ਕੇ ਅਸੀਂ ਓਹੀ ਕੀਤਾ। ਗੀਤ ਮੱਖਣ ਨੂੰ ਸਿਖਾ ਦਿੱਤਾ। ਉਸਨੇ ਸਕੂਲ ਦੀ ਬਾਲ ਸਭਾ ਚ ਸੁਣਾ ਦਿੱਤਾ। ਪਿੰਡ ਵਿੱਚ ਵੀ ਗੀਤ ਲੋਕਾਂ ਕੋਲ ਚਲਾ ਗਿਆ। ਕਿਸੇ ਘਤਿਤੀ ਨੇ ਫੇਰ ਫਾਨਾ ਜਾ ਠੋਕਿਆ...।

"ਬਾਈ ਸਿਆਂ,ਜਗਿੰਦਰ ਕੇ ਮੁੰਡਿਆਂ ਨੇ ਤੇਰਾ ਗੀਤ ਜੋੜਤਾ।"

"ਕਿਮੇਂ ਓਏ... ਐਂ ਕਿਮੇਂ ਜੋੜਤਾ।"

"ਓਹ ਤਾਂ ਸੁਣ ਕੇ ਪਤਾ ਚੱਲੂ...ਜਾਹ ਜਾ ਕੇ ਸੁਣ ਲੈ।"

ਕਾਕਾ ਤਪਿਆ ਤਪਾਇਆ ਸਾਡੇ ਘਰ ਆ ਵੱਜਾ। ਸਾਡਾ ਘਰ ਲੰਬਾ ਚੌੜਾ ਸੀ। ਪਿੱਛੇ ਰਿਹਾਇਸ਼, ਅੱਗੇ ਪਸ਼ੂਆਂ ਵਾਲੇ ਛੱਤੜੇ। ਇੱਕ ਖੂੰਜੇ ਵਿਚ ਪੱਕੀ ਬੈਠਕ। ਜਿਸ ਵਿਚ ਸਾਡੇ ਬਾਬੇ, ਮੇਰੇ ਬਾਪੂ ਦੇ ਦੋ ਅਣਵਿਆਹੇ ਚਾਚੇ,ਪੈਂਦੇ ਬਹਿੰਦੇ ਸਨ। ਕਾਕਾ ਬੁੜ੍ਹਕਦਾ ਉਥੇ ਹੀ ਆਇਆ। ਆਉਂਦਾ ਹੀ ਗਰਜਿਆ...!

"ਓਏ ਵੱਡੇ ਭਾਈ...ਏਹ ਚੰਗੀ ਗੱਲ ਨ੍ਹੀਂ, ਸੋਡੇ ਮੁੰਡਿਆਂ ਨੇ ਮੈਨੂੰ ਛੱਜ ਚ ਪਾ ਕੇ ਛੰਡਤਾ... ਕਿਥੇ ਨੇ ਵੱਡੇ ਗੀਤਕਾਰ !"

"ਕੀ ਹੋ ਗਿਆ ਕਾਕਾ ਸਿਆਂ...ਬੈਠ,ਬੈਠ ਕੇ ਗੱਲ ਦੱਸ।"

ਕਾਕਾ ਬੁੜ੍ਹਕ ਕੇ ਚਲਾ ਗਿਆ। ਸਾਨੂੰ ਖੇਤੋਂ ਆਇਆ ਨੂੰ ਬਾਬੇ ਨੇ ਫਾਲਨ ਕਰ ਲਿਆ।

"ਕਾਕੇ ਦਾ ਕੀ ਗੀਤ ਗੂਤ ਜੋੜਿਐ?"

ਮੈਂ ਅਊਂ ਗਊਂ ਕਰ ਗਿਆ। ਬਾਬੇ ਨੇ ਦਰਸ਼ਨ ਨੂੰ ਘੇਰ ਲਿਆ। ਉਹਨੇ ਦੱਸ ਦਿੱਤਾ...'ਮੱਖਣ ਦੇ ਯਾਦ ਐ!" ਐਨੇ ਨੂੰ ਮੱਖਣ ਆ ਗਿਆ।

"ਐਧਰ ਆ ਓਏ ਗੋਰੀਆ ਜਿਆ... ਕਾਕੇ ਆਲ਼ਾ ਗੀਤ ਸੁਣਾ।"

ਮੱਖਣ ਦੀ ਸੁੱਚ ਦੱਬੀ ਗਈ। ਉਸ ਯਾਦਾਂ ਦੀ ਟੇਪ ਚਲਾ ਦਿੱਤੀ।

ਤੁਰਦੀ ਤੁਰਦੀ ਗੱਲ ਕਰਤਾਰੋ ਕੋਲ ਤੁਰ ਗਈ। ਉਹ ਅਲੀ ਅਲੀ ਕਰਦੀ ਆ ਵੱਜੀ। ਸਾਡੀ ਮਾਂ ਬੁੜ੍ਹੀ ਦੀ ਆਵਾਜ਼ ਸੁਣ ਬੋਲੀ...!

"ਵੇ ਜਾਏ ਵੱਢਿਆਂ ਦਿਓ...ਔਹ ਆਗੀ ਕਰਤਾਰੋ ਬੁੜ੍ਹੀ,ਆਦਮਬੋ ਆਦਮਬੋ ਕਰਦੀ, ਪੱਟੂ ਜੁੰਡੇ।"

ਅਸੀਂ ਕੰਧ ਟੱਪ ਗਏ।

"ਵੇ ਮਰੀਕਿਆ ਲੰਗੜਿਆ...ਤੇਰੀ ਦੂਜੀ ਲੱਤ ਵੀ ਤੋੜਨੀ ਪਊ।"

"ਕੀ ਹੋ ਗਿਆ ਕਰਤਾਰ ਕੁਰੇ...ਕਿਓਂ ਫਾਲ਼ੇ ਵਾਂਗੂੰ ਤਪੀ ਫਿਰਦੀਂ ਐਂ?"

"ਤਪਾਂ ਨਾ,ਕੀ ਜਣਦਿਆਂ ਨੂੰ ਰੋਵਾਂ, ਸੋਡੇ ਮੁੰਡੇ ਮੇਰਾ ਗੀਤ ਜੋੜੀਂ ਫਿਰਦੇ ਨੇ। ਮੈਂ ਆਵਦੇ ਪੋਤਿਆਂ ਤੋਂ ਤੇਰਾ ਗੀਤ ਜੜਾਊਂ ਲੰਗੜੇ ਬੋਕ ਦਾ...!"

ਬਾਬੇ ਨੇ ਮਸਾਂ ਬੁੜ੍ਹੀ ਤੋਂ ਖਹਿੜਾ ਛੁਡਾਇਆ। ਬਾਬਾ ਸਾਨੂੰ ਝਈਆਂ ਲੈ ਲੈ ਪਵੇ...!

"ਢੇਕੇ ਗੀਤ ਜੋੜਨ ਦੇ... ਦੋਵੇਂ ਡੂੰਮਣੇ ਛੇੜ ਲਏ। ਪੁੱਠੇ ਕੰਮਾਂ ਤੇ ਹੋਗੇ...ਖੇਤ ਕੰਮ ਕਰਦੇ ਨ੍ਹੀਂ, ਵੱਡੇ ਲਖਾਰੀ।"

--o--



ਬਲਕਾਰ ਔਲਖ
+91 94630–16152

ਬਲਕਾਰ ਔਲਖ ਪੰਜਾਬੀ ਗ਼ਜ਼ਲ ਦਾ ਪਰਪੱਕ ਸ਼ਾਇਰ ਹੈ। ਬਲਕਾਰ ਔਲਖ ਦਾ ਜਨਮ ਜ਼ਿਲ੍ਹਾ ਸੰਗਰੂਰ ਦੀ ਤਹਿਸੀਲ ਸੁਨਾਮ ਦੇ ਪਿੰਡ ਸਫ਼ੀਰਪੁਰ ਕਲਾਂ ਵਿੱਚ 05 ਫਰਵਰੀ 1980 ਈ. ਨੂੰ ਇੱਕ ਸਧਾਰਨ ਪਰਿਵਾਰ ਵਿੱਚ ਹੋਇਆ। ਪਰੰਤੂ ਬਲਕਾਰ ਔਲਖ ਨੇ ਆਪਣੀ ਅਸਧਾਰਨ ਮਿਹਨਤ ਨਾਲ ਜਿੱਥੇ ਪਾਕਿਸਤਾਨੀ ਪੰਜਾਬੀ ਗ਼ਜ਼ਲ ਨੂੰ ਅਧਿਐਨ ਵਿਸ਼ਾ ਬਣਾਉਂਦਿਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪੀਐੱਚ. ਡੀ. ਦੀ ਡਿਗਰੀ ਹਾਸਿਲ ਕਰਕੇ, ਪਬਲਿਕ ਕਾਲਜ ਸਮਾਣਾ ਵਿਖੇ ਬਤੌਰ ਸਹਾਇਕ ਪ੍ਰੋਫੈਸਰ ਅਧਿਆਪਨ ਨੂੰ ਕਿੱਤੇ ਵਜੋਂ ਅਪਣਾਇਆ ਹੋਇਆ ਹੈ, ਉੱਥੇ ਹੀ ਉਸਨੇ ਪੰਜਾਬੀ ਗ਼ਜ਼ਲ ਸਾਹਿਤ ਨੂੰ ਹੋਰ ਅਮੀਰ ਬਣਾਉਣ ਲਈ ਸ਼ਾਹਮੁਖੀ ਤੋਂ ਗੁਰਮੁਖੀ ਵਿੱਚ ਲਿਪੀਅੰਤਰਣ ਦੇ ਨਾਲ-ਨਾਲ ਮੌਲਿਕ ਗ਼ਜ਼ਲਾਂ ਦੀ ਸਿਰਜਣਾ ਵੀ ਕੀਤੀ ਹੈ, ਜੋ ਉਸਦੇ ਪੰਜਾਬੀ ਗ਼ਜ਼ਲ ਪ੍ਰਤੀ ਸਮਰਪਣ ਦਾ ਪ੍ਰਮਾਣ ਹੈ। ਹੁਣ ਤੱਕ ਉਸ ਵੱਲੋਂ ਸ਼ਾਹਮੁਖੀ ਤੋਂ ਗੁਰਮੁਖੀ ਵਿੱਚ ਲਿੱਪੀਅੰਤਰਣ ਕੀਤੀਆਂ ਕਿਤਾਬਾਂ ਵਿੱਚ 'ਸਰਕਾਰਨਾਮਾ:ਬਾਬਾ ਨਜ਼ਮੀ', 'ਚੁੱਪ ਦਾ ਮੌਸਮ:ਤੁਫ਼ੈਲ ਖ਼ਲਿਸ਼, 'ਚੁੱਪ ਤੋਂ ਬਾਅਦ: ਅਲੀ ਬਾਰ' ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ। ਉਸਦੀ ਮੌਲਿਕ ਗ਼ਜ਼ਲਾਂ ਦੀ ਕਿਤਾਬ 'ਖ਼ਤਾਂ ਦੇ ਢੇਰ ਨਹੀਂ ਹੁੰਦੇ' ਜਲਦ ਹੀ ਪ੍ਰਕਾਸ਼ਿਤ ਹੋ ਕੇ ਪਾਠਕਾਂ ਦੇ ਹੱਥਾਂ ਵਿੱਚ ਹੋਵੇਗੀ ਅਤੇ ਪਾਠਕ, ਗ਼ਜ਼ਲ ਲਿਖ਼ਣ ਵਾਲੇ ਬਲਕਾਰ ਔਲਖ ਨੂੰ ਨਹੀਂ ਬਲਕਿ ਗ਼ਜ਼ਲ ਨੂੰ ਜਿਉਂਣ ਵਾਲੇ ਬਲਕਾਰ ਔਲਖ ਦੀ ਸ਼ਾਇਰੀ ਦਾ ਆਨੰਦ ਮਾਣਨਗੇ। 'ਖ਼ਤਾਂ ਦੇ ਢੇਰ ਨਹੀਂ ਹੁੰਦੇ' ਕਿਤਾਬ ਵਿੱਚੋਂ ਹੀ ਕੁੱਝ ਗ਼ਜ਼ਲਾਂ ਅਸੀਂ ਆਪਣੇ ਪਾਠਕਾਂ ਦੇ ਸਨਮੁੱਖ ਕਰਦੇ ਹੋਏ ਖੁਸ਼ੀ ਮਹਿਸੂਸ ਕਰ ਰਹੇ ਹਾਂ।

**ਸੰਪਾਦਕ**

1.

ਰਸਤਾ ਰਹਾਂ ਮੈਂ ਦੇਖਦਾ, ਨਿੱਤ ਵਗਦੀ ਪੌਣ ਦਾ।
ਜਦ ਤੋਂ ਬਹਾਰ ਕਰ ਗਈ, ਵਾਅਦਾ ਹੈ ਆਉਣ ਦਾ।

ਜੰਮਿਆ ਨਹੀਂ ਵਿਕਾਸ ਹਾਲੇ, ਟਿਕੀ ਨੀਂਹ ਨਹੀਂ,
ਚਾਅ ਮੰਤਰੀ ਨੂੰ ਚੜ੍ਹ ਗਿਆ, ਖ਼ੁਸਰੇ ਨਚਾਉਣ ਦਾ।

ਦੰਮੜੇ ਦੇ ਪਿੱਛੇ ਦੌੜਦੇ ਉਹ ਦਮ ਨਈਂ ਲੈ ਰਹੇ,
ਕਰਦਾ ਖ਼ਿਆਲ ਕੌਣ ਬਿਰਖਾਂ ਨੂੰ ਬਚਾਉਣ ਦਾ।

ਤੇਰੇ ਖ਼ਤ ਦੀ ਮਹਿਕ ਸੰਗ ਹਰ ਕੋਨਾ ਮਹਿਕਿਆ,
ਕਮਰੇ ਮੇਰੇ ਵਿਚ ਜ਼ਿਕਰ ਸੀ ਪਤਝੜ ਦੇ ਆਉਣ ਦਾ।

ਸੁਪਨੇ ਜਦੋਂ ਨੇ ਬਦਲਦੇ ਲਾਸ਼ਾਂ ਦੇ ਢੇਰ ਵਿਚ,
ਹਾਕਮ ਦੇ ਮਨ 'ਚ ਜਸ਼ਨ ਹੈ ਕਬਰਾਂ 'ਤੇ ਗਾਉਣ ਦਾ।

2.

ਰੰਗ ਕੇ ਧਰਤੀ ਨੂੰ, ਖ਼ੁਦ ਬੇਨੂਰ ਹੀ ਹੁੰਦੇ ਗਏ।
ਹਰ ਮੁਸੀਬਤ ਸਾਹਮਣੇ ਮਜ਼ਦੂਰ ਹੀ ਹੁੰਦੇ ਗਏ।

ਰਿਸ ਰਿਹੈ ਮਜ਼ਦੂਰ ਦੀ ਹਰ ਪੈੜ ਦੇ ਵਿੱਚੋਂ ਲਹੂ,
ਜ਼ਖ਼ਮ ਹਾਕਮ ਤੋਂ ਮਿਲੇ ਨਾਸੂਰ ਹੀ ਹੁੰਦੇ ਗਏ।

ਦੱਸ ਕਿੱਦਾਂ ਸੰਭਲ਼ਦੇ ਸ਼ੀਸ਼ੇ ਜਿਹੀ ਤਾਸੀਰ ਸੀ,
ਤਿੜਕਿਆ ਵਿਸ਼ਵਾਸ ਫਿਰ ਤਾਂ ਚੂਰ ਹੀ ਹੁੰਦੇ ਗਏ।

ਨੇੜਤਾ ਕਾਇਮ ਰਹੀ ਇਹ ਗੱਲ ਸੀ ਬਸ ਕਹਿਣ ਦੀ,
ਦੂਰ ਜਾ ਕੇ ਦਿਲ ਦੇ ਮਹਿਰਮ ਦੂਰ ਹੀ ਹੁੰਦੇ ਗਏ।

ਸੜ ਗਏ ਪਰ ਬੱਦਲਾਂ ਅੱਗੇ ਕਰੀ ਫਰਿਆਦ ਨਾ,
ਥਲ ਮੇਰੇ ਮਗ਼ਰੂਰ ਸੀ ਮਗ਼ਰੂਰ ਹੀ ਹੁੰਦੇ ਗਏ।

ਸੁਪਨਿਆਂ ਵਿਚ ਸੂਲੀਆਂ ਸਨ, ਜ਼ਿੰਦਗੀ ਵੀ ਤਲਖ਼ ਸੀ,
ਜੀਣ ਲਈ ਮਰਨਾ ਪਿਆ ਮਨਸੂਰ ਹੀ ਹੁੰਦੇ ਗਏ।

3.

ਤੈਨੂੰ ਭਾਵੇਂ ਜੇਤੂ ਸਾਰੇ ਚੇਤੇ ਨੇ।
ਮੈਨੂੰ ਸਮਿਆਂ ਹੱਥੋਂ ਹਾਰੇ ਚੇਤੇ ਨੇ।

ਜਿੱਥੇ-ਜਿੱਥੇ ਚੁੱਪ ਵੱਟੀ ਤੂੰ ਭੁੱਲ ਗਿਆਂ,
ਮੈਨੂੰ ਤੇਰੇ ਸਿਰਫ਼ ਹੁੰਗਾਰੇ ਚੇਤੇ ਨੇ।

ਵਸਲ, ਵਿਛੋੜਾ, ਹੰਝੂ, ਗ਼ੈਰਾਂ ਦੀ ਮਹਿੰਦੀ,
ਚਾਰੇ ਭੁੱਲਣੇ ਸੀ ਤੇ ਚਾਰੇ ਚੇਤੇ ਨੇ।

ਪੱਥਰ ਭਾਵੇਂ ਨਿੱਤ ਹੀ ਸਾਹਵੇਂ ਖੜ੍ਹਦੇ ਨੇ,
ਸ਼ੀਸ਼ੇ ਨੂੰ ਪਰ ਅਜ ਤਕ ਪਾਰੇ ਚੇਤੇ ਨੇ।

ਤਾਂ ਹੀ ਕੱਟ ਲਏ ਇਕਲਾਪੇ ਸਦੀਆਂ ਦੇ,
ਦਿਨ ਉਹ ਸੱਜਣਾਂ ਨਾਲ ਗੁਜ਼ਾਰੇ ਚੇਤੇ ਨੇ।

ਜਿਸ ਨੂੰ ਮੇਰੇ ਵਾਅਦੇ ਵੀ ਨਾ ਯਾਦ ਰਹੇ,
ਮੈਨੂੰ ਉਸਦੇ ਸਾਰੇ ਲਾਰੇ ਚੇਤੇ ਨੇ।

4.

ਜਜ਼ਬਿਆਂ ਵਿਚ ਡੁੱਬਣਾ ਨਈਂ ਪਾਰ ਕਰਕੇ ਵੇਖਣਾ।
ਉਸਨੂੰ ਭਾਵੇਂ ਨਾ ਜਚਾਂ ਇਜ਼ਹਾਰ ਕਰਕੇ ਵੇਖਣਾ।

ਸ਼ੀਸ਼ਿਆਂ ਨੂੰ ਉਹਨਾਂ ਦੀ ਔਕਾਤ ਦਿੰਦਾ ਹੈ ਵਿਖਾ,
ਉਸਦਾ ਮੇਰੇ ਰੂਬਰੂ ਸ਼ਿੰਗਾਰ ਕਰਕੇ ਵੇਖਣਾ।

ਮਜਨੂੰਆਂ ਨੂੰ ਵੀ ਮੇਰੇ 'ਤੇ ਰਸ਼ਕ ਹੋਵੇਗਾ ਕਦੇ,
ਏਸ ਹਦ ਤੀਕਰ ਮੈਂ ਤੈਨੂੰ ਪਿਆਰ ਕਰਕੇ ਵੇਖਣਾ।

ਓਸ ਦਿਨ ਮੈਂ ਮਰ ਗਿਆ ਵਾਅਦੇ ਜਦੋਂ ਤੋੜੇ ਗਏ,
ਜਾਨ ਮੇਰੀ ਲੈ ਗਿਆ ਇਤਬਾਰ ਕਰਕੇ ਵੇਖਣਾ।

ਆਪਣੀ ਹਉਮੈ ਦੇ ਘੇਰੇ ਵਿਚ ਸਿਮਟਕੇ ਰਹਿ ਗਿਆ,
ਮੈਂ ਸੀ ਜਿਸਨੂੰ ਆਪਣਾ ਸੰਸਾਰ ਕਰਕੇ ਵੇਖਣਾ।

ਉਸਨੂੰ ਮਿਲਕੇ ਵਿਛੜਨਾ ਤਾਂ ਇਸ ਤਰ੍ਹਾਂ ਹੀ ਹੈ ਜਿਵੇਂ,
ਜ਼ਿੰਦਗੀ 'ਤੇ ਮੌਤ ਨੂੰ ਇਕਸਾਰ ਕਰਕੇ ਵੇਖਣਾ।

ਇਹ ਨਿਰਾਸ਼ਾ ਤੇ ਉਦਾਸੀ ਜਸ਼ਨ ਵਿਚ ਬਦਲੇਗੀ ਫਿਰ,
ਇਸ਼ਕ ਜੇ ਕੀਤਾ ਨਹੀਂ ਤਾਂ ਯਾਰ ਕਰਕੇ ਵੇਖਣਾ।

ਉਹਦੀ ਖ਼ਾਤਰ ਆਪਣੀ ਤੂੰ ਜਾਨ ਵਾਰਨ ਤਕ ਗਿਆ,
ਏਸ ਤੋਂ ਵੱਧ ਹੋਰ ਕੀ 'ਬਲਕਾਰ' ਕਰਕੇ ਵੇਖਣਾ।

# ਅਨੁਵਾਦਿਤ ਸਾਹਿਤ

ISSN: 2584-





ਮਲਕੀਤ ਜੌੜਾ
+91 98725-34278

## 1. ਐਕਸ-ਰੇ ਤੇ ਸਕੈਨਿੰਗ

ਐਕਸ-ਰੇ ਤੇ ਸਕੈਨਿੰਗ ਮਸ਼ੀਨਾਂ ਲੈ ਰਹੇ ਹੁੰਦੇ ਨੇ

ਬੰਦੇ ਦੇ ਅੰਦਰ ਦੀਆਂ ਫੋਟਾਂ ਜਦੋਂ

ਉਦੋਂ ਖਿਆਲ, ਸਵਾਲ, ਇੱਛਾਵਾਂ, ਭਾਵਨਾਵਾਂ

ਬਚਣ ਦਾ ਯਤਨ ਕਰਦੇ

ਦੌੜਦੇ- ਭੱਜਦੇ

ਕੁਝ ਕੁ ਐਕਸ-ਰੇ ਤੇ ਸਕੈਨਿੰਗ ਮਸ਼ੀਨ ਦੇ ਅੱਗੇ

ਬੇਵੱਸ ਹੁੰਦੇ ਫਸ ਜਾਂਦੇ ਨੇ

ਉਹਨਾਂ ਦੀਆਂ ਕਿਰਨਾਂ ਵਿੱਚ

ਉਹ ਜੋ ਕਾਲੇ-ਕਾਲੇ

ਛੋਟੇ-ਵੱਡੇ ਆਕਾਰ ਬਣੇ ਹੁੰਦੇ ਨੇ ਨਾ

ਫਿਲਮ ਦੇ ਉੱਪਰ

ਅਸਲ ਵਿੱਚ

ਉਹ ਬੰਦੇ ਦੇ ਖਿਆਲ, ਸਵਾਲ ਅਤੇ ਭਾਵਨਾਵਾਂ ਹੀ ਹੁੰਦੇ ਨੇ

ਜਿਹਨਾਂ ਨੂੰ ਕਵੀ ਹੀ ਪੜ੍ਹ ਸਕਦੇ ਨੇ

ਡਾਕਟਰ ਕਵੀ ਨਹੀਂ ਹੁੰਦੇ

ਉਹ ਤਾਂ ਐਕਸ-ਰੇ ਤੇ ਸਕੈਨਾਂ ਦੇ ਸਲਾਹਕਾਰ ਹੁੰਦੇ ਨੇ

ਸਲਾਹਕਾਰਾਂ ਕੋਲ ਮਸ਼ਵਰੇ ਹੁੰਦੇ ਨੇ

ਮਸ਼ਵਰੇ ਸਾਲਟਾਂ ਨਾਲ ਪ੍ਰਵਾਨ ਅਪ੍ਰਵਾਨ ਹੁੰਦੇ ਨੇ।

## 2. ਅਤੀਤ ਦੀਆਂ ਨਜ਼ਰਾਂ

ਅੱਠ ਫੁੱਟ ਕੱਦ ਨਾਲ ਹੋਂਦ ਵਿੱਚ ਆਏ

ਤਿੰਨ ਫੁੱਟ ਰਹਿ ਗਏ

ਸਮੇਂ ਦੇ ਨਾਲ ਸੱਭਿਅਤਾ ਦਾ ਸ਼ਿਕਾਰ ਹੋਏ ਕੌਲੇ

ਅੱਜ ਆਪਣੀ ਕਥਾ ਆਪ ਬਿਆਨ ਕਰ ਰਹੇ ਨੇ

ਦੋਵੇਂ ਪਾਸੇ

ਦੋਹਾਂ ਕੌਲਿਆਂ ਉੱਤੇ ਉਕਰੀਆਂ ਹੋਈਆਂ

ਘਰ ਦੀਆਂ ਪਹਿਰੇਦਾਰ

ਜ਼ਮੀਨਦੋਜ਼ ਹੋ ਗਈਆਂ ਅੱਖਾਂ

ਮੇਰੀਆਂ ਅੱਖਾਂ ਵਿੱਚ ਵਸੀਆਂ

ਬਦਲਦੇ ਵਕ਼ਤ ਨੂੰ ਦੇਖ ਰਹੀਆਂ ਨੇ

ਕਦੋਂ ਬਣ ਗਿਆ

ਹੱਸਦਾ ਵੱਸਦਾ ਘਰ

ਵਾਧੂ ਘਾਟੂ ਸਮਾਨ ਲਈ ਕਵਾੜਖਾਨਾ

ਅਤੇ ਡੰਗਰਖਾਨਾ

ਬੰਦਿਆਂ ਨੂੰ ਤਰਸਦੀਆਂ ਕੰਧਾਂ

ਜਿਉਂਣ ਦਾ ਹੌਂਸਲਾ ਛੱਡ ਬੈਠੀਆਂ

ਪਤਾ ਹੀ ਨਹੀਂ ਲੱਗਿਆ

ਬੂਹੇ ਦੀ ਚੁਗਾਠ ਕਦੋਂ

ਮੱਥੇ ਦੇ ਰੋੜ ਦਾ ਕਾਰਨ ਬਣ ਗਈ

ਸਮੁੰਦਰ ਵਿੱਚ ਡਿੱਗੀਆਂ ਛਿੱਟਾਂ ਵਾਂਗ

ਇੱਕ-ਇੱਕ ਕਰਕੇ ਤਰੀਕਾਂ ਵਿੱਚ

ਤਾਰੀਖ਼ ਹੋ ਗਏ

ਘਰ ਦੇ ਜੀਆਂ ਦੇ ਜੀਅ

ਸੱਭਿਅਤਾ ਦੇ ਹਾਣ ਦੇ ਹੁੰਦੇ-ਹੁੰਦੇ

ਅਤੀਤ ਦੀਆਂ ਨਜ਼ਰਾਂ ਵਿੱਚ ਬੌਣੇ ਹੋ ਗਏ।

### 3. ਕਲਾ ਤੇ ਕਰਮ

ਕੋਈ ਪੱਥਰ ਘੜਦਾ ਹੈ

ਕੋਈ ਲੱਕੜ ਘੜਦਾ ਹੈ

ਇਹ ਕਰਮ ਸਹਿਜ ਸੁਭਾਅ ਨਹੀਂ ਹੁੰਦਾ

ਨਾ ਹੀ ਅਵੇਸਲੇਪਨ ਦਾ ਫਲ ਹੁੰਦਾ ਹੈ

ਬਣਿਆ ਹੁੰਦਾ ਹੈ ਜ਼ਿਹਨ ਵਿੱਚ ਇੱਕ ਰੂਪ

ਉਸ ਰੂਪ ਦੇ ਕਿੰਨੇ ਸਾਰੇ ਛੋਟੇ-ਛੋਟੇ ਰੂਪ

ਰੂਪ ਸਮੂਰਤ ਹੁੰਦੇ ਨੇ

ਕਲਾ ਤੇ ਕਰਮ ਦੇ ਸੁਮੇਲ ਵਿੱਚੋਂ

ਸ਼ੌਕ ਦੇ ਨਾਲ-ਨਾਲ ਢਿੱਡ ਦਾ ਮਸਲਾ ਵੀ ਹੁੰਦਾ ਹੈ

ਇਹਨਾਂ ਵਿੱਚੋਂ ਹੀ ਜਨਮ ਲੈਂਦੀ ਹੈ

ਕਲਾਸਿਕ ਵਸਤੂ

ਉਹ ਵਸਤੂ ਕਿਸੇ ਦੀ ਅਰਾਧਨਾ

ਕਿਸੇ ਦੀਆਂ ਅੱਖਾਂ ਦੇ ਸੁਹਜ ਦਾ ਨੂਰ ਬਣਦੀ ਹੈ

ਕਿਸੇ ਦੇ ਮਨ ਦੀ ਸ਼ਾਂਤੀ ਤੇ ਖੁਸ਼ੀ ਜ਼ਰੂਰ ਬਣਦੀ ਹੈ।

## ੫. ਨਨਕਾਣਾ ਸਾਹਿਬ

ਵਗ ਹਵਾਏ ਵਗ

ਹੋ ਕੇ ਠੰਡੀ-ਠੰਡੀ

ਲਹਿੰਦੇ ਵੱਲ ਨੂੰ ਵਗ

ਵਿਛੜੇ ਭੈਣ-ਭਰਾਵਾਂ

ਮਾਤਾਵਾਂ ਦੇ ਸੀਨੇ ਜਾ ਕੇ ਲੱਗ

ਵਗ ਹਵਾਏ ਵਗ

ਸਰਹੱਦ ਤੇ ਖੜ੍ਹ ਕੇ ਪਤੰਗ ਚੜਾਉਣੀ

ਨਨਕਾਣਾ ਸਾਹਿਬ ਪਹੁੰਚਾਉਣੀ

ਸੱਤ ਵਾਰੀ ਕੰਨੀ ਮਰਵਾਉਣੀ

ਹਰ ਵਾਰੀ ਹੈ ਸੀਸ ਝੁਕਾਉਣਾ

ਹਰੇ, ਕੇਸਰੀ ਰੰਗਾਂ ਦੇ ਨਾਲ ਪਿਆਰ ਪਹੁੰਚਾਉਣਾ

ਸ਼ਬਦਾਂ ਵਿੱਚ ਮੁਹੱਬਤ ਭਰ ਕੇ

ਪਾਸਾ ਇਕ ਕਰ ਕੇ

ਅੱਗ ਦੇ ਸਾਰੇ ਪੱਤਣ ਤਰ ਕੇ

ਪਿਆਸੇ ਦਿਲਾਂ 'ਤੇ

ਬੱਦਲੀ ਬਣ ਕੇ ਵਰ੍ਹ

ਸੰਨ 47 ਤੋਂ ਪਹਿਲਾਂ ਵਾਲਾ ਮਾਹੌਲ ਬਣਾਉਣਾ

ਸੀਨੇ ਵਿਚਲਾ

ਹਿਜਰਾਂ ਦਾ ਹੈ ਦਰਦ ਮੁਕਾਉਣਾ

ਬਾਬੇ ਨਾਨਕ ਦੇ ਪੈਰਾਂ ਦੀਆਂ ਪੈੜਾਂ ਦੀ ਛੋਹ

ਸਰਬ ਲੁਕਾਈ

ਬਾਬੇ ਦੀ ਹਸਤੀ ਨੂੰ ਕਰਦੀ ਏ ਮੋਹ

ਵਗ ਹਵਾਏ ਵਗ

ਹੋ ਕੇ ਠੰਡੀ-ਠੰਡੀ

ਲਹਿੰਦੇ ਵੱਲ ਨੂੰ ਵਗ ।

# ਕਹਾਣੀ:-ਪਿਆਰਾ ਜਿਹਾ ਰੁੱਕਾ



ਮੂਲ ਲੇਖਿਕਾ
ਡਾ. ਨਮਰਤਾ ਪਠਾਨੀਆ



ਪੰਜਾਬੀ ਅਨੁਵਾਦ
ਰਵਿੰਦਰ ਸਿੰਘ ਸੋਢੀ
ਕੈਲਗਰੀ, ਕੈਨੇਡਾ
001-604-369-2371

ਜਦੋਂ ਮੈਂ ਆਪਣੇ ਕਮਰੇ ਵਿਚ ਆਈ ਤਾਂ ਮੇਰੇ ਪੈਰ ਬੁਰੀ ਤਰ੍ਹਾਂ ਦੁਖ ਰਹੇ ਸੀ, ਪਰ ਦਿਲ ਹਵਾ ਤੋਂ ਵੀ ਹਲਕਾ। ਮੈਂ ਬੀਚ ਤੋਂ ਡੁਬਦੇ ਸੂਰਜ ਦਾ ਅਜਿਹਾ ਨਜ਼ਾਰਾ ਦੇਖ ਕੇ ਮੁੜੀ ਸੀ ਜੋ ਕਦੇ ਵੀ ਭੁੱਲ ਨਹੀਂ ਸਕਦਾ। "ਇਸ ਤੋਂ ਵਧੀਆ ਦੇਖਣ ਵਾਲੀ ਚੀਜ਼ ਹੋਰ ਹੋ ਵੀ ਕੀ ਸਕਦੀ ਹੈ ਕਿ ਜਿਵੇਂ ਸੂਰਜ ਨੇ ਪਾਣੀ ਨੂੰ ਅੱਗ ਲਾ ਦਿੱਤੀ ਹੋਵੇ। ਅਸਮਾਨ ਦੀ ਲਾਲੀ ਲਹਿਰਾਂ ਨੂੰ ਹੌਲੀ-ਹੌਲੀ ਛੁਹੰਦੀ ਜਦ ਤੱਕ ਉਹ ਵੀ ਉਸ ਦੇ ਰੰਗ ਵਿਚ ਨਾ ਰੰਗੀ ਜਾਂਦੀ। ਇੱਕ ਸੱਚੀ ਕਹਾਣੀ ਜੋ ਬਹੁਤ ਹੀ ਘਟ ਦੇਖਣ ਨੂੰ ਮਿਲਦੀ ਹੈ?" ਇਹਨਾਂ ਖ਼ੂਬਸੂਰਤ ਯਾਦਾਂ ਨਾਲ ਮੈਂ ਦਰਵਾਜ਼ਾ ਖੋਲ੍ਹਿਆ। ਕਮਰੇ ਤੋਂ ਜਾਣ ਵੇਲੇ ਕਮਰੇ ਵਿਚ ਸਾਰਾ ਸਮਾਨ ਖਿਲਰਿਆ ਪਿਆ ਛੱਡ ਕੇ ਹੀ ਮੈਂ ਚਲੀ ਗਈ ਸੀ ਤਾਂ ਜੋ ਸੂਰਜ ਡੁੱਬਣ ਵਾਲਾ ਦ੍ਰਿਸ਼ ਦੇਖਣ ਲਈ ਦੇਰ ਨਾ ਹੋ ਜਾਵੇ। ਸੂਟ ਕੇਸ ਖੁੱਲ੍ਹਾ ਪਿਆ ਸੀ, ਕਪੜੇ ਉਸ ਵਿਚੋਂ ਬਾਹਰ ਨੂੰ ਆ ਰਹੇ ਸੀ, ਮੇਰਾ ਪਰਸ ਮੰਜੇ 'ਤੇ ਹੀ ਪਿਆ ਸੀ। ਕਿੰਨਾ ਖਿਲਾਰਾ ਸੀ?

ਮੈਂ ਹੋਟਲ ਵਿਚ ਪੰਜ ਵਜੇ ਪਹੁੰਚੀ ਸੀ ਅਤੇ ਸੂਰਜ ਡੁੱਬਣ ਦਾ ਸਮਾਂ ਸੀ ਤਕਰੀਬਨ ਸੱਤ ਵਜੇ ਦਾ। ਮੈਂ ਅੱਧੇ ਕੁ ਘੰਟੇ ਲਈ ਨੀਂਦ ਦਾ ਝੂਟਾ ਜਿਹਾ ਲੈ ਲਿਆ। ਉਸ ਤੋਂ ਬਾਅਦ ਚਾਹ ਦਾ ਇਕ ਕੱਪ ਪੀਤਾ ਅਤੇ ਤਿਆਰ ਹੋ ਗਈ। ਸੂਰਜ ਡੁੱਬਣ ਦੇ ਨਜ਼ਾਰੇ ਦੀਆਂ ਫ਼ੋਟੋਆਂ ਲੈਣ ਲਈ ਚੰਗੀ ਤਰ੍ਹਾਂ ਤਿਆਰ ਤਾਂ ਹੋਣਾ ਹੀ ਸੀ। ਸ਼ਾਮ ਲਈ ਵਧੀਆ ਜਿਹੇ ਕਪੜੇ ਪਾ ਕੇ ਮੈਂ ਹਾਉਸ ਕੀਪਿੰਗ ਵਾਲਿਆਂ ਨੂੰ ਕੱਪੜਿਆਂ ਵਾਲੀ ਪ੍ਰੈਸ ਅਤੇ ਪ੍ਰੈਸ ਕਰਨ ਵਾਲਾ ਬੋਰਡ ਲਿਆਉਣ ਲਈ ਕਿਹਾ।

"ਮੇਰਾ ਰਿਸਟ ਬੈਂਡ ਕਿਥੇ ਗਿਆ? ਮੈਂ ਸੋਚਿਆ ਕਿ ਸ਼ਾਇਦ ਮੈਂ ਪਰੈਸ ਬੋਰਡ 'ਤੇ ਹੀ ਰੱਖ ਦਿੱਤਾ ਹੋਵੇ ਕਿਉਂ ਕਿ ਉਸ ਨਾਲ ਮੇਰੇ ਕਪੜਿਆਂ ਦੀ ਕਢਾਈ ਖ਼ਰਾਬ ਹੋ ਰਹੀ ਸੀ।"

ਮੈਂ ਮੰਜੇ ਤੋਂ ਉੱਠੀ ਤਾਂ ਜੋ ਰਿਸਟ ਬੈਂਡ ਚੁੱਕ ਲਵਾਂ, ਪਰ ਉਥੇ ਨਾ ਪ੍ਰੈਸ ਬੋਰਡ ਸੀ ਅਤੇ ਨਾ ਹੀ ਪ੍ਰੈਸ। ਰਿਸਟ ਬੈਂਡ ਮੇਜ਼ 'ਤੇ ਪਿਆ ਸੀ ਅਤੇ ਨਾਲ ਹੀ ਹੱਥ ਦਾ ਲਿਖਿਆ ਇਕ ਕਾਗਜ। ਮੈਂ ਕਾਗਜ ਚੁੱਕ ਕੇ ਪੜ੍ਹਨ ਲੱਗੀ।

"ਡੀਅਰ, ਤੁਹਾਡੀ ਗ਼ੈਰ ਹਾਜ਼ਰੀ ਵਿਚ ਸਾਨੂੰ ਪ੍ਰੈਸ ਅਤੇ ਪ੍ਰੈਸ ਬੋਰਡ ਲੈ ਜਾਣਾ ਪਿਆ। ਕਿਸੇ ਵੀ ਸਹਾਇਤਾ ਲਈ ਹਾਉਸ ਕਿਪਿੰਗ ਨਾਲ ਸੰਪਰਕ ਕਰੋ। ਧੰਨਵਾਦ।"

ਇਹ ਪੜ੍ਹ ਕੇ ਮੈਨੂੰ ਬਹੁਤ ਗੁੱਸਾ ਆਇਆ। ਇਹ ਤਾਂ ਹੋਟਲ ਦੇ ਨਿਯਮਾਂ ਦੇ ਵਿਰੁਧ ਸੀ। ਮੈਨੂੰ

ਤਾਂ ਇਹ ਵੀ ਪੱਕਾ ਨਹੀਂ ਸੀ ਪਤਾ ਕਿ ਮੇਰੇ ਪਰਸ ਵਿਚ ਕਿੰਨੇ ਪੈਸੇ ਸੀ। ਮੈਂ ਆਪਣੇ ਅੰਦਰੂਨੀ ਨਿਜੀ ਕਪੜਿਆਂ ਵੱਲ ਦੇਖਿਆ ਜੋ ਖੁੱਲ੍ਹੇ ਸੂਟ ਕੇਸ ਵਿਚੋਂ ਮੇਰਾ ਮਜ਼ਾਕ ਉੜਾ ਰਹੇ ਸੀ।

"ਘੱਟੋ-ਘੱਟ ਉਹਨਾਂ ਨੂੰ ਚਾਹੀਦਾ ਸੀ ਕਿ ਮੈਨੂੰ ਫੋਨ ਕਰਕੇ ਮੇਰੀ ਇਜਾਜ਼ਤ ਤਾਂ ਲੈ ਲੈਂਦੇ। ਜੇ ਮੈਨੂੰ ਇਸ ਗੱਲ ਦਾ ਪਹਿਲਾਂ ਪਤਾ ਹੁੰਦਾ ਤਾਂ ਮੈਂ ਆਪਣੀਆਂ ਨਿਜੀ ਚੀਜ਼ਾਂ ਨੂੰ ਜਿੰਦਾ ਲਾ ਕੇ ਜਾਂਦੀ।"

ਸਨ ਸੈਟ ਦਾ ਸਾਰਾ ਮਜ਼ਾ ਕਿਰਕਿਰਾ ਹੋ ਗਿਆ। ਮੈਂ ਗੁੱਸੇ ਵਿਚ ਹਾਉਸ ਕਿਪਿੰਗ ਵਾਲਿਆਂ ਨੂੰ ਫੋਨ ਕੀਤਾ।

"ਮੈਂ ਕਮਰਾ ਨੰਬਰ 204 ਤੋਂ ਬੋਲ ਰਹੀ ਹਾਂ। ਤੁਸੀਂ ਮੇਰੀ ਇਜਾਜ਼ਤ ਤੋਂ ਬਿਨਾ ਮੇਰੇ ਕਮਰੇ ਵਿਚ ਦਾਖਲ ਹੋਣ ਦੀ ਹਿੰਮਤ ਕਿਵੇਂ ਕੀਤੀ?"

"ਮੈਡਮ, ਮੈਂ ਹੁਣੇ ਹੀ ਡਿਊਟੀ 'ਤੇ ਆਇਆ ਹਾਂ। ਇਸ ਬਾਰੇ ਮੈਨੂੰ ਕੁਝ ਨਹੀਂ ਪਤਾ। ਮੈਂ ਤੁਹਾਡੀ ਗੱਲ ਸੰਬੰਧਿਤ ਕਰਮਚਾਰੀ ਨਾਲ ਕਰਵਾਉਂਦਾ ਹਾਂ।"

"ਠੀਕ ਹੈ, ਮੇਰੀ ਗੱਲ ਕਰਵਾਓ। ਮੈਂ ਤੁਹਾਡੀ ਸਾਰਿਆਂ ਦੀ ਸ਼ਿਕਾਇਤ ਕਰਾਂਗੀ।"

"ਹਾਂ ਜੀ ਮੈਡਮ, ਮੈਂ ਹਾਉਸ ਕਿਪਿੰਗ ਦਾ ਮੁਖੀ ਬੋਲ ਰਿਹਾ ਹਾਂ। ਮੈਂ ਤੁਹਾਡੀ ਕੀ ਸਹਾਇਤਾ ਕਰ ਸਕਦਾ ਹਾਂ?"

"ਤੁਸੀਂ ਮੇਰੀ ਸਹਾਇਤਾ ਖਾਕ ਕਰੋਗੇ। ਤੁਸੀਂ ਮੇਰੀ ਗ਼ੈਰ ਹਾਜ਼ਰੀ ਵਿਚ ਮੇਰੇ ਕਮਰੇ ਵਿਚ ਆ ਕੇ ਪ੍ਰੈਸ ਕਿਉਂ ਲੈ ਕੇ ਗਏ? ਮੇਰਾ ਸਾਰਾ ਸਮਾਨ ਖੁੱਲ੍ਹਾ ਹੀ ਪਿਆ ਸੀ—ਅਤੇ—"

"ਮੈਨੂੰ ਬੇਹੱਦ ਅਫ਼ਸੋਸ ਹੈ ਮੈਡਮ, ਮੈਂ ਇਸ ਮਾਮਲੇ ਦੀ ਪੂਰੀ ਜਾਣਕਾਰੀ ਲੈ ਕੇ ਯੋਗ ਕਾਰਵਾਈ ਕਰਦਾ ਹਾਂ। ਇਸ ਲਈ ਮੈਂ ਮੁਆਫ਼ੀ ਮੰਗਦਾ ਹਾਂ।"

"ਤੁਹਾਨੂੰ ਕਾਰਵਾਈ ਕਰਨੀ ਹੀ ਚਾਹੀਦੀ ਹੈ।"

ਉਸ ਰਾਤ ਮੈਨੂੰ ਠੀਕ ਤਰ੍ਹਾਂ ਨੀਂਦ ਵੀ ਨਾ ਆਈ। ਅਗਲੇ ਦਿਨ ਜਦੋਂ ਮੈਂ ਸਵੇਰੇ ਉੱਠੀ ਤਾਂ ਮੇਰਾ ਸਿਰ ਗੁੱਸੇ ਨਾਲ ਫਟਿਆ ਜਾ ਰਿਹਾ ਸੀ।

ਮੈਂ ਆਪਣੇ ਦਵਾਈਆਂ ਵਾਲੇ ਡੱਬੇ ਵਿਚੋਂ ਦਰਦ ਦੀ ਗੋਲੀ ਲੱਭੀ, ਪਰ ਪ੍ਰੈਸ ਦੀ ਤਰ੍ਹਾਂ ਉਸ ਡੱਬੇ ਵਿਚ ਗੋਲੀ ਵੀ ਨਹੀਂ ਸੀ। ਮੈਂ ਹਾਉਸ ਕਿਪਿੰਗ ਵਾਲਿਆਂ ਨੂੰ ਫੋਨ ਕੀਤਾ।

"ਗੁੱਡ ਮਾਰਨਿੰਗ ਮੈਡਮ, ਤੁਸੀਂ ਹੁਣ ਕਿਸ ਤਰ੍ਹਾਂ ਮਹਿਸੂਸ ਕਰ ਰਹੇ ਹੋ?"

ਇਹ ਜਾਣੀ ਪਹਿਚਾਣੀ ਅਵਾਜ਼ ਸੀ।

"ਮੈਡਮ, ਮੈਂ ਰਿਜ਼ ਬੋਲ ਰਿਹਾ ਹਾਂ, ਹਾਉਸ ਕਿਪਿੰਗ ਇੰਚਾਰਜ। ਹੁਣ ਮੈਂ ਤੁਹਾਡੇ ਕਮਰੇ ਦਾ ਆਪ ਧਿਆਨ ਰੱਖਾਂਗਾ। ਕੱਲ ਜੋ ਕੁਝ ਵੀ ਹੋਇਆ ਉਸ ਲਈ ਮੈਂ ਫੇਰ ਮੁਆਫ਼ੀ ਮੰਗਦਾ ਹਾਂ। ਮੈਨੂੰ ਉਮੀਦ ਹੈ ਕਿ ਤੁਹਾਡੀ ਕੋਈ ਵੀ ਚੀਜ਼ ਏਧਰ-ਉਧਰ ਨਹੀਂ ਹੋਈ?"

"ਮੈਨੂੰ ਨਹੀਂ ਪਤਾ, ਪਰ ਹਾਂ, ਮੇਰੀਆਂ ਦਰਦ ਦੀਆਂ ਗੋਲੀਆਂ ਚੋਰੀ ਹੋ ਗਈਆਂ ਹਨ।"

"ਤੁਸੀਂ ਮਜ਼ਾਕ ਕਰ ਰਹੇ ਹੋ ਮੈਡਮ। ਮੈਂ ਤੁਹਾਡੀ ਕੀ ਸਹਾਇਤਾ ਕਰ ਸਕਦਾ ਹਾਂ?"

"ਮੈਨੂੰ ਡਿਸਪਰੀਨ ਚਾਹੀਦੀ ਹੈ।"

"ਜ਼ਰੂਰ ਮੈਡਮ। ਦੋ ਮਿੰਟ ਵਿਚ ਡਿਸਪਰੀਨ ਤੁਹਾਡੇ ਕੋਲ ਪਹੁੰਚ ਜਾਵੇਗੀ।"

ਮੈਨੂੰ ਇੱਕ ਮੁਸਕਰਾਹਟ ਜਾਂ ਸ਼ਰਾਰਤੀ ਮੁਸਕਰਾਹਟ ਦੀ ਅਵਾਜ਼ ਸੁਣਾਈ ਦਿੱਤੀ। ਠੀਕ ਦੋ ਮਿੰਟ ਬਾਅਦ ਹੀ ਕਮਰੇ ਦੀ ਘੰਟੀ ਵੱਜੀ। ਕਮਰੇ ਦੇ ਦਰਵਾਜ਼ੇ ਦੇ ਬਾਹਰ ਇਕ ਨੌਜਵਾਨ ਮੁੰਡਾ ਡਿਸਪਰੀਨ ਦਾ ਪੈਕਟ ਲਈ ਖੜਾ ਸੀ।

"ਮਿਸਟਰ ਰਿਜ਼?"

"ਨਹੀਂ ਮੈਡਮ, ਉਹ ਤਾਂ ਇੰਚਾਰਜ ਹਨ। ਉਹਨਾਂ ਨੇ ਮੈਨੂੰ ਭੇਜਿਆ ਹੈ।"

"ਠੀਕ ਹੈ, ਧੰਨਵਾਦ।"

ਇਸ ਤੋਂ ਬਾਅਦ ਸਿਰ ਦਰਦ ਦੇ ਨਾਲ-ਨਾਲ ਮੇਰਾ ਗੁੱਸਾ ਵੀ ਠੀਕ ਹੋ ਗਿਆ। ਸਾਰਾ ਦਿਨ ਮੈਂ ਨੇੜੇ-ਤੇੜੇ ਦੇ ਬੀਚਾਂ ਤੇ ਘੁੰਮਦੀ ਰਹੀ। ਸਮੁੰਦਰ ਮੇਰੀ ਸ਼ੁਰੂ ਤੋਂ ਹੀ ਕਮਜ਼ੋਰੀ ਰਹੇ ਹਨ, ਇਸੇ ਲਈ ਮੈਂ ਸਮੁੰਦਰੀ ਇਲਾਕਿਆਂ ਵੱਲ ਬਾਰ-ਬਾਰ ਆਉਂਦੀ ਹਾਂ। ਸਾਰਾ ਦਿਨ ਸਮੁੰਦਰੀ ਲਹਿਰਾਂ ਨਾਲ ਵਧੀਆ ਸਮਾਂ ਬਿਤਾ ਕੇ ਮੈਂ ਸ਼ਾਮ ਨੂੰ ਆਪਣੇ ਹੋਟਲ ਦੇ ਕਮਰੇ ਵਿਚ ਵਾਪਿਸ ਆ ਗਈ। ਅੱਧੇ ਘੰਟੇ ਲਈ ਮੈਂ ਨੀਂਦ ਦੀ ਝਪਕੀ ਲੈਣ ਤੋਂ ਬਾਅਦ ਉੱਠੀ। ਕੁਝ ਦੇਰ ਬਾਅਦ ਬੇਅਰਾਮੀ ਜਿਹੀ ਮਹਿਸੂਸ ਹੋਈ। ਬਾਥਰੂਮ ਗਈ ਤਾਂ ਇਹ ਦੇਖ ਕੇ ਘਬਰਾ ਗਈ ਕਿ ਮੇਰੀ ਮਹਾਂਵਾਰੀ ਦਸ ਦਿਨ ਪਹਿਲਾਂ ਹੀ ਸ਼ੁਰੂ ਹੋ ਗਈ ਸੀ। ਮੈਂ ਇਸ ਲਈ ਬਿਲਕੁਲ ਵੀ ਤਿਆਰ ਨਹੀਂ ਸੀ। ਮੈਂ ਆ ਕੇ ਦੇਖਿਆ ਕਿ ਮੇਰੇ ਸਮਾਨ ਵਿਚ ਸੈਨੇਟਰੀ ਨੈਪਕਿਨਸ ਪਏ ਹਨ ਜਾਂ ਨਹੀਂ। ਪਰ ਨਹੀਂ, ਕੋਈ ਵੀ ਨਹੀਂ ਸੀ। ਅਸਲ ਵਿਚ ਮੈਂ ਰੱਖੇ ਹੀ ਨਹੀਂ ਸਨ, ਕਿਉਂਕਿ ਮੈਨੂੰ ਪਤਾ ਸੀ ਕਿ ਉਹਨਾਂ ਦੀ ਲੋੜ ਵਾਪਿਸ ਆ ਕੇ ਹੀ ਪਏਗੀ।

"ਇਹ ਸਮੱਸਿਆ ਮਹਾਂਵਾਰੀ ਚੱਕਰ ਖਤਮ ਹੋਣ ਸਮੇਂ ਸ਼ੁਰੂ ਹੁੰਦੀ ਹੈ ਕਿਉਂ ਜੋ ਕੁਦਰਤੀ ਚੱਕਰ ਬੇਤਰਤੀਬ ਹੋ ਜਾਂਦਾ ਹੈ, ਜਿਸ ਨਾਲ ਤੁਸੀਂ ਇੱਕ ਪਾਸੇ ਚਿੜਚਿੜੇ ਵੀ ਹੋ ਜਾਂਦੇ ਹੋ ਅਤੇ ਕਈ ਬਾਰ ਤੁਹਾਨੂੰ ਸ਼ਰਮਿੰਦਾ ਵੀ ਹੋਣਾ ਪੈਂਦਾ ਹੈ। ਹੁਣ ਮੈਂ ਕੀ ਕਰਾਂ?"

ਮੈਂ ਕੁਝ ਸਮੇਂ ਲਈ ਸੋਚਿਆ ਅਤੇ ਹਾਉਸ ਕਿਪਿੰਗ ਨੂੰ ਫੋਨ ਕੀਤਾ।

"ਜੀ ਮੈਡਮ, ਮੈਂ ਤੁਹਾਡੇ ਲਈ ਕੀ ਕਰ ਸਕਦਾ ਹਾਂ?" ਇਕ ਜਾਣੀ ਪਹਿਚਾਣੀ ਅਵਾਜ਼ ਆਈ।

'ਮਿਸਟਰ ਰਿਜ਼, ਤੁਹਾਡੇ ਸੈਕਸ਼ਨ ਵਿਚ ਕੋਈ ਔਰਤ ਹੈ ਅਤੇ ਕੀ ਮੈਂ ਉਸ ਨਾਲ ਗੱਲ ਕਰ ਸਕਦੀ ਹਾਂ?"

"ਨਹੀਂ ਮੈਮ, ਅਸੀਂ ਸਿਰਫ ਤਿੰਨ ਲੜਕੇ ਹੀ ਹਾਂ। ਘਬਰਾਓ ਨਾ। ਮੈਂ ਤੁਹਾਡੀ ਮਦਦ ਕਰ ਸਕਦਾ ਹਾਂ।"

"ਉਹ---ਅਸਲ ਵਿਚ—ਕੀ –ਕੀ ਤੁਸੀਂ ਹੋਟਲ ਵਿਚ ਠਹਿਰਨ ਵਾਲਿਆਂ ਨੂੰ ਲੋੜ ਪੈਣ 'ਤੇ ਸੈਨੇਟਰੀ ਨੈਪਕਿਨਸ ਦਿੰਦੇ ਹੋ?" ਇਹ ਕਹਿੰਦੇ ਹੋਏ ਮੈਨੂੰ ਬਹੁਤ ਸ਼ਰਮਿੰਦਗੀ ਮਹਿਸੂਸ ਹੋਈ। ਮੈਂ ਬਹੁਤ ਹਿੰਮਤ ਕਰਕੇ ਇਹ ਗੱਲ ਕਹਿ ਸਕੀ।

"ਹਾਂ, ਕਿਉਂ ਨਹੀਂ, ਮੈਂ ਹੁਣੇ ਹੀ ਭੇਜਦਾ ਹਾਂ।"

"ਧੰਨਵਾਦ ਰਿਜ਼।" ਮੈਂ ਮਿਸਟਰ ਸ਼ਬਦ ਕਹਿਣਾ ਵੀ ਭੁੱਲ ਗਈ।

ਪੰਜ ਮਿੰਟ ਬਾਅਦ ਹੀ ਕਮਰੇ ਦੀ ਘੰਟੀ ਵੱਜੀ ਅਤੇ ਇਕ ਮੁੰਡਾ ਮੈਨੂੰ ਵਧੀਆ ਤਰੀਕੇ ਨਾਲ ਲਿਪਟਿਆ ਸੈਨੇਟਰੀ ਨੈਪਕਿਨਸ ਦਾ ਪੈਕਟ ਦੇ ਗਿਆ, ਇਕ ਗਰਮ ਪਾਣੀ ਦੀ ਬੋਤਲ ਵੀ ਅਤੇ ਇਕ ਪੈਕਟ ਮੈਟਾਫਲ ਸਪਾਸ ਦੀਆਂ ਗੋਲੀਆਂ ਵੀ।

ਹਾਉਸ ਕਿਪਿੰਗ ਜਾਂ ਮਿਸਟਰ ਹਾਉਸ ਕੀਪਰ ਮੇਰੇ ਦਿਲ ਵਿਚ ਘਰ ਬਣਾ ਰਿਹਾ ਸੀ।

ਅਗਲੇ ਦਿਨ ਮੈਂ ਆਪਣੇ ਕਮਰੇ ਵਿਚ ਹੀ ਰਹੀ ਕਿਉਂ ਕਿ ਤਬੀਅਤ ਕੁਝ ਜਿਆਦਾ ਹੀ ਖ਼ਰਾਬ ਸੀ। 12 ਕੁ ਵਜੇ ਮੇਰੇ ਫੋਨ ਦੀ ਘੰਟੀ ਵੱਜੀ।

'ਹੈਲੋ ਮੈਡਮ, ਗੁੱਡ ਆਫਟਰ ਨੂਨ। ਉਮੀਦ ਹੈ ਕਿ ਤੁਸੀਂ ਠੀਕ ਮਹਿਸੂਸ ਕਰ ਰਹੇ ਹੋਵੋਗੇ। ਜੇ ਕਿਸੇ ਹੋਰ ਚੀਜ਼ ਦੀ ਜ਼ਰੂਰਤ ਹੈ ਤਾਂ ਦੱਸ ਦੇਣਾ। ਮੇਰੀ ਡਿਊਟੀ ਅੱਜ ਰਾਤ ਦੇ 12 ਵਜੇ ਤੱਕ ਹੈ ਅਤੇ ਫੇਰ ਮੇਰੀ ਤਿੰਨ ਦਿਨ ਦੀ ਛੁੱਟੀ ਹੈ।"

"ਧੰਨਵਾਦ ਰਿਜ਼, ਅਜੇ ਮੈਨੂੰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ।"

"ਕੀ ਅੱਜ ਤੁਸੀਂ ਘੁੰਮਣ ਨਹੀਂ ਜਾ ਰਹੇ?" ਇਸ ਬਾਰ ਉਸ ਨੇ ਮੈਡਮ ਸ਼ਬਦ ਨਹੀਂ ਸੀ ਬੋਲਿਆ। ਮੈਨੂੰ ਹਾਸੀ ਆ ਗਈ।

"ਨਹੀਂ ਰਿਜ਼, ਮੈਂ ਹੋਟਲ ਵਿਚ ਹੀ ਰਹਾਂਗੀ। ਤਬੀਅਤ ਠੀਕ ਨਹੀਂ।"

"ਓ ਕੇ, ਜਿਵੇਂ ਤੁਹਾਨੂੰ ਠੀਕ ਲੱਗੇ। ਮੈਂ ਤੁਹਾਨੂੰ ਸਮਾਂ ਬਿਤਾਉਣ ਲਈ ਕੁਝ ਕਿਤਾਬਾਂ ਭੇਜ ਰਿਹਾ ਹਾਂ।"

"ਠੀਕ ਹੈ, ਜ਼ਰੂਰ ਭੇਜ ਦਿਓ, ਕਿਤਾਬਾਂ ਪੜ੍ਹ ਕੇ ਮੈਨੂੰ ਚੰਗਾ ਲੱਗੇਗਾ।"

ਮੈਂ ਉਸ ਨੂੰ ਕੁਝ ਵਿਅਕਤੀਗਤ ਗੱਲਾਂ ਪੁੱਛਣਾ ਚਾਹੁੰਦੀ ਸੀ, ਪਰ ਪੁੱਛ ਨਾ ਸਕੀ।

"ਮੈਂ ਕੁਝ ਕਿਤਾਬਾਂ ਆਪਣੀ ਪਸੰਦ ਦੀਆਂ ਭੇਜ ਰਿਹਾ ਹਾਂ, ਜ਼ਰੂਰ ਪੜ੍ਹਨਾ।" ਇਹ ਕਹਿੰਦੇ ਹੋਏ ਉਸ ਨੇ ਫੋਨ ਰੱਖ ਦਿੱਤਾ।

ਤਿੰਨ ਕਿਤਾਬਾਂ ਆ ਗਈਆਂ। ਇਕ ਕਾਫੀ ਟੇਬਲ ਬੁੱਕ ਸੀ(ਹਿਮਾਲਿਆ ਫਲੋਰਾ ਐਂਡ ਫਾਨਾ ਬਾਰੇ), ਇਕ ਕਵਿਤਾਵਾਂ ਦੀ ਕਿਤਾਬ ਸੀ(ਲਵ ਪੋਇਮਜ਼ ਆਫ ਰੂਮੀ) ਅਤੇ ਇਕ ਨਾਵਲ(ਦਿ ਬਿਰਜਿਸ ਆਫ ਮੇਡੀਸਨ ਕੰਟਰੀ)। ਕਿਤਾਬਾਂ ਦੇ ਨਾਲ ਹੀ ਇਕ ਪਿਆਰਾ ਜਿਹਾ ਰੁੱਕਾ ਸੀ ਜਿਸ 'ਤੇ ਇਹ ਲਿਖਿਆ ਹੋਇਆ ਸੀ:

"ਡੀਅਰ ਮੈਡਮ, ਪਿਆਰ ਅਤੇ ਅਪਣੱਤ ਦੀ ਨਿਸ਼ਾਨੀ ਦੇ ਤੌਰ ਤੇ ਇਹ ਕਿਤਾਬਾਂ ਕਬੂਲ ਕਰੋ ਅਤੇ ਇਹ ਆਪਣੇ ਨਾਲ ਹੀ ਲੈ ਜਾਣਾ। ਆਪਣੇ ਵਿਹਲੇ ਸਮੇਂ ਵਿਚ ਪੜ੍ਹਨਾ ਅਤੇ ਹਾਊਸ ਕਿਪਿੰਗ ਦੀਆਂ ਯਾਦਾਂ ਦਾ ਆਨੰਦ ਮਾਣਨਾ ਜਿੰਨਾਂ ਨੇ ਤੁਹਾਡੇ ਲਈ ਹੋਟਲ ਨੂੰ ਘਰ ਬਣਾ ਦਿੱਤਾ। ਧੰਨਵਾਦ। ਰਿਜ਼ਵਾਨ।"

ਇਸ ਨਿੱਘੇ ਜਿਹੇ ਰੁੱਕੇ ਨਾਲ ਮੇਰੇ ਚਿਹਰੇ 'ਤੇ ਮੁਸਕਰਾਹਟ ਆ ਗਈ। ਮੈਨੂੰ ਇਹ ਨਿਰੋਲ 'ਸੂਚਨਾ ਪਰਚੀ' ਨਾਲੋਂ 'ਨੇੜਤਾ ਪਰਚੀ' ਜ਼ਿਆਦਾ ਲੱਗੀ, ਮੈਂ ਕਿਤਾਬਾਂ ਆਪਣੇ ਸਮਾਨ ਵਿਚ ਰੱਖ ਲਈਆਂ ਅਤੇ ਸਲਿਪ ਆਪਣੇ ਪਰਸ ਵਿਚ, ਆਪਣੇਪਣ ਦਾ ਸਬੂਤ, ਇਕ ਅਜਿਹੇ ਇਨਸਾਨ ਦਾ ਜਿਸ ਨੂੰ ਨਾ ਕਦੇ ਦੇਖਿਆ, ਨਾ ਮਿਲੀ, ਪਰ ਸਿਰਫ ਉਸਦੀ ਅਵਾਜ਼ ਹੀ ਸੁਣੀ। ਮੈਨੂੰ ਯਕੀਨ ਹੈ ਕਿ ਹਾਉਸ ਕੀਪਰ ਦੀਆਂ ਯਾਦਾਂ ਮੈਨੂੰ ਜ਼ਿੰਦਗੀ ਭਰ ਆਨੰਦ ਦਿੰਦੀਆਂ ਰਹਿਣਗੀਆਂ। "ਜ਼ਿੰਦਗੀ ਕਿੰਨੀ ਅਜੀਬ ਹੈ ਅਤੇ ਰਿਸ਼ਤੇ ਵੀ," ਮੈਂ ਆਪਣੇ ਆਪ ਨੂੰ ਕਿਹਾ ਅਤੇ ਅਗਲੇ ਦਿਨ ਸਵੇਰੇ ਹੀ ਹੋਟਲ ਵਿਚੋਂ ਜਾਣ ਲਈ ਸਮਾਨ ਸਾਂਭਣ ਲੱਗ ਪਈ। ਪਰ ਹਾਂ, ਉਸ ਤੋਂ ਪਹਿਲਾਂ ਮੈਂ ਇਹ ਫੈਸਲਾ ਕੀਤਾ ਕਿ ਰਾਤ ਦੇ 12 ਵਜੇ ਤੋਂ ਪਹਿਲਾਂ ਹਾਊਸ ਕਿਪਿੰਗ ਨੂੰ ਕੁਝ ਹੋਰ ਵਾਰ ਫੋਨ ਜ਼ਰੂਰ ਕਰਨਾ ਹੈ।

# ਪੁਸਤਕ ਸਮੀਖਿਆ

# 'ਦਰੀਆਂ ਵਾਲੀ ਪੇਟੀ' ਦਾ ਕੁੰਡਾ ਖੋਲ੍ਹਦਿਆਂ...



ਡਾ. ਸਿਮਰਨਜੀਤ ਸਿੰਘ
ਸਹਾਇਕ ਪ੍ਰੋਫੈਸਰ
ਪੰਜਾਬੀ ਅਧਿਐਨ ਸਕੂਲ
ਗੁਰੂ ਨਾਨਕ ਦੇਵ
ਯੂਨੀਵਰਸਿਟੀ
ਅੰਮ੍ਰਿਤਸਰ।
+91 94176-42669



ਪ੍ਰਕਾਸ਼ਕ:- ਔਟਮ ਆਰਟ
ਕੀਮਤ:-875 ਰੁਪਏ

ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਲੋਕਧਾਰਾ ਖ਼ਤਮ ਹੋ ਰਹੀ ਹੈ, ਇਸਦੀ ਸਾਂਭ-ਸੰਭਾਲ ਕੀਤੀ ਜਾਵੇ। ਇਸ ਮੁਹਿੰਮ ਅਧੀਨ ਮੁੱਢਲੇ ਪੱਧਰ 'ਤੇ ਲੋਕਧਾਰਾ ਦੇ ਇਕੱਤਰੀਕਰਨ ਦਾ ਕਾਰਜ ਆਰੰਭਿਆ ਗਿਆ। ਪੰਜਾਬੀ ਲੋਕਧਾਰਾ ਦੇ ਪਹਿਲੇ ਪੜ੍ਹਾਅ 'ਤੇ ਲੋਕਧਾਰਾ ਦੇ ਇਕੱਤਰੀਕਰਨ ਦਾ ਜੋ ਕੰਮ ਕੀਤਾ ਗਿਆ ਉਸਦੇ ਅੰਤਰਗਤ ਲੋਕ ਗੀਤ, ਲੋਕ ਬੋਲੀਆਂ, ਲੋਕ ਕਹਾਣੀਆਂ, ਲੋਕ-ਗਾਥਾਵਾਂ, ਸਿਆਣਪਾਂ, ਬੁਝਾਰਤਾਂ, ਮੁਹਾਵਰੇ, ਅਖਾਣ, ਟੋਟਕੇ ਅਤੇ ਲੋਕ-ਤੱਥਾਂ ਨੂੰ ਸਾਂਭਣ ਦੇ ਕਾਰਜ ਵਿੱਢੇ ਗਏ। ਇਹ ਕੰਮ ਅੰਗਰੇਜ਼ ਅਧਿਕਾਰੀਆਂ ਤੋਂ ਲੈ ਕੇ ਪੰਜਾਬ ਦੇ ਸਾਧਾਰਨ ਬੰਦਿਆਂ ਅਤੇ ਵਿਦਵਾਨਾਂ ਸਭ ਨੇ ਰਲ-ਮਿਲ ਕੇ ਕੀਤਾ। ਫਿਰ ਦੂਜੇ ਪੜ੍ਹਾਅ ਵਿਚ ਅਕਾਦਮਿਕ ਖੋਜ ਕਾਰਜਾਂ ਦੀ ਲੜੀ ਦਾ ਦੌਰ ਸ਼ੁਰੂ ਹੁੰਦਾ ਹੈ ਜਿਸ ਵਿਚ ਵੱਖ-ਵੱਖ ਖੇਤਰਾਂ ਦੇ ਭਾਸ਼ਾਈ ਨਮੂਨਿਆਂ ਦੇ ਨਾਲ-ਨਾਲ ਪਦਾਰਥਿਕ ਸਭਿਆਚਾਰ ਨਾਲ ਜੁੜੀਆਂ ਵਸਤਾਂ/ਚੀਜ਼ਾਂ ਨੂੰ ਇਕੱਤਰ ਕਰ ਕੇ ਸਾਂਭਿਆ ਗਿਆ। ਦੂਜੇ ਪੱਧਰ ਦਾ ਕੰਮ ਇਕੱਤਰ ਕੀਤੀ ਗਈ ਲੋਕਧਾਰਾਈ ਸਮੱਗਰੀ ਦੀ ਵਿਆਖਿਆ, ਸਿਧਾਂਤ ਅਤੇ ਸ਼ਾਸਤਰ ਦਾ ਹੈ। ਜੋ ਇਕੱਤਰੀਕਰਨ ਤੋਂ ਬਾਅਦ ਦਾ ਪੜ੍ਹਾਅ ਹੈ ਅਤੇ ਇਹ ਕਾਰਜ ਨਿਰੋਲ ਰੂਪ ਵਿਚ ਸਭਿਆਚਾਰ ਅਤੇ ਲੋਕਧਾਰਾ ਸ਼ਾਸਤਰੀਆਂ ਦੇ ਹਿੱਸੇ ਆਇਆ ਹੈ। ਇਨ੍ਹਾਂ ਸੱਭਿਆਚਾਰ ਅਤੇ ਲੋਕਧਾਰਾ ਸ਼ਾਸਤਰੀਆਂ ਵਿੱਚੋਂ ਇੱਕ ਹਨ ਡਾ. ਜਗਦੀਸ਼ ਕੌਰ, ਜਿੰਨਾਂ ਦੀ ਨਵ-ਪ੍ਰਕਾਸ਼ਿਤ ਪੁਸਤਕ 'ਦਰੀਆਂ ਵਾਲੀ ਪੇਟੀ' ਪੰਜਾਬੀ ਲੋਕਧਾਰਾ ਦੇ ਖੇਤਰ ਵਿਚ ਕੀਤਾ ਗਿਆ ਸ਼ਲਾਘਾਯੋਗ ਕਾਰਜ ਹੈ ਕਿਉਂਕਿ ਇਹ ਪੁਸਤਕ ਆਪਣੇ-ਆਪ ਵਿਚ ਇੱਕ ਨਿਵੇਕਲਾ ਖੋਜ-ਪ੍ਰਾਜੈਕਟ ਹੈ ਜਿਸ ਵਿਚ ਜਿੱਥੇ ਪੰਜਾਬ ਦੀਆਂ ਸੁਆਣੀਆਂ ਦੀ ਭੁੱਲੀ-ਵਿੱਸਰੀ ਹਸਤ-ਕਲਾ 'ਦਰੀਆਂ ਦੇ ਨਮੂਨਿਆਂ' ਨੂੰ ਸਾਂਭਣ ਦਾ ਕਾਰਜ ਕੀਤਾ ਗਿਆ ਹੈ ਉੱਥੇ ਉਹਨਾਂ ਨੇ ਦਰੀ ਦੀ ਕਲਾ ਅਤੇ ਨਮੂਨਿਆਂ ਦੀ ਵਿਹਾਰਕ ਸਮੀਖਿਆ ਕਰਦਿਆਂ 'ਦਰੀ-ਸ਼ਾਸਤਰ' ਵੀ ਉਸਾਰਿਆ ਹੈ।

ਪਹਿਲੇ ਸਮੇਂ ਵਿਚ ਲੋਕਧਾਰਾ ਦੇ ਇੱਕਤਰੀਕਰਨ ਬਾਬਤ ਵਿਦਵਾਨਾਂ ਦੀ ਇਹ ਧਾਰਨਾ ਸੀ ਕਿ ਇੰਝ ਹੀ ਲੋਕਧਾਰਾ ਸਾਂਭੀ ਜਾ ਸਕੇਗੀ। ਫਿਰ ਦੂਜਾ ਦੌਰ ਆਇਆ ਜਦ ਇਹ ਮੰਨਿਆ ਗਿਆ ਕਿ ਪਦਾਰਥਕ ਸਭਿਆਚਾਰ ਵਿਚਲੀਆਂ ਚੀਜ਼ਾਂ, ਵਸਤੂਆਂ ਅਤੇ ਨਮੂਨਿਆਂ ਨੂੰ ਇਕੱਤਰ ਕਰਕੇ ਮਿਊਜ਼ੀਅਮ ਦੇ ਸ਼ੀਸ਼ਿਆਂ ਵਿਚ ਜੜ ਕੇ ਆਉਣ ਵਾਲੀਆਂ ਨਸਲਾਂ ਤੱਕ ਇਸਨੂੰ ਸਾਂਭਿਆ ਜਾ ਸਕਦਾ ਹੈ ਤੇ ਅਜਿਹਾ ਕਰਨ ਸਦਕਾ ਹੀ ਅਸੀਂ

ਆਉਣ ਵਾਲੀਆਂ ਪੀੜ੍ਹੀਆਂ ਨੂੰ ਪੰਜਾਬ ਦੀ ਵਿਰਾਸਤ ਤੋਂ ਜਾਣੂੰ ਕਰਵਾ ਸਕਾਂਗੇ। ਪਰ ਅਜੋਕਾ ਸਮਾਂ ਡਿਜੀਟਲ ਕ੍ਰਾਂਤੀ ਦਾ ਯੁੱਗ ਹੈ, ਜਿਸ ਵਿਚ ਚੀਜ਼ਾਂ/ਵਸਤਾਂ ਦੇ ਕੋਲ ਜਾਣ ਦੀ ਥਾਂ ਘਰ ਬੈਠੇ ਉਹ ਖੁਦ-ਬ-ਖੁਦ ਬੰਦੇ ਦੀ ਪਹੁੰਚ ਵਿਚ ਆ ਰਹੀਆਂ ਹਨ। ਅਜਿਹੇ ਤੇਜ਼ ਰਫ਼ਤਾਰ ਵਾਲੇ ਸਮੇਂ ਵਿਚ ਮਿਊਜ਼ੀਅਮਾਂ ਵਿਚ ਜਾਣ ਦੀ ਥਾਂ 'ਕੌਫੀ ਟੇਬਲ ਬੁੱਕ' ਤਿਆਰ ਕੀਤੀਆਂ ਜਾ ਰਹੀਆਂ ਹਨ। ਯੂਰਪ ਵਿਚ ਇਹ ਵਰਤਾਰਾ ਭਾਵੇਂ ਲੰਮਾਂ ਸਮਾਂ ਪਹਿਲਾਂ ਸ਼ੁਰੂ ਹੋ ਚੁੱਕਾ ਹੈ ਪਰ ਪੰਜਾਬੀ ਲੋਕਧਾਰਾ ਦੇ ਖੇਤਰ ਵਿਚ ਇਸ ਕਿਸਮ ਦੇ ਕਾਰਜ ਕਰਨ ਦਾ ਸਿਹਰਾ ਡਾ. ਜਗਦੀਸ਼ ਕੌਰ ਹੋਰਾਂ ਦੀ ਹੱਥਲੀ ਪੁਸਤਕ 'ਦਰੀਆਂ ਵਾਲੀ ਪੇਟੀ' ਸਦਕਾ ਸ਼ੁਰੂ ਹੁੰਦਾ ਹੈ, ਜੋ ਪੰਜਾਬੀ ਲੋਕਧਾਰਾ ਦੇ ਖੇਤਰ ਵਿਚ ਇਕ ਸ਼ੁਭ-ਸ਼ਗਨ ਹੈ।

ਇਹ ਪੁਸਤਕ ਅਸਲ ਵਿਚ ਉਹਨਾਂ ਦਾ ਖੋਜ-ਪ੍ਰਾਜੈਕਟ ਹੈ ਜਿਸ ਬਾਰੇ ਉਹਨਾਂ ਨੇ ਪੁਸਤਕ ਦੇ ਮੁੱਢ 'ਰੰਗਾਂ-ਨਮੂਨਿਆਂ ਦੀ ਲੀਲ੍ਹਾ ਸਿਰਜਦੇ ਹੱਥਾਂ ਨੂੰ ਸਿਜਦਾ' ਨਾਮੀ ਭੂਮਿਕਾ ਵਿਚ ਦੱਸਿਆ ਹੈ ਕਿ ਇਸ ਖੋਜ ਕਾਰਜ ਨੂੰ ਬੂਰ ਉਦੋਂ ਪਿਆ ਜਦ '2018-2019 ਵਿੱਚ ਬੁੱਢੇ ਦਰਿਆ ਦੀ ਪੁਨਰ-ਸੁਰਜੀਤੀ ਲਈ ਮੁਹਿੰਮ ਚੱਲ ਰਹੀ ਸੀ। ਨੇੜੇ ਦੇ ਗੁਰੂਦੁਆਰਿਆਂ ਵਿੱਚ ਸੰਗਤ ਦੀ ਸ਼ਮੂਲੀਅਤ ਲਈ ਕੁਝ ਬੈਨਰ ਲਵਾਉਣੇ ਸਨ। ਮੱਥਾ ਟੇਕ ਕੇ ਸਕੱਤਰ ਨੂੰ ਮਿਲਣਾ ਸੀ। ਪੈਰ ਪਾਣੀ 'ਚ ਪਾਏ ਤਾਂ ਦਰੀ ਦੀ ਛੁਹ ਨੇ ਠੰਡੇ ਪਾਣੀ ਵਿਚ ਆਸਰਾ ਦਿੱਤਾ। ਅੱਗੇ ਪੈਰ ਸੁਕਾਉਣ ਲਈ ਫੇਰ ਦਰੀਆਂ ਵਿਛੀਆਂ ਹੋਈਆਂ ਸਨ, ਸੁਹਣੇ-ਸੁਹਣੇ ਨਮੂਨਿਆਂ ਵਾਲੀਆਂ। ਮਨ ਉਸ ਵੇਲੇ ਭਰ ਆਇਆ ਜਦ ਇੱਕ ਵੱਡੇ ਸਾਰੇ ਚੌਰਸ ਡਸਟਬਿਨ ਵਿੱਚ ਗਿੱਲੀਆਂ-ਭਿੱਜੀਆਂ ਦਰੀਆਂ ਪਈਆਂ ਦਿਸੀਆਂ। ਸਾਰੀ ਉਮਰ ਪੰਜਾਬੀ ਸਭਿਆਚਾਰ ਅਤੇ ਲੋਕਧਾਰਾ ਦੇ ਖੇਤਰ ਦੀ ਖੋਜਾਰਥਣ ਰਹੀ ਹਾਂ, ਸਮਝ ਸਕਦੀ ਹਾਂ ਕਿ ਲੋਕਾਂ ਕੋਲ ਦਰੀਆਂ, ਪੇਟੀਆਂ ਵਿਚ ਦਹਾਕਿਆਂ ਤੋਂ ਸਾਂਭੀਆਂ ਪਈਆਂ ਨੇ ਹੁਣ ਜਦੋਂ ਇਨ੍ਹਾਂ ਦੀ ਲੋੜ ਨਹੀਂ ਰਹੀ ਜਾਂ ਸਾਂਭਣ ਵਾਲੇ ਅਗਲੇ ਦੇਸ ਦੀ ਯਾਤਰਾ 'ਤੇ ਹਨ ਤਾਂ ਉਹ ਆਪਣੀਆਂ ਅਤਿ ਪਿਆਰੀਆਂ ਵਸਤਾਂ ਸ਼ਰਧਾ ਨਾਲ ਇੱਥੇ ਦੇ ਜਾਂਦੇ ਹਨ। ...ਗੁਆਚਦੇ ਜਾਂਦੇ ਇਸ ਵਿਰਸੇ ਬਾਰੇ ਸੋਚਦਿਆਂ ਜੀਅ ਕੀਤਾ ਸਾਰੇ ਘਰਾਂ ਵਿਚੋਂ ਇਹ ਦਰੀਆਂ ਲੈ ਕੇ ਕਿਤੇ ਸਾਂਭ ਲਵਾਂ ਪਰ ਕਿਵੇਂ?'(ਪੰਨਾ-13) ਤੇ ਇਹੀ ਪ੍ਰਸ਼ਨ ਇਸ ਪ੍ਰਜੈਕਟ ਦਾ ਮੁੱਢ ਬਣਿਆ ਤੇ ਇਸਦੇ ਉੱਤਰ ਵਜੋਂ ਇਹ ਪੁਸਤਕ ਹੋਂਦ ਵਿਚ ਆਈ। ਇਸ ਪੁਸਤਕ ਦੀ 'ਆਦਿਕਾ' ਪਰਵਾਸੀ ਪੰਜਾਬੀ ਕਵੀ ਅਤੇ ਉੱਘੇ ਦਾਰਸ਼ਨਿਕ ਚਿੰਤਕ 'ਨਵਤੇਜ ਭਾਰਤੀ' ਜੀ ਹੋਰਾਂ ਨੇ ਲਿਖੀ ਹੈ ਜਿਸ ਵਿਚ ਜਿੱਥੇ ਉਹਨਾਂ ਨੇ ਦਰੀ ਨਾਲ ਜੁੜੀਆਂ

ਆਪਣੀਆਂ ਬਚਪਨ ਦੀਆਂ ਸਿਮਰਤੀਆਂ ਨੂੰ ਸਾਂਝਾ ਕੀਤਾ ਹੈ ਉੱਥੇ ਨਾਲ ਹੀ ਉਹਨਾਂ ਦਰੀ ਨੂੰ ਸ੍ਰਿਸ਼ਟੀ ਦਾ ਵੈਰਾਟ ਰੂਪਕ (Metaphor) ਕਰਾਰ ਦਿੰਦਿਆਂ ਇਸਨੂੰ ਭਾਰਤੀ ਮਿੱਥ ਚਿੰਤਨ ਵਿਚਲੀ 'ਏਕਾ ਮਾਈ' ਨਾਲ ਜੋੜਦਿਆਂ ਗਹਿਰੇ ਅਤੇ ਵਿਸ਼ਾਲ ਅਰਥ ਪ੍ਰਦਾਨ ਕੀਤੇ ਹਨ। ਦਰੀ ਦੀ ਕਲਾਤਮਿਕਤਾ ਬਾਰੇ ਉਹਨਾਂ ਦਾ ਕਥਨ ਹੈ ਕਿ 'ਦਰੀ ਪਿੰਡ ਦਾ ਹੀ ਨਹੀਂ ਸਾਡੇ ਪਰਿਆਵਰਣ (ਇਕਾਲੋਜੀ) ਦਾ ਵੀ ਤਾਣਾ-ਪੇਟਾ ਸੀ।' (ਪੰਨਾ-12)

ਇਸ ਪੁਸਤਕ ਦੀ ਵਿਉਂਤਬੰਦੀ ਪੂਰਨ ਰੂਪ ਵਿਚ ਵਿਗਿਆਨਿਕ ਵਿਧੀ ਨਾਲ ਸਿਰਜੀ ਗਈ ਹੈ ਜਿਸ ਵਿਚ ਡਾ. ਜਗਦੀਸ਼ ਕੌਰ ਹੋਰਾਂ ਨੇ ਇਸ ਪੁਸਤਕ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ। **ਇਸਦੇ ਪਹਿਲੇ ਹਿੱਸੇ** 'ਨਮੂਨੇ ਦਰੀਆਂ ਦੇ' ਵਿਚ ਉਹਨਾਂ ਨੇ ਖੇਤਰੀ ਖੋਜ-ਕਾਰਜ ਵਿਧੀ ਦੀ ਮੱਦਦ ਨਾਲ ਇੱਕਤਰ ਕੀਤੇ ਲੱਗਭਗ 250 ਤੋਂ ਵੱਧ ਦਰੀਆਂ ਦੇ ਨਮੂਨਿਆਂ ਨੂੰ 16 ਉਪ-ਭਾਗਾਂ ਦੇ ਅੰਤਰਗਤ ਸ਼ਾਮਿਲ ਕੀਤਾ ਹੈ। ਨਿਵੇਕਲੀ ਗੱਲ ਇਸ ਪੱਖੋਂ ਹੈ ਕਿ ਉਹਨਾਂ ਨੇ ਡਿਜੀਟਲਾਈਜੇਸ਼ਨ ਦੇ ਅੰਤਰਗਤ ਦਰੀਆਂ ਦੇ ਸਾਰੇ ਨਮੂਨਿਆਂ ਦੀਆਂ ਰੰਗਦਾਰ-ਤਸਵੀਰਾਂ ਦਿੰਦਿਆਂ ਇਸਨੂੰ ਸਜ਼ਿੰਦਗੀ ਅਤੇ ਸਜੀਵਤਾ ਪ੍ਰਦਾਨ ਕੀਤੀ ਹੈ ਜੋ ਇਸ ਪੁਸਤਕ ਦੀ ਸੁੰਦਰ ਦਿੱਖ ਅਤੇ ਆਕਰਸ਼ਿਤ ਖਿੱਚ ਦਾ ਵੀ ਕਾਰਨ ਹੈ। **ਇਸ ਪੁਸਤਕ ਦੇ ਦੂਜੇ ਭਾਗ** 'ਸਾਡੇ ਸਰੋਤ' ਵਿਚ ਉਹਨਾਂ ਨੇ ਖੇਤਰੀ ਖੋਜ-ਕਾਰਜ ਦੌਰਾਨ ਸੰਪਰਕ ਵਿਚ ਆਏ ਦਰੀਆਂ ਪ੍ਰਾਪਤੀ ਦੇ 100 ਚੋਣਵੇਂ ਸ੍ਰੋਤਾਂ ਦੇ ਵੇਰਵੇ ਦਿੱਤੇ ਹਨ। ਪੰਜਾਬੀ ਲੋਕਧਾਰਾ ਦੇ ਇੱਕਤਰੀਕਰਨ ਦੇ ਖੇਤਰ ਵਿਚ ਪਹਿਲਾਂ ਵੀ ਵਿਦਵਾਨ ਸ੍ਰੋਤਾਂ ਦੇ ਵੇਰਵੇ ਪਾਉਂਦੇ ਸਨ ਪਰ ਡਾ. ਜਗਦੀਸ਼ ਕੌਰ ਹੋਰਾਂ ਦੀ ਨਿਵੇਕਲਤਾ ਇਸ ਪੱਖੋਂ ਹੈ ਕਿ ਉਹਨਾਂ ਨੇ ਕੇਵਲ ਸ੍ਰੋਤ ਦਾ ਨਾਂ, ਤਸਵੀਰਾਂ ਅਤੇ ਮਹਿਜ਼ ਅਤਾ-ਪਤਾ ਹੀ ਨਹੀਂ ਦਿੱਤਾ ਬਲਕਿ ਦਰੀ ਦੀ ਕਲਾ ਅਤੇ ਨਮੂਨਿਆਂ ਸਬੰਧੀ ਉਹਨਾਂ ਸ੍ਰੋਤਾਂ ਦੇ ਮਨ ਵਿਚਲੇ ਭਾਵਾਂ ਅਤੇ ਹੱਡੀਂ-ਹੰਢਾਏ ਤਜ਼ੁਰਬਿਆਂ ਨੂੰ ਵੀ ਜ਼ੁਬਾਨ ਦਿੱਤੀ ਹੈ। ਇਹ ਖੇਤਰੀ ਖੋਜ ਕਾਰਜ ਵਿਚ ਅਜਿਹਾ ਪਹਿਲੀ ਪਿਰਤ ਹੈ ਜਿਸ ਵਿਚ ਸ੍ਰੋਤ ਦੇ ਮਾਲਕ ਨਾਲ ਦਰੀ ਬਾਬਤ ਖੁੱਲ੍ਹ ਕੇ ਗੱਲਬਾਤ ਕੀਤੀ ਗਈ ਹੈ ਜੋ ਇਸ ਪੁਸਤਕ ਨੂੰ ਸਜ਼ਿੰਦ (Live) ਰੂਪ ਦਿੰਦੀ ਹੈ। ਇਹੀ ਨਹੀਂ ਇਸਦੇ ਨਾਲ ਡਾ. ਜਗਦੀਸ਼ ਕੌਰ ਹੋਰਾਂ ਦੀ ਇਹ ਤਕਨੀਕ ਪੁਸਤਕ ਸਬੰਧੀ ਇਕੱਤਰ ਕੀਤੀ ਸਮੱਗਰੀ ਸਬੰਧੀ ਪ੍ਰਮਾਣਿਕ ਦਸਤਾਵੇਜ਼ ਵਜੋਂ ਕੰਮ ਕਰਨ ਦੇ ਨਾਲ-ਨਾਲ ਲੋਕਧਾਰਾ ਦੇ ਖੇਤਰ ਵਿਚ ਆਉਣ ਵਾਲੇ ਖੋਜੀਆਂ ਲਈ ਨਵੇਂ ਰਾਹ ਦੇ ਪੂਰਨੇ ਵੀ

ਪਾਉਂਦੀ ਹੈ। ਸੋ 'ਸਾਡੇ ਸ੍ਰੋਤ' ਭਾਗ ਦੇ ਅੰਤਰਗਤ ਉਹਨਾਂ ਸੁਆਣੀਆਂ ਦੀ ਦਰੀ ਕਲਾ ਨਾਲ ਸਬੰਧਿਤ ਸੁਹਜ ਅਤੇ ਭਾਵਨਾਤਮਕ ਸਾਂਝਾਂ ਦੀਆਂ ਤੰਦਾਂ ਨੂੰ ਪੈਟਰਬੱਧ ਕੀਤਾ ਹੈ। ਇਹ ਉਹਨਾਂ ਸੁਆਣੀਆਂ ਦੀਆਂ ਰੀਝਾਂ, ਵਲਵਲਿਆਂ, ਚਾਵਾਂ, ਉਮੰਗਾਂ, ਸੱਧਰਾਂ, ਨਿਹੋਰਿਆਂ, ਦੁੱਖਾਂ-ਸੁੱਖਾਂ, ਤੰਗੀਆਂ-ਤੁਰਸ਼ੀਆਂ ਦਾ ਸੁਹਜਾਤਮਕ ਇਤਿਹਾਸ ਹੈ ਜਿਸਨੇ ਔਖੇ ਸਮਿਆਂ ਵਿਚ ਵੀ ਪੰਜਾਬ ਦੀਆਂ ਸੁਆਣੀਆਂ ਨੂੰ ਜਿਉਂਦਾ ਰੱਖਿਆ।

**ਇਸ ਪੁਸਤਕ ਦਾ ਤੀਜਾ ਖੰਡ** ਦਰੀ ਦੀ ਵਿਹਾਰਕ ਸਮੀਖਿਆ ਨਾਲ ਜੁੜਿਆ ਹੈ ਜਿਸ ਵਿਚ ਡਾ. ਜਗਦੀਸ਼ ਕੋਰ ਹੋਰਾਂ ਨੇ 'ਦਰੀ-ਸ਼ਾਸਤਰ' ਉਸਾਰਿਆ ਹੈ। ਇਸ ਖੰਡ ਵਿਚ ਉਹਨਾਂ ਨੇ ਇੱਕਤਰ ਕੀਤੀਆਂ ਦਰੀਆਂ ਦੀ ਵਰਗ-ਵੰਡ ਕਰਨ ਉਪਰੰਤ ਦਰੀ ਦੇ ਸਭਿਆਚਾਰਕ ਅਰਥ ਅਤੇ ਸੰਦਰਭ ਸਬੰਧੀ ਵਿਚਾਰ-ਚਰਚਾ ਕੀਤੀ ਹੈ। ਇਸ ਭਾਗ ਦੇ ਪਹਿਲੇ ਹਿੱਸੇ ਅੰਤਿਕਾ-1 "ਪੰਜਾਬੀ ਸੱਭਿਆਚਾਰ ਦੇ ਸੰਦਰਭ ਵਿਚ 'ਦਰੀ':ਇੱਕ ਪਾਠ" ਦੇ ਅੰਤਰਗਤ ਉਹਨਾਂ ਦਰੀ ਨੂੰ ਇਕ ਸਭਿਆਚਾਰਕ ਟੈਕਸਟ ਦੇ ਤੌਰ 'ਤੇ ਪੜ੍ਹਦਿਆਂ ਇਸਨੂੰ 18 ਉਪ-ਭਾਗਾਂ ਵਿਚ ਵੰਡਿਆ ਹੈ। ਇਸਦੇ ਪਹਿਲੇ ਭਾਗ 'ਵਿਸ਼ੇ ਦੀ ਚੋਣ ਕਰਨ ਪਿੱਛੇ ਪਈ ਕਹਾਣੀ' ਦੇ ਅੰਤਰਗਤ ਆਪਣੀਆਂ ਉਹਨਾਂ ਭਾਵਨਾਵਾਂ ਅਤੇ ਵਿਚਾਰਾਂ ਦੀ ਬਾਤ ਪਾਈ ਹੈ ਜਿੰਨਾਂ ਨੇ ਉਸਨੂੰ ਇਸ ਪਾਸੇ ਵੱਲ ਤੋਰਿਆ। ਦੂਜੇ ਭਾਗ 'ਦਰੀ: ਜਾਣ-ਪਛਾਣ ਅਤੇ ਵਰਤੋਂ' ਦੇ ਤਹਿਤ ਜਗਦੀਸ਼ ਕੌਰ ਹੋਰਾਂ ਨੇ ਪਦਾਰਥਕ ਸਭਿਆਚਾਰ ਦੇ ਅੰਤਰਗਤ ਦਰੀ ਦੀ ਘਰੇਲੂ ਅਤੇ ਐਂਟੀਕ ਵਿਰਾਸਤੀ ਵਸਤ ਅਤੇ ਉਸਦੀ ਵਰਤੋਂ ਬਾਰੇ ਅਹਿਮ ਜਾਣਕਾਰੀ ਦਿੱਤੀ ਹੈ। 'ਸੰਦਰਭ ਅਤੇ 'ਇਲਾਕਈ ਵਿਸ਼ੇਸ਼ਤਾ' ਦੇ ਤਹਿਤ ਦਰੀ ਦੀ ਵਰਤੋਂ ਕਿਉਂ ਕੀਤੀ ਜਾਂਦੀ ਹੈ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ। ਇਸਦੇ ਨਾਲ ਹੀ ਪੰਜਾਬ ਦੀ ਜਲਵਾਯੂ ਅਤੇ ਭੂਗੋਲ ਵਿਚੋਂ ਉੱਸਰੀਆਂ ਰੁੱਤਾਂ ਅਤੇ ਰੁੱਤਾਂ ਦੀ ਕੁੱਖ ਵਿਚੋਂ ਨਿੱਸਰੀਆਂ ਫ਼ਸਲਾਂ ਦੇ ਸਬੰਧ ਵਿਚ ਮਾਲਵੇ ਦੀ ਮਿੱਟੀ ਵਿਚੋਂ ਫੁੱਟੀ ਕਪਾਹ ਅਤੇ ਦਰੀ ਦੇ ਪਰਸਪਰ ਸਬੰਧਾਂ ਨੂੰ ਉਜਾਗਰ ਕੀਤਾ ਗਿਆ ਹੈ। 'ਪੰਜਾਬੀ ਔਰਤ ਅਤੇ ਦਸਤ ਕਲਾ' ਵਾਲੇ ਭਾਗ ਵਿਚ ਪੰਜਾਬਣ ਸੁਆਣੀਆਂ ਦੀਆਂ ਹਸਤ-ਕਲਾਵਾਂ ਦੀਆਂ ਵੰਨਗੀਆਂ ਅਤੇ ਉਹਨਾਂ ਵਿਚਲੇ ਸੁਹਜ ਨੂੰ ਦ੍ਰਿਸ਼ਟਾਂਤ ਕੀਤਾ ਗਿਆ ਹੈ ਜਿਸ ਵਿਚੋਂ ਚਰਖੇ ਅਤੇ ਸੂਤ ਦੇ ਕੱਤਣ, ਅਟੇਰਨ ਦੇ ਸਬੰਧਾਂ ਵਿਚੋਂ ਇਹ ਸਿੱਟਾ ਕੱਢਿਆ ਕਿ, 'ਦਰੀਆਂ ਬੁਣਨਾ ਘਰਾਂ ਦੀ ਲੋੜ ਹੁੰਦੀ, ਰਕਾਨ ਔਰਤਾਂ ਦਾ ਸ਼ੌਂਕ ਵੀ ਹੁੰਦਾ ਅਤੇ ਗਰੀਬ ਪਰਿਵਾਰਾਂ ਦਾ ਕਿੱਤਾ ਵੀ।'(ਪੰਨਾ-147) 'ਦਰੀ ਦਾ ਪਿਛੋਕੜ' ਵਾਲੇ ਭਾਗ ਵਿਚ ਡਾ. ਜਗਦੀਸ਼ ਕੌਰ ਹੋਰਾਂ ਨੇ

ਦਰੀ ਦੇ ਨਾਮਕਰਨ ਅਤੇ ਪਿਛੋਕੜ ਦਾ ਸਬੰਧ ਪਰਸ਼ੀਅਨ ਅਤੇ ਸੰਸਕ੍ਰਿਤ ਦੋਨਾਂ ਨਾਲ ਜੋੜਦਿਆਂ ਇਸਦੇ ਮੁੱਢਲੇ ਨਮੂਨੇ ਸ਼ਤਰੰਜ ਵਿਚੋਂ ਹੰਗਾਲੇ ਹਨ ਜਦੋਂ ਕਿ ਦਰੀ ਦਾ ਵਿਕਾਸ ਚਰਖੇ ਦੀ ਆਮਦ ਨਾਲ ਹੋਇਆ ਮੰਨਿਆ ਹੈ। 'ਦਰੀ ਦੇ ਹਿੱਸੇ' ਵਾਲੇ ਭਾਗ ਵਿਚ ਉਹਨਾਂ ਨੇ ਦਰੀ ਨੂੰ 'ਮੁੱਖ ਭਾਗ, ਬਾਰਡਰ, ਕੰਨੀਆਂ ਤੇ ਜਾਲੀ' ਚਾਰ ਭਾਗਾਂ ਵਿਚ ਵੰਡ ਕੇ ਇਸਦੀ ਸਰੰਚਨਾਤਮਕ ਅਤੇ ਸੁਹਜਾਤਮਕ ਅਧਿਐਨ ਕੀਤਾ ਹੈ। 'ਸੰਦ ਸਮੱਗਰੀ' ਅਤੇ 'ਰੰਗ ਅਤੇ ਰੰਗਾਂ ਦਾ ਮੇਲ' ਵਾਲੇ ਹਿੱਸੇ ਵਿਚ ਦਰੀ ਬੁਣਨ ਲਈ ਗੱਡੇ ਜਾਂਦੇ ਅੱਡੇ ਅਤੇ ਹੱਥੀਆਂ, ਘੋੜੀ ਅਤੇ ਪਣਖ ਸਬੰਧੀ ਜਾਣਕਾਰੀ ਦਿੱਤੀ ਹੈ। ਦਰੀ ਵਿਚਲੇ ਵੱਖ-ਵੱਖ ਰੰਗਾਂ ਦੀ ਵੰਨ-ਸੁਵੰਨਤਾਂ ਸਬੰਧੀ ਡਾ. ਜਗਦੀਸ਼ ਕੌਰ ਦੀ ਇਹ ਧਾਰਨਾ ਹੈ ਕਿ 'ਪੰਜਾਬ ਵਿਚ ਸਰਦੀ-ਗਰਮੀ ਦੋਵੇਂ ਮੌਸਮ ਹੋਣ ਕਰਕੇ ਇਥੇ ਬਨਸਪਤੀ ਅਤੇ ਰੰਗਾਂ ਦੀ ਵਿਭਿੰਨਤਾ ਹੁੰਦੀ ਹੈ। ਇਸੇ ਲਈ ਪੰਜਾਬੀ ਜੀਵਨ ਵਿਚ ਅਨੇਕਾਂ ਰੰਗ ਸੁਹਜ ਦਾ ਹਿੱਸਾ ਰਹੇ ਹਨ।' (ਪੰਨਾ-148) ਸੋ ਦਰੀਆਂ ਵਿਚ ਜ਼ਿਆਦਾਤਰ ਗੂੜ੍ਹੇ ਅਤੇ ਤਿੱਖੇ ਰੰਗ ਵਰਤੇ ਜਾਂਦੇ ਹਨ ਜਿੰਨਾਂ ਵਿਚ ਨੀਲਾ-ਪੀਲਾ, ਹਰਾ-ਲਾਲ, ਰਾਣੀ-ਸ਼ਰਦਈ ਦੀ ਸਰਦਾਰੀ ਰਹੀ ਹੈ। ਡਾ, ਜਗਦੀਸ਼ ਕੌਰ ਹੋਰਾਂ ਨੇ ਪ੍ਰਾਪਤ ਕੀਤੇ ਡਾਟੇ ਦੇ ਆਧਾਰ 'ਤੇ ਇਹ ਧਾਰਨਾ ਵੀ ਦਿੱਤੀ ਹੈ ਕਿ ਦਰੀਆਂ ਉਣਨ ਵਿਚ ਕਾਲਾ ਰੰਗ ਨਹੀਂ ਵਰਤਿਆ ਜਾਂਦਾ ਕਿਉਂਕਿ , 'ਕਾਲਾ ਰੰਗ ਫੈਲ ਜਾਂਦਾ ਹੈ ਅਤੇ ਗਰਮੀ ਖੋਰਾ ਵੀ ਹੁੰਦਾ ਹੈ। ਇਸ ਰੰਗ ਨੂੰ ਤਿਆਰ ਕਰਨ ਲਈ ਕਾਸਟਿਕ ਵੱਧ ਪੈਂਦਾ ਹੈ ਇਸ ਲਈ ਦਰੀ ਉਹ ਹਿੱਸਾ ਬੋਦਾ ਹੋ ਜਾਂਦਾ ਹੈ, ਜਿੱਥ ਕਾਲਾ ਰੰਗ ਹੁੰਦਾ ਹੈ। ਕਈ ਵਾਰ ਤਾਂ ਉਥੇ ਮੋਰੀ ਹੋ ਜਾਂਦੀ ਹੈ। ... ਇਸ ਲਈ ਕਾਲੇ ਰੰਗ ਦੀ ਥਾਵੇਂ ਗੂੜ੍ਹਾ ਸਲੇਟੀ ਰੰਗ ਵਰਤ ਲਿਆ ਜਾਂਦਾ।'(ਪੰਨਾ- 148) ਪਰ ਅਸੀਂ ਉਹਨਾਂ ਵੱਲੋਂ ਇੱਕਤਰ ਕੀਤੇ ਨਮੂਨਿਆਂ ਦੇ ਆਧਾਰ 'ਤੇ ਇਹ ਦੇਖਿਆ ਹੈ ਕਿ ਜਿਉਮੈਟਰੀਕਲ ਡਿਜ਼ਾਈਨਾਂ ਵਿਚ ਜ਼ਿਆਦਾਤਰ ਕਾਲੇ-ਚਿੱਟੇ ਰੰਗ ਦਾ ਪ੍ਰਯੋਗ ਕੀਤਾ ਮਿਲਦਾ ਹੈ, ਹੋ ਸਕਦਾ ਉਹ ਅਸਲ ਵਿਚ ਗੂੜ੍ਹਾ ਸਲੇਟੀ ਹੀ ਹੋਵੇ ਜੋ ਤਸਵੀਰਾਂ ਵਿਚ ਕਾਲਾ ਨਜ਼ਰ ਆਉਂਦਾ ਹੈ। 'ਵਰਤੋਂ ਦਾ ਸਮਾਜਿਕ ਸੰਦਰਭ' ਭਾਗ ਵਿਚ ਡਾ. ਜਗਦੀਸ਼ ਹੋਰਾਂ ਨੇ ਦਰੀ ਦੀ ਵਰਤੋਂ ਸਬੰਧੀ ਸਮਾਜਿਕ ਸੰਦਰਭ ਦਿੱਤੇ ਹਨ। ਉਹਨਾਂ ਅਨੁਸਾਰ ਦਰੀ ਦੀ ਵਰਤੋਂ ਘਰ ਵਿਚ ਪ੍ਰਾਹੁਣਿਆਂ ਅਤੇ ਬਾਰਾਤ ਦੇ ਸਵਾਗਤ ਤੋਂ ਲੈ ਕੇ, ਧੀ ਦੇ ਦਾਜ, ਸਹੇਲਪੁਣੇ, ਕਾਬਲੀਅਤ, ਕਲਾਤਮਕਤਾ, ਨਵੀਨਤਾ, ਸਮਾਜਿਕ ਪ੍ਰਵਾਨਗੀ, ਹੁਕਮ ਅਤੇ ਸਿਖਲਾਈ, ਪੇਂਡੂ ਹੁਨਰ ਵਿਚਲੇ ਭਾਵਾਂ ਦੇ ਕਥਾਰਸਿਸ ਅਤੇ ਨਮੂਨਿਆਂ ਦੀ ਤਲਾਸ਼ ਵਿਚਲੇ ਲੈਣ-ਦੇਣ

ਦੇ ਸਹਿਚਾਰੀ ਸਬੰਧਾਂ ਦੇ ਆਰ-ਪਾਰ ਤੱਕ ਫੈਲੀ ਹੋਈ ਹੈ।

ਇਸ ਖੰਡ ਦੇ ਅਗਲੇ ਹਿੱਸੇ ਵਿਚ ਉਹਨਾਂ ਨੇ ਦਰੀ ਨਾਲ ਸਬੰਧਿਤ 'ਮੋਟਿਫ, ਪੈਟਰਨ ਅਤੇ ਨਮੂਨੇ' ਪ੍ਰਭਾਸ਼ਿਤ ਕੀਤੇ ਹਨ। 'ਦਰੀ ਦੇ ਨਮੂਨਿਆਂ ਦੀਆਂ ਕਿਸਮਾਂ' ਵਾਲੇ ਭਾਗ ਵਿਚ ਦਰੀ ਦੇ ਨਮੂਨਿਆਂ ਨੂੰ ਲੱਗਭਗ ਪੰਦਰਾਂ ਉਪ-ਖੰਡਾਂ ਵਿਚ ਖੇਤਰੀ ਖੋਜ-ਵਿਧੀ ਦੁਆਰਾ ਪ੍ਰਾਪਤ ਕੀਤੇ ਡਾਟੇ ਨੂੰ ਸ਼੍ਰੇਣੀਬੱਧ ਕੀਤਾ ਹੈ ਜੋ ਸੱਚਮੁੱਚ ਨਿਵੇਕਲਾ ਕਾਰਜ ਹੈ। ਇਹਨਾਂ ਨਮੂਨਿਆਂ ਵਿਚੋਂ ਪ੍ਰਾਪਤ ਸਿੱਟਿਆਂ ਅਤੇ ਧਾਰਨਾਵਾਂ ਨੂੰ ਉਹਨਾਂ ਨੇ 'ਨਮੂਨਿਆਂ ਬਾਰੇ ਕੁਝ ਰੌਚਕ ਗੱਲਾਂ' ਵਾਲੇ ਭਾਗ ਵਿਚ ਪੇਸ਼ ਕੀਤਾ ਹੈ। 'ਦਰੀ ਦੇ ਨਮੂਨਿਆਂ ਵਿਚੋਂ ਉੱਭਰਦੇ ਪ੍ਰਤੀਕ' ਵਾਲੇ ਖੰਡ ਵਿਚ ਉਹਨਾਂ ਸ਼੍ਰੇਣੀਬੱਧ ਕੀਤੇ ਡਾਟੇ ਅਤੇ ਤਸਵੀਰਾਂ ਨੂੰ ਪਰਿਭਾਸ਼ਾਬੱਧ ਕੀਤਾ ਹੈ। ਅਜਿਹਾ ਕਰਦਿਆਂ ਉਹ ਦਰੀ ਨੂੰ ਭੂਤ, ਭਵਿੱਖ ਅਤੇ ਵਰਤਮਾਨ ਤਿੰਨਾਂ ਕਾਲਾਂ ਨਾਲ ਜੋੜ ਕੇ ਦੇਖਦੇ ਹਨ ਜਿਸ ਵਿੱਚੋਂ ਉਹਨਾਂ ਨੇ ਅਜੋਕੇ ਸਮੇਂ ਵਿਚ ਪੰਜਾਬ ਦੇ ਬਦਲ ਰਹੇ ਸੈਨਾਰਿਓ ਅਤੇ ਦ੍ਰਿਸ਼ ਨੂੰ ਫੜ੍ਹਨ ਅਤੇ ਪੜ੍ਹਨ ਦੋਨਾਂ ਦੀ ਪਹਿਲਕਦਮੀ ਕੀਤੀ ਹੈ। ਇਸ ਪੁਸਤਕ ਦੀ ਅੰਤਿਕਾ-2 ਵਿਚ 'ਸੰਦ-ਸਾਧਨ-ਸਮੱਗਰੀ ਅਤੇ ਕਾਰ-ਵਿਹਾਰ' ਵਿਚ ਦਰੀ ਨਾਲ ਜੁੜੇ ਸੰਦਾਂ, ਵਸਤਾਂ ਅਤੇ ਭਾਸ਼ਾਈ ਸ਼ਬਦਾਵਲੀ ਮਸਲਨ ਕਪਾਹ ਤੇ ਸੂਤ, ਤਾਣਾ-ਪੇਟਾ, ਨਮੂਨੇ, ਰੰਗ, ਗੁੱਟੀਆਂ, ਕਾਨਾ, ਗੁੱਛੀਆਂ, ਅੱਡਾ, ਪਣਖ, ਘੋੜੀ/ਫੱਟੀ/ਕਾਟੋ/ਰੱਛ, ਪੰਜਾ, ਕੁੰਡੀਆਂ ਅਤੇ ਫੱਟਾ ਆਦਿ ਦੇ ਕਾਰਜੀ ਪਿਛੋਕੜ ਸਬੰਧੀ ਬਹੁਮੁੱਲੀ ਜਾਣਕਾਰੀ ਦਿੱਤੀ ਹੈ ਜਿਸ ਤੋਂ ਬਿਨਾਂ ਦਰੀ ਅਤੇ ਦਰੀ-ਸ਼ਾਸਤਰ ਦੋਨਾਂ ਨੂੰ ਸਮਝਿਆ ਹੀ ਨਹੀਂ ਜਾ ਸਕਦਾ।

ਇਸ ਪੁਸਤਕ ਦੀ ਅੰਤਿਕਾ-3 'ਪੰਜਾਬੀ ਲੋਕਧਾਰਾ ਅਤੇ ਦਰੀ' ਵਿਚ ਖੋਜਕਰਤਾ ਨੇ ਪੰਜਾਬੀ ਲੋਕ-ਸਾਹਿਤ, ਇਤਿਹਾਸ ਅਤੇ ਮਿਥਿਹਾਸ ਵਿਚੋਂ ਦਰੀ ਨਾਲ ਸਬੰਧਿਤ ਲੋਕ-ਗੀਤ ਅਤੇ ਬੋਲੀਆਂ ਦੇ ਨਮੂਨੇ ਦਿੱਤੇ ਹਨ ਜੋ ਦਰੀ ਨੂੰ ਆਉਣ ਵਾਲੀਆਂ ਸਦੀਆਂ ਤੱਕ ਜਿਉਂਦੀ ਰੱਖਣ ਦਾ ਕਾਵਿ-ਪ੍ਰਮਾਣ ਹੈ। 'ਅੰਤਿਕਾ-4 'ਦਰੀਆਂ ਦੀ ਸ਼ਬਦਾਵਲੀ' ਵਾਲੇ ਹਿੱਸੇ ਵਿਚ ਦਰੀ ਦੀ ਵਰਤੋਂ-ਵਿਹਾਰ ਅਤੇ ਬੁਣਾਈ ਨਾਲ ਜੁੜੀ ਸਭਿਆਚਾਰਕ ਸ਼ਬਦਾਵਲੀ ਨੂੰ ਸੂਚੀਬੱਧ ਕੀਤਾ ਗਿਆ ਹੈ ਜੋ ਦਰੀ ਦੀ ਭਾਸ਼ਾਈ ਵਿਲੱਖਣਤਾ ਨੂੰ ਉਜਾਗਰ ਕਰਦਾ ਹੈ। ਅੰਤਿਕਾ-5 ਵਿਚ ਦਰੀ ਨਾਲ ਸਬੰਧਿਤ ਨਮੂਨਿਆਂ ਵਿਚਲੇ ਇਤਿਹਾਸਕ, ਮਿਥਿਹਾਸਕ ਪ੍ਰਸੰਗਾਂ ਦੇ ਪ੍ਰਮਾਣ ਹਿੱਤ 'ਸੰਦਰਭ ਕੋਸ਼' ਉਸਾਰਿਆ ਗਿਆ ਹੈ ਜੋ ਇਸ ਪੱਖੋਂ ਮਹੱਤਵਪੂਰਨ ਦਸਤਾਵੇਜ਼ ਹੈ ਜੋ ਪੰਜਾਬੀ ਲੋਕਧਾਰਾ ਵਿਚ ਦਰੀ ਦਾ

ਸਥਾਨ ਨਿਸ਼ਚਿਤ ਕਰਦਿਆਂ ਦਰੀ ਨਾਲ ਜੁੜੀ ਸੰਦ-ਸਮੱਗਰੀ ਅਤੇ ਸ਼ਬਦਾਵਲੀ ਦਾ ਕੋਸ਼ ਕਿਹਾ ਜਾ ਸਕਦਾ ਹੈ।

ਉਪਰੋਕਤ ਵਿਚਾਰ-ਚਰਚਾ ਦੇ ਆਧਾਰ ਦੇ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਡਾ. ਜਗਦੀਸ਼ ਕੌਰ ਹੋਰਾਂ ਦਾ ਇਹ ਪ੍ਰਾਜੈਕਟ ਜਿੱਥੇ ਪੰਜਾਬੀ ਸਭਿਆਚਾਰਕ ਅਤੇ ਲੋਕਧਾਰਾ ਵਿਚ ਦਰੀ ਨੂੰ ਸਾਂਭਣ ਅਤੇ ਉਸਦਾ ਵਿਆਖਿਆ ਸ਼ਾਸਤਰ ਉਸਾਰਨ ਪੱਖੋਂ ਆਪਣੀ ਨਿਵੇਕਲਤਾ ਰੱਖਦਾ ਹੈ ਉੱਥੇ ਇਹ ਸਮਕਾਲ ਵਿਚ ਪੰਜਾਬੀ ਸਭਿਆਚਾਰ ਨੂੰ 'ਕਾਫੀ ਟੇਬਲ ਬੁੱਕ' ਨਾਲ ਜੋੜਨ ਦੀ ਨਿਵੇਕਲੀ ਪਿਰਤ ਵੀ ਪਾਉਂਦਾ ਹੈ। ਨਿਰਸੰਦੇਹ ਅਕਾਦਮਿਕ ਖੋਜ ਦੇ ਪੱਧਰ 'ਤੇ ਭਾਵੇਂ ਪੰਜਾਬ ਦੀਆਂ ਸੁਆਣੀਆਂ ਦੀਆਂ ਹਸਤ-ਕਲਾਵਾਂ ਦੀ ਗੱਲ ਕੀਤੀ ਗਈ ਹੈ ਪਰ ਕਾਸ਼ ਇਸੇ ਤਰਜ਼ 'ਤੇ ਨਵੇਂ ਖੋਜਾਰਥੀ ਭਵਿੱਖ ਵਿਚ ਫੁਲਕਾਰੀਆਂ ਦੇ ਨਮੂਨੇ, ਕਸੀਦਾਕਾਰੀ, ਕਢਾਈਆਂ ਦੇ ਨਮੂਨੇ, ਮਿੱਟੀ ਨਾਲ ਜੁੜੀਆਂ ਲੋਕ ਕਲਾਵਾਂ, ਸਲਾਈਆਂ ਅਤੇ ਕਰੋਸ਼ੀਏ ਦੀ ਬੁਣਾਈ ਦੇ ਨਮੂਨੇ. ਨਾਲੇ ਅਤੇ ਖੇਸਾਂ ਦੇ ਨਮੂਨਿਆਂ ਸਮੇਤ ਪੰਜਾਬ ਦੀਆਂ ਲੋਕ-ਖੇਡਾਂ ਨੂੰ ਵੀ ਕਾਫੀ ਟੇਬਲ ਬੁੱਕ ਦਾ ਰੂਪ ਦੇ ਸਕਣ ਤਾਂ ਹੀ ਪੰਜਾਬੀ ਸਭਿਆਚਾਰ ਆਉਣ ਵਾਲੀਆਂ ਪੀੜੀਆਂ ਅਤੇ ਸਮੇਂ ਦੋਨਾਂ ਦਾ ਹਾਣੀ ਬਣ ਸਕੇਗਾ।

# ਬਗ਼ਾਵਤੀ ਸੁਰ ਦਾ ਕਾਵਿ: ਗਿਰਗਟਾਂ ਦਾ ਮੌਸਮ



ਪ੍ਰੋ. ਨਵ ਸੰਗੀਤ ਸਿੰਘ
# 1, ਲਤਾ ਗਰੀਨ
ਐਨਕਲੇਵ, ਪਟਿਆਲਾ
+91 94176-92015



ਪ੍ਰਕਾਸ਼ਕ ਸਪਤਰਿਸ਼ੀ
ਪਬਲੀਕੇਸ਼ਨ ਚੰਡੀਗੜ੍ਹ,
ਪੰਨੇ 184
ਮੁੱਲ 150/- ₹

ਸੁਖਿੰਦਰ ਨੇ 13 ਮਾਰਚ 2025 ਦੇ ਹਲਫ਼ਨਾਮੇ ਵਿੱਚ ਲਿਖਿਆ ਹੈ ਕਿ ਉਹ ਕੈਨੇਡਾ ਵਿੱਚ ਪਿਛਲੇ 50 ਵਰ੍ਹਿਆਂ ਤੋਂ ਰਹਿ ਰਿਹਾ ਹੈ। ਉਹਨੇ ਹੁਣ ਤੱਕ 50 ਕਿਤਾਬਾਂ ਪ੍ਰਕਾਸ਼ਿਤ ਕੀਤੀਆਂ ਹਨ। ਉਹ 1975 ਵਿੱਚ ਕੈਨੇਡਾ ਆ ਗਿਆ ਸੀ। ਉਹਦਾ ਮਤਿ ਹੈ ਕਿ ਜੇ ਉਹ 1975 ਵਿੱਚ ਕੈਨੇਡਾ ਨਾ ਆਉਂਦਾ ਤਾਂ ਉਹ ਕਦੇ ਵੀ ਪੰਜਾਬੀ ਦਾ ਸਾਹਿਤਕਾਰ ਨਾ ਬਣਦਾ, ਸਗੋਂ ਕਿਸੇ ਭਾਰਤੀ ਕਾਲਜ/ਯੂਨੀਵਰਸਿਟੀ ਵਿੱਚ ਅੰਗਰੇਜ਼ੀ ਦਾ ਪ੍ਰੋਫ਼ੈਸਰ ਹੋਣਾ ਸੀ। ਕੈਨੇਡਾ ਆ ਕੇ ਵੀ ਪਹਿਲੇ 10 ਕੁ ਵਰ੍ਹੇ ਉਹਦਾ ਧਿਆਨ ਅੰਗਰੇਜ਼ੀ ਸਾਹਿਤ, ਅੰਗਰੇਜ਼ੀ ਸਾਹਿਤ ਆਲੋਚਨਾ, ਅੰਗਰੇਜ਼ੀ ਸੰਗੀਤ, ਅੰਗਰੇਜ਼ੀ ਫ਼ਿਲਮਾਂ, ਅੰਗਰੇਜ਼ੀ ਨਾਟਕਾਂ, ਅੰਗਰੇਜ਼ੀ ਖਾਣਪੀਣ ਵੱਲ ਹੀ ਰਿਹਾ ਸੀ। ਇਸ ਦੌਰਾਨ ਉਹ ਵਧੇਰੇ ਕਰਕੇ ਅੰਗਰੇਜ਼ੀ ਦੇ ਲੇਖਕਾਂ ਨੂੰ ਹੀ ਮਿਲਦਾ ਰਿਹਾ ਤੇ ਅੰਗਰੇਜ਼ੀ ਮੈਗਜ਼ੀਨਾਂ ਵਿੱਚ ਹੀ ਛਪਿਆ। ਉਹ ਉਦੋਂ ਅੰਗਰੇਜ਼ੀ ਸਾਹਿਤ ਸਭਾਵਾਂ ਵਿੱਚ ਹੀ ਜਾਂਦਾ ਸੀ ਤੇ ਰਾਈਟਰਜ਼ ਯੂਨੀਅਨ ਆਫ਼ ਕੈਨੇਡਾ ਦਾ ਮੈਂਬਰ ਹੁੰਦਾ ਹੋਇਆ ਇਸਦੀਆਂ ਕਾਨਫਰੰਸਾਂ ਵਿੱਚ ਹੀ ਹਿੱਸਾ ਲੈਂਦਾ ਸੀ।

ਮੇਰੇ ਸਨਮੁੱਖ ਸੁਖਿੰਦਰ ਦੀ 25ਵੀਂ ਕਾਵਿ-ਕਿਤਾਬ ਹੈ - 'ਗਿਰਗਟਾਂ ਦਾ ਮੌਸਮ'। ਕਿਤਾਬ ਵਿਚਲੀਆਂ ਕਵਿਤਾਵਾਂ ਦੀ ਚਰਚਾ ਕਰਨ ਤੋਂ ਪਹਿਲਾਂ ਸੁਖਿੰਦਰ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਵੇਖੀਏ ਤਾਂ ਇਨ੍ਹਾਂ ਦੀ ਗਿਣਤੀ (ਕਵੀ ਦੇ ਸਵੈਕਥਨ ਅਨੁਸਾਰ) 50 ਹੀ ਬਣਦੀ ਹੈ। ਜਿਸ ਵਿੱਚ ਵਿਗਿਆਨ (3), ਕਵਿਤਾ (24), ਆਲੋਚਨਾ (4), ਵਾਰਤਕ (5), ਸੰਪਾਦਨ (8), ਨਾਵਲ (3), ਬੱਚਿਆਂ ਲਈ (1) ਅਤੇ ਅੰਗਰੇਜ਼ੀ (2) ਦੀਆਂ ਕਿਤਾਬਾਂ ਸ਼ਾਮਲ ਹਨ। 'ਗਿਰਗਟਾਂ ਦਾ ਮੌਸਮ' ਵਿੱਚ 83 ਕਵਿਤਾਵਾਂ ਹਨ ਤੇ ਲੱਗਭੱਗ ਸਾਰੀਆਂ ਹੀ ਵਿਅੰਗ ਦੀ ਚਾਸ਼ਣੀ ਵਿੱਚ ਡੁਬੋ ਕੇ ਲਿਖੀਆਂ ਗਈਆਂ ਹਨ। ਇਸ ਸੰਗ੍ਰਹਿ ਦੀਆਂ ਮੁੱਢਲੀਆਂ ਕੁਝ ਕਵਿਤਾਵਾਂ (21) ਪਿਛਲੇ ਵਰ੍ਹੇ (2024) ਦੀ ਰਚਨਾ ਹਨ ਜਦਕਿ ਬਾਕੀ ਦੀਆਂ (62) ਕਵਿਤਾਵਾਂ ਏਸੇ ਸਾਲ (2025) ਵਿੱਚ ਰਚੀਆਂ ਗਈਆਂ ਹਨ।

ਕਵੀ ਦਾ ਮੰਨਣਾ ਹੈ ਕਿ ਕਵਿਤਾ ਵਿੱਚ ਆਪਣੇ ਸ਼ਹਿਰ/ਪ੍ਰਾਂਤ ਦੇ ਲੋਕਾਂ ਦੀਆਂ ਸੰਵੇਦਨਾਵਾਂ ਨੂੰ ਪ੍ਰਗਟ ਕੀਤਾ ਜਾਣਾ ਚਾਹੀਦਾ ਹੈ। ਸਭਿਆਚਾਰ, ਵਿਰਸਾ, ਭਾਈਚਾਰਾ, ਸੰਘਰਸ਼ ਕਰਦੇ ਲੋਕਾਂ, ਨਸ਼ੇ 'ਚ ਡੁੱਬੇ ਲੋਕਾਂ ਦਾ ਜ਼ਿਕਰ ਕਰਨਾ ਵੀ ਕਵਿਤਾ ਦੇ ਵਿਸ਼ੇ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਕਵਿਤਾ ਨੂੰ ਪਰਿਭਾਸ਼ਿਤ ਕਰਦਿਆਂ ਸੁਖਿੰਦਰ ਖੁੱਲ੍ਹੇਆਮ ਐਲਾਨ ਕਰਦਾ ਹੈ:

ਕਵਿਤਾ ਮਹਿਜ਼
ਸ਼ਬਦਾਂ ਨੂੰ ਜੋੜ ਕੇ
ਟੀਨ-ਕਨਸਤਰ ਵਾਲਾ
ਸ਼ੋਰ ਪਾਉਣਾ ਹੀ ਨਹੀਂ ਹੁੰਦਾ
ਕਵਿਤਾ ਤੁਹਾਡੇ
ਧਰਤੀ, ਹਵਾ, ਪਾਣੀ ਨਾਲ
ਜੁੜੇ ਹੋਣ ਦਾ ਪ੍ਰਤੱਖ
ਇੱਕ ਪ੍ਰਮਾਣ ਹੁੰਦੀ ਹੈ
ਕਵਿਤਾ ਤਾਂ
ਤੁਹਾਡੇ ਦਿਲ, ਦਿਮਾਗ਼, ਰੂਹ
ਤੁਹਾਡੇ ਸਮੁੱਚੇ ਜਿਸਮ ਦੀ
ਆਵਾਜ਼ ਹੁੰਦੀ ਹੈ
ਕਵਿਤਾ ਤਾਂ
ਤਾਜ਼ਾ ਹਵਾ ਦਾ ਬੁੱਲਾ ਹੁੰਦੀ ਹੈ
ਸਾਂਝੀਵਾਲਤਾ, ਅਮਨ ਦਾ ਸੁਨੇਹਾ ਹੁੰਦੀ ਹੈ
ਬਾਗਾਂ 'ਚ ਉਡ ਰਹੀਆਂ ਤਿਤਲੀਆਂ ਦਾ ਅਹਿਸਾਸ ਹੁੰਦੀ ਹੈ
ਗੁਲਾਬ ਦੀ ਫੈਲ ਰਹੀ ਮਹਿਕ ਦਾ ਅਨੁਭਵ ਹੁੰਦੀ ਹੈ (77)

ਇਸ ਸੰਗ੍ਰਹਿ ਦੀਆਂ ਜ਼ਿਆਦਾਤਰ ਕਵਿਤਾਵਾਂ ਸਮਕਾਲੀ/ਤਤਕਾਲੀ ਘਟਨਾਵਾਂ ਨੂੰ ਆਧਾਰ ਬਣਾ ਕੇ ਹੋਂਦ ਵਿੱਚ ਆਈਆਂ ਹਨ, ਪਰ ਇਨ੍ਹਾਂ ਵਿੱਚ ਸਰਬਕਾਲੀ ਹੋਣ ਦੀ ਸੰਭਾਵਨਾ ਹੈ। ਅਜਿਹੀਆਂ ਕਵਿਤਾਵਾਂ ਵਿੱਚ ਇੱਕ ਚਪੇੜ ਦੀ ਗੂੰਜ (66), ਚਿੱਟਾ ਕੁਈਨ (80), ਪਹਿਲਗਾਮ (111), ਬਲਾਤਕਾਰੀਆਂ ਦਾ ਦੇਸ (45), ਤੰਦੂਰ ਓਪਰੇਸ਼ਨ (130), ਜੁਮਲਾ ਰਾਜਨੀਤੀ (95) ਆਦਿ ਨੂੰ ਰੱਖਿਆ ਜਾ ਸਕਦਾ ਹੈ। ਕ੍ਰਾਂਤੀ ਦੀ ਭਾਸ਼ਾ ਵਰਤਦਿਆਂ ਕਵੀ ਲਿਖਦਾ ਹੈ :

ਇੱਕ ਚਪੇੜ ਦੀ ਗੂੰਜ ਵੀ
ਕਈ ਵੇਰ ਦੇਸ਼-ਦੇਸ਼ਾਂਤਰਾਂ ਤੱਕ

ਇੰਜ ਧਮਕ ਪਾ ਦਿੰਦੀ ਹੈ
ਜਿਵੇਂ ਕਦੀ ਭਗਤ ਸਿੰਘ, ਬੀ ਕੇ ਦੱਤ ਵੱਲੋਂ
ਦਿੱਲੀ ਅਸੈਂਬਲੀ ਵਿੱਚ ਮਹਿਜ਼
ਧੂੰਆਂ ਅਤੇ ਆਵਾਜ਼ ਪੈਦਾ ਕਰਨ ਵਾਲੇ
ਸੁੱਟੇ ਗਏ ਬੰਬਾਂ ਨੇ ਲੰਡਨ ਤੱਕ
ਬੋਲ਼ੇ ਕੰਨਾਂ ਵਾਲੀਆਂ ਬੇਰਹਿਮ, ਕਠੋਰ, ਘੁਮੰਡੀ
ਹਕੂਮਤੀ ਸ਼ਕਤੀਆਂ ਨੂੰ ਥਰ ਥਰ
ਕੰਬਣ ਲਗਾ ਦਿੱਤਾ ਸੀ (66)

ਵਿਸ਼ਵ ਰਾਜਨੀਤੀ ਤੋਂ ਵੀ ਕਵੀ ਅਣਭਿੱਜ ਨਹੀਂ ਰਿਹਾ। ਉਹਨੇ ਰੂਸ-ਯੂਕਰੇਨ ਜੰਗ, ਭਾਰਤ-ਪਾਕਿ ਜੰਗ ਦੇ ਨਾਲ-ਨਾਲ ਹੋਰ ਮੁਲਕਾਂ ਵਿੱਚ ਚੱਲਦੀ ਜੰਗ ਨਾਲ ਸੰਬੰਧਿਤ ਸਿੱਧੇ ਤੌਰ ਤੇ ਕਰੀਬ 15 ਕੁ ਕਵਿਤਾਵਾਂ ਲਿਖੀਆਂ ਹਨ। ਕੁਝ ਕਵਿਤਾਵਾਂ ਦੇ ਸਿਰਲੇਖਾਂ ਤੋਂ ਹੀ ਜੰਗ ਦਾ ਬੋਧ ਹੋ ਜਾਂਦਾ ਹੈ - ਚਲੋ ਜੰਗ ਲੜੀਏ (120), ਜੰਗ ਵੀ ਇੱਕ ਧੰਦਾ ਹੈ (122), ਜੰਗ ਦਾ ਮਾਹੌਲ (124), ਜੰਗ ਦਾ ਅਹਿਸਾਸ (128), ਜੰਗਬੰਦੀ (138), ਜੰਗ ਇੱਕ ਖੇਡ (144), ਜੰਗ ਦੀ ਬੋਲੀ (147) ਆਦਿ। ਇਸੇ ਤਰ੍ਹਾਂ ਦਹਿਸ਼ਤ (126), ਚਾਬੀ ਵਾਲੇ ਖਿਡੌਣੇ ਬਾਂਦਰ (136), ਦੋ ਗੁਆਂਢੀ ਦੇਸ਼ (142), ਸ਼ੀਸ਼ੇ ਦਾ ਘਰ (148) ਆਦਿ ਕਵਿਤਾਵਾਂ ਵੀ ਜੰਗ ਦੀ ਭਿਆਨਕਤਾ ਨਾਲ ਜੁੜੀਆਂ ਹੋਈਆਂ ਹਨ। ਹਕੂਮਤ ਵੱਲੋਂ ਰਚੀ ਜਾਂਦੀ ਰਾਜਨੀਤੀ ਨੂੰ ਬੇਪਰਦ ਕਰਦਾ ਹੋਇਆ ਕਵੀ ਲਿਖਦਾ ਹੈ :

ਹਕੂਮਤ ਹਮੇਸ਼ਾ
ਆਪਣੇ ਪਿਛਲੱਗ ਅੰਧਭਗਤਾਂ ਦੇ
ਦਿਮਾਗ਼ਾਂ ਦੀ ਬ੍ਰੇਨ ਵਾਸ਼ਿੰਗ ਕਰਕੇ
ਉਨ੍ਹਾਂ ਦੇ ਦਿਮਾਗ਼ਾਂ ਵਿੱਚ
ਹਿਜ਼ ਮਾਸਟਰਜ਼ ਵਾਇਸ ਦਾ ਸੰਦੇਸ਼
ਦੇਣ ਵਾਲੇ ਤਿੰਨ ਬਾਂਦਰਾਂ ਦੀਆਂ
ਆਵਾਜ਼ਾਂ ਭਰ ਦਿੰਦੀ ਹੈ -
- ਵਿਸ਼ਵ ਅਮਨ ਦੀ ਗੱਲ ਨ ਸੁਣੋ

- ਵਿਸ਼ਵ ਅਮਨ ਦੀ ਗੱਲ ਨ ਵੇਖੋ
- ਵਿਸ਼ਵ ਅਮਨ ਦੀ ਗੱਲ ਨ ਬੋਲੋ (154)

ਕਵੀ ਨੇ ਧਾਰਮਿਕ ਮੁਖੌਟੇ ਪਹਿਨੇ ਲੋਕਾਂ ਨੂੰ ਵੀ ਬੇਪਰਦ ਕੀਤਾ ਹੈ। ਧਰਮ ਦੇ ਠੇਕੇਦਾਰ (61) ਕਿਸੇ ਵੀ ਔਰਤ ਨੂੰ ਬੇਪੱਤ ਕਰ ਸਕਦੇ ਹਨ। ਬੂਬਨਿਆਂ ਨੂੰ ਮਹਾਂਨਾਇਕ ਬਣਾ ਕੇ ਪੇਸ਼ ਕਰ ਸਕਦੇ ਹਨ। ਇਹ ਲੋਕ ਚਾਹੁਣ ਤਾਂ ਕਿਸੇ ਨੂੰ ਵੀ ਟੀਸੀ ਤੇ ਚੜ੍ਹਾ ਦਿੰਦੇ ਹਨ ਤੇ ਅਗਲੇ ਹੀ ਪਲ ਉਹਨੂੰ ਡੂੰਘੀ ਖਾਈ ਵਿੱਚ ਸੁੱਟ ਦਿੰਦੇ ਹਨ।

ਸੁਖਿੰਦਰ ਨੇ ਸਾਹਿਤਕਾਰਾਂ ਦੇ ਇੱਕ ਵਰਗ ਨੂੰ ਗੈਂਗਸਟਰ ਸਾਹਿਤਕਾਰ (59) ਦਾ ਨਾਂ ਦਿੱਤਾ ਹੈ, ਜੋ ਸਾਹਿਤ-ਸੇਵਾ ਦੀ ਥਾਂ ਸਾਹਿਤ ਸਭਾਵਾਂ ਵਿੱਚ ਦਹਿਸ਼ਤ ਫੈਲਾਉਣ ਆਉਂਦੇ ਹਨ। ਕਵੀ ਨੇ ਅਜਿਹੇ ਬਹੁਤ ਸਾਰੇ ਸਾਹਿਤਕ ਸਮਾਗਮਾਂ ਵਿੱਚ ਸ਼ਿਰਕਤ ਕਰਨ ਪਿੱਛੋਂ ਨਤੀਜਾ ਕੱਢਿਆ ਹੈ ਕਿ ਆਮ ਕਰਕੇ ਇਨ੍ਹਾਂ ਸਾਹਿਤਕ ਸਭਾਵਾਂ/ਸਮਾਰੋਹਾਂ/ਕਾਨਫਰੰਸ ਵਿੱਚ ਸਾਹਿਤਕ ਗੈਗਸਟਰਾਂ ਦੀ ਭਰਮਾਰ/ਕਤਾਰ/ਦਰਬਾਰ ਹੈ :

ਗੈਂਗਸਟਰ ਸਾਹਿਤਕਾਰ ਨੇ
ਆਖਿਆ :
ਅਸੀਂ ਸਾਹਿਤ ਤੋਂ ਕੀ ਲੈਣਾ-
ਅਸੀਂ ਤਾਂ ਸਾਹਿਤ ਸਭਾਵਾਂ ਵਿੱਚ
ਆਪਣੀ ਧੌਂਸ ਦਿਖਾਉਣ ਆਉਂਦੇ ਹਾਂ
ਆਪਣੀ ਸਾਹਿਤਕ ਦਹਿਸ਼ਤ ਫੈਲਾਉਣ ਆਉਂਦੇ ਹਾਂ (59)

ਕਵੀ ਨੇ ਰਾਜਸੀ ਦਲ ਬਦਲੂਆਂ ਤੇ ਵੀ ਵਿਅੰਗ ਕਸਿਆ ਹੈ ਕਿ ਅਜਿਹੇ ਲੋਕ ਆਮ ਕਰਕੇ ਚੋਣਾਂ ਨੇੜੇ ਆਉਣ ਤੇ ਲੋਕਪ੍ਰਿਯ ਹੁੰਦੀ ਜਾ ਰਹੀ ਪਾਰਟੀ ਵਿੱਚ ਦਾਖ਼ਲ ਹੋ ਕੇ ਆਪਣੀ ਪਹਿਲੀ ਪਾਰਟੀ ਨੂੰ ਗੱਦਾਰ ਸਿੱਧ ਕਰਦੇ ਹੋਏ ਗਿਰਗਟ ਵਾਂਗ ਰੰਗ ਬਦਲ ਲੈਂਦੇ ਹਨ।

ਕਵੀ ਆਸਵੰਦ ਹੈ ਪੰਜਾਬ ਲਈ, ਪੰਜਾਬੀਆਂ ਲਈ। ਉਹ ਝੰਜੋੜਦਾ ਹੈ ਕਿ ਜੇਕਰ ਪੰਜਾਬੀਆਂ ਨੇ ਆਪਣੀ ਹੋਂਦ ਬਰਕਰਾਰ ਰੱਖਣੀ ਹੈ ਤਾਂ ਇਹਨੂੰ ਗੈਂਗਸਟਰ ਪੰਜਾਬੀ ਗਾਇਕਾਂ, ਗੋਲਕ ਚੋਰਾਂ, ਭ੍ਰਿਸ਼ਟ ਰਾਜਨੈਤਿਕਾਂ, ਠੱਗ ਟ੍ਰੈਵਲ ਏਜੰਟਾਂ, ਬਲਾਤਕਾਰੀ ਬਾਬਿਆਂ, ਮਿਲਾਵਟਖੋਰਾਂ ਤੋਂ ਸਾਵਧਾਨ/ਸੁਚੇਤ ਹੋਣ ਦੀ ਲੋੜ ਹੈ। ਕਵੀ ਦੀ ਚਿੰਤਾ ਜਾਇਜ਼ ਹੈ ਕਿ ਪੰਜਾਬੀ ਗਾਇਕੀ ਵਿੱਚ ਹੁਣ ਉਹ ਸੋਹਜ ਨਹੀਂ ਰਿਹਾ ਜਿਸਨੂੰ ਕਦੇ ਪੂਰਾ ਪਰਿਵਾਰ

ਮਿਲ ਬੈਠ ਕੇ ਸੁਣ ਸਕਦਾ ਸੀ (14)। ਇਸ ਲੱਚਰ ਕਿਸਮ ਦੀ ਗਾਇਕੀ ਨੇ ਸਾਰੇ ਰਿਸ਼ਤੇ, ਮਿਆਰ, ਮਾਣ-ਸਤਿਕਾਰ ਨੂੰ ਇੰਨੀ ਢਾਹ ਲਾਈ ਹੈ ਕਿ ਸੱਸ, ਸਹੁਰਾ, ਨੂੰਹ, ਧੀ, ਮਾਂ, ਜਵਾਈ ਸ਼ਰਮ-ਹਯਾ ਦੇ ਪਰਦੇ ਲਾਹ ਕੇ "ਤੂੰ ਨੀ ਬੋਲਦੀ ਰਕਾਨੇ ਤੂੰ ਨੀ ਬੋਲਦੀ, ਤੇਰੇ 'ਚੋਂ ਤੇਰਾ ਯਾਰ ਬੋਲਦਾ" ਜਾਂ "ਮੈਨੂੰ ਚੱਟ ਲੈ ਮੇਰਿਆ ਯਾਰਾ, ਮੈਂ ਸਾਰੀ ਖੰਡ ਬਣ ਗਈ" ਜਿਹੇ ਘਟੀਆ ਗੀਤਾਂ ਉੱਤੇ ਆਮ ਥਿਰਕਦੇ ਨਜ਼ਰ ਆਉਂਦੇ ਹਨ। (24)

ਕਵੀ ਸਾਨੂੰ ਸਾਵਧਾਨ/ਸੁਚੇਤ ਕਰਦਾ ਹੈ ਕਿ ਮੌਜੂਦਾ ਸਮੇਂ ਵਿੱਚ ਸੰਭਲ ਕੇ ਚੱਲਣ ਦੀ ਭਾਰੀ ਜ਼ਰੂਰਤ ਹੈ, ਕਿਉਂਕਿ :

ਇਹ
ਚਮਚਿਆਂ, ਕੜਛੀਆਂ,ਅੰਧਭਗਤਾਂ ਦਾ ਯੁਗ ਹੈ
ਕਦ ਕਿਸੀ ਅਦਾਰੇ ਦੀ
ਕੰਧ ਪਿੱਛੇ ਲੁਕੇ ਮੁਖੌਟਾਧਾਰੀ
ਕਿਸੀ ਘੜੰਮ ਚੌਧਰੀ ਦੇ ਗੜਵੱਈਏ
ਤੇਰੀ ਪਿੱਠ 'ਚ ਖੰਜਰ ਖੋਭ ਦੇਣ
ਜ਼ਰਾ, ਸੰਭਲ ਕੇ ਚੱਲ (40)

ਪਰਵਾਸ ਅੱਜਕੱਲ੍ਹ ਇੱਕ ਵਿਸ਼ਵ ਵਿਆਪੀ ਵਰਤਾਰਾ ਹੈ। ਕੋਈ ਵਿਅਕਤੀ ਮਜਬੂਰੀ-ਵੱਸ ਹੀ ਪਰਵਾਸ ਧਾਰਨ ਕਰਦਾ ਹੈ। ਇਹ ਉਹਦੇ ਲਈ ਕੋਈ ਸ਼ੌਕ ਜਾਂ ਦਿਲਚਸਪੀ ਘੱਟ ਹੀ ਹੁੰਦਾ ਹੈ। ਪਰਵਾਸੀ ਆਦਮੀ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਵੇਂ ਕਿ ਭਾਸ਼ਾ, ਸਭਿਆਚਾਰ, ਖਾਣ-ਪੀਣ, ਰਹਿਣ-ਸਹਿਣ ਆਦਿ। ਅਜਿਹੀਆਂ ਹੋਰ ਬਹੁਤ ਸਾਰੀਆਂ ਮੁਸ਼ਕਿਲਾਂ ਨੂੰ ਆਤਮਸਾਤ ਕਰਦਾ ਹੋਇਆ ਪਰਵਾਸੀ ਵਿਅਕਤੀ ਕਿਵੇਂ ਤੰਗੀਆਂ-ਤੁਰਸ਼ੀਆਂ ਨਾਲ ਦੋ-ਚਾਰ ਹੁੰਦਾ ਹੈ। ਉਹ ਜਿਸ ਤਰ੍ਹਾਂ ਦੇ ਕਾਨੂੰਨੀ/ਗੈਰ ਕਾਨੂੰਨੀ, ਪਸੰਦੀਦਾ/ਨਾ ਪਸੰਦ ਧੰਦਿਆਂ ਨੂੰ ਕਰਦਾ ਹੈ, ਅਜਿਹੇ ਤੱਥਾਂ ਦੀ ਨਿਸ਼ਾਨਦੇਹੀ ਵੀ ਇਸ ਸੰਗ੍ਰਹਿ ਵਿੱਚ ਹੋਈ ਹੈ, ਜਿਨ੍ਹਾਂ ਵਿੱਚ ਆਪਣੇ ਲੋਕ (161), ਬਰੈਂਪਟਨ ਵੀ ਪੰਜਾਬ ਵਰਗਾ ਹੀ ਲੱਗਦਾ (163), ਭੱਈਏ (166), ਡਿਪ੍ਰੈਸ਼ਨ (168) ਜਿਹੀਆਂ ਕਵਿਤਾਵਾਂ ਸ਼ਾਮਲ ਹਨ। ਇਨ੍ਹਾਂ ਕਵਿਤਾਵਾਂ 'ਚੋਂ ਕੁਝ ਉਦਾਹਰਣਾਂ :

ਆਪਣੇ ਹੀ ਲੋਕ
ਬਰੈਂਪਟਨ, ਮਿਸੀਸਾਗਾ, ਟੋਰਾਂਟੋ, ਕੈਲਗਰੀ, ਸਰੀ ਵਿੱਚ
ਅੱਲ੍ਹੜ ਉਮਰ ਦੀ ਜੁਆਨੀ ਦੀਆਂ
ਮਜਬੂਰੀਆਂ ਦਾ ਲਾਭ ਉਠਾ ਉਨ੍ਹਾਂ ਨੂੰ
ਜਿਸਮ ਵੇਚਣ, ਨਸ਼ਿਆਂ ਦਾ ਧੰਦਾ ਕਰਨ ਦੀ
ਦਲਦਲ ਵੱਲ ਧਕੇਲਦੇ ਹਨ
ਉਨ੍ਹਾਂ ਦੇ ਤਨ ਮਨ ਦੀ
ਆਹੂਤੀ ਬਾਲਦੇ ਹਨ (161)

ਜਿਵੇਂ ਯੂਪੀ, ਬਿਹਾਰ ਦੇ ਮਜ਼ਦੂਰ
ਪੰਜਾਬ ਆ ਕੇ ਭੱਈਏ ਬਣ ਜਾਂਦੇ ਹਨ
ਉਸ ਤਰ੍ਹਾਂ ਹੀ
ਇੰਡੀਆ, ਪਾਕਿਸਤਾਨ, ਬੰਗਲਾਦੇਸ਼, ਨੇਪਾਲ ਦੇ ਲੋਕ
ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ ਆ ਕੇ
ਭੱਈਏ ਕਹਿਲਾਂਦੇ ਹਨ (166)

ਉਹ ਗੱਲਾਂ ਗੱਲਾਂ ਵਿੱਚ
ਦੱਸਦਾ ਹੈ ਉਸਨੇ
ਕੈਨੇਡਾ ਦਾ ਵੀਜ਼ਾ ਲੈਣ ਲਈ
ਆਪਣੀ ਪੈਲੀ ਗਹਿਣੇ ਰੱਖ ਕੇ
ਪੂਰੇ 35 ਲੱਖ ਰੁਪਏ
ਇਮੀਗ੍ਰੇਸ਼ਨ ਏਜੰਟ ਦੀ
ਝੋਲੀ ਪਾਏ ਸਨ (168)

ਹੁਣ ਜੇ ਕਵੀ ਦੇ ਹਲਫ਼ਨਾਮੇ (ਆਰੰਭ ਵਿੱਚ ਅੰਕਿਤ) ਨੂੰ ਵੇਖੀਏ ਤਾਂ ਸਪਸ਼ਟ ਕਿਹਾ ਜਾ ਸਕਦਾ ਹੈ ਕਿ ਜਿੰਨਾ ਕੰਮ ਉਹਨੇ ਪੰਜਾਬੀ ਸਾਹਿਤ, ਵਿਸ਼ੇਸ਼ ਕਰਕੇ ਕਵਿਤਾ ਲਈ ਕੀਤਾ

ਹੈ, ਉਹ ਅੰਗਰੇਜ਼ੀ ਵਿੱਚ ਨਹੀਂ ਸੀ ਕਰ ਸਕਦਾ। ਉਹਦਾ ਵਿਰਸਾ, ਉਹਦਾ ਪਿਛੋਕੜ (ਪਿਤਾ ਸ. ਹਰੀ ਸਿੰਘ ਜਾਚਕ; ਦੋਵੇਂ ਵੱਡੇ ਭਰਾ ਡਾ. ਸੁਤਿੰਦਰ ਸਿੰਘ ਨੂਰ, ਡਾ. ਗੁਰਭਗਤ ਸਿੰਘ) ਸਭ ਕੁਝ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਜੁੜਿਆ ਹੋਇਆ ਹੈ। ਵਿਦੇਸ਼ੀ ਧਰਤੀ ਤੇ ਰਹਿ ਕੇ ਪੰਜਾਬੀ ਸਾਹਿਤ ਰਚਨਾ ਕਰਨੀ ਉਹਦੀ ਜ਼ਿਕਰਯੋਗ ਪ੍ਰਾਪਤੀ ਹੈ ਤੇ ਇਸ ਪ੍ਰਾਪਤੀ ਤੇ ਸਾਨੂੰ ਸਾਰਿਆਂ ਨੂੰ ਫ਼ਖ਼ਰ ਕਰਨਾ ਚਾਹੀਦਾ ਹੈ। ਕਵੀ ਨੂੰ ਉਮੀਦ ਹੈ ਕਿ ਛੇਤੀ ਹੀ ਉਹ ਰਾਂਗਲੇ ਦਿਨ ਪਰਤਣਗੇ, ਜਦੋਂ ਅਸੀਂ ਚੈਨ ਤੇ ਅਮਨ ਵਿੱਚ ਪਿਆਰ, ਦੋਸਤੀ ਤੇ ਸਾਂਝੀਵਾਲਤਾ ਦੀਆਂ ਹਵਾਵਾਂ ਦਾ ਨਿੱਘ ਮਾਣ ਸਕਾਂਗੇ। ਕਵੀ ਚਾਹੁੰਦਾ ਹੈ :

ਸਾਨੂੰ ਤਾਂ ਦੱਸੋ
ਧਰਤੀ ਦੇ ਇਸ ਹਿੱਸੇ ਵਿੱਚ
ਅਮਨ, ਪਿਆਰ, ਦੋਸਤੀ ਦੀ ਹਵਾ
ਕਦੋਂ ਵਗਣ ਲੱਗੇਗੀ
ਕਦੋਂ ਧਰਤੀ ਦੇ ਇਸ ਹਿੱਸੇ ਦੇ
ਲੋਕ ਵੀ ਬੰਦੂਕ, ਬੰਬਾਂ, ਟੈਂਕਾਂ ਦੀਆਂ
ਗੱਲਾਂ ਕਰਨ ਦੀ ਥਾਂ
ਸੁਰਖ਼ ਗੁਲਾਬਾਂ ਦੀਆਂ
ਗੱਲਾਂ ਕਰਨ ਲੱਗਣਗੇ (99)

ਕਵੀ ਨੇ ਵਿਭਿੰਨ ਵਿਸ਼ਿਆਂ ਨੂੰ ਆਪਣੀ ਕਵਿਤਾ ਦੇ ਅੰਤਰਗਤ ਪੇਸ਼ ਕਰਨ ਦੀ ਸੁਚੱਜੀ ਕੋਸ਼ਿਸ਼ ਕੀਤੀ ਹੈ ਤੇ ਇਸ ਕੋਸ਼ਿਸ਼ ਵਿੱਚ ਉਹਨੇ ਕੋਈ ਭਾਰੀ-ਭਰਕਮ ਜਾਂ ਡਿਕਸ਼ਨਰੀਆਂ ਰਾਹੀਂ ਸਮਝੇ ਜਾ ਸਕਣ ਵਾਲੇ ਪੰਡਿਤਾਊ ਸ਼ਬਦਾਂ ਦਾ ਬੋਝ ਨਹੀਂ ਪਾਇਆ। ਇਨ੍ਹਾਂ ਕਵਿਤਾਵਾਂ ਵਿੱਚ ਜਨ-ਸਧਾਰਨ ਦੇ ਸਮਝ ਵਿੱਚ ਆਉਣ ਵਾਲੀ ਅਲੰਕਾਰ-ਰਹਿਤ ਤੇ ਚਿੰਨ੍ਹ-ਮੁਕਤ ਭਾਸ਼ਾ ਵਰਤੀ ਗਈ ਹੈ।

ਮੈਨੂੰ ਉਮੀਦ ਹੀ ਨਹੀਂ ਸਗੋਂ ਪੂਰਨ ਵਿਸ਼ਵਾਸ ਹੈ ਕਿ ਜਦੋਂ ਵੀ ਪੰਜਾਬੀ ਸਾਹਿਤ ਵਿੱਚ ਸਥਾਪਤੀ ਵਿਰੋਧੀ ਕਵਿਤਾ/ ਬਗ਼ਾਵਤੀ ਸੁਰ ਦੀ ਕਵਿਤਾ ਦਾ ਜ਼ਿਕਰ ਛਿੜੇਗਾ, ਸੁਖਿੰਦਰ ਦੇ ਇਸ ਸੰਗ੍ਰਹਿ 'ਗਿਰਗਟਾਂ ਦਾ ਮੌਸਮ' ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕੇਗਾ। ਕਵੀ ਨੇ

ਇਸ ਵਿੱਚ ਹਰ ਤਰ੍ਹਾਂ ਦੇ ਭ੍ਰਿਸ਼ਟ, ਮੁਖੌਟੇਧਾਰੀ, ਚਾਲਬਾਜ਼, ਝੋਲੀਚੁੱਕ ਕਿਰਦਾਰ ਨੂੰ ਨੰਗਿਆਂ ਕੀਤਾ ਹੈ, ਜੋ ਚੰਦ ਚਾਂਦੀ ਦੇ ਟੁਕੜਿਆਂ, ਤਮਗ਼ਿਆਂ, ਪੁਰਸਕਾਰਾਂ ਦੇ ਲਾਲਚ ਵਿੱਚ ਆਪਣੀ ਜ਼ਮੀਰ ਤੱਕ ਨੂੰ ਵੇਚ ਦਿੰਦਾ ਹੈ।

***

# ਨਵੀਆਂ

# ਪਸਤਕਾਂ




ਪ੍ਰਕਾਸ਼ਕ: ਪੀਪਲਜ਼ ਫੋਰਮ

ਕੀਮਤ:- 250 ਰੁਪਏ

ਕੁੱਲ ਪੰਨੇ:- 152




ਪ੍ਰਕਾਸ਼ਕ: ਮਾਨ ਬੁੱਕ ਸਟੋਰ ਪਬਲੀਕੇਸ਼ਨ

ਕੀਮਤ:-300

ਕੁੱਲ ਪੰਨੇ:-182



ਅੱਜ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਲੋਕਧਾਰਾ ਆਦਿ ਦੇ ਖੇਤਰ ਵਿੱਚ ਨਾ ਤਾਂ ਖੋਜ ਕਰਨ ਵਾਲੇ ਖੋਜੀਆਂ ਦੀ ਕੋਈ ਘਾਟ ਹੈ ਅਤੇ ਨਾ ਹੀ ਖੋਜ ਪੱਤਰ ਪ੍ਰਕਾਸ਼ਿਤ ਕਰਨ ਵਾਲੇ ਜਰਨਲਾਂ ਦੀ। ਹਰੇਕ ਸਾਲ ਖੁੰਭਾਂ ਵਾਗੂੰ ਯੂਨੀਵਰਸਿਟੀਆਂ ਅਤੇ ਕਾਲਜ ਉੱਗ ਰਹੇ ਹਨ ਤੇ ਹਰ ਸਾਲ ਸੈਂਕੜਿਆਂ ਦੀ ਗਿਣਤੀ ਵਿੱਚ ਖੋਜਾਰਥੀ ਇਨ੍ਹਾਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਪੜ੍ਹਾਈ ਕਰਨ ਲਈ ਦਾਖ਼ਿਲ ਹੋ ਰਹੇ ਹਨ। ਇਸ ਤਰ੍ਹਾਂ ਹੀ ਅਨੇਕਾਂ ਜਰਨਲਾਂ ਵਿੱਚ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਲੋਕਧਾਰਾ ਆਦਿ ਦੇ ਖੋਜ ਪੱਤਰ ਧੜਾ-ਧੜ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। ਇਸ ਸਾਰੇ ਵਰਤਾਰੇ ਨੂੰ ਦੇਖਣ 'ਤੇ ਇੰਝ ਲੱਗਦਾ ਹੈ ਕਿ ਪੰਜਾਬੀ ਵਿੱਚ ਵੱਡੇ ਪੱਧਰ 'ਤੇ ਖੋਜ ਹੋ ਰਹੀ ਹੈ, ਪਰੰਤੂ ਹਕੀਕਤ ਇਸਦੇ ਬਿਲਕੁਲ ਉਲਟ ਹੈ-ਗਿਣਤੀ ਪੱਖੋਂ ਅਸੀਂ ਉੱਪਰ ਨੂੰ ਜਾ ਰਹੇ ਹਾਂ ਤੇ ਮਿਆਰ ਪੱਖੋਂ ਹੇਠਾ ਨੂੰ। ਅੱਜ ਕੱਲ੍ਹ ਖੋਜ ਪੱਤਰਾਂ ਦੀ ਲਿਖਤ ਅਤੇ ਪ੍ਰਕਾਸ਼ਨ ਬਹੁਤੇ ਹੱਦ ਤੱਕ ਸਿਰਫ਼ ਇੱਕ ਅਕਾਦਮਿਕ ਲੋੜ ਦੀ ਪੂਰਤੀ ਬਣ ਕੇ ਰਹਿ ਗਏ ਹਨ। ਅਧਿਆਪਕਾਂ ਲਈ ਪਦਉਨਤੀ ਦੇ ਰਾਹ ਵਿੱਚ ਏ. ਪੀ. ਆਈ. ਸਕੋਰ ਦੀ ਸ਼ਰਤ ਹੋਵੇ ਜਾਂ ਖੋਜਾਰਥੀਆਂ ਲਈ ਡਿਗਰੀ ਪ੍ਰਾਪਤ ਕਰਨ ਲਈ ਖੋਜ ਪੱਤਰ ਪ੍ਰਕਾਸ਼ਿਤ ਕਰਵਾਉਣ ਦੀ ਲੋੜ-ਦੋਵੇਂ ਹਾਲਤਾਂ ਵਿੱਚ ਖੋਜ ਪੱਤਰਾਂ ਦਾ ਮਕਸਦ ਖੋਜ/ਚਿੰਤਨ ਨਹੀਂ ਰਿਹਾ, ਸਗੋਂ "ਖਾਨਾ-ਪੂਰਤੀ" ਬਣ ਗਿਆ ਹੈ। ਇਸ ਕਰਕੇ ਅਸਲ ਅਰਥਾਂ ਵਿੱਚ ਗਿਆਨ ਵਧਾਉਣ ਵਾਲੀ, ਨਵੇਂ ਪ੍ਰਸ਼ਨਾਂ ਨੂੰ ਜਨਮ ਦੇਣ ਵਾਲੀ ਤੇ ਗਹਿਰ-ਗੰਭੀਰ ਵਿਚਾਰਧਾਰਾ ਨੂੰ ਅੱਗੇ ਵਧਾਉਣ ਵਾਲੀ ਖੋਜ ਜੇਕਰ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ ਤਾਂ ਬਹੁਤ ਘੱਟ ਜ਼ਰੂਰ ਹੋ ਗਈ ਹੈ।

ਖੋਜਨਾਮਾ ਦੀ ਸਮੁੱਚੀ ਟੀਮ ਮਿਆਰੀ ਖੋਜ ਅਤੇ ਸਾਹਿਤ ਦੇ ਪ੍ਰਕਾਸ਼ਨ ਲਈ ਵਚਨਬੱਧ ਹੈ। ਇਸ ਵਚਨਬੱਧਤਾ ਤਹਿਤ ਇਸ ਅੰਕ ਦੇ ਪਹਿਲੇ ਭਾਗ ਅੱਠ ਖੋਜ-ਪੱਤਰ ਸ਼ਾਮਿਲ ਕੀਤੇ ਗਏ ਹਨ। ਜਿੰਨ੍ਹਾਂ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀ ਸਾਹਿਤ ਦੇ ਸਮਕਾਲੀ ਮਸਲਿਆਂ ਦੇ ਨਾਲ-ਨਾਲ ਭਵਿੱਖ ਵਿੱਚ ਵਾਪਰਨ ਵਾਲਿਆ ਵਰਤਾਰਿਆਂ ਪ੍ਰਤੀ ਵੀ ਚਿੰਤਨ ਕੀਤਾ ਗਿਆ ਹੈ। ਦੂਜੇ ਭਾਗ ਵਿੱਚ ਮੌਲਿਕ ਸਾਹਿਤਕ ਰਚਨਾਵਾਂ, ਤੀਜੇ ਭਾਗ ਵਿੱਚ ਅਨੁਵਾਦਿਤ ਸਾਹਿਤ ਅਤੇ ਚੌਥੇ ਭਾਗ ਵਿੱਚ ਪੁਸਤਕ ਸਮੀਖਿਆ ਨੂੰ ਸ਼ਾਮਿਲ ਕੀਤਾ ਗਿਆ ਹੈ। ਸਮੁੱਚੇ ਤੌਰ 'ਤੇ ਖੋਜਨਾਮਾ ਦਾ ਇਹ ਅੰਕ ਵਿਦਵਾਨਾਂ/ਖੋਜੀਆਂ ਅਤੇ ਸਾਹਿਤ ਪ੍ਰੇਮੀਆਂ ਲਈ ਇੱਕ ਗੁਲਦਸਤਾ ਹੈ। ਜਿਸ ਵਿੱਚ ਖੋਜ ਦੇ ਨਾਲ-ਨਾਲ ਸਾਹਿਤ ਦੀ ਮਹਿਕ ਵੀ ਭਰਪੂਰ ਮਾਤਰਾ ਵਿੱਚ ਮੌਜੂਦ ਹੈ।

ਸੰਪਾਦਕ


www.khojnama.com
khojnamapb03@gmail.com
+91 98776-61770